ਐਤਵਾਰ, 25 ਅਗਸਤ, 2024
10 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 84

# ਨਵਾਂ ਜ਼ਮਾਨਾ

DAILY NAWAN ZAMANA • SUNDAY, 25 AUGUST, 2024 ਜਲੰਧਰ

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਡਰਦੀ ਭਾਜਪਾ ਹਰਿਆਣਾ ਚੋਣਾਂ ਅੱਗੇ ਪੁਆਉਣ ਦੇ ਜਤਨਾਂ 'ਚ : ਕਾਂਗਰਸ

**ਚੰਡੀਗੜ੍ਹ** : ਭਾਜਪਾ ਦੀ ਹਰਿਆਣਾ ਇਕਾਈ ਨੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਪਹਿਲੀ ਅਕਤੂਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਕੁਝ ਸਮੇਂ ਲਈ ਮੁਲਤਵੀ ਕਰਨ ਦੀ ਬੇਨਤੀ ਕੀਤੀ ਹੈ। ਪਾਰਟੀ ਨੇ ਚੋਣਾਂ ਦੀ ਤਰੀਕ ਤੋਂ ਪਹਿਲਾਂ ਅਤੇ ਬਾਅਦ ਦੀਆਂ ਛੁੱਟੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਸ ਨਾਲ ਵੋਟਿੰਗ ਪ੍ਰਤੀਸ਼ਤ ਘਟ ਸਕਦੀ ਹੈ। ਭਾਜਪਾ ਦੀ ਸੂਬਾਈ ਚੋਣ ਪ੍ਰਬੰਧਨ ਕਮੇਟੀ ਦੇ ਮੈਂਬਰ ਵਰਿੰਦਰ ਗਰਗ ਨੇ ਕਿਹਾ— ਸਾਡੀ ਦਲੀਲ ਹੈ ਕਿ 1 ਅਕਤੂਬਰ ਨੂੰ ਵਿਧਾਨ ਸਭਾ ਚੋਣਾਂ ਦੀ ਤਰੀਕ ਤੋਂ ਪਹਿਲਾਂ ਛੁੱਟੀ ਹੈ ਅਤੇ ਉਸ ਤੋਂ ਬਾਅਦ ਕੁਝ ਛੁੱਟੀਆਂ ਹਨ, ਜਿਸ ਕਾਰਨ ਵੋਟਿੰਗ ਪ੍ਰਤੀਸ਼ਤ ਪ੍ਰਭਾਵਤ ਹੋ ਸਕਦੀ ਹੈ। ਲੋਕ ਜ਼ਿਆਦਾ ਛੁੱਟੀਆਂ ਕਾਰਨ ਬਾਹਰ ਘੁੰਮਣ ਚਲੇ ਜਾਂਦੇ ਹਨ।

ਹਰਿਆਣਾ ਦੇ ਮੁਖ ਚੋਣ ਅਧਿਕਾਰੀ ਪੰਕਜ ਅਗਰਵਾਲ ਨੇ ਦੱਸਿਆ ਕਿ ਉਨ੍ਹਾ ਨੂੰ ਭਾਜਪਾ ਦਾ ਪੱਤਰ ਮਿਲਿਆ ਹੈ ਤੇ ਉਨ੍ਹਾ ਫੈਸਲਾ ਲੈਣ ਲਈ ਚੋਣ ਕਮਿਸ਼ਨ ਨੂੰ ਘੱਲ ਦਿੱਤਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬਦੋਲੀ ਨੇ ਚੋਣ ਕਮਿਸ਼ਨ ਨੂੰ ਘੱਲੇ ਪੱਤਰ ਵਿਚ ਕਿਹਾ ਹੈ ਕਿ 28 ਸਤੰਬਰ ਨੂੰ ਸ਼ਨੀਵਾਰ ਤੇ 29 ਸਤੰਬਰ ਨੂੰ ਐਤਵਾਰ ਹੈ। ਪਹਿਲੀ ਅਕਤੂਬਰ ਨੂੰ ਵੋਟਾਂ ਪੈਣੀਆਂ ਹਨ। ਉਸ ਦਿਨ ਸਰਕਾਰੀ ਤੇ ਨਿਜੀ ਅਦਾਰੇ ਬੰਦ ਰਹਿਣਗੇ। ਦੋ ਅਕਤੂਬਰ ਨੂੰ ਗਾਂਧੀ ਜੈਅੰਤੀ ਦੀ ਛੁੱਟੀ ਹੈ। 28 ਸਤੰਬਰ ਤੋਂ ਦੋ ਅਕਤੂਬਰ ਤਕ ਕਈ ਛੁੱਟੀਆਂ ਹੋਣ ਕਰਕੇ ਲੋਕ ਘੁੰਮਣ-ਫਿਰਨ ਚਲੇ ਜਾਣਗੇ। ਹਰਿਆਣਾ ਵਿਚ ਬਿਸ਼ਨੋਈ ਭਾਈਚਾਰੇ ਦੀਆਂ ਚੋਖੀਆਂ ਵੋਟਾਂ ਹਨ। ਇਕ ਅਕਤੂਬਰ ਨੂੰ ਰਾਜਸਥਾਨ ਦੇ ਪਿੰਡ ਮੁਕਾਮ ਲਈ ਉਨ੍ਹਾਂ ਦੀ ਸਲਾਨਾ ਯਾਤਰਾ ਹੁੰਦੀ ਹੈ। ਉਨ੍ਹਾਂ ਨੇ ਉਧਰ ਚਲੇ ਜਾਣਾ ਹੈ। ਭਾਜਪਾ ਆਗੂ ਨੇ ਕਮਿਸ਼ਨ ਨੂੰ ਕਿਹਾ ਹੈ ਕਿ ਉਹ ਵੋਟਾਂ ਦੀ ਤਰੀਕ ਬਦਲਣ ਬਾਰੇ ਸੋਚੇ। ਪਹਿਲਾਂ ਵੀ ਅਜਿਹਾ ਕੀਤਾ ਗਿਆ ਹੈ। ਉਨ੍ਹਾ ਪੰਜਾਬ ਦੀ ਮਿਸਾਲ ਦਿੰਦਿਆਂ ਕਿਹਾ ਹੈ ਕਿ ਪੰਜਾਬ ਅਸੰਬਲੀ ਚੋਣਾਂ 14 ਫਰਵਰੀ 2022 ਦੀ ਥਾਂ 20 ਫਰਵਰੀ 2022 ਨੂੰ ਕਰਾਈਆਂ ਗਈਆਂ ਸਨ ਕਿਉਂਕਿ 16 ਫਰਵਰੀ ਨੂੰ ਗੁਰੂ ਰਵਿਦਾਸ ਜੈਅੰਤੀ ਸੀ।

ਕਾਂਗਰਸ ਨੇ ਕਿਹਾ ਹੈ ਕਿ ਹਾਰ ਤੋਂ ਡਰਦੀ ਭਾਜਪਾ ਚੋਣਾਂ ਅਗੇ ਪੁਆਉਣਾ ਚਾਹੁੰਦੀ ਹੈ। ਕਾਂਗਰਸ ਸਾਂਸਦ ਦੀਪੇਂਦਰ ਹੁੱਡਾ ਨੇ ਕਿਹਾ ਹੈ ਕਿ ਭਾਜਪਾ ਘਬਰਾਈ ਹੋਈ ਹੈ। ਵੋਟਰਾਂ ਦਾ ਸਾਹਮਣਾ ਕਰਨ ਦੀ ਥਾਂ ਉਹ ਬਚਕਾਨਾ ਦਲੀਲਾਂ ਦੇ ਰਹੀ ਹੈ। ਉਸ ਕੋਲ ਲੋਕਾਂ ਨੂੰ ਆਪਣੀਆਂ ਪ੍ਰਾਪਤੀਆਂ ਦੇ ਨਾਂ 'ਤੇ ਦੱਸਣ ਲਈ ਕੁਝ ਨਹੀਂ। ਹਰਿਆਣਾ ਦੇ ਵੋਟਰ ਚੌਕਸ ਹਨ। ਉਹ ਛੁੱਟੀਆਂ 'ਚ ਕਿਤੇ ਨਹੀਂ ਜਾਣਗੇ ਤੇ ਭਾਜਪਾ ਨੂੰ ਹਰਾਉਣ ਲਈ ਵੱਡੀ ਗਿਣਤੀ ਵਿਚ ਪੋਲਿੰਗ ਬੂਥਾਂ 'ਤੇ ਪੁੱਜਣਗੇ।

### ਆਪ ਨਾਲ ਗੱਠਜੋੜ ਨਹੀਂ : ਸ਼ੈਲਜਾ



**ਨਵੀਂ ਦਿੱਲੀ** : ਕਾਂਗਰਸ ਦੀ ਜਨਰਲ ਸਕੱਤਰ ਕੁਮਾਰੀ ਸ਼ੈਲਜਾ ਨੇ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨਾਲ ਗੱਠਜੋੜ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾ ਦੀ ਪਾਰਟੀ ਆਪਣੇ ਦਮ 'ਤੇ ਚੋਣਾਂ ਲੜੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਇਹ ਵੀ ਦਾਅਵਾ ਕੀਤਾ ਕਿ ਇਨੈਲੋ ਤੇ ਬਸਪਾ ਗੱਠਜੋੜ ਅਤੇ ਜਨਨਾਇਕ ਜਨਤਾ ਪਾਰਟੀ ਕਾਰਨ ਇਸ ਚੋਣ 'ਚ ਕਾਂਗਰਸ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਅਤੇ ਉਹ ਪੂਰਨ ਬਹੁਮਤ ਨਾਲ ਸਰਕਾਰ ਬਣਾਏਗੀ।

## ਬੁੱਢਾ ਦਰਿਆ ਜਵਾਨ ਕਰਨ ਲਈ ਹੰਭਲਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਪਾਣੀ ਜੀਵਨ ਦੀ ਮੁਢਲੀ ਲੋੜ ਹੈ ਅਤੇ ਸਾਡੇ ਗੁਰੂ ਸਾਹਿਬਾਨ ਨੇ ਇਸ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਜਿਉਣ ਦਾ ਅਧਿਕਾਰ ਦਿੰਦਾ ਹੈ, ਜਿਸ ਵਿੱਚ ਸਾਫ ਪਾਣੀ ਅਤੇ ਸਾਫ ਹਵਾ ਸ਼ਾਮਲ ਹਨ। ਪੰਜਾਬ ਕਾਲ਼ੇ ਜ਼ਹਿਰੀਲੇ ਪਾਣੀਆਂ ਕਰਕੇ ਪਲੀਤ ਹੁੰਦੇ ਦਰਿਆਵਾਂ ਅਤੇ ਧਰਤੀ ਹੇਠਲੇ ਪਾਣੀਆਂ ਨਾਲ ਪਿਛਲੇ ਚਾਰ ਦਹਾਕਿਆਂ ਤੋਂ ਜੂਝ ਰਿਹਾ ਹੈ। ਪੰਜਾਬ ਦੇ ਲੋਕ ਇਸ ਕਾਲੇ ਜ਼ਹਿਰੀਲੇ ਪਾਣੀ ਨੂੰ ਪੀਣ ਲਈ ਮਜਬੂਰ ਹਨ ਅਤੇ ਕੈਂਸਰ, ਕਾਲਾ ਪੀਲੀਆ ਅਤੇ ਹੋਰ ਅਣਗਿਣਤ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਆਏ ਹਨ। ਇਹ ਪੰਜਾਬ ਦੀ ਨਸਲਕੁਸ਼ੀ ਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਲੇ ਪਾਣੀ ਦਾ ਮੋਰਚਾ ਪੰਜਾਬ ਵੱਲੋਂ ਲੁਧਿਆਣਾ ਦੇ ਵੇਰਕਾ ਮਿਲਕ ਪਲਾਂਟ ਨੇੜੇ ਕੀਤੀ ਵਿਸ਼ਾਲ ਰੈਲੀ ਦੌਰਾਨ ਸਮਾਜ ਸੇਵੀ ਸੰਸਥਾਵਾਂ, ਬੁੱਧੀਜੀਵੀਆਂ, ਵਾਤਾਵਰਨ ਪ੍ਰੇਮੀਆਂ ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕੀਤਾ। ਇਸ ਰੈਲੀ ਵਿਚ ਕਿਸਾਨ ਜਥੇਬੰਦੀਆਂ ਤੋਂ ਡਾਕਟਰ ਦਰਸ਼ਨ ਪਾਲ ਐੱਸ ਕੇ ਐੱਮ, ਬਲਬੀਰ ਸਿੰਘ ਰਾਜੇਵਾਲ ਬੀ ਕੇ ਯੂ ਰਾਜੇਵਾਲ, ਬਲਦੇਵ ਸਿੰਘ ਸਿਰਸਾ, ਮਨਜੀਤ ਸਿੰਘ ਧਨੇਰ, ਬਲਦੇਵ ਸਿੰਘ ਜ਼ੀਰਾ, ਸੁਖਜਿੰਦਰ ਸਿੰਘ ਖੋਸਾ, ਦਿਲਬਾਗ ਸਿੰਘ, ਮਨਜੀਤ ਰਾਏ, ਸਤਨਾਮ ਸਿੰਘ ਪੰਨੂ, ਉੱਘੇ ਵਿਦਵਾਨ ਡਾਕਟਰ ਦਵਿੰਦਰ ਸ਼ਰਮਾ, ਹਮੀਰ ਸਿੰਘ, ਐਡਵੋਕੇਟ ਜਸਵਿੰਦਰ ਸਿੰਘ ਅਕਾਲ ਪੁਰਖ ਕੀ ਫੌਜ, ਕਾਲੇ ਪਾਣੀ ਦਾ ਮੋਰਚਾ ਤੋਂ ਜਸਕੀਰਤ ਸਿੰਘ, ਨਰੋਆ ਪੰਜਾਬ ਮੰਚ, ਪੀ ਏ ਸੀ ਮੱਤੇਵਾੜਾ ਤੋਂ ਇੰਜ. ਕਪਿਲ ਅਰੋੜਾ, ਡਾਕਟਰ ਅਮਨਦੀਪ ਸਿੰਘ ਬੈਂਸ, ਕੁਲਦੀਪ ਸਿੰਘ ਖਹਿਰਾ, ਫਿਲਮ ਡਾਇਰੈਕਟਰ ਅਮਿਤੋਜ ਮਾਨ, ਲੱਖਾ ਸਿਧਾਣਾ, ਪੰਜਾਬ ਵਾਤਾਵਰਨ ਚੇਤਨਾ ਲਹਿਰ ਤੋਂ ਮਹਿੰਦਰ ਪਾਲ ਲੂੰਬਾ, ਨਰੋਆ ਪੰਜਾਬ ਮੰਚ ਤੋਂ ਦਲੇਰ ਸਿੰਘ ਡੋਡ ਅਤੇ ਮੱਘਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਆਗੂਆਂ ਨੇ ਸ਼ਮੂਲੀਅਤ ਕੀਤੀ।

ਆਗੂਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਲਾਉਣ ਵਾਲੀ ਸਿਆਸੀ ਧਿਰ ਤਾਕਤ ਵਿੱਚ ਆਉਣ ਤੋਂ ਪਹਿਲਾਂ ਇਸ ਮਸਲੇ ਨੂੰ ਬਹੁਤ ਵਾਰੀ ਵੱਡੇ ਪੱਧਰ 'ਤੇ ਚੁੱਕਦੀ ਰਹੀ ਹੈ, ਜਿਸ ਕਰਕੇ ਉਨ੍ਹਾਂ ਦੀ ਇਸ ਮਸਲੇ ਉੱਤੇ ਚੁੱਪੀ ਬਹੁਤ ਹੀ ਹੈਰਾਨੀਜਨਕ ਅਤੇ ਮੰਦਭਾਗੀ ਹੈ। ਪੰਜਾਬ ਦੇ ਲੋਕ ਹੁਣ ਇਸ ਕਾਲੇ ਜ਼ਹਿਰੀਲੇ ਪਾਣੀ ਤੋਂ ਆਜ਼ਾਦੀ ਚਾਹੁੰਦੇ ਹਨ ਅਤੇ ਉਨ੍ਹਾਂ ਨੇ ਅੱਜ ਵਿਖਾ ਦਿੱਤਾ ਹੈ ਕਿ ਉਹ ਇਹ ਆਜ਼ਾਦੀ ਜਲਦੀ ਹੀ ਪ੍ਰਾਪਤ ਕਰ ਲੈਣਗੇ, ਭਾਵੇਂ ਸਰਕਾਰ ਆਪਣੀ ਮਰਜ਼ੀ ਨਾਲ ਇਸ ਮਸਲੇ ਨੂੰ ਹੱਲ ਕਰੇ ਜਾਂ ਲੋਕਾਂ ਨੂੰ ਆਪ ਆਪਣੀ ਹਿੱਕ ਦੇ ਜ਼ੋਰ 'ਤੇ ਇਹ ਮਸਲਾ ਹੱਲ ਕਰਵਾਉਣਾ ਪਵੇ। ਸਰਕਾਰ ਨੇ ਹੁਣ ਤੱਕ ਨਾ ਤਾਂ ਪਾਣੀ ਨੂੰ ਪਲੀਤ ਕਰਨ ਵਾਲੀ ਇੰਡਸਟਰੀ ਦੇ ਵਿਰੁੱਧ ਕੋਈ ਸਖਤ ਕਦਮ ਚੁੱਕਿਆ ਹੈ, ਨਾ ਪੰਜਾਬ ਪ੍ਰਦੂਸ਼ਣ ਬੋਰਡ ਦੇ ਮਾਫੀਆ ਬਣ ਚੁੱਕੇ ਅਧਿਕਾਰੀਆਂ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਕੀਤੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਵੀ ਹੁਣ ਇਨ੍ਹਾਂ ਨਾਲ ਘਿਓ-ਖਿਚੜੀ ਹੋ ਚੁੱਕੀ ਹੈ। ਇਸ ਰੈਲੀ ਦੀ ਸਮਾਪਤੀ ਤੋਂ ਬਾਅਦ ਵੇਰਕਾ ਮਿਲਕ ਪਲਾਂਟ ਤੋਂ ਭਾਈ ਬਾਲਾ ਜੀ ਚੌਕ ਲੁਧਿਆਣਾ ਤੱਕ ਰੋਸ ਮਾਰਚ ਕਰਕੇ ਆਗੂਆਂ ਚੇਤਾਵਨੀ ਦਿੱਤੀ ਕਿ ਜੇਕਰ ਅਗਲੇ ਦੋ ਹਫਤਿਆਂ ਦੇ ਅੰਦਰ ਸਰਕਾਰ ਗੈਰ-ਕਨੂੰਨੀ ਢੰਗ ਨਾਲ ਚੱਲ ਰਹੀ ਇੰਡਸਟਰੀ ਨੂੰ ਬੰਦ ਨਹੀਂ ਕਰਵਾਉਂਦੀ ਅਤੇ ਬੁੱਢੇ ਦਰਿਆ ਅਤੇ ਸਤਲੁਜ ਦੇ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਕੋਈ ਵੱਡੇ ਅਤੇ ਠੋਸ ਕਦਮ ਨਹੀਂ ਚੁੱਕਦੀ ਤਾਂ ਪਹਿਲਾਂ ਦਿੱਤੇ ਪ੍ਰੋਗਰਾਮ ਮੁਤਾਬਕ 15 ਸਤੰਬਰ ਨੂੰ ਬੰਨ੍ਹ ਮਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਰਹਿ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੀ ਹੋਵੇਗੀ। ਕਾਲੇ ਪਾਣੀ ਦਾ ਮੋਰਚਾ ਦੀ ਟੀਮ ਸਾਥ ਦੇਣ ਵਾਲੀਆਂ ਸਾਰੀਆਂ ਜਥੇਬੰਦੀਆਂ ਨਾਲ ਸਲਾਹ ਕਰਕੇ ਇਸ ਬਾਰੇ ਅੱਗੇ ਦੀ ਰਣਨੀਤੀ ਤਹਿ ਕਰੇਗੀ।

## ਡਰ ਪੈਦਾ ਕਰਨ ਲਈ ਬੁਲਡੋਜ਼ਰ ਦੀ ਵਰਤੋਂ ਅਣਮਨੁੱਖੀ ਕਾਰਾ : ਖੜਗੇ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਤੇ ਨਾਗਰਿਕਾਂ ਵਿਚ ਡਰ ਪੈਦਾ ਕਰਨ ਲਈ ਬੁਲਡੋਜ਼ਰ ਵਰਤਣ ਦਾ ਦੋਸ਼ ਲਾਇਆ ਹੈ। ਉਨ੍ਹਾ ਕਿਹਾ ਹੈ ਕਿ ਕਿਸੇ ਦਾ ਘਰ ਢਾਹੁਣਾ ਤੇ ਪਰਵਾਰ ਨੂੰ ਬੇਘਰ ਕਰਨਾ ਅਣਮਨੁੱਖੀ ਤੇ ਨਾਵਾਜਬ ਹੈ। ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ। ਅਜਿਹੀਆਂ ਕਾਰਵਾਈਆਂ ਲਈ ਕਾਨੂੰਨ ਦੇ ਰਾਜ ਨਾਲ ਚਲਦੇ ਸਮਾਜ 'ਚ ਕੋਈ ਥਾਂ ਨਹੀਂ। ਉਨ੍ਹਾ ਕਿਹਾ ਕਿ ਅਨਾਰਕੀ ਕੁਦਰਤੀ ਇਨਸਾਫ ਦੀ ਥਾਂ ਨਹੀਂ ਲੈ ਸਕਦੀ। ਅਪਰਾਧ ਦਾ ਫੈਸਲਾ ਅਦਾਲਤਾਂ ਵਿਚ ਹੋਣਾ ਚਾਹੀਦਾ ਹੈ, ਕਿਸੇ ਨੂੰ ਸਰਕਾਰੀ ਸਰਪ੍ਰਸਤੀ ਨਾਲ ਸੋਧਣਾ ਗਲਤ ਹੈ। ਕਾਂਗਰਸ ਪਾਰਟੀ ਸੂਬਾਈ ਭਾਜਪਾ ਸਰਕਾਰਾਂ ਵੱਲੋਂ ਸੰਵਿਧਾਨ ਦੇ ਨੰਗੇ-ਚਿੱਟੇ ਅਨਾਦਰ ਅਤੇ ਨਾਗਰਿਕਾਂ ਵਿਚ ਡਰ ਪੈਦਾ ਕਰਨ ਲਈ ਬੁਲਡੋਜ਼ਰ ਦੀ ਵਰਤੋਂ ਦੀ ਕਰੜੀ ਨਿੰਦਾ ਕਰਦੀ ਹੈ। ਖੜਗੇ ਨੇ ਇਹ ਬਿਆਨ ਇਸ ਹਫਤੇ ਦੇ ਸ਼ੁਰੂ ਵਿਚ ਭੋਪਾਲ 'ਚ ਪੁਲਸ ਅਫਸਰਾਂ 'ਤੇ ਪਥਰਾਅ ਦੇ ਮੁੱਖ ਮੁਲਜ਼ਮ ਕਾਂਗਰਸੀ ਆਗੂ ਹਾਜੀ ਸ਼ਹਿਜ਼ਾਦ ਅਲੀ ਦੇ ਬੰਗਲੇ ਨੂੰ ਢਾਹੁਣ ਤੋਂ ਬਾਅਦ ਦਿੱਤਾ ਹੈ।



ਭੀੜ ਨੇ 21 ਅਗਸਤ ਨੂੰ ਕਥਿਤ ਤੌਰ 'ਤੇ ਕੋਤਵਾਲੀ ਦੇ ਅਹਾਤੇ ਵਿਚ ਪੁਲਸ ਅਫਸਰਾਂ 'ਤੇ ਪਥਰਾਅ ਕੀਤਾ ਸੀ। ਲੋਕ ਮੰਗ ਕਰ ਰਹੇ ਸਨ ਕਿ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਦੇ ਪਿੰਡ ਸ਼ਾਹ ਪੰਚਾਲੇ ਵਿਚ ਇਕ ਧਾਰਮਕ ਸਮਾਗਮ 'ਚ ਪੈਗੰਬਰ ਮੁਹੰਮਦ ਤੇ ਇਸਲਾਮ ਵਿਰੁੱਧ ਇਤਰਾਜ਼ਯੋਗ ਗੱਲਾਂ ਕਹਿਣ ਵਾਲੇ ਰਾਮਗਿਰੀ ਮਹਾਰਾਜ ਖਿਲਾਫ ਕਾਰਵਾਈ ਕੀਤੀ ਜਾਵੇ।

ਇਸ ਤੋਂ ਪਹਿਲਾਂ ਰਾਜਸਥਾਨ ਵਿਚ ਭਜਨ ਲਾਲ ਸ਼ਰਮਾ ਦੀ ਭਾਜਪਾ ਸਰਕਾਰ ਨੇ ਉਦੈਪੁਰ ਵਿਚ ਵਿਦਿਆਰਥੀ ਨੂੰ ਚਾਕੂ ਮਾਰਨ ਵਾਲੇ ਦੂਜੇ ਵਿਦਿਆਰਥੀ ਦਾ ਘਰ ਢਾਹੁਣ ਦਾ ਹੁਕਮ ਦਿੱਤਾ ਸੀ।

ਪ੍ਰਸ਼ਾਸਨ ਨੇ ਵਿਦਿਆਰਥੀ ਦੇ ਪਰਵਾਰ ਦਾ ਉਹ ਘਰ ਢਾਹ ਦਿੱਤਾ ਸੀ, ਜਿਥੇ ਉਹ ਕਿਰਾਏ 'ਤੇ ਰਹਿੰਦੇ ਸਨ। ਹਿੰਦੂ ਗਰੁੱਪਾਂ ਤੇ ਭਾਜਪਾ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਸੀ ਕਿ ਇਸ ਮਾਮਲੇ ਵਿਚ ਯੂ ਪੀ ਵਾਲਾ ਬੁਲਡੋਜ਼ਰ ਐਕਸ਼ਨ ਕੀਤਾ ਜਾਵੇ।

### ਬਲਾਤਕਾਰ ਦੇ ਮੁਲਜ਼ਮ ਦੀ ਪੁਲਸ ਹਿਰਾਸਤ 'ਚ ਮੌਤ

**ਗੁਹਾਟੀ** : ਅਸਾਮ 'ਚ ਨਾਬਾਲਗ ਕੁੜੀ ਨਾਲ ਬਲਾਤਕਾਰ ਦੇ ਮੁੱਖ ਮੁਲਜ਼ਮ ਨੇ ਸ਼ਨੀਵਾਰ ਤੜਕੇ ਕਥਿਤ ਤੌਰ 'ਤੇ ਪੁਲਸ ਹਿਰਾਸਤ ਵਿੱਚੋਂ ਫਰਾਰ ਹੋ ਕੇ ਨਗਾਓਂ ਜ਼ਿਲ੍ਹੇ ਦੇ ਧੀਂਗ 'ਚ ਤਲਾਅ 'ਚ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਕਿਹਾ ਕਿ ਮੁਲਜ਼ਮ ਨੂੰ ਸ਼ੁੱਕਰਵਾਰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 'ਕ੍ਰਾਈਮ ਸੀਨ' ਦੀ ਜਾਂਚ ਲਈ ਤੜਕੇ ਕਰੀਬ 3.30 ਵਜੇ ਅਪਰਾਧ ਵਾਲੀ ਥਾਂ ਲਿਜਾਇਆ ਗਿਆ ਸੀ। ਤਲਾਅ ਵਿੱਚੋਂ ਉਸ ਦੀ ਲਾਸ਼ ਕਰੀਬ ਦੋ ਘੰਟੇ ਬਾਅਦ ਬਰਾਮਦ ਹੋਈ। ਉਹ ਉਨ੍ਹਾਂ ਤਿੰਨ ਮੁਲਜ਼ਮਾਂ 'ਚੋਂ ਇਕ ਸੀ, ਜਿਨ੍ਹਾਂ ਟਿਊਸ਼ਨ ਜਾ ਰਹੀ 14 ਸਾਲਾ ਕੁੜੀ ਨਾਲ ਜਬਰ-ਜ਼ਨਾਹ ਕੀਤਾ ਸੀ ਤੇ ਉਸ ਨੂੰ ਜ਼ਖਮੀ ਹਾਲਤ 'ਚ ਤਲਾਅ ਕੰਢੇ ਸੁੱਟ ਦਿੱਤਾ ਸੀ।

### ਹੈਲੀਕਾਪਟਰ ਡਿੱਗਾ

**ਪੁਣੇ** : ਮੁੰਬਈ ਤੋਂ ਹੈਦਰਾਬਾਦ ਜਾ ਰਿਹਾ ਗਲੋਬਲ ਵੈਕਟਰਾ ਕੰਪਨੀ ਦਾ ਹੈਲੀਕਾਪਟਰ ਪੁਣੇ ਦੇ ਪੌਡ ਨੇੜੇ ਹਾਦਸਾਗ੍ਰਸਤ ਹੋਣ ਨਾਲ ਚਾਰ ਵਿਅਕਤੀ ਜ਼ਖਮੀ ਹੋ ਗਏ। ਹੈਲੀਕਾਪਟਰ ਦੇ ਕੈਪਟਨ ਨੂੰ ਹਸਪਤਾਲ ਲਿਜਾਣਾ ਪਿਆ।

### ਸੈਨਾ ਮੁਖੀ ਮਨੀਪੁਰ 'ਚ

**ਇੰਫਾਲ** : ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਮਨੀਪੁਰ 'ਚ ਕੌਮਾਂਤਰੀ ਸਰਹੱਦ 'ਤੇ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ। ਦੋ ਦਿਨਾ ਦੌਰੇ 'ਤੇ ਮਨੀਪੁਰ ਪੁੱਜੇ ਸੈਨਾ ਮੁਖੀ ਨੇ ਪੂਰਬੀ ਸੈਨਾ ਦੇ ਕਮਾਂਡਰ ਨਾਲ ਖੇਤਰ ਦੀ ਅੰਦਰੂਨੀ ਸੁਰੱਖਿਆ ਸਥਿਤੀ ਦੀ ਵੀ ਸਮੀਖਿਆ ਕੀਤੀ।

### ਪਰਮਜੀਤ ਸਿੰਘ ਸੰਘਾ ਦਾ ਅੰਤਮ ਸੰਸਕਾਰ ਅੱਜ



**ਜਲੰਧਰ** : ਖੱਬੀ ਵਿਚਾਰਧਾਰਾ ਪ੍ਰਤੀ ਝੁਕਾਅ ਰੱਖਣ ਵਾਲੇ ਤੇ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਪਰਮ ਸਨੇਹੀ ਪਰਮਜੀਤ ਸਿੰਘ ਸੰਘਾ (ਪੰਨਾ), ਜਿਹੜੇ 23 ਅਗਸਤ ਨੂੰ ਵਿਛੋੜਾ ਦੇ ਗਏ, ਦਾ ਅੰਤਮ ਸੰਸਕਾਰ 25 ਅਗਸਤ ਨੂੰ ਸਾਢੇ 11 ਵਜੇ ਜਲੰਧਰ-ਹੁਸ਼ਿਆਰਪੁਰ ਰੋਡ 'ਤੇ ਜੰਡੂਸਿੰਘਾ ਕੋਲ ਪਿੰਡ ਮਦਾਰ ਦੇ ਸ਼ਮਸ਼ਾਨਘਾਟ 'ਚ ਹੋਵੇਗਾ।

## ਕਿਸਾਨ ਮੋਰਚੇ ਤੇ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 26 ਨਵੰਬਰ ਨੂੰ ਦੇਸ਼ ਵਿਆਪੀ ਰੋਸ ਦਿਵਸ ਮਨਾਉਣ ਦਾ ਐਲਾਨ

**23 ਸਤੰਬਰ ਨੂੰ ਕਾਲਾ ਦਿਵਸ ਮਨਾਇਆ ਜਾਵੇਗਾ, ਬੈਂਕਾਂ ਦੀ 28 ਦੀ ਹੜਤਾਲ ਦਾ ਸਮਰਥਨ**

**ਨਵੀਂ ਦਿੱਲੀ** : ਕੇਂਦਰੀ ਟਰੇਡ ਯੂਨੀਅਨਾਂ, ਸੈਕਟਰਲ ਫੈਡਰੇਸ਼ਨਾਂ/ ਐਸੋਸੀਏਸ਼ਨਾਂ ਅਤੇ ਸੰਯੁਕਤ ਕਿਸਾਨ ਮੋਰਚਾ ਦੀ ਸਾਂਝੀ ਮੀਟਿੰਗ ਨੇ ਨਰਾਜ਼ਗੀ ਜ਼ਾਹਰ ਕੀਤੀ ਕਿ ਆਮ ਚੋਣਾਂ 'ਚ ਠੇਡਾ ਖਾਣ ਦੇ ਬਾਵਜੂਦ ਐੱਨ ਡੀ ਏ ਸਰਕਾਰ ਮਜ਼ਦੂਰ-ਵਿਰੋਧੀ, ਕਿਸਾਨ-ਵਿਰੋਧੀ, ਲੋਕ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਏਜੰਡੇ 'ਤੇ ਕੰਮ ਕਰ ਰਹੀ ਹੈ। ਸਰਕਾਰ ਦੇ ਬਜਟ ਨੇ ਉਨ੍ਹਾਂ ਦੇ ਏਜੰਡੇ ਨੂੰ ਨਜ਼ਰਅੰਦਾਜ਼ ਕਰਕੇ ਬੇਰੁਜ਼ਗਾਰ ਨੌਜਵਾਨਾਂ ਦੀਆਂ ਉਮੀਦਾਂ ਨਾਲ ਵੀ ਧੋਖਾ ਕੀਤਾ ਹੈ। ਆਉਣ ਵਾਲੇ ਸਮੇਂ 'ਚ ਸੰਘਰਸ਼ਾਂ ਨੂੰ ਹੋਰ ਤੇਜ਼ ਕਰਨ ਅਤੇ ਏਕਤਾ ਨੂੰ ਹੇਠਲੇ ਪੱਧਰ ਤੱਕ ਲਿਜਾਣ ਦਾ ਫੈਸਲਾ ਕੀਤਾ ਗਿਆ। ਇਹ ਵੀ ਸੰਕਲਪ ਲਿਆ ਗਿਆ ਕਿ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਲਈ ਡਟ ਕੇ ਸਾਂਝੀ ਮੁਹਿੰਮ ਚਲਾਈ ਜਾਵੇਗੀ। ਮੋਰਚੇ ਨੇ ਕੋਵਿਡ-19 ਮਹਾਂਮਾਰੀ ਦੇ ਸਮੇਂ ਦੌਰਾਨ ਸਤੰਬਰ 2020 'ਚ ਤਿੰਨ ਲੇਬਰ ਕੋਡਾਂ ਨੂੰ ਪਾਸ ਕਰਨ ਦੇ ਦਿਨ (23 ਸਤੰਬਰ) ਨੂੰ ਕਾਲੇ ਦਿਵਸ ਵਜੋਂ ਮਨਾਉਣ ਲਈ ਟਰੇਡ ਯੂਨੀਅਨਾਂ ਦੇ ਪ੍ਰੋਗਰਾਮ ਨਾਲ ਹਰ ਤਰ੍ਹਾਂ ਦੀ ਇਕਜੁੱਟਤਾ ਦਾ ਭਰੋਸਾ ਦਿੱਤਾ। ਸਹਿਮਤੀ ਬਣੀ ਕਿ ਅਕਤੂਬਰ ਮਹੀਨੇ 'ਚ ਦੋਵਾਂ ਮੋਰਚਿਆਂ ਦੀ ਲੀਡਰਸ਼ਿਪ ਵਿਆਪਕ ਵਿਚਾਰ-ਵਟਾਂਦਰਾ ਕਰਕੇ ਸਰਕਾਰ ਦੀਆਂ ਪਿਛਾਖੜੀ ਨੀਤੀਆਂ, ਜੋ ਕਿ ਲੋਕਾਂ ਅਤੇ ਰਾਸ਼ਟਰ ਦੇ ਹਿੱਤਾਂ ਲਈ ਹਾਨੀਕਾਰਕ ਹਨ, ਦੇ ਖਿਲਾਫ ਇੱਕਜੁੱਟ ਸੰਘਰਸ਼ ਨੂੰ ਹੋਰ ਤੇਜ਼ ਕਰਨਗੀਆਂ।

ਮੀਟਿੰਗ ਨੇ ਸਮਾਰਟ ਮੀਟਰਾਂ ਨੂੰ ਜਬਰੀ ਲਗਾਉਣ ਦੀ ਨਿਖੇਧੀ ਕੀਤੀ ਅਤੇ ਵਿਰੋਧ 'ਚ ਕੀਤੇ ਜਾ ਰਹੇ ਅੰਦੋਲਨ ਨੂੰ ਪੂਰਨ ਸਮਰਥਨ ਦਾ ਪ੍ਰਗਟਾਵਾ ਕੀਤਾ। ਮੀਟਿੰਗ ਨੇ ਖੇਤੀਬਾੜੀ ਉਪਕਰਨਾਂ 'ਤੇ ਲੱਗੇ ਜੀ ਐੱਸ ਟੀ ਨੂੰ ਹਟਾਉਣ ਦੀ ਮੰਗ ਕੀਤੀ। ਮੀਟਿੰਗ ਨੇ 26 ਨਵੰਬਰ ਨੂੰ ਰਾਸ਼ਟਰਵਿਆਪੀ ਰੋਸ ਦਿਵਸ ਮਨਾਉਣ ਦਾ ਸੰਕਲਪ ਲਿਆ। ਰਣਨੀਤਕ ਖੇਤਰ ਦੇ ਨਿੱਜੀਕਰਨ ਦੀਆਂ ਨੀਤੀਆਂ ਵਿਰੁੱਧ ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨਜ਼ ਦੁਆਰਾ 28 ਅਗਸਤ ਨੂੰ ਦਿੱਤੇ ਹੜਤਾਲ ਦੇ ਸੱਦੇ ਦਾ ਸਮਰਥਨ ਕੀਤਾ। ਮੀਟਿੰਗ 'ਚ ਔਰਤਾਂ 'ਤੇ ਵਧ ਰਹੇ ਅੱਤਿਆਚਾਰਾਂ, ਵਹਿਸ਼ੀ ਬਲਾਤਕਾਰਾਂ ਅਤੇ ਕਤਲਾਂ ਦਾ ਨੋਟਿਸ ਲਿਆ ਗਿਆ। ਇਨ੍ਹਾਂ ਘਿਨਾਉਣੇ ਕਾਰਿਆਂ ਦੀ ਨਿਖੇਧੀ ਕਰਦਿਆਂ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਅੰਦੋਲਨਕਾਰੀਆਂ ਦੀਆਂ ਮੰਗਾਂ ਦਾ ਪੂਰਾ ਸਮਰਥਨ ਕੀਤਾ।

## ਸ਼ਿਖਰ ਧਵਨ ਦਾ ਸੰਨਿਆਸ



**ਨਵੀਂ ਦਿੱਲੀ** : ਸਲਾਮੀ ਬੱਲੇਬਾਜ਼ ਸ਼ਿਖਰ ਧਵਨ ਨੇ ਸ਼ਨੀਵਾਰ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਦੋ ਸਾਲ ਪਹਿਲਾਂ ਦੇਸ਼ ਲਈ ਆਪਣਾ ਆਖਰੀ ਮੈਚ ਖੇਡਣ ਵਾਲੇ ਖੱਬੇ ਹੱਥ ਦੇ ਬੱਲੇਬਾਜ਼ ਨੇ ਕਿਹਾ ਕਿ ਉਹ ਕ੍ਰਿਕਟ ਦੇ ਤਿੰਨਾਂ ਰੂਪਾਂ 'ਚ ਦੇਸ਼ ਦੀ ਨੁਮਾਇੰਦਗੀ ਕਰਨ ਤੋਂ ਬਾਅਦ ਸੰਤੁਸ਼ਟ ਵਿਅਕਤੀ ਵਜੋਂ ਖੇਡ ਨੂੰ ਛੱਡ ਰਿਹਾ ਹੈ। 38 ਸਾਲਾ ਖਿਡਾਰੀ ਨੇ 2010 'ਚ ਵਿਸ਼ਾਖਾਪਟਨਮ 'ਚ ਆਸਟਰੇਲੀਆ ਖਿਲਾਫ ਇਕ ਦਿਨਾ ਮੈਚ ਨਾਲ ਆਪਣੇ ਕੌਮਾਂਤਰੀ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਆਖਰੀ ਮੈਚ 2022 'ਚ ਬੰਗਲਾਦੇਸ ਖਿਲਾਫ ਖੇਡਿਆ ਸੀ। ਧਵਨ ਨੇ ਭਾਰਤ ਲਈ 34 ਟੈਸਟ, 167 ਵਨਡੇ ਅਤੇ 68 ਟੀ-20 ਮੈਚ ਖੇਡੇ। ਉਸ ਨੇ 50 ਓਵਰਾਂ ਦੇ ਫਾਰਮੈਟ 'ਚ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ, ਜਿਸ 'ਚ ਉਸ ਨੇ 44.11 ਦੀ ਔਸਤ ਨਾਲ 6,793 ਦੌੜਾਂ ਬਣਾਈਆਂ। ਟੈਸਟ ਕ੍ਰਿਕਟ 'ਚ 40.61 ਦੀ ਔਸਤ ਅਤੇ 7 ਸੈਂਕੜਿਆਂ ਦੀ ਮਦਦ ਨਾਲ 2,315 ਦੌੜਾਂ ਬਣਾਈਆਂ।

## ਬਿਭਵ ਦੀ ਹਿਰਾਸਤ ਵਧੀ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਦੀ ਕੁੱਟਮਾਰ ਦੇ ਮਾਮਲੇ ਵਿਚ ਤੀਸ ਹਜ਼ਾਰੀ ਅਦਾਲਤ ਨੇ ਬਿਭਵ ਕੁਮਾਰ (ਅਰਵਿੰਦ ਕੇਜਰੀਵਾਲ ਦੇ ਕਰੀਬੀ ਸਹਿਯੋਗੀ) ਦੀ ਨਿਆਂਇਕ ਹਿਰਾਸਤ 13 ਸਤੰਬਰ ਤੱਕ ਵਧਾ ਦਿੱਤੀ ਹੈ।

## ਪ੍ਰਜਵਲ ਖਿਲਾਫ ਚਾਰਜਸ਼ੀਟ ਦਾਖਲ

**ਬੇਂਗਲੁਰੂ** : ਅਪਰਾਧ ਜਾਂਚ ਵਿਭਾਗ ਦੀ ਵਿਸ਼ੇਸ਼ ਜਾਂਚ ਟੀਮ ਨੇ ਜਨਤਾ ਦਲ ਸੈਕੂਲਰ ਦੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਖਿਲਾਫ ਬਲਾਤਕਾਰ ਅਤੇ ਉਸ ਦੇ ਪਿਤਾ ਤੇ ਵਿਧਾਇਕ ਐੱਚ ਡੀ ਰੇਵੰਨਾ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਚਾਰਜਸੀਟ ਦਾਇਰ ਕਰ ਦਿੱਤੀ ਹੈ। ਪ੍ਰਜਵਲ ਵਿਰੁੱਧ ਚਾਰ ਮਾਮਲਿਆਂ ਦੀ ਜਾਂਚ ਕਰ ਰਹੀ ਟੀਮ ਨੇ ਕਿਹਾ ਕਿ 2000 ਤੋਂ ਵੱਧ ਪੰਨਿਆਂ ਦੀ ਚਾਰਜਸ਼ੀਟ 'ਚ ਕਰੀਬ 150 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਹਨ।

ਚਾਰਜਸ਼ੀਟ 'ਚ ਰੇਵੰਨਾ ਵੱਲੋਂ ਪਰਿਵਾਰ ਦੀ ਘਰੇਲੂ ਨੌਕਰਾਣੀ ਦੇ ਕਥਿਤ ਜਿਨਸੀ ਸ਼ੋਸ਼ਣ ਨਾਲ ਸੰਬੰਧਤ ਦੋਸ਼ ਵੀ ਸ਼ਾਮਲ ਹਨ।

## ਅੰਮ੍ਰਿਤਸਰ 'ਚ ਐੱਨ ਆਰ ਆਈ 'ਤੇ ਹਮਲਾ

**ਅੰਮ੍ਰਿਤਸਰ** : ਜਲੰਧਰ ਵਾਲੇ ਹਾਈਵੇ 'ਤੇ ਮਕਬੂਲਪੁਰਾ ਥਾਣੇ ਅਧੀਨ ਪੈਂਦੇ ਦੋਬੁਰਜੀ 'ਚ ਦੋ ਪਗੜੀਧਾਰੀ ਹਮਲਾਵਾਰ ਐੱਨ ਆਰ ਆਈ ਸੁਖਚੈਨ ਸਿੰਘ ਨੂੰ ਸ਼ਨੀਵਾਰ ਸਵੇਰੇ ਕਰੀਬ ਸਾਢੇ 7 ਵਜੇ ਘਰ ਵਿਚ ਗੋਲੀਆਂ ਮਾਰ ਕੇ ਆਰਾਮ ਨਾਲ ਫਰਾਰ ਹੋ ਗਏ। ਤਾਂ ਵੀ ਘਟਨਾ ਸੀ ਸੀ ਟੀ ਵੀ ਵਿਚ ਕੈਦ ਹੋ ਗਈ। ਸੁਖਚੈਨ ਨੂੰ ਗੰਭੀਰ ਹਾਲਤ 'ਚ ਹਸਪਤਾਲ ਦਾਖਲ ਕਰਵਾਇਆ ਗਿਆ। ਏ ਡੀ ਸੀ ਪੀ ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ ਸੀ ਸੀ ਟੀ ਵੀ ਫੁਟੇਜ ਹਾਸਲ ਕਰ ਲਈ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਮੁਤਾਬਕ ਹਮਲਾਵਰ ਘਰ ਵਿਚ ਦਾਖਲ ਹੋਏ ਤੇ ਸੁਖਚੈਨ ਦੇ ਸਿਰ ਤੇ ਧੌਣ 'ਤੇ ਤਿੰਨ ਗੋਲੀਆਂ ਮਾਰ ਦਿੱਤੀਆਂ। ਸੁਖਚੈਨ ਦੀ ਮਾਤਾ ਤੇ ਬੇਟਾ ਤਰਲੇ ਮਾਰਦੇ ਰਹੇ, ਪਰ ਹਮਲਾਵਰ ਨਹੀਂ ਰੁਕੇ। ਸੁਖਚੈਨ ਦੀ ਪਤਨੀ ਨੇ ਦੱਸਿਆ ਕਿ ਉਹ ਉਸ ਦੀ ਦੂਜੀ ਪਤਨੀ ਹੈ ਅਤੇ ਉਸ ਦੀ ਪਹਿਲੀ ਪਤਨੀ ਨੇ ਖੁਦਕੁਸ਼ੀ ਕਰ ਲਈ ਸੀ। ਸੁਖਚੈਨ ਮਹੀਨਾ ਪਹਿਲਾਂ ਹੀ ਅਮਰੀਕਾ ਤੋਂ ਆਇਆ ਸੀ। ਸੁਖਚੈਨ ਅਮਰੀਕਾ ਰਹਿੰਦਾ ਸੀ। ਅਮਰੀਕਾ 'ਚ ਉਸ ਦਾ ਭਰਾ ਹੈ। ਪਤਨੀ ਦੀ ਖੁਦਕੁਸ਼ੀ ਤੋਂ ਬਾਅਦ ਉਹ ਬੱਚਿਆਂ ਦੀ ਦੇਖਭਾਲ ਲਈ ਲਗਭਗ ਇੱਕ ਸਾਲ ਤੋਂ ਭਾਰਤ 'ਚ ਰਹਿ ਰਿਹਾ ਸੀ। ਇਸ ਦੌਰਾਨ ਉਹ ਕੰਮ ਲਈ ਕਈ ਵਾਰ ਅਮਰੀਕਾ ਗਿਆ। ਪਰਵਾਰਕ ਮੈਂਬਰ ਪਰਮਜੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਦਾ ਆਪਣੀ ਪਹਿਲੀ ਪਤਨੀ ਦੇ ਪਰਵਾਰ ਨਾਲ ਝਗੜਾ ਚੱਲ ਰਿਹਾ ਸੀ। ਖੁਦਕੁਸ਼ੀ ਤੋਂ ਬਾਅਦ ਮ੍ਰਿਤਕ ਪਤਨੀ ਦੇ ਮਾਮੇ ਵੱਲੋਂ ਐੱਫ ਆਈ ਆਰ ਵੀ ਦਰਜ ਕਰਵਾਈ ਗਈ ਅਤੇ ਮਾਮਲਾ ਅਦਾਲਤ 'ਚ ਚਲਾ ਗਿਆ। ਉਨ੍ਹਾਂ ਦੇ ਦੋ ਬੱਚੇ ਹਨ, ਜੋ ਸੁਖਚੈਨ ਨਾਲ ਰਹਿ ਰਹੇ ਹਨ। ਕਰੀਬ 5 ਮਹੀਨੇ ਪਹਿਲਾਂ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਲਈ 'ਆਪ' ਸਰਕਾਰ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਤੋਂ ਇਖਲਾਕੀ ਆਧਾਰ 'ਤੇ ਅਸਤੀਫੇ ਦੀ ਮੰਗ ਕੀਤੀ ਹੈ।

'ਆਪ' ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਐੱਨ ਆਰ ਆਈ ਵਿਅਕਤੀ ਦੇ ਪਰਵਾਰ ਨੇ ਬਿਆਨ ਦਿੱਤਾ ਹੈ ਕਿ ਉਸ 'ਤੇ ਉਸ ਦੀ ਸਾਬਕਾ ਪਤਨੀ ਦੇ ਪਰਵਾਰਕ ਮੈਂਬਰਾਂ ਨੇ ਹਮਲਾ ਕੀਤਾ ਸੀ। ਇਹ ਪੂਰੀ ਤਰ੍ਹਾਂ ਪਰਵਾਰਕ ਮਾਮਲਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਵਿਰੋਧੀ ਧਿਰ ਦੇ ਕਈ ਆਗੂ ਇਸ 'ਤੇ ਸਿਆਸਤ ਕਰ ਰਹੇ ਹਨ।



ਨੀਲ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਡੀ ਜੀ ਪੀ ਨੂੰ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਗਰਗ ਨੇ ਕਿਹਾ ਕਿ ਬਾਦਲ ਸਰਕਾਰ ਵੇਲੇ ਅੰਮ੍ਰਿਤਸਰ 'ਚ ਇਕ ਏ ਐੱਸ ਆਈ ਆਪਣੀ ਧੀ ਦੀ ਇੱਜ਼ਤ ਬਚਾਉਂਦੇ ਹੋਏ ਸ਼ਹੀਦ ਹੋ ਗਿਆ ਸੀ। ਛੇੜਛਾੜ ਕਰਨ ਵਾਲੇ ਅਕਾਲੀ ਦਲ ਦੇ ਹੀ ਗੁੰਡੇ ਸਨ। ਉਨ੍ਹਾ ਭਾਜਪਾ ਨੂੰ ਘੇਰਦਿਆਂ ਕਿਹਾ ਕਿ ਹਾਲ ਹੀ ਵਿੱਚ ਹਰਿਆਣਾ ਵਿੱਚ ਇੱਕ ਮੌਜੂਦਾ ਵਿਧਾਇਕ ਨੂੰ ਗੋਲੀ ਮਾਰ ਦਿੱਤੀ ਗਈ। ਯੂ ਪੀ ਦੇ ਰਾਏਬਰੇਲੀ ਵਿੱਚ ਇੱਕ ਦਲਿਤ ਵਿਅਕਤੀ ਨੂੰ ਮਜ਼ਦੂਰੀ ਮੰਗਣ 'ਤੇ ਤਸ਼ੱਦਦ ਕੀਤਾ ਗਿਆ। ਭਾਜਪਾ ਨੇਤਾਵਾਂ ਨੇ ਇਸ ਮਾਮਲੇ 'ਤੇ ਕਿਉਂ ਕੁਝ ਨਹੀਂ ਕਿਹਾ ?

ਉਹਨਾ ਕਿਹਾ ਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੇ ਅੰਕੜੇ ਇਹ ਵੀ ਦਰਸਾਉਂਦੇ ਹਨ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਭਾਜਪਾ ਸ਼ਾਸਤ ਅਤੇ ਹੋਰ ਗੁਆਂਢੀ ਰਾਜਾਂ ਦੇ ਮੁਕਾਬਲੇ ਬਹੁਤ ਵਧੀਆ ਹੈ।ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਵੀ ਮਾਨ ਸਰਕਾਰ ਦੇ ਰਾਜ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਫੀ ਬਿਹਤਰ ਹੈ। ਵਿਰੋਧੀ ਧਿਰ ਦਾ ਮਕਸਦ ਸਿਰਫ ਬਦਨਾਮ ਕਰਨਾ ਹੈ।

## ਅੱਜ-ਨਾਮਾ

ਹਵਾਈ ਸੇਵਾ ਦਾ ਕੰਮ ਹੈ ਅਹਿਮ ਬਾਹਲਾ,
ਹੁੰਦਾ ਏ ਗਲਤੀ ਦਾ ਬੜਾ ਨੁਕਸਾਨ ਬੇਲੀ।
ਗਲਤੀ ਇੱਕ ਦੀ ਹੁੰਦੀ ਕੋਈ ਕਿਸੇ ਕਾਰਨ,
ਹੁੰਦੀ ਖਤਰੇ ਵਿੱਚ ਕਈਆਂ ਦੀ ਜਾਨ ਬੇਲੀ।
ਫਿਰ ਵੀ ਭਾਰਤ ਵਿੱਚ ਨੇਮ ਨਾ ਜਾਣ ਵੇਖੇ,
ਨਿਯਮ ਉਲੰਘਣਾ ਕਹੀ ਜਾਏ ਸ਼ਾਨ ਬੇਲੀ।
ਪਿਛਲੇ ਦਿਨੀਂ ਜਦ ਹਰਕਤ ਸੀ ਹੋਈ ਏਹੀ,
ਕੇਂਦਰ ਦਾ ਪਿਆ ਸੀ ਓਧਰ ਧਿਆਨ ਬੇਲੀ।
ਝਟਕਾ ਲੱਗਿਆ ਕਹਿੰਦੇ ਕੁਝ ਅਫਸਰਾਂ ਨੂੰ,
ਵਾਹਵਾ ਵੱਡਾ ਜੁਰਮਾਨਾ ਗਿਆ ਲੱਗ ਬੇਲੀ।
ਜਾਊ ਇਹ ਖਬਰ ਜਾਂ ਸਾਰੇ ਸੰਸਾਰ ਅੰਦਰ,
ਭਾਰਤ ਦੇ ਬਾਰੇ ਕੀ ਸੋਚੂ ਫਿਰ ਜੱਗ ਬੇਲੀ।

-ਤੀਸ ਮਾਰ ਖਾਂ

## ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ 'ਤੇ ਬਾਵਰਦੀ ਵਲੰਟੀਅਰ ਸੰਮੇਲਨ ਮੋਗਾ 'ਚ


**ਮੋਗਾ (ਇਕਬਾਲ ਸਿੰਘ ਮੋਗਾ)**



ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਨੀਵਾਰ ਵਿਸ਼ੇਸ਼ ਮੀਟਿੰਗ ਬਾਈ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਅਤੇ ਸੂਬਾ ਪ੍ਰਧਾਨ ਏ ਆਈ ਐੱਸ ਐੱਫ ਰਮਨ ਕੁਮਾਰ ਧਰਮੂਵਾਲਾ ਨੇ ਕੀਤੀ।ਮੀਟਿੰਗ ਵਿੱਚ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ, ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਅਤੇ ਉਹਨਾ ਨਾਲ ਹੰਸ ਰਾਜ ਗੋਲਡਨ, ਕੁਲਦੀਪ ਸਿੰਘ ਭੋਲਾ, ਡਾਕਟਰ ਇੰਦਰਵੀਰ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ।ਮੀਟਿੰਗ ਵਿੱਚ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਿਆਂ ਦੇ ਵੱਖ-ਵੱਖ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸਰਬਸੰਮਤੀ ਨਾਲ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ ਅਤੇ ਵਿਦਿਆਰਥੀਆਂ ਦੇ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਪਰਮਗੁਣੀ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ 28 ਸਤੰਬਰ ਨੂੰ ਕੀਤਾ ਜਾਣ ਵਾਲਾ 'ਬਨੇਗਾ ਵਲੰਟੀਅਰ ਸੰਮੇਲਨ ਅਤੇ ਮਾਰਚ' ਜਲੰਧਰ ਦੀ ਬਜਾਏ ਮੋਗਾ ਵਿਖੇ ਇਨਕਲਾਬੀ ਜੋਸ਼ ਨਾਲ ਧੂਮਧਾਮ ਨਾਲ ਕੀਤਾ ਜਾਵੇਗਾ।ਉਹਨਾ ਕਿਹਾ ਕਿ 25 ਸਾਲ ਪਹਿਲਾਂ ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ ਦੀ ਸ਼ੁਰੂਆਤ ਇਸ ਸਥਾਨ ਤੋਂ ਕੀਤੀ ਗਈ ਸੀ ਅਤੇ ਹੁਣ ਮੋਗਾ ਵਿਖੇ ਕੀਤੇ ਜਾ ਰਹੇ ਇਸ ਵਲੰਟੀਅਰ ਸੰਮੇਲਨ ਅਤੇ ਮਾਰਚ ਮੌਕੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਤੇ ਅਗਲੇ ਪੜਾਅ 'ਬਨੇਗਾ ਪ੍ਰਾਪਤੀ ਮੁਹਿੰਮ' ਦੀ ਸ਼ੁਰੂਆਤ ਕੀਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਮੋਗਾ ਵਿਖੇ ਕੀਤੇ ਜਾ ਰਹੇ ਇਸ ਵਲੰਟੀਅਰ ਸੰਮੇਲਨ ਅਤੇ ਮਾਰਚ ਵਿੱਚ ਸ਼ਾਮਲ ਹੋਣ ਲਈ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਭਗਤ ਸਿੰਘ ਦੀ ਤਸਵੀਰ ਵਾਲੀ ਟੀ ਸ਼ਰਟ ਪਹਿਨ ਕੇ ਬਾ-ਵਰਦੀ ਵਲੰਟੀਅਰ ਸ਼ਾਮਿਲ ਹੋਣਗੇ, ਜਿਸ ਦੀਆਂ ਤਿਆਰੀਆਂ ਸੰਬੰਧੀ ਅੱਜ ਤੋਂ ਹੀ ਪੂਰੇ ਪੰਜਾਬ ਵਿੱਚ ਆਗੂ ਸਰਗਰਮ ਹੋ ਜਾਣਗੇ ਅਤੇ ਪਰਮਗੁਣੀ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਸੰਬੰਧਤ ਸੈਮੀਨਾਰ, ਨਾਟਕ, ਗੀਤ ਅਤੇ ਕੋਰੀਓਗਰਾਫੀਆਂ ਕਰਕੇ ਪੂਰੇ ਪੰਜਾਬ ਵਿੱਚ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਨੂੰ ਤਿਉਹਾਰ ਬਣਾਉਣ ਸੰਬੰਧੀ ਮਾਹੌਲ ਗਰਮਾਇਆ ਜਾਵੇਗਾ।

ਆਗੂਆਂ ਕਿਹਾ ਕਿ ਇਸ ਇਤਿਹਾਸਿਕ ਸਮਾਗਮ ਨੂੰ ਸਫਲ ਬਣਾਉਣ ਲਈ ਵੱਖ-ਵੱਖ ਕਮੇਟੀਆਂ— ਤਿਆਰੀ ਕਮੇਟੀ, ਰਿਸੈਪਸ਼ਨ ਕਮੇਟੀ, ਸੋਸ਼ਲ ਮੀਡੀਆ ਕਮੇਟੀ, ਪ੍ਰਚਾਰ ਕਮੇਟੀ ਆਦਿ ਦਾ ਗਠਨ ਕਰਕੇ ਆਗੂਆਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ।ਮੀਟਿੰਗ ਨੂੰ ਏ ਆਈ ਐੱਸ ਐੱਫ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਮਲੋਟ, ਰਾਹੁਲ ਗਰਗ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਮੀਤ ਸਕੱਤਰ ਵਿਸ਼ਾਲ ਵਲਟੋਹਾ ਅਤੇ ਨੌਜਵਾਨ ਆਗੂ ਗੁਰਪ੍ਰਤਾਪ ਸਿੰਘ ਵਲਟੋਹਾ ਨੇ ਸੰਬੋਧਨ ਕੀਤਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਵਰਨ ਸਿੰਘ ਖੋਸਾ, ਜਗਸੀਰ ਸਿੰਘ ਖੋਸਾ ਅਤੇ ਗੋਰਾ ਪਿਪਲੀ ਚੱਕ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਿਸ਼ਵਾਸ ਦਿਵਾਇਆ।

## ਪਾਕਿਸਤਾਨ ਪਲਾਸਟਿਕ ਦੇ ਨੋਟ ਚਲਾਏਗਾ



**ਕਰਾਚੀ** : ਪਾਕਿਸਤਾਨ ਦੀ ਕੇਂਦਰੀ ਬੈਂਕ ਇਸ ਸਾਲ ਦੇ ਅੰਤ ਵਿਚ ਪ੍ਰਯੋਗਾਤਮਕ ਆਧਾਰ 'ਤੇ ਨਵੇਂ ਪੋਲੀਮਰ ਪਲਾਸਟਿਕ ਕਰੰਸੀ ਬੈਂਕ ਨੋਟ ਪੇਸ਼ ਕਰੇਗੀ। ਬੈਂਕ ਬਿਹਤਰ ਸੁਰੱਖਿਆ ਅਤੇ ਹੋਲੋਗ੍ਰਾਮ ਵਿਸ਼ੇਸ਼ਤਾਵਾਂ ਲਈ ਸਾਰੇ ਮੌਜੂਦਾ ਬੈਂਕ ਨੋਟਾਂ ਨੂੰ ਮੁੜ ਡਿਜ਼ਾਈਨ ਕਰੇਗੀ। ਸਟੇਟ ਬੈਂਕ ਆਫ ਪਾਕਿਸਤਾਨ ਦੇ ਗਵਰਨਰ ਜਮੀਲ ਅਹਿਮਦ ਨੇ ਇਸਲਾਮਾਬਾਦ 'ਚ ਬੈਂਕਿੰਗ ਅਤੇ ਵਿੱਤ ਬਾਰੇ ਸੈਨੇਟ ਦੀ ਕਮੇਟੀ ਨੂੰ ਦੱਸਿਆ ਕਿ 10, 50, 100, 500, 1000 ਅਤੇ 5000 ਰੁਪਏ ਦੇ ਨਵੇਂ ਡਿਜ਼ਾਈਨ ਕੀਤੇ ਬੈਂਕ ਨੋਟ ਦਸੰਬਰ 'ਚ ਜਾਰੀ ਕੀਤੇ ਜਾਣਗੇ। ਪੁਰਾਣੇ ਨੋਟ ਪੰਜ ਸਾਲ ਤੱਕ ਰਹਿਣਗੇ ਅਤੇ ਕੇਂਦਰੀ ਬੈਂਕ ਇਨ੍ਹਾਂ ਨੂੰ ਬਾਜ਼ਾਰ 'ਚੋਂ ਹਟਾ ਦੇਵੇਗੀ।

## ਡੀ ਸੀ ਦਫ਼ਤਰ ਕਰਮਚਾਰੀਆਂ ਵੱਲੋਂ ਸਰਕਾਰ ਖ਼ਿਲਾਫ਼ ਰੋਸ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਾਜ ਜ਼ਿਲ੍ਹਾ ਵਿਭਾਗਾਂ ਦੀ ਰਾਜ ਕਮੇਟੀ, ਫਿਰੋਜ਼ਪੁਰ ਡੀ ਸੀ ਦਫ਼ਤਰ ਦੇ ਕਰਮਚਾਰੀ, ਸਬ ਡਵੀਜ਼ਨਲ ਮੈਜਿਸਟ੍ਰੇਟ ਫਿਰੋਜ਼ਪੁਰ ਨੇ ਆਪਣੀ ਮੰਗਾਂ ਨਾਲ ਪੰਜਾਬ ਸਰਕਾਰ ਵਿਰੁੱਧ ਵਿਰੋਧ ਜਤਾ ਕੇ ਰੋਸ ਰੈਲੀ ਕੀਤੀ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਕਸ਼ਯਪ ਨੇ ਕਿਹਾ ਕਿ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਡੀ ਸੀ ਦਫ਼ਤਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰ ਰਹੀ, ਜਿਸ ਕਾਰਨ ਉਨ੍ਹਾਂ ਨੂੰ ਕੰਮ ਕਰਨ ਤੇ ਸਰਕਾਰ ਵੱਲ ਲੋਕਾਂ ਨੂੰ ਸਹੂਲਤਾਂ ਦੇਣ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਕੋਲ ਕੰਮ ਜ਼ਿਆਦਾ ਹੋਣ ਕਾਰਨ ਉਨ੍ਹਾਂ ਦੇ ਪਰਿਵਾਰਕ ਰਿਸ਼ਤੇ ਵੀ ਪ੍ਰਭਾਵਿਤ ਹੋ ਰਹੇ ਹਨ, ਪਰ ਸਰਕਾਰ ਮੁਲਾਜ਼ਮਾਂ ਨਾਲ ਕਈ ਮੀਟਿੰਗਾਂ ਕਰਨ ਦੇ ਬਾਵਜੂਦ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ। ਜਿਸ ਕਾਰਨ ਉਹ ਸੰਘਰਸ਼ ਕਰਨ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਦਾ ਜਲਦੀ ਨਿਪਟਾਰਾ ਨਾ ਕੀਤਾ ਤਾਂ ਉਹ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਇਸ ਮੌਕੇ ਰੀਤੂ ਅਰੋੜਾ, ਵਿਸ਼ਾਲ ਮਹਿਤਾ ਤੇ ਹੋਰ ਸੈਂਕੜੇ ਮੁਲਾਜ਼ਮ ਹਾਜ਼ਰ ਸਨ।

## ਕਿਸਾਨ ਤੇ ਮਜ਼ਦੂਰ ਯੂਨੀਅਨਾਂ ਦੇ ਨੁਮਾਇੰਦਿਆਂ ਵੱਲੋਂ ਮੰਡੀ ਬੋਰਡ ਦੇ ਚੇਅਰਮੈਨ ਨਾਲ ਮੁਲਾਕਾਤ



**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨਾਲ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਤੇ ਅਨਾਜ ਮੰਡੀ ਮਜ਼ਦੂਰ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਵੱਖ-ਵੱਖ ਪੱਧਰ 'ਤੇ ਮੁਲਾਕਾਤ ਕੀਤੀ।ਇਸ ਮੌਕੇ ਜਿੱਥੇ ਰੁਲਦੂ ਸਿੰਘ ਮਾਨਸਾ ਨੇ ਪੰਜਾਬ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਤੇ ਕਿਸਾਨਾਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੂੰ ਜਾਣੂ ਕਰਵਾਇਆ, ਉੱਥੇ ਹੀ ਮਜ਼ਦੂਰ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਤੇ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਦੋਵੇਂ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਆਸ ਪ੍ਰਗਟਾਈ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ।ਇਸ ਦੌਰਾਨ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ।ਉਨ੍ਹਾ ਕਿਹਾ ਕਿ ਸੀਜ਼ਨ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਮੁਕੰਮਲ ਇੰਤਜ਼ਾਮ ਕੀਤੇ ਜਾਣਗੇ।ਇਸ ਮੌਕੇ ਮਜ਼ਦੂਰ ਯੂਨੀਅਨ ਵੱਲੋਂ ਪ੍ਰਧਾਨ ਰਾਕੇਸ਼ ਤੁੱਲੀ, ਦਰਸ਼ਨ ਲਾਲ ਖੰਨਾ, ਗੁਰਦਿਆਲ ਸਿੰਘ, ਮੋਹਿੰਦਰ ਸਿੰਘ ਸਮਰਾਲਾ ਤੇ ਕਪੂਰ ਸਿੰਘ ਮੌਜੂਦ ਰਹੇ।

## ਉੱਘੇ ਸਮਾਜ ਸੇਵੀ ਤੇ ਹੋਮਿਓਪੈਥੀ ਡਾਕਟਰ ਸਤੀਸ਼ ਕਪੂਰ ਦਾ ਦਿਹਾਂਤ



**ਮਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਵਿਖੇ ਉਸ ਸਮੇਂ ਸ਼ੋਕ ਦੀ ਲਹਿਰ ਫੈਲ ਗਈ, ਜਦੋਂ ਹੋਮਿਓਪੈਥੀ ਦੇ ਮਸ਼ਹੂਰ ਡਾਕਟਰ ਤੇ ਉੱਘੇ ਸਮਾਜ ਸੇਵੀ ਡਾਕਟਰ ਸਤੀਸ਼ ਕਪੂਰ ਦਾ ਲੰਘੀ ਦੇਰ ਰਾਤ ਦਿਹਾਂਤ ਹੋ ਗਿਆ। ਉਨ੍ਹਾਂ ਦਾ ਜਮਾਲਪੁਰਾ ਦੇ ਸ਼ਮਸ਼ਾਨ ਘਾਟ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ, ਜਿੱਥੇ ਵੱਡੀ ਗਿਣਤੀ 'ਚ ਧਾਰਮਿਕ, ਸਮਾਜਿਕ ਤੇ ਰਾਜਨੀਤਕ ਲੋਕਾਂ ਨੇ ਸ਼ਿਰਕਤ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਮਾਲੇਰਕੋਟਲਾ ਦੇ ਵਿਧਾਇਕ ਡਾਕਟਰ ਜਮੀਲ ਰਹਿਮਾਨ, ਸਾਬਕਾ ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ ਤੇ ਡੀ.ਐੱਸ.ਪੀ. ਮਾਲੇਰਕੋਟਲਾ ਕੁਲਦੀਪ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਉਹ ਆਪਣੇ ਪਿੱਛੇ ਪਤਨੀ ਧੀਰਜ ਕਪੂਰ, ਬੇਟੇ ਡਾਕਟਰ ਸੌਰਭ ਕਪੂਰ ਤੇ ਡਾਕਟਰ ਵਿਕਰਮ ਕਪੂਰ ਸਮੇਤ ਆਪਣੇ ਪਰਿਵਾਰ ਨੂੰ ਛੱਡ ਕੇ ਜਾਣ ਵਾਲੇ ਡਾਕਟਰ ਸਤੀਸ਼ ਕਪੂਰ ਮਾਲੇਰਕੋਟਲਾ ਵਿਖੇ ਹਰ ਧਰਮ ਦੇ ਲੋਕਾਂ ਵਿੱਚ ਬੜੇ ਇੱਜ਼ਤ ਦੇ ਪਾਤਰ ਮੰਨੇ ਜਾਂਦੇ ਸਨ ਤੇ ਉਨ੍ਹਾਂ ਦੀ ਅਦਬੀ ਹਲਕਿਆਂ 'ਚ ਵੀ ਵੱਖਰੀ ਪਹਿਚਾਣ ਸੀ।ਡਾਕਟਰ ਸਤੀਸ਼ ਕਪੂਰ ਗੜਵੰਸੂ ਯੂਨੀਵਰਸਿਟੀ ਲੁਧਿਆਣਾ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾਤੇ ਸ੍ਰੀ ਗੁਰੂ ਰਵਿਦਾਸ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਰਿਸਰਚ ਵਰਕਰ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਰਹੇ ਸਨ।

## ਇਨਰਵ੍ਹੀਲ ਕਲੱਬ ਵੱਲੋਂ ਸਕੂਲ ਨੂੰ ਇਨਵਰਟਰ ਭੇਟ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸ਼ਹਿਰ ਅੰਦਰ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀ ਆ ਰਹੀ ਔਰਤਾਂ ਦੀ ਸਮਾਜ ਸੇਵੀ ਜਥੇਬੰਦੀ ਇਨਰਵ੍ਹੀਲ ਕਲੱਬ ਵੱਲੋਂ ਸਰਵਹਿਤਕਾਰੀ ਵਿੱਦਿਆ ਮੰਦਰ ਪਾਤੜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਡਬਲ ਬੈਟਰੇ ਵਾਲਾ ਇਨਵਰਟਰ ਭੇਟ ਕੀਤਾ ਗਿਆ।ਕਲੱਬ ਦੇ ਪ੍ਰਧਾਨ ਸ੍ਰੀਮਤੀ ਹਰਸ਼ ਗੇਰਾ ਨੇ ਦੱਸਿਆ ਕਿ ਦਾਨ ਨੂੰ ਭਾਰਤੀ ਸੰਸਕ੍ਰਿਤੀ ਅਨੁਸਾਰ ਨੈਤਿਕ ਨਿਯਮਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਕਲੱਬ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਦੀ ਲੜੀ ਤਹਿਤ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰੱਖਦਿਆਂ ਸਕੂਲ ਨੂੰ ਇਨਵਰਟਰ ਭੇਟ ਕੀਤਾ ਗਿਆ ਹੈ।ਇਸ ਦੌਰਾਨ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਵਿਨੋਦ ਕੁਮਾਰ ਨੇ ਸੰਸਥਾ ਵੱਲੋਂ ਕੀਤੇ ਗਏ ਉਪਰਾਲੇ ਲਈ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਰੋਬਿਨ ਸਿੰਗਲਾ, ਸੁਰੇਸ਼ ਕੁਮਾਰ, ਡਾਕਟਰ ਚਤੁਰਭੁਜ ਸਿੰਗਲਾ ਤੇ ਡਾਕਟਰ ਸਮੀਰ ਗੇਰਾ ਆਦਿ ਹਾਜ਼ਰ ਸਨ।

## ਪੋਸਟ ਗ੍ਰੈਜੂਏਟ ਬੋਟਨੀ ਵਿਭਾਗ ਦੀਆਂ ਵਿਦਿਆਰਥਣਾਂ ਦਾ ਪੰਜਾਬ 'ਵਰਸਿਟੀ ਦੀ ਟਾਪ-10 ਸੂਚੀ 'ਚ ਨਾਂਅ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਕਾਲਜ ਦੇ ਪੋਸਟ ਗ੍ਰੈਜੂਏਟ ਬੋਟਨੀ ਵਿਭਾਗ ਦੀਆਂ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਕਰਵਾਈ ਐੱਮ.ਐੱਸ.ਸੀ. ਬੋਟਨੀ ਦੂਸਰੇ ਸਮੈਸਟਰ ਦੀ ਪ੍ਰੀਖਿਆ ਵਿੱਚ ਆਪਣੀ ਅਣਥੱਕ ਮਿਹਨਤ ਤੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਸਦਕੇ ਟਾਪ-10 ਸੂਚੀ ਵਿੱਚ ਉੱਚ ਸਥਾਨ ਹਾਸਲ ਕੀਤਾ ਹੈ।ਪੋਸਟ ਗ੍ਰੈਜੂਏਟ ਬੋਟਨੀ ਵਿਭਾਗ ਦੇ ਮੁਖੀ ਮਨੀਸ਼ ਕੁਮਾਰ ਨੇ ਦੱਸਿਆ ਕਿ ਵਿਦਿਆਰਥਣ ਮਹਿਕ ਗਰੋਵਰ, ਸੁਮਨਪ੍ਰੀਤ ਕੌਰ, ਗੀਤਾ ਅਰੋੜਾ ਨੇ ਕ੍ਰਮਵਾਰ ਤੀਸਰਾ, ਪੰਜਵਾਂ ਤੇ ਛੇਵਾਂ ਸਥਾਨ ਹਾਸਲ ਕਰਕੇ ਆਪਣੇ ਮਾਪਿਆਂ ਦੇ ਨਾਲ-ਨਾਲ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥਣ ਮਹਿਕ ਗਰੋਵਰ, ਸੁਮਨਪ੍ਰੀਤ ਕੌਰ, ਗੀਤਾ ਅਰੋੜਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਖੁਸ਼ੀ ਦੇ ਮੌਕੇ 'ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਪੋਸਟ ਗ੍ਰੈਜੂਏਟ ਬੋਟਨੀ ਵਿਭਾਗ ਦੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੱਤੀ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਭੁਪਿੰਦਰ ਸਿੰਘ ਮੂਲੇਪੁਰ ਕੋ-ਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਬਣੇ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੂਲੇਪੁਰ ਬਹੁਮੰਤਵੀ ਕੋ-ਆਪ੍ਰੇਟਿਵ ਐਗਰੀ ਸਰਵਿਸ ਸੁਸਾਇਟੀ ਲਿਮਿਟਡ ਦੀ ਚੋਣ ਸਰਬ ਸੰਮਤੀ ਨਾਲ ਹੋਈ।ਇਸ ਮੌਕੇ ਭੁਪਿੰਦਰ ਸਿੰਘ ਰਾਏ ਨੂੰ ਸਰਬ ਸੰਮਤੀ ਦੇ ਨਾਲ ਪ੍ਰਧਾਨ ਬਣਾਇਆ ਗਿਆ ਹੈ, ਜਦਕਿ ਸਤਿਗੁਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਤਵਿੰਦਰਪਾਲ ਸਿੰਘ ਭਿੰਡਰ ਨੂੰ ਮੀਤ ਪ੍ਰਧਾਨ ਬਣਾਇਆ ਗਿਆ।ਇਸ ਤੋਂ ਇਲਾਵਾ ਲਖਵਿੰਦਰ ਸਿੰਘ ਰਾਏ, ਜਸਬੀਰ ਸਿੰਘ, ਬਲਵੀਰ ਸਿੰਘ, ਸਵਿੰਦਰ ਸਿੰਘ, ਅਮਰਜੀਤ ਕੌਰ, ਜਸਵਿੰਦਰ ਕੌਰ, ਜਸਵੀਰ ਸਿੰਘ, ਸਤਨਾਮ ਸਿੰਘ ਖਰੌੜ, ਅਜੈਬ ਸਿੰਘ ਗਿੱਲ ਮੈਂਬਰ ਵਜੋਂ ਕੰਮ ਕਰਨਗੇ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਤੇ ਨਵੇਂ ਚੁਣੇ ਗਏ ਮੈਂਬਰਾਂ ਦਾ ਸਿਰੋਪਾਓ ਦੇ ਨਾਲ ਸਨਮਾਨ ਕੀਤਾ।ਵਿਧਾਇਕ ਰਾਏ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦਾ ਉਦੇਸ਼ ਹੈ ਕਿ ਸੂਬੇ ਨੂੰ ਵਿਕਸਿਤ ਰਾਜ ਵਜੋਂ ਕਾਇਮ ਕੀਤਾ ਜਾਵੇ।ਉਸੇ ਤਹਿਤ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਸੂਬੇ ਦੀ ਤਰੱਕੀ ਵਿੱਚ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਯੋਗਦਾਨ ਪਾਉਣਾ ਚਾਹੀਦਾ।ਨਵ-ਨਿਯੁਕਤ ਪ੍ਰਧਾਨ ਭੁਪਿੰਦਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਇਸ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

## ਗਿੱਦੜਵਿੰਡੀ 'ਚ 'ਸਰਕਾਰ ਤੁਹਾਡੇ ਦੁਆਰ' ਤਹਿਤ ਵਿਸ਼ੇਸ਼ ਕੈਂਪ

**ਜਗਰਾਉਂ (ਨਛੱਤਰ ਸੰਧੂ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਦੇ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਤਹਿਤ ਲੁਧਿਆਣਾ ਦੀ ਜਗਰਾਉਂ ਸਬ-ਡਵੀਜ਼ਨ ਅਧੀਨ ਪਿੰਡ ਗਿੱਦੜਵਿੰਡੀ ਵਿਖੇ ਕੈਂਪ ਲਗਾਇਆ ਗਿਆ।ਕੈਂਪ ਦੌਰਾਨ ਵੱਖ-ਵੱਖ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਤੇ ਸੀਨੀਅਰ ਸਿਟੀਜ਼ਨ ਕਾਰਡਾਂ ਲਈ ਤੁਰੰਤ ਪ੍ਰਵਾਨਗੀ ਦਿੱਤੀ ਗਈ, ਜਿਨ੍ਹਾਂ ਵਿੱਚ ਬੱਸੀਆਂ ਤੋਂ ਕੁੰਤੀ, ਭਰੋਵਾਲ ਕਲਾਂ ਦੀ ਅਮਰਜੀਤ ਕੌਰ, ਜਸਪਾਲ ਕੌਰ ਗਾਲਿਬ ਕਲਾਂ, ਬਲਰਾਜ ਸਿੰਘ, ਗੁਰਮੀਤ ਕੌਰ, ਕੁਲਵੰਤ ਕੌਰ, ਮੱਘਰ ਸਿੰਘ, ਮਨਪ੍ਰੀਤ ਕੌਰ, ਸੋਮਾ ਬਾਈ, ਸਵਰਨਜੀਤ ਕੌਰ, ਤਰਸੇਮ ਸਿੰਘ ਗਿੱਦੜਵਿੰਡੀ, ਕੁਲਵੰਤ ਕੌਰ, ਗੋਰਸੀਆਂ ਮੱਖਣ, ਅਮਰਜੀਤ ਕੌਰ, ਹਰਨੇਕ ਸਿੰਘ ਮਾਜਰੀ ਤੇ ਪਰਮਜੀਤ ਕੌਰ ਵਾਸੀ ਸਵੱਦੀ ਸ਼ਾਮਲ ਸਨ।ਉਨ੍ਹਾਂ ਸਥਾਨਕ ਦਫ਼ਤਰ ਦਾ ਦੌਰਾ ਕਰਨ ਤੋਂ ਅਸਮਰੱਥ ਹੋਣ ਕਾਰਨ ਕੈਂਪ ਨੂੰ ਉਨ੍ਹਾਂ ਲਈ ਪਹੁੰਚਯੋਗ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।ਕੈਂਪ ਦਾ ਉਦਘਾਟਨ ਵਿਧਾਨ ਸਭਾ ਹਲਕਾ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਨੇ ਕੀਤਾ।ਉਨ੍ਹਾਂ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਤੇ ਵੱਖ-ਵੱਖ ਪੈਨਸ਼ਨ ਸਕੀਮਾਂ ਦੇ ਮਨਜ਼ੂਰੀ ਪੱਤਰ ਸੌਂਪੇ।ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਸਥਾਪਤ ਕੀਤੇ ਡੈਸਕਾਂ ਰਾਹੀਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।ਇਸ ਮੌਕੇ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਪਾਵਰਕਾਮ ਪੈਨਸ਼ਨਰਾਂ ਲਾਰਿਆਂ ਦੀ ਪੰਡ ਤੇ ਸਰਕਾਰ ਦੀ ਅਰਥੀ ਫੂਕੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**



ਪੈਨਸ਼ਨਰ ਐਸੋਸੀਏਸ਼ਨ (ਰਜਿ:) ਪਾਵਰਕਾਮ ਮੰਡਲ ਧੂਰੀ ਦੇ ਗੇਟ ਅੱਗੇ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਤੇ ਪੰਜਾਬ ਸਰਕਾਰ ਦੀ ਅਰਥੀ ਸਾੜ ਕੇ ਰੋਸ ਰੈਲੀ ਕੀਤੀ ਗਈ ਅਤੇ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ।ਪੈਨਸ਼ਨਰਾਂ ਨੇ ਮੰਗ ਕੀਤੀ ਕਿ 2.59 ਦਾ ਫੈਕਟਰ ਅਨੁਸਾਰ ਪੈਨਸ਼ਨਰਾਂ ਨੂੰ ਬਣਦਾ ਲਾਭ ਦਿੱਤਾ ਜਾਵੇ, ਪੇ ਸਕੇਲਾਂ ਦਾ ਏਰੀਅਰ ਤੁਰੰਤ ਰਿਲੀਜ਼ ਕੀਤਾ ਜਾਵੇ, ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ ਜਾਰੀ ਕੀਤਾ ਜਾਵੇ, ਮੈਡੀਕਲ ਭੱਤਾ 1000 ਰੁਪੈ ਤੋਂ ਵਧਾ ਕੇ 2000 ਰੁਪਏ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਕੋਰਟਾਂ ਦਾ ਫ਼ੈਸਲੇ ਜਨਰਲਾਈਜ਼ ਕਰਨ, 23 ਸਾਲਾ ਸਮਾਂਬੱਧ ਸਕੇਲ ਸਾਰੇ ਪੈਨਸ਼ਨਰਾਂ 'ਤੇ ਲਾਗੂ ਕਰਨ ਦੀ ਮੰਗ ਕੀਤੀ।ਉਨ੍ਹਾਂ ਪੰਜਾਬ ਸਰਕਾਰ ਵੱਲੋਂ ਜਥੇਬੰਦੀਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਰੱਦ ਕਰਨ ਦੀ ਨਿਖੇਧੀ ਕਰਦਿਆਂ ਮੈਡੀਕਲ ਕੈਸ਼ਲੈੱਸ ਸਕੀਮ ਪੈਨਸ਼ਨਰਾਂ 'ਤੇ ਲਾਗੂ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਸੁਖਦੇਵ ਸਿੰਘ ਪ੍ਰਧਾਨ, ਜਸਪਾਲ ਸਿੰਘ ਖੁਰਮੀ ਸੀਨੀ. ਮੀਤ ਪ੍ਰਧਾਨ, ਅਮਰਜੀਤ ਸਿੰਘ ਅਮਨ ਸਕੱਤਰ, ਹਰਦੇਵ ਸਿੰਘ, ਬਲਵਿੰਦਰ ਸਿੰਘ ਚਾਂਗਲੀ, ਜੋਗਿੰਦਰ ਸਿੰਘ ਹਰਚੰਦਪੁਰੀ, ਛੱਜੂ ਰਾਮ, ਬਲਦੇਵ ਸਿੰਘ ਮੀਮਸਾ ਆਦਿ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਤਾਂ ਪੈਨਸ਼ਨਰ ਤੇ ਮੁਲਾਜ਼ਮ ਸਾਂਝਾ ਫਰੰਟ ਪੰਜਾਬ ਵੱਲੋਂ ਸੰਘਰਸ਼ ਹੋਰ ਤਿੱਖੇ ਕੀਤੇ ਜਾਣਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਐੱਨ ਐੱਸ ਐੱਸ ਵਿਭਾਗ ਵੱਲੋਂ ਸਾਈਬਰ ਕ੍ਰਾਇਮ 'ਤੇ ਲੈਕਚਰ



**ਰਾਜਪੁਰਾ (ਰਮੇਸ਼ ਕਟਾਰੀਆ)**-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਦੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਤੇ ਪੀ. ਆਈ. ਆਮ. ਟੀ. ਦੇ ਡਾਇਰੈਕਟਰ ਪ੍ਰੋ. ਰਾਜੀਵ ਬਾਹੀਆ ਦੀ ਅਗਵਾਈ ਵਿੱਚ ਐੱਨ.ਐੱਸ.ਐੱਸ. ਦੇ ਪ੍ਰੋਗਰਾਮ ਅਫ਼ਸਰਾਂ ਦੀ ਦੇਖ-ਰੇਖ ਹੇਠ ਸਾਇਬਰ ਕ੍ਰਾਇਮ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।ਲੈਕਚਰ ਵਿੱਚ ਥਿੰਕ ਨੈਕਸਟ ਟਕਨਾਲੋਜੀ ਪ੍ਰਾਈਵੇਟ ਲਿਮਿਟਡ ਤੋਂ ਸ੍ਰੀ ਬਲਰਾਮ ਸਿੰਘ ਤੇ ਸ੍ਰੀ ਗੌਰਵ ਕੁਮਾਰ ਨੇ ਮੁੱਖ ਵਕਤਾ ਦੇ ਤੌਰ 'ਤੇ ਸ਼ਿਰਕਤ ਕੀਤੀ।ਲੈਕਚਰ ਵਿੱਚ ਵਲੰਟੀਅਰਾਂ ਨੂੰ ਸੰਬੋਧਨ ਹੁੰਦਿਆਂ ਵਕਤਾ ਨੇ ਸਾਇਬਰ ਕ੍ਰਾਇਮ ਵਿਸ਼ੇ 'ਤੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ ਹਰ ਕੋਈ ਇੰਟਰਨੈੱਟ ਨਾਲ ਜੁੜਿਆ ਹੋਇਆ ਹੈ ਤੇ ਇੰਟਰਨੈੱਟ ਉੱਤੇ ਹੀ ਲੋਕਾਂ ਨਾਲ ਸਭ ਤੋਂ ਵੱਧ ਠੱਗੀਆਂ ਵੱਜਦੀਆਂ ਹਨ।ਉਨ੍ਹਾਂ ਵਲੰਟੀਅਰਾਂ ਨੂੰ ਦੱਸਿਆ ਕਿ ਕਿਵੇਂ ਸਾਇਬਰ ਕ੍ਰਾਇਮ ਹੁੰਦਾ ਹੈ ਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ।ਇਸ ਮੌਕੇ ਐੱਨ. ਐੱਸ. ਐੱਸ. ਦੇ ਪ੍ਰੋਗਰਾਮ ਅਫਸਰ ਡਾ. ਮਨਦੀਪ ਸਿੰਘ, ਪ੍ਰੋ. ਵੰਦਨਾ ਗੁੱਪਤਾ, ਪ੍ਰੋ. ਅਵਤਾਰ ਸਿੰਘ, ਪ੍ਰੋ. ਗਗਨਦੀਪ ਕੌਰ, ਪ੍ਰੋ. ਪੂਰਨਿਮਾ, ਪੀ. ਆਈ. ਆਮ. ਟੀ. ਦੇ ਪ੍ਰੋਗਰਾਮ ਅਫਸਰ ਪ੍ਰੋ. ਸੰਦੀਪ ਕੁਮਾਰ, ਪ੍ਰੋ. ਪ੍ਰਿਯੰਕਾਰਾਜਨ ਕੁਮਾਰ, ਮੰਜੂ ਬਾਲਾ ਕਲਰਕ, ਰੋਹਿਤ ਪਹੂਜਾ ਕਲਰਕ ਤੇ ਐੱਨ. ਐੱਸ. ਐੱਸ. ਦੇ ਲਗਭਗ 70 ਵਲੰਟੀਅਰ ਸ਼ਾਮਲ ਸਨ।

## ਡਾਕਟਰਾਂ ਦੀ ਘਾਟ ਨੂੰ ਲੈ ਕੇ ਭਾਕਿਯੂ ਡਕੌਂਦਾ ਦਾ ਵਫ਼ਦ ਐੱਸ ਐੱਮ ਓ ਨੂੰ ਮਿਲਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੌਂਗੋਵਾਲ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦਾ ਇੱਕ ਵਫ਼ਦ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਗੁਰਤੇਜਿੰਦਰ ਕੌਰ ਨੂੰ ਮਿਲਿਆ।ਇਸ ਮੌਕੇ ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਮਹਿਲ ਕਲਾਂ ਦਾ ਇਹ ਹਸਪਤਾਲ 38 ਪਿੰਡਾਂ ਦੇ ਲੋੜਵੰਦ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ, ਪਰ ਪਿਛਲੇ ਲੰਮੇ ਸਮੇਂ ਮਾਹਰ ਡਾਕਟਰਾਂ ਦੀ ਵੱਡੀ ਘਾਟ ਹੈ, ਪ੍ਰਾਈਵੇਟ ਹਸਪਤਾਲਾਂ 'ਚ ਮਹਿੰਗੇ ਇਲਾਜ ਹੋਣ ਕਰਕੇ ਲੋੜਵੰਦ ਮਰੀਜ਼ ਸਰਕਾਰੀ ਹਸਪਤਾਲ ਵਿੱਚੋ ਦਵਾਈ ਲੈਣ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਈ ਐੱਮ ਓ ਤੇ ਮੈਡੀਸਨ ਡਾਕਟਰ ਦੀ ਘਾਟ ਹੈ, ਜਿਸ ਨੂੰ ਤੁਰੰਤ ਪੂਰਾ ਕੀਤਾ ਜਾਵੇ। ਇਸ ਮੌਕੇ ਐੱਸ ਐੱਮ ਓ ਗੁਰਤਜਿੰਦਰ ਕੌਰ ਨੇ ਕਿਹਾ ਕਿ ਸਿਵਲ ਸਰਜਨ ਬਰਨਾਲਾ ਨੂੰ ਡਾਕਟਰਾਂ ਦੀ ਘਾਟ ਸਬੰਧੀ ਜਾਣੂ ਕਰਵਾਇਆ ਗਿਆ ਹੈ, ਮਰੀਜ਼ਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵੀ ਦੱਸਿਆ ਜਾ ਚੁੱਕਾ ਹੈ।ਜਦੋਂ ਵੀ ਨਵੀਂ ਭਰਤੀ ਹੋਵੇਗੀ, ਦੋਵੇਂ ਡਾਕਟਰ ਮਹਿਲ ਕਲਾਂ ਵਿਖੇ ਤਾਇਨਾਤ ਕਰਾਏ ਜਾਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਡਾਕਟਰਾਂ ਦੀ ਘਾਟ ਸਬੰਧੀ ਸਿਵਲ ਸਰਜਨ ਬਰਨਾਲਾ ਨੂੰ ਮਿਲ ਕੇ ਪੂਰੀ ਸਥਿਤੀ ਤੋਂ ਜਾਣੂ ਕਰਵਾਇਆ ਜਾਵੇਗਾ।ਇਸ ਮੌਕੇ ਨਾਨਕ ਸਿੰਘ ਅਮਲਾ ਸਿੰਘ ਵਾਲਾ, ਅਮਨਦੀਪ ਸਿੰਘ ਰਾਏਸਰ, ਜਗਰਾਜ ਸਿੰਘ ਮੂੰਮ ਆਦਿ ਹਾਜ਼ਰ ਸਨ।

## ਸਿਟੀ ਹਾਰਟ ਸਕੂਲ ਵੱਲੋਂ ਪ੍ਰੈੱਸ ਕਲੱਬ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ




**ਮਮਦੋਟ (ਜਸਬੀਰ ਸਿੰਘ ਕੰਬੋਜ)**-ਜੈਨਸਿਸ ਅਮਨਦੀਪ ਮਲਟੀ ਸਪੈਸ਼ਲਿਟੀ ਹਸਪਤਾਲ ਫਿਰੋਜ਼ਪੁਰ ਵੱਲੋਂ ਸਿਟੀ ਹਾਰਟ ਸਕੂਲ ਮਮਦੋਟ ਵਿਖੇ ਸਕੂਲ ਮੈਨੇਜਮੈਂਟ ਤੇ ਪ੍ਰੈੱਸ ਕਲੱਬ ਮਮਦੋਟ ਦੇ ਸਹਿਯੋਗ ਨਾਲ ਫ੍ਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕਅਪ ਕਰਕੇ ਦਵਾਈਆਂ ਦਿੱਤੀਆਂ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦੇ ਕੈਂਪ ਦੇ ਇੰਚਾਰਜ ਡਾ: ਗੁਰਪ੍ਰੀਤ ਸਿੰਘ ਸੋਢੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਹੱਡੀਆਂ ਤੇ ਜੋੜਾਂ ਦਾ ਇਲਾਜ ਸੰਬੰਧੀ ਡਾ: ਕਨਿਸ਼ ਕਿੰਨਰਾ, ਜਨਰਲ ਮੈਡੀਸਨ ਦੇ ਮਾਹਰ ਡਾਕਟਰ ਪ੍ਰਦੀਪ ਮਿੱਤਲ, ਕੰਨ, ਨੱਕ ਤੇ ਗਲੇ ਦੇ ਮਾਹਰ ਡਾ. ਵਿਗਨੇਸ਼ ਏ. ਕੇ., ਔਰਤ ਦੇ ਰੋਗਾਂ ਦੇ ਮਾਹਰ ਡਾ. ਪੂਨਮ ਜੰਗੀਰ, ਬੱਚਿਆਂ ਦੇ ਰੋਗਾਂ ਦੇ ਮਾਹਰ ਡਾ. (ਮੇਜਰ) ਡੇਵਿਡ ਆਗਸਟਾਇਨ ਵੱਲੋਂ ਮਰੀਜ਼ਾਂ ਦਾ ਚੈੱਕਅਪ ਕਰਕੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਿਟੀ ਹਾਰਟ ਸਕੂਲ ਦੇ ਪ੍ਰਿੰਸੀਪਲ ਮੈਡਮ ਰਜਨੀ ਸ਼ਰਮਾ ਨੇ ਆਏ ਹੋਏ ਡਾਕਟਰ ਸਾਹਿਬਾਨ ਤੇ ਟੀਮ ਦਾ ਸਵਾਗਤ ਕਰਦਿਆਂ ਸਰਹੱਦੀ ਖੇਤਰ ਵਿੱਚ ਮਾਹਰ ਡਾਕਟਰਾਂ ਦੀ ਟੀਮ ਵੱਲੋ ਲਗਾਏ ਇਸ ਕੈਂਪ ਵਾਸਤੇ ਧੰਨਵਾਦ ਕੀਤਾ। ਇਸ ਮੌਕੇ ਜੈਨਸਿਸ ਅਮਨਦੀਪ ਹਸਪਤਾਲ ਵੱਲੋਂ ਆਏ ਡਾਕਟਰ ਸਾਹਿਬਾਨ ਨੂੰ ਪ੍ਰੈੱਸ ਕਲੱਬ ਮਮਦੋਟ ਤੇ ਸਿਟੀ ਹਾਰਟ ਸਕੂਲ ਮੈਨੇਜਮੈਂਟ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਲਾਕੇ ਵਿੱਚ ਵਧੀਆ ਸੇਵਾਵਾਂ ਦੇਣ ਬਦਲੇ ਪ੍ਰੈੱਸ ਕਲੱਬ ਮਮਦੋਟ ਤੇ ਡਾ. ਨਰੇਸ਼ ਵਧਵਾ (ਵਧਵਾ ਹਸਪਤਾਲ ਮਮਦੋਟ) ਨੂੰ ਵੀ ਕੈਂਪ ਦੇ ਪ੍ਰਬੰਧਕਾਂ ਵੱਲੋਂ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਰਜਨੀ ਸ਼ਰਮਾ, ਅਮਨ ਸ਼ਰਮਾ, ਡਿੰਪਲ ਸ਼ਰਮਾ, ਆਰਤੀ ਮੈਡਮ ਵਾਈਸ ਪ੍ਰਿੰਸੀਪਲ, ਪ੍ਰੈੱਸ ਕਲੱਬ ਮਮਦੋਟ ਦੇ ਪ੍ਰਧਾਨ ਰਵਿੰਦਰ ਸਿੰਘ ਕਾਲਾ, ਸਰਪ੍ਰਸਤ ਤੇ ਸਮਾਜ ਸੇਵੀ ਬਲਦੇਵ ਰਾਜ ਸ਼ਰਮਾ, ਸੀਨੀਅਰ ਵਾਈਸ ਪ੍ਰਧਾਨ ਜਗਿੰਦਰ ਸਿੰਘ ਭੋਲਾ, ਜਨਰਲ ਸਕੱਤਰ ਜਸਬੀਰ ਸਿੰਘ ਕੰਬੋਜ, ਜਸਵੰਤ ਸਿੰਘ ਥਿੰਦ ਪ੍ਰਧਾਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਉਪ ਪ੍ਰਧਾਨ ਰਜਿੰਦਰ ਸਿੰਘ ਹਾਂਡਾ, ਸੰਜੀਵ ਮਦਾਨ, ਬਲਜੀਤ ਸਿੰਘ ਕਚੂਰਾ, ਹਰਪ੍ਰੀਤ ਸਿੰਘ ਹੈਪੀ, ਗੁਰਪ੍ਰੀਤ ਸਿੰਘ ਤੇ ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

# ਪੰਜਾਬ ਮੁਲਾਜ਼ਮ ਸਾਂਝਾ ਫਰੰਟ ਵੱਲੋਂ ਸਰਕਾਰ ਖਿਲਾਫ਼ ਰੋਸ ਮੁਜ਼ਾਹਰਾ



ਸਰਕਾਰ ਆਪਣੇ ਚੋਣ ਮੈਨੀਫੈਸਟੋ 'ਚ ਕੀਤੇ ਵਾਅਦਿਆਂ ਤੋਂ ਮੁੱਕਰੀ : ਸ਼ੁਬੇਗ ਸਿੰਘ ਅਜੀਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਫਿਰੋਜ਼ਪੁਰ ਵੱਲੋਂ ਸਟੇਟ ਬਾਡੀ ਦੇ ਸੱਦੇ 'ਤੇ ਅੱਜ ਪੰਜਾਬ ਸਰਕਾਰ ਦੇ ਖਿਲਾਫ ਡੀ ਸੀ ਦਫ਼ਤਰ ਦੇ ਸਾਹਮਣੇ 11 ਵਜੇ ਜ਼ਿਲ੍ਹਾ ਕੋਆਰਡੀਨੇਟਰ ਸ਼ੁਬੇਗ ਸਿੰਘ ਅਜੀਜ਼ ਦੀ ਪ੍ਰਧਾਨਗੀ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਰੋਸ ਮੁਜ਼ਾਹਰੇ ਮੁੱਖ ਮੰਤਵ ਹੈ ਪੰਜਾਬ ਸਰਕਾਰ ਜਥੇਬੰਦੀ ਨਾਲ ਮੰਗਾਂ ਲਈ ਮੀਟਿੰਗ ਦੇਣ ਤੋਂ ਟਾਲਾ ਵੱਟ ਰਹੀ ਹੈ।ਇਸ ਮੌਕੇ ਸ਼ੁਬੇਗ ਸਿੰਘ ਅਜੀਜ਼ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਬਹਾਲੀ, ਕੱਚੇ ਮੁਲਾਜ਼ਮ ਪੱਕੇ ਕਰਨੇ, 6ਵੇਂ ਪੇ ਕਮਿਸ਼ਨ ਦਾ 01/01/16 ਤੋਂ 30/06/21 ਤੱਕ ਦਾ ਬਕਾਇਆ, ਡੀ ਏ ਦਾ ਬਕਾਇਆ, 15/01/15 ਦਾ ਪੱਤਰ ਰੱਦ ਕਰਨਾ, 5/9/16 ਦਾ ਪੱਤਰ ਰੱਦ ਕਰਨਾ, ਆਂਗਨਵਾੜੀ ਵਰਕਰਾਂ, ਆਸ਼ਾ ਵਰਕਰਾਂ ਆਦਿ ਦੇ ਭੱਤੇ ਵਿੱਚ ਵਾਧਾ ਕਰਨਾ ਆਦਿ ਮੰਗਾਂ ਨੂੰ ਮੰਨਣ ਤੋਂ ਸਰਕਾਰ ਆਨਾਕਾਨੀ ਕਰ ਰਹੀ ਹੈ, ਜਿਸ ਦਾ ਵਿਰੋਧ ਪੂਰੇ ਪੰਜਾਬ ਵਿਚ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ।ਰੈਲੀ ਨੂੰ ਸੰਬੋਧਨ ਕਰਦਿਆਂ ਜਸਪਾਲ ਸਿੰਘ ਸਹਾਇਕ ਕੋਆਰਡੀਨੇਟਰ, ਗੁਰਦਿਆਲ ਸਿੰਘ ਪਠਾਨਕੋਟ ਪੁਲਸ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ, ਅਜੀਤ ਸਿੰਘ ਸੋਢੀ ਜਨਰਲ ਸਕੱਤਰ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਨੇ ਸਰਕਾਰ ਦੀ ਲਾਰਾ ਲਾਊ ਨੀਤੀ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ।ਇਸ ਮੌਕੇ ਮੁੱਖ ਸਲਾਹਕਾਰ ਪੈਰਾ ਮੈਡੀਕਲ ਯੂਨੀਅਨ, ਸੁਬਾਡੀਨੇਟਰ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਕਲਾਸ ਫੋਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੂਨੀਅਨਾਂ ਨੂੰ ਵਾਰ-ਵਾਰ ਮੀਟਿੰਗਾਂ ਦਾ ਟਾਇਮ ਦੇ ਕੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਤੋਂ ਭੱਜ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲੰਧਰ ਜ਼ਮੀਨੀ ਚੋਣ ਵਿੱਚ ਮੁਲਾਜ਼ਮਾਂ ਦੇ ਵਿਰੋਧ ਨੂੰ ਵੇਖਦੇ ਹੋਏ ਮੀਟਿੰਗ ਦਾ ਟਾਈਮ ਦਿੱਤਾ ਗਿਆ ਸੀ, ਪਰ ਅੱਜ ਤੱਕ ਮੀਟਿੰਗ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਜੇ ਹੋਰ ਵੀ ਜ਼ਮੀਨੀ ਚੋਣਾਂ ਹੋਣੀਆਂ ਹਨ, ਜਿਸ ਦਾ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾਵੇਗਾ, ਜੇਕਰ ਸਾਡੀਆਂ ਮੰਗਾਂ ਸਰਕਾਰ ਨਹੀਂ ਮੰਨਦੀ ਤਾਂ ਇਸ ਤੋਂ ਵੱਡੇ ਐਕਸ਼ਨ ਕੀਤੇ ਜਾਣਗੇ।ਮੀਟਿੰਗ 'ਚ ਖਜ਼ਾਨ ਸਿੰਘ ਪ੍ਰਧਾਨ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ, ਕਸ਼ਮੀਰ ਸਿੰਘ ਥਿੰਦ ਸੂਬਾ ਜਨਰਲ ਸਕੱਤਰ ਜੇਲ ਪੈਨਸ਼ਨਰ, ਜਗਸੀਰ ਸਿੰਘ ਭਾਂਗਰ, ਗੁਰਤੇਜ ਸਿੰਘ ਜਨਰਲ ਸਕੱਤਰ ਪੰਜਾਬ ਪੈਨਸ਼ਨਰ, ਮਹਿੰਦਰ ਸਿੰਘ ਧਾਲੀਵਾਲ ਜੰਗਲਾਤ ਵਿਭਾਗ, ਗੁਰਦੇਵ ਸਿੰਘ ਸਿੱਧੂ ਪ੍ਰਧਾਨ ਪ ਸ ਸ ਫ, ਓਮ ਪ੍ਰਕਾਸ਼ ਪੰਜਾਬ ਪੈਨਸ਼ਨਰ, ਬਲਵੰਤ ਸਿੰਘ ਸੰਧੂ ਪੰਜਾਬ ਪੈਨਸ਼ਨਰ ਆਦਿ ਹਾਜ਼ਰ ਸਨ।

# ਥਰਮਲ ਪਲਾਂਟ ਵਿਖੇ ਫਲੈਸ਼ ਪੈਣ ਕਾਰਨ ਤਿੰਨ ਠੇਕਾ ਮੁਲਾਜ਼ਮ ਝੁਲਸੇ



ਹਸਪਤਾਲ 'ਚ ਜ਼ੇਰੇ ਇਲਾਜ ਗੰਭੀਰ ਜ਼ਖ਼ਮੀਂ ਥਰਮਲ ਠੇਕਾ ਮੁਲਾਜ਼ਮ ਹੀਰਾ ਲਾਲ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵਿੱਚ ਪਲਾਂਟ ਦੇ 220 ਕੇ ਵੀ ਸਵਿਚਯਾਰਡ ਵਿੱਚ ਕਰੰਟ ਦਾ ਫਲੈਸ਼ ਪੈਣ ਕਾਰਨ ਪਲਾਂਟ ਵਿੱਚ ਕੰਮ ਕਰਦੇ ਤਿੰਨ ਠੇਕਾ ਮੁਲਾਜ਼ਮ ਝੁਲਸ ਗਏ, ਜਿਨ੍ਹਾਂ ਵਿੱਚ ਇੱਕ ਕਾਮੇ ਹੀਰਾ ਲਾਲ ਵਾਸੀ ਬਠਿੰਡਾ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਹੀਰਾ ਲਾਲ ਸਮੇਤ ਦੂਸਰੇ ਜ਼ਖਮੀਆਂ ਕ੍ਰਿਸ਼ਨ ਵਾਸੀ ਧਿੰਗੜ ਤੇ ਜਗਜੀਤ ਸਿੰਘ ਵਾਸੀ ਪਿੰਡ ਸੇਲਬਰ੍ਹਾ ਨੂੰ ਇਲਾਜ ਲਈ ਆਦੇਸ਼ ਹਸਪਤਾਲ ਭੁੱਚੋ ਲਿਜਾਇਆ ਗਿਆ। ਥਰਮਲ ਮਜ਼ਦੂਰ ਜਥੇਬੰਦੀ ਦੇ ਆਗੂ ਤੇ ਵਰਕਰ ਵੀ ਹਸਪਤਾਲ ਪੁੱਜ ਗਏ ਅਤੇ ਲਾਪ੍ਰਵਾਹੀ ਕਾਰਨ ਵਾਪਰੀ ਘਟਨਾ ਪ੍ਰਤੀ ਰੋਸ ਜਤਾਇਆ। ਥਰਮਲ ਕੰਟਰੈਕਟਰ ਵਰਕਰ ਯੂਨੀਅਨ (ਆਜ਼ਾਦ) ਦੇ ਪ੍ਰਧਾਨ ਤੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂ ਜਗਰੂਪ ਸਿੰਘ ਨੇ ਇਸ ਦਰਦਨਾਕ ਘਟਨਾ ਨੂੰ ਠੇਕੇਦਾਰ ਤੇ ਬਿਜਲੀ ਅਧਿਕਾਰੀਆਂ ਦੀ ਲਾਪ੍ਰਵਾਹੀ ਦੱਸਦਿਆਂ ਕਿਹਾ ਕਿ ਕੰਮ ਸਮੇਂ ਪਰਮਿਟ ਨਹੀਂ ਲਿਆ ਹੋਇਆ ਸੀ ਤੇ ਬਿਜਲੀ ਸਪਲਾਈ ਵੀ ਬੰਦ ਨਹੀਂ ਕੀਤੀ ਗਈ ਸੀ, ਕਿਉਂਕਿ ਪਰਮਿਟ ਲੈਣਾ ਤੇ ਬਿਜਲੀ ਸਪਲਾਈ ਬੰਦ ਕਰਵਾਉਣੀ ਬਹੁਤ ਹੀ ਜ਼ਰੂਰੀ ਹੁੰਦਾ ਹੈ। ਉਨ੍ਹਾਂ ਮੈਨੇਜਮੈਂਟ ਤੇ ਠੇਕੇਦਾਰ ਦੁਆਰਾ ਜ਼ਖਮੀਆਂ ਦਾ ਇਲਾਜ ਕਰਵਾਏ ਜਾਣ ਦੀ ਮੰਗ ਕਰਦਿਆਂ ਕਿਹਾ ਕਿ ਬਠਿੰਡਾ ਵਿੱਚ ਈ. ਐੱਸ. ਆਈ. ਦਾ ਕੋਈ ਵੱਡਾ ਹਸਪਤਾਲ ਨਾ ਹੋਣ ਕਾਰਨ ਜ਼ਖਮੀਆਂ ਦੀ ਹਾਲਤ ਵਿਗੜ ਸਕਦੀ ਹੈ। ਦੱਸਣਯੋਗ ਹੈ ਕਿ 220 ਕੇ ਵੀ ਸਵਿਚਯਾਰਡ ਪਲਾਂਟ ਦਾ ਉਹ ਹਿੱਸਾ ਹੁੰਦਾ ਹੈ, ਜਿੱਥੋਂ ਪੰਜਾਬ ਭਰ 'ਚ ਵੱਖ-ਵੱਖ ਭਾਗਾਂ ਨੂੰ ਬਿਜਲੀ ਦੀ ਸਪਲਾਈ ਜਾਂਦੀ ਹੈ।

## ਖਜ਼ਾਨਾ ਕਰਮਚਾਰੀ ਐਸੋਸੀਏਸ਼ਨ ਦੀ ਚੋਣ, ਲਖਵੀਰ ਸਿੰਘ ਸੂਬਾ ਪ੍ਰਧਾਨ ਬਣੇ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਟੇਟ ਖਜ਼ਾਨਾ ਕਰਮਚਾਰੀ ਐਸੋਸੀਏਸ਼ਨ ਦੀ ਚੋਣ ਸਰਬਸੰਮਤੀ ਨਾਲ ਜ਼ਿਲ੍ਹਾ ਖਜ਼ਾਨਾ ਦਫਤਰ ਵਿਖੇ ਹੋਈ, ਜਿਸ ਵਿੱਚ ਲਖਵੀਰ ਸਿੰਘ ਗਰੇਵਾਲ (ਲੁਧਿਆਣਾ) ਨੂੰ ਸੂਬਾ ਪ੍ਰਧਾਨ ਤੇ ਸੁਖਵੀਰ ਸਿੰਘ (ਮੋਹਾਲੀ) ਨੂੰ ਸੂਬਾ ਜਨਰਲ ਸਕੱਤਰ ਚੁਣਿਆ ਗਿਆ।ਇਸ ਤੋਂ ਇਲਾਵਾ ਜੈਮਲ ਸਿੰਘ ਉੱਚਾ (ਕਪੂਰਥਲਾ) ਸੂਬਾ ਸਰਪ੍ਰਸਤ, ਮਨਜਿੰਦਰ ਸਿੰਘ ਸੰਧੂ (ਅੰਮ੍ਰਿਤਸਰ) ਕਮੇਟੀ ਚੇਅਰਮੈਨ, ਸੁਬੇਗ ਸਿੰਘ ਅਜੀਜ (ਫਿਰੋਜ਼ਪੁਰ) ਮੁੱਖ ਸਲਾਹਕਾਰ, ਮਨਦੀਪ ਸਿੰਘ ਚੌਹਾਨ (ਅੰਮ੍ਰਿਤਸਰ) ਕਾਨੂੰਨੀ ਸਲਾਹਕਾਰ, ਬਲਵੰਤ ਸਿੰਘ ਭੁੱਲਰ (ਬਰਨਾਲਾ) ਸਲਾਹਕਾਰ, ਗੁਰਮੁੱਖ ਸਿੰਘ ਚਾਹਲ (ਅੰਮ੍ਰਿਤਸਰ) ਐਡੀਸ਼ਨਲ ਜਨਰਲ, ਸਾਵਨ ਸਿੰਘ ਗੁਰਦਾਸਪੁਰ ਤੇ ਅਮਨਦੀਪ ਸਿੰਘ ਫਿਰੋਜ਼ਪੁਰ ਦੋਵੇਂ ਸੂਬਾ ਸੀਨੀਅਰ ਮੀਤ ਪ੍ਰਧਾਨ, ਗੁਰਇਕਬਾਲ ਸਿੰਘ (ਜਲੰਧਰ) ਵਿੱਤ ਸਕੱਤਰ, ਲਛਮਣਦਾਸ (ਸੰਗਰੂਰ) ਤੇ ਦੀਪਕ ਸ਼ਰਮਾ (ਪਟਿਆਲਾ) ਦੋਵੇਂ ਸੂਬਾ ਮੀਤ ਪ੍ਰਧਾਨ, ਤੇਜਿੰਦਰ ਸਿੰਘ ਢਿੱਲੋਂ (ਲੁਧਿਆਣਾ) ਤੇ ਹਰਪ੍ਰੀਤ ਸਿੰਘ (ਬਠਿੰਡਾ) ਦੋਵੇਂ ਸਟੇਟ ਪ੍ਰੈੱਸ ਸਕੱਤਰ, ਪੁਸ਼ਪਿੰਦਰ ਪਠਾਨੀਆ (ਹੁਸ਼ਿਆਰਪੁਰ) ਮੁੱਖ ਜਥੇਬੰਦਕ ਸਕੱਤਰ ਸਰਵਸੰਮਤੀ ਨਾਲ ਚੁਣੇ ਗਏ।ਸਮੂਹ ਅਹੁਦੇਦਾਰਾਂ ਨੇ ਇੱਕ ਸੁਰ ਵਿੱਚ ਕਿਹਾ ਕਿ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਸਾਡੇ 'ਤੇ ਜਤਾਏ ਭਰੋਸੇ ਨੂੰ ਬਰਕਰਾਰ ਰੱਖਾਂਗੇ ਤੇ ਉਨ੍ਹਾਂ ਆਪਣੇ ਸਾਥੀਆਂ ਦੀ ਭਲਾਈ ਲਈ ਤਨਦੇਹੀ ਨਾਲ ਸੇਵਾ ਕਰਨ ਦਾ ਪ੍ਰਣ ਲਿਆ।ਇਸ ਮੌਕੇ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਤੋਂ ਸੰਦੀਪ ਅਰੋੜਾ ਅੰਮ੍ਰਿਤਸਰ, ਰਾਜਿੰਦਰ ਸਿੰਘ ਬਠਿੰਡਾ, ਦਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਗੌਰਵ ਸੇਤੀਆ ਫਾਜ਼ਿਲਕਾ, ਰਮੇਸ਼ ਕੁਮਾਰ ਫਰੀਦਕੋਟ, ਸੰਜੀਵ ਕੁਮਾਰ, ਹਰਸ਼ਬਾਲਾ, ਦੀਪਤੀ ਗੁਪਤਾ, ਜਗਜੀਵਨ ਰਾਮ ਜਲੰਧਰ, ਹਰਦੀਪ ਸਿੰਘ ਤੇ ਜਤਿੰਦਰ ਕੁਮਾਰ ਕਪੂਰਥਲਾ, ਅਸ਼ਵਨੀ ਕੁਮਾਰ, ਲਛਮਣ ਸਿੰਘ ਤੇ ਮਨਪ੍ਰੀਤ ਸਿੰਘ ਲੁਧਿਆਣਾ, ਕਮਲ ਸ਼ਰਮਾ ਤੇ ਹਰਦੇਵ ਸਿੰਘ ਮਾਨਸਾ, ਕੁਲਬੀਰ ਸਿੰਘ ਨਵਾਂਸ਼ਹਿਰ, ਗੁਰਸੰਤ ਸਿੰਘ ਸੰਗਰੂਰ, ਜਸਬੀਰ ਸਿੰਘ ਤੇ ਵਿਕਰਮ ਸਿੰਘ ਤਰਨਤਾਰਨ, ਵਿਸ਼ਾਲ ਗੋਇਲ ਮੋਗਾ, ਹਰਪ੍ਰੀਤ ਦੁੱਗਲ ਤੇ ਰਣਜੀਤ ਸਿੰਘ ਫਿਰੋਜ਼ਪੁਰ ਆਦਿ ਹਾਜ਼ਰ ਸਨ।

## ਅਦਾਲਤਾਂ ਨੂੰ ਗੁੰਮਰਾਹ ਕਰਨ ਦੇ ਦੋਸ਼ 'ਚ ਦੋ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਜ਼ਮੀਨ ਹੜੱਪਣ ਦੀ ਨੀਅਤ ਨਾਲ ਅਦਾਲਤਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਵਿੱਚ ਥਾਣਾ ਫਿਰੋਜ਼ਪੁਰ ਪੁਲਸ ਨੇ 2 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਇਕ ਦਰਖਾਸਤ ਵੱਲੋਂ ਪੱਖੂ ਪੁੱਤਰ ਮੱਲਾ ਵਾਸੀ ਪਿੰਡ ਕੁੰਡੇ ਮੌਸੂਲ ਹੋਈ ਕਿ ਦੋਸ਼ੀਆਨ ਬੂਟਾ ਪੁੱਤਰ ਬਹਾਲ ਸਿੰਘ ਅਤੇ ਬਖਸ਼ੀਸ਼ ਸਿੰਘ ਪੁੱਤਰ ਬੂਟਾ ਸਿੰਘ ਵਾਸੀਅਨ ਬੈਕਸਾਈਡ ਆਰ ਐੱਸ ਡੀ ਕਾਲਜ ਗਲੀ ਨੰਬਰ 3 ਗੁਰੂ ਨਾਨਕਪੁਰਾ ਸਿਟੀ ਫਿਰੋਜ਼ਪੁਰ ਉਸ ਦੀ ਜ਼ਮੀਨ ਉਸ ਕੋਲੋਂ ਖੋਹਣਾ ਚਾਹੁੰਦੇ ਹਨ, ਜਿਨ੍ਹਾਂ ਨੇ ਆਪਸ ਵਿੱਚ ਸਾਜ਼ਬਾਜ਼ ਹੋ ਕੇ ਜ਼ਮੀਨ ਹੜੱਪਣ ਦੀ ਨੀਅਤ ਨਾਲ ਵੱਖ ਵੱਖ ਅਦਾਲਤਾਂ ਵਿੱਚ ਆਪਣੇ ਝੂਠੇ ਅਤੇ ਬਦਲ ਕੇ ਬਿਆਨ ਦੇ ਕੇ ਅਤੇ ਸਹੀ ਤੱਥਾਂ ਨੂੰ ਛੁਪਾ ਕੇ ਅਦਾਲਤਾਂ ਨੂੰ ਗੁੰਮਰਾਹ ਕੀਤਾ ਗਿਆ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਜਿਸ ਦੇ ਬਾਅਦ ਪੜਤਾਲ ਮਾਨਯੋਗ ਅਫਸਰਾਨ ਬਾਲਾ ਦੀ ਰਿਪੋਰਟ ਮੌਸੂਲ ਹੋਣ 'ਤੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

# ਰਿਸ਼ਵਤ ਲੈਂਦਾ ਏ ਐੱਸ ਆਈ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਥਾਣਾ ਦਿਆਲਪੁਰਾ ਕੈਂਪ ਭਗਤਾ ਭਾਈਕਾ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ ਐਸ ਆਈ) ਤਾਰਾ ਸਿੰਘ ਨੂੰ 3000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਮਨਪ੍ਰੀਤ ਸਿੰਘ ਵਾਸੀ ਪਿੰਡ ਅਕਲੀਆ ਜਲਾਲ, ਤਹਿਸੀਲ ਰਾਮਪੁਰਾ ਫੂਲ, ਬਠਿੰਡਾ ਵੱਲੋਂ ਦਿੱਤੇ ਬਿਆਨ ਤੇ ਮੁਹੱਈਆ ਕਰਵਾਏ ਸਬੂਤਾਂ ਦੇ ਆਧਾਰ 'ਤੇ ਇਸ ਛੋਟੇ ਥਾਣੇਦਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਸ ਦੇ ਟਰੈਕਟਰ ਦੇ ਡਰਾਈਵਰ ਦਾ ਇੱਕ ਮੋਟਰਸਾਈਕਲ ਸਵਾਰ ਨਾਲ ਮਾਮੂਲੀ ਸੜਕ ਹਾਦਸਾ ਹੋ ਗਿਆ ਸੀ, ਜਿਸ ਸਬੰਧੀ ਸ਼ਿਕਾਇਤ ਉਕਤ ਥਾਣੇ ਵਿਚ ਦਰਜ ਹੋਈ ਸੀ, ਜਿਸ ਨੂੰ ਬਾਅਦ ਵਿੱਚ ਪੰਚਾਇਤੀ ਫ਼ੈਸਲੇ ਰਾਹੀਂ ਸੁਲਝਾ ਲਿਆ ਗਿਆ, ਪਰ ਉਸ ਦੇ ਟਰੈਕਟਰ ਨੂੰ ਥਾਣੇ ਵਿਖੇ ਕਬਜ਼ੇ ਵਿੱਚ ਲੈ ਲਿਆ ਗਿਆ ਸੀ।ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਜਦੋਂ ਉਹ ਆਪਣਾ ਟਰੈਕਟਰ ਛੁਡਾਉਣ ਲਈ ਥਾਣੇ ਪਹੁੰਚਿਆ ਤਾਂ ਉਕਤ ਛੋਟੇ ਥਾਣੇਦਾਰ ਤਾਰਾ ਸਿੰਘ ਨੇ ਰਿਸ਼ਵਤ ਵਜੋਂ 10,000 ਰੁਪਏ ਦੀ ਮੰਗ ਕੀਤੀ, ਪਰ ਉਸ ਵੱਲੋਂ ਜ਼ੋਰ ਪਾਉਣ 'ਤੇ ਸੌਦਾ 8,000 ਰੁਪਏ ਵਿੱਚ ਤੈਅ ਹੋ ਗਿਆ।ਇਹ ਸਾਰੀ ਗੱਲਬਾਤ ਸ਼ਿਕਾਇਤਕਰਤਾ ਵੱਲੋਂ ਆਪਣੇ ਮੋਬਾਈਲ ਵਿੱਚ ਰਿਕਾਰਡ ਕਰ ਲਈ ਗਈ ਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ, ਬਠਿੰਡਾ ਰੇਂਜ ਦੀ ਟੀਮ ਨੇ ਜਾਲ ਵਿਛਾ ਕੇ ਛੋਟੇ ਥਾਣੇਦਾਰ ਤਾਰਾ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 3000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਲਜ਼ਮ ਏ.ਐੱਸ.ਆਈ. ਖਿਲਾਫ਼ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਹੁਸਨਪ੍ਰੀਤ ਸਿੰਘ ਨੇ ਕਿੱਕ ਬਾਕਸਿੰਗ 'ਚ ਪਹਿਲਾ ਸਥਾਨ ਜਿੱਤਿਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬ ਰਾਜ ਦੀਆਂ 68ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਪੀ.ਪੀ.ਐੱਸ. ਸਕੂਲ ਚੀਮਾ (ਸੰਗਰੂਰ) ਵਿਖੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਰਵਾਇਆ ਗਿਆ।ਇਸ ਟੂਰਨਾਮੈਂਟ ਵਿੱਚ ਸੰਗਰੂਰ ਜ਼ਿਲ੍ਹੇ ਦੇ ਵੱਖ-ਵੱਖ ਜ਼ੋਨਾਂ ਨੇ ਭਾਗ ਲਿਆ।ਇਸ ਟੂਰਨਾਮੈਂਟ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ ਪੀ ਐੱਸ ਈ ਬੀ (ਜ਼ੋਨ ਚੀਮਾ) ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ, ਜਿਸ ਵਿੱਚ ਹੁਸਨਪ੍ਰੀਤ ਸਿੰਘ ਨੇ 45 ਕਿਲੋ ਭਾਰ ਵਰਗ ਕਿੱਕ ਬਾਕਸਿੰਗ ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਵਿਦਿਆਰਥੀ ਹੁਸਨਪ੍ਰੀਤ ਸਿੰਘ ਦੀ ਰਾਜ ਪੱਧਰੀ ਖੇਡਾਂ ਲਈ ਚੋਣ ਕੀਤੀ ਗਈ।ਇਸ ਵਿਦਿਆਰਥੀ ਨੇ ਪਹਿਲਾਂ 17 ਅਗਸਤ 2024 ਨੂੰ ਜੂਡੋ ਖੇਡ ਵਿੱਚ ਜ਼ਿਲ੍ਹੇ ਭੱਰ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਰਾਜ ਪੱਧਰੀ ਸਕੂਲ ਖੇਡਾਂ ਲਈ ਚੋਣ ਕੀਤੀ ਗਈ।ਵਿਦਿਆਰਥੀ ਦੀ ਜ਼ਿਲ੍ਹੇ ਵਿੱਚੋਂ ਸ਼ਾਨਦਾਰ ਪ੍ਰਾਪਤੀ 'ਤੇ ਅਕੈਡਮੀ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ, ਪ੍ਰਗਟ ਸਿੰਘ ਡੀ ਪੀ ਤੇ ਸਮੂਹ ਸਟਾਫ ਨੇ ਵਿਦਿਆਰਥੀ ਅਤੇ ਉਸ ਦੇ ਮਾਤਾ-ਪਿਤਾ ਨੂੰ ਮੁਬਾਰਕਵਾਦ ਦਿੰਦਿਆਂ ਉਸ ਨੂੰ ਸਨਮਾਨਤ ਕੀਤਾ ਅਤੇ ਉਨ੍ਹਾਂ ਹੋਰ ਸਖਤ ਮਿਹਨਤ ਨਾਲ ਉੱਚ-ਦਰਜਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਸਰਕਾਰੀ ਬਹੁ-ਤਕਨੀਕੀ ਕਾਲਜ 'ਚ ਮਨਾਇਆ ਵਣ-ਮਹਾਂਉਤਸਵ

**ਵਿਧਾਇਕ ਤੇ ਚੇਅਰਮੈਨ ਨੇ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਦਾ ਦਿੱਤਾ ਸੁਨੇਹਾ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਥਾਨਕ ਸਰਕਾਰੀ ਬਹੁ-ਤਕਨੀਕੀ ਕਾਲਜ ਵਿਖੇ ਵਣ ਮਹਾਂਉਤਸਵ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਰਣਬੀਰ ਸਿੰਘ ਭੁੱਲਰ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਇਸ ਦੌਰਾਨ ਉਨ੍ਹਾਂ ਨਾਲ ਚੇਅਰਮੈਨ ਮਾਰਕਿਟ ਕਮੇਟੀ ਫ਼ਿਰੋਜ਼ਪੁਰ ਬਲਰਾਜ ਸਿੰਘ ਕਟੋਰਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਕਾਲਜ ਪ੍ਰਿੰਸੀਪਲ ਜਤਿੰਦਰ ਪਾਲ ਦੀ ਅਗਵਾਈ ਵਿੱਚ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਕਾਲਜ ਵਿੱਚ ਨਵੇਂ ਉਸਾਰੇ ਗਏ ਪਾਰਕ ਵਿੱਚ ਪੌਦੇ ਲਗਾ ਕੇ ਕੀਤੀ ਗਈ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਹਰਿਆ-ਭਰਿਆ ਤੇ ਤੰਦਰੁਸਤ ਪੰਜਾਬ ਸਿਰਜਣ ਦੀ ਮੁਹਿੰਮ ਤਹਿਤ ਰਾਜ ਭਰ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਨਵੇਂ ਰੁੱਖ ਲਗਾਏ ਜਾ ਰਹੇ ਹਨ।ਇਸੇ ਤਹਿਤ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਵੀ ਵੱਖ-ਵੱਖ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਦੇ ਮਾਧਿਅਮ ਨਾਲ 'ਹਰ ਮਨੁੱਖ ਲਾਵੇ ਇੱਕ ਰੁੱਖ' ਮੁਹਿੰਮ ਤਹਿਤ 12 ਲੱਖ ਤੋਂ ਵੱਧ ਪੌਦੇ ਲਗਾਏ ਜਾ ਰਹੇ ਹਨ।ਸਮਾਗਮ ਦੌਰਾਨ ਵਿਧਾਇਕ ਭੁੱਲਰ ਵੱਲੋਂ ਕਾਲਜ ਸਟਾਫ ਤੇ ਵਿਦਿਆਰਥੀਆਂ ਨਾਲ ਵਿਸ਼ੇਸ਼ ਤੌਰ 'ਤੇ ਰਾਬਤਾ ਕਾਇਮ ਕੀਤਾ ਗਿਆ ਅਤੇ ਕਾਲਜ ਨੂੰ ਦਰਪੇਸ਼ ਆ ਰਹੀਆਂ ਵੱਖ-ਵੱਖ ਮੁਸ਼ਕਲਾਂ ਨੂੰ ਸੁਣਦੇ ਹੋਏ ਉਨ੍ਹਾਂ ਦੇ ਉਚੇਚੇ ਤੌਰ 'ਤੇ ਹੱਲ ਕਰਵਾਉਣ ਦਾ ਭਰੋਸਾ ਵੀ ਜਤਾਇਆ ਗਿਆ।ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਨ ਬਚਾਉਣ ਲਈ ਅੱਗੇ ਆਉਣ ਤੇ ਵਧ ਚੜ੍ਹ ਕੇ ਨਵੇਂ ਬੂਟੇ ਲਗਾਉਣ ਦਾ ਸੰਦੇਸ਼ ਦਿੱਤਾ।ਕਾਲਜ ਵੱਲੋਂ ਚਲਾਈ ਇਸ ਮੁਹਿੰਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕੰਮ ਦੀ ਸ਼ੁਰੂਆਤ ਲਈ ਵਿਦਿਆਰਥੀ ਵਰਗ ਨੂੰ ਅੱਗੇ ਆਉਣ ਦੀ ਵਿਸ਼ੇਸ਼ ਲੋੜ ਹੈ।ਸਮਾਗਮ ਦੌਰਾਨ ਸਮਾਜਸੇਵੀ ਸੰਸਥਾ ਲਾਇਨਜ਼ ਕਲੱਬ (ਬਾਰਡਰ) ਫ਼ਿਰੋਜ਼ਪੁਰ ਵੱਲੋਂ ਵੀ ਵਿਸ਼ੇਸ਼ ਯੋਗਦਾਨ ਪਾਇਆ ਗਿਆ।ਸੰਸਥਾ ਵੱਲੋਂ ਕਾਲਜ ਵਿੱਚ ਵਾਤਾਵਰਨ ਦੀ ਸੰਭਾਲ ਤੇ ਕਾਲਜ ਪਾਰਕ ਦੀ ਦਿੱਖ ਨੂੰ ਸੁੰਦਰ ਬਣਾਉਣ ਲਈ ਆਪਣੇ ਵੱਲੋਂ ਗਮਲੇ ਤੇ ਬੂਟੇ ਕਾਲਜ ਨੂੰ ਭੇਟ ਕੀਤੇ ਗਏ। ਇਸ ਦੌਰਾਨ ਆਏ ਸਾਰੇ ਹੀ ਮਹਿਮਾਨਾਂ ਵੱਲੋਂ ਕਾਲਜ ਪਾਰਕ ਵਿੱਚ ਨਵੇਂ ਬੂਟੇ ਲਗਾਏ ਗਏ।ਇਸ ਮੌਕੇ ਵਿਧਾਇਕ ਵੱਲੋਂ ਕਾਲਜ ਵੱਲੋਂ ਸਮੇਂ-ਸਮੇਂ ਕਰਵਾਈਆਂ ਗਈਆਂ ਵੱਖ-ਵੱਖ ਅਕਾਦਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮੋਹਰੀ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਕਾਲਜ ਪ੍ਰਿੰਸੀਪਲ ਵੱਲੋਂ ਵਿਧਾਇਕ ਤੇ ਉਨ੍ਹਾ ਨਾਲ ਆਏ ਸਮੂਹ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕਾਲਜ ਦੇ ਵੱਖ ਵੱਖ ਵਿਭਾਗਾਂ ਦੇ ਮੁਖੀ ਜਸਵਿੰਦਰ ਕੌਰ, ਸੁਧੀਰ ਕੁਮਾਰ, ਡਿੰਪਲ ਬੱਧਵਾਰ, ਅਮਰਸੀਰ ਸਿੰਘ, ਰਾਜੇਸ਼ ਬਾਹਰੀ, ਸੁਖਪਾਲ ਸਿੰਘ, ਸਮੂਹ ਕਾਲਜ ਸਟਾਫ ਆਦਿ ਹਾਜ਼ਰ ਸਨ।

## ਸ੍ਰੀ ਸ਼ੰਕਰਦਾਸ ਸਰਕਾਰੀ ਸਕੂਲ ਦੇ ਰੁਸਤਮ ਨੇ ਜਿੱਤਿਆ ਗੋਲਡ ਮੈਡਲ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)** : ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਈਆਂ ਜਾ ਰਹੀਆਂ ਖੇਡ ਗਤੀਵਿਧੀਆਂ ਦੇ ਤਹਿਤ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿੱਚ ਇੱਥੋਂ ਦੇ ਐੱਸ. ਐੱਸ. ਡੀ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਰੁਸਤਮ ਨੇ ਗੋਲਡ ਮੈਡਲ ਹਾਸਲ ਕੀਤਾ।ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਕੂਲ ਦੇ ਕਾਰਜ ਕਾਰਜਕਾਰੀ ਪ੍ਰਿੰਸੀਪਲ ਸ੍ਰੀ ਨਿਰੰਜਨ ਕੁਮਾਰ ਨੇ ਦੱਸਿਆ ਕਿ 65 ਕਿਲੋ ਭਾਰ ਵਰਗ ਦੇ ਅੰਤਰਗਤ-17 ਵਿੱਚ ਇਸ ਸਕੂਲ ਦੇ ਵਿਦਿਆਰਥੀ ਨੇ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿੱਚ ਪ੍ਰਥਮ ਸਥਾਨ ਹਾਸਲ ਕਰਕੇ ਇਲਾਕੇ ਵਿੱਚ ਸੰਸਥਾ ਦਾ ਨਾਂ ਰੌਸ਼ਨ ਕੀਤਾ ਹੈ।ਸਵੇਰ ਦੀ ਸਭਾ ਵਿੱਚ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ, ਖੇਡ ਇੰਚਾਰਜ ਕੁਲਦੀਪ ਸਿੰਘ ਤੇ ਰਾਜਵੰਤ ਕੌਰ ਨੇ ਰੁਸਤਮ ਦਾ ਸਨਮਾਨ ਕੀਤਾ।ਇਸ ਮੌਕੇ ਕੋਚ ਮੁਲਖ ਰਾਜ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਸ੍ਰੀ ਨਿਰੰਜਨ ਕੁਮਾਰ ਨੇ ਸਮੂਹ ਸਟਾਫ਼ ਨੂੰ ਮੁਬਾਰਕਬਾਦ ਪੇਸ਼ ਕੀਤੀ।ਇਸ ਮੌਕੇ ਸਟੇਜ 'ਤੇ ਰੀਨਾ ਸ਼ਰਮਾ, ਕੰਵਲਜੀਤ ਵਰਮਾ, ਮਨਪ੍ਰੀਤ ਬਖ਼ਸ਼ੀ (ਸਾਰੇ ਲੈਕਚਰਾਰ, ਨਿਰਮਲ ਸਿੰਘ, ਅਮਰਜੀਤ ਸਿੰਘ, ਕਮਲਜੀਤ ਕੌਰ, ਅਮਨਪ੍ਰੀਤ ਕੌਰ, ਹਨਦੀਪ ਕੌਰ, ਜਸਪ੍ਰੀਤ ਕੌਰ, ਮਨਪ੍ਰੀਤ ਕੌਰ, ਅਰਮਾਨ ਖਾਨ, ਸਿਮਰਨਜੀਤ ਸਿੰਘ, ਮਨੋਜ ਜੋਸ਼ੀ, ਰਾਕੇਸ਼ ਨਾਗਪਾਲ, ਹਰੀ ਕ੍ਰਿਸ਼ਨ, ਗੁਰਪ੍ਰੀਤ ਕੌਰ, ਮਨਜੀਤ ਕੌਰ ਤੇ ਕੈਂਪਸ ਮੈਨੇਜਰ ਨਰਿੰਦਰ ਸਿੰਘ ਸ਼ਾਮਲ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# 15 ਕਰੋੜ ਦੇ ਗਬਨ ਖਿਲਾਫ ਕੋਆਪਰੇਟਿਵ ਬੈਂਕ ਡੇਰਾ ਬਾਬਾ ਨਾਨਕ ਅੱਗੇ ਸਾਲ ਭਰ ਤੋਂ ਧਰਨਾ ਜਾਰੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਦੇ ਕੋਆਪਰੇਟਿਵ ਬੈਂਕ ਅਧੀਨ ਚੱਲ ਰਹੀ ਕੋਆਪਰੇਟਿਵ ਸੋਸਾਇਟੀ ਸਮਰਾਏ ਵੱਲੋਂ ਕਿਸਾਨਾਂ ਨਾਲ ਕੀਤੇ ਗਏ 15 ਕਰੋੜ ਦੇ ਗਬਨ ਖਿਲਾਫ ਕੋਆਪਰੇਟਿਵ ਬੈਂਕ ਡੇਰਾ ਬਾਬਾ ਨਾਨਕ ਅੱਗੇ ਪਿਛਲੇ ਲਗਾਤਾਰ 1 ਸਾਲ 13 ਦਿਨਾਂ ਤੋਂ ਦਿੱਤੇ ਜਾ ਰਹੇ ਧਰਨਾਕਾਰੀ ਕਿਸਾਨਾਂ ਦਾ ਧੰਨਵਾਦ ਕਰਨ ਅਤੇ ਕੋਆਪਰੇਟਿਵ ਅਦਾਰਿਆਂ ਵਿੱਚ ਹੋ ਰਹੀ ਲੁੱਟ ਨੂੰ ਰੋਕਣ ਲਈ ਅੱਜ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲਾ ਵੱਲੋਂ ਇੱਕ ਭਰਵੀਂ ਰੈਲੀ ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੌਲਾ ਅਤੇ ਡੇਰਾ ਬਾਬਾ ਨਾਨਕ ਦੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਤਪਾਲਾ ਦੀ ਅਗਵਾਈ ਵਿੱਚ ਕੀਤੀ ਗਈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲਾ ਦੇ ਪਾਰਟੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲਾ ਅਤੇ ਸੂਬਾ ਆਗੂ ਬਲਦੇਵ ਸਿੰਘ ਮੀਆਂਪੁਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਵੱਲੋਂ ਕਿਸਾਨ ਰੈਲੀ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਆਪਣੇ ਸਮਰਥਕਾਂ ਸਮੇਤ ਮੱਥਾ ਟੇਕ ਕੇ ਵਾਹਿਗੁਰੂ ਦਾ ਆਸ਼ੀਰਵਾਦ ਲਿਆ ਗਿਆ।ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਗੁਰਦੇਵ ਸਿੰਘ ਅਤੇ ਮੈਨੇਜਰ ਸਤਨਾਮ ਸਿੰਘ ਗੋਸਲ ਵੱਲੋਂ



ਬਲਬੀਰ ਸਿੰਘ ਰਾਜੇਵਾਲ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਤੋਂ ਇਲਾਵਾ ਹੋਰ ਵੱਖ-ਵੱਖ ਕਿਸਾਨ ਆਗੂਆ ਨੇ ਕਿਸਾਨ ਰੈਲੀ ਨੂੰ ਸੰਬੋਧਨ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਦੀ ਕੋਪਰੇਟਿਵ ਬੈਂਕ ਡੇਰਾ ਬਾਬਾ ਨਾਨਕ ਬਰਾਂਚ ਦੀ ਸਮਰਾਏ ਸੋਸਾਇਟੀ ਵੱਲੋਂ ਕਿਸਾਨਾਂ ਨਾਲ 15 ਕਰੋੜ ਦਾ ਗਬਨ ਕੀਤਾ ਗਿਆ ਸੀ ਜਿਸ ਦੇ ਵਿਰੁੱਧ ਕਿਸਾਨਾਂ ਵੱਲੋਂ ਪਿਛਲੇ 13 ਮਹੀਨਿਆਂ ਤੋਂ ਧਰਨਾ ਪ੍ਰਦਰਸ਼ਨ ਚਲਾਇਆ ਜਾ ਰਿਹਾ ਹੈ, ਉਹ ਅੱਜ ਉਨ੍ਹਾਂ ਕਿਸਾਨਾਂ ਦਾ ਧੰਨਵਾਦ ਕਰਨ ਲਈ ਆਏ ਹਨ।ਰਾਜੇਵਾਲਾ ਨੇ ਕਿਹਾ ਕਿ ਜਦ ਤੱਕ ਗ਼ਬਨ ਕਰਨ ਵਾਲੇ ਹਰ ਇੱਕ ਦੋਸ਼ੀ ਨੂੰ ਸਲਾਖਾਂ ਪਿੱਛੇ ਨਹੀਂ ਭੇਜ ਦਿੱਤਾ ਜਾਂਦਾ ਉਨਾ ਚਿਰ ਤੱਕ ਇਹ ਧਰਨਾ ਨਿਰੰਤਰ ਜਾਰੀ ਰਹੇਗਾ।ਪਾਣੀਆਂ ਦੇ ਮੁੱਦੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਆਪਣੀ ਕੁਰਸੀ ਬਚਾਉਣ ਖਾਤਰ ਪੰਜਾਬ ਦੇ ਪਾਣੀਆਂ ਦਾ ਵੱਡਾ ਨੁਕਸਾਨ ਕੀਤਾ ਸੀ।ਇਸ ਮੌਕੇ ਬਾਬਾ ਸਾਹਿਬ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਬਲਬੀਰ ਸਿੰਘ ਰਾਜੇਵਾਲ ਸਮੇਤ ਕਿਸਾਨ ਆਗੂਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਤਪਾਲਾ, ਅਜੈਬ ਸਿੰਘ ਪੱਡਾ, ਹਰਦੇਵ ਸਿੰਘ, ਕਰਮ ਸਿੰਘ ਕਰਨਾਮਾ, ਰਾਜੂ ਭੱਟੀਆ, ਹਰਦੀਪ ਸਿੰਘ ਮੁਸਤਫਾਬਾਦ, ਲਖਵਿੰਦਰਜੀਤ ਸਿੰਘ, ਗੁਰਮੀਤ ਸਿੰਘ ਮੁਗਰਾਨਾ, ਨਿਰਮਲਜੀਤ ਸਿੰਘ, ਬਲਜਿੰਦਰ ਸਿੰਘ ਬਿਸ਼ਨੀਵਾਲ, ਬਲਵਿੰਦਰ ਸਿੰਘ ਮੀਕੇ, ਸੁਖਰਾਜ ਸਿੰਘ ਬਿਸ਼ਨੀਵਾਲ, ਵੱਸਣ ਸਿੰਘ ਕਾਦੀਆਂ, ਬਲਰਾਜ ਸਿੰਘ ਬੱਲ, ਪਰਵਿੰਦਰ ਸਿੰਘ ਅੰਮ੍ਰਿਤਸਰ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਜੋਗਿੰਦਰ ਸਿੰਘ ਮੀਤ ਪ੍ਰਧਾਨ, ਸੁੱਚਾ ਸਿੰਘ ਮਾਨ, ਜੋਗਾ ਸਿੰਘ ਮਾਨ, ਭਗਵੰਤ ਸਿੰਘ ਮਾਨ, ਸੁਖਵਿੰਦਰ ਸਿੰਘ ਤਲਵੰਡੀ ਗੋਰਾਇਆ, ਬਲਦੇਵ ਸਿੰਘ ਤਪਾਲਾ, ਬਾਬਾ ਬਲੀ ਸਿੰਘ ਸਮਰਾ, ਗੁਰਨਾਮ ਸਿੰਘ ਸਮਰਾ, ਗੁਲਜ਼ਾਰ ਸਿੰਘ ਮਾਨ, ਜਸਵੰਤ ਸਿੰਘ ਚੌੜਾਂ ਬਾਜਵਾ, ਰਾਮ ਸਿੰਘ, ਜਸਬੀਰ ਸਿੰਘ, ਆਸਾ ਸਿੰਘ ਤਲਵੰਡੀ ਗੋਰਾਇਆ, ਨਿਰਵੈਰ ਸਿੰਘ ਤਪਾਲਾ, ਸਕੱਤਰ ਸਿੰਘ ਮਾਨ, ਬਾਬਾ ਸੁਲੱਖਣ ਸਿੰਘ ਚੌੜਾ, ਹਰਭਜਨ ਸਿੰਘ ਤਪਾਲਾ, ਬਾਬਾ ਰਣਬੀਰ ਸਿੰਘ ਅਬਦਾਲ, ਅਜੀਤ ਸਿੰਘ ਨੰਬਰਦਾਰ ਮਾਨ, ਹਰਵਿੰਦਰ ਸਿੰਘ ਮਾਨ, ਹਰਵਿੰਦਰ ਸਿੰਘ ਮਾਨ, ਡਾ ਰਾਜਵਿੰਦਰ ਸਿੰਘ ਸਮਰਾ, ਬਖਸ਼ੀਸ਼ ਸਿੰਘ ਸਮਰਾ, ਸਮਸ਼ੇਰ ਸਿੰਘ ਸਮਰਾ ਤੋ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਰਿਵਾਲਵਰ ਤੇ 6 ਜ਼ਿੰਦਾ ਰੌਂਦ ਸਮੇਤ ਨੌਜਵਾਨ ਗ੍ਰਿਫਤਾਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮਾਨਯੋਗ ਐੱਸਐੱਸਪੀ ਬਟਾਲਾ ਸੁਹੇਲ ਕਾਸਿਮ ਮੀਰ ਆਈ, ਪੀਐੱਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਪ ਕਪਤਾਨ ਪੁਲਸ ਸ੍ਰੀ ਹਰਗੋਬਿੰਦਪੁਰ ਸਾਹਿਬ ਡੀਐੱਸਪੀ ਹਰਕ੍ਰਿਸ਼ਨ ਸਿੰਘ ਦੀ ਨਿਗਰਾਨੀ ਹੇਠ ਐੱਸਐੱਚਓ ਥਾਣਾ ਕਾਦੀਆਂ ਗੁਰਦੇਵ ਸਿੰਘ ਤੇ ਕਾਦੀਆਂ ਪੁਲਸ ਵੱਲੋਂ 32 ਬੋਰ ਰਿਵਾਲਵਰ ਤੇ 6 ਜ਼ਿੰਦਾ ਰੌਂਦ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ।ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਗੁਰਦੇਵ ਸਿੰਘ ਦੇ ਵੱਲੋਂ ਦੱਸਿਆ ਗਿਆ ਕਿ ਦੋਸ਼ੀ ਬਲਰਾਜ ਸਿੰਘ ਉਰਫ ਬੱਲੂ ਪੁੱਤਰ ਬਚਨ ਸਿੰਘ ਵਾਸੀ ਪਿੰਡ ਲੋਹ ਚੱਪ ਨੂੰ ਪਿੰਡ ਰਾਮਪੁਰਾ ਮੋੜ ਤੋਂ ਕਾਬੂ ਕੀਤਾ ਗਿਆ ਜਿਸ ਨੇ ਕਿ ਕੁਝ ਦਿਨ ਪਹਿਲਾਂ ਪਿੰਡ ਚੀਮਾ ਵਿਖੇ ਸੁਖਰਾਜ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਚੀਮਾ ਦੇ ਘਰ ਵਿਖੇ ਘਰ ਦੀਆਂ ਲੋਹੇ ਦੀਆਂ ਅਲਮਾਰੀਆਂ ਨੂੰ ਤੋੜ ਕੇ ਸੋਨੇ ਦੀਆਂ ਮੁੰਦਰੀਆਂ ਤੇ ਹੋਰ ਗਹਿਣੇ, ਮੋਬਾਇਲ ਚੋਰੀ ਕੀਤੇ ਗਏ ਸਨ।ਵੱਖ-ਵੱਖ ਪੁਲਸ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਜਾ ਰਹੀ ਸੀ ਜਿਸ ਤੋਂ ਬਾਅਦ ਪੁਲਸ ਵੱਲੋਂ ਦੋਸ਼ੀ ਨੌਜਵਾਨ ਨੂੰ ਪਿੰਡ ਰਾਮਪੁਰ ਮੋੜ ਤੋਂ ਗ੍ਰਿਫਤਾਰ ਕਰ ਲਿਆ ਗਿਆ।

ਮੁਲਜ਼ਮ ਦੀ ਨਿਸ਼ਾਨਦਹੀ 'ਤੇ 32 ਬੋਰ ਰਿਵਾਲਵਰ ਅਤੇ ਛੇ ਜ਼ਿੰਦਾ ਰੌਂਦ ਬਰਾਮਦ ਕਰ ਲਏ ਗਏ ਹਨ।ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਸੰਬੰਧਿਤ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿਲਾਫ ਵਾਧਾ ਜੁਰਮ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

# ਪੁਲਾੜ ਦਿਵਸ ਨੂੰ ਸਮਰਪਿਤ ਚਿੱਤਰ ਕਲਾ ਮੁਕਾਬਲੇ ਕਰਵਾਏ



**ਗੁਰਦਾਸਪੁਰ (ਜਨਕ ਮਹਾਜਨ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੋਹਤ ਪੋਖਰ ਵਿਖੇ ਸਕੂਲ ਪ੍ਰਿੰਸੀਪਲ ਬਲਵਿੰਦਰ ਕੌਰ ਦੀ ਅਗਵਾਈ ਹੇਠ ਬੜੇ ਹਰਸ਼ ਅਤੇ ਉਤਸ਼ਾਹ ਨਾਲ ਰਾਸ਼ਟਰੀ ਪੁਲਾੜ ਦਿਵਸ ਸਕੂਲ ਵਿਦਿਆਰਥੀਆਂ ਤੇ ਸਟਾਫ ਵੱਲੋਂ ਮਨਾਇਆ ਗਿਆ। ਇਸ ਮੌਕੇ ਪ੍ਰਿੰ. ਬਲਵਿੰਦਰ ਕੌਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਛੇਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਤੇ ਚਿੱਤਰਕਾਰੀ ਦੇ ਨਾਲ-ਨਾਲ ਸਲੋਗਨ ਦੇ ਲਿਖਤੀ ਨਾਅਰੇ ਲਗਾਏ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਉਚੇਚੇ ਤੌਰ ਤੇ ਆਨਲਾਈਨ ਕਵਿਤਾ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ ਗਿਆ। ਇਸ ਮੌਕੇ ਵਧੀਆ ਕਾਰਗੁਜ਼ਾਰੀ ਵਿਖਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਕੂਲ ਅੰਦਰ ਹਰ ਵਿਸ਼ੇ 'ਤੇ ਸਮੇਂ-ਸਮੇਂ ਸਿਰ ਸਮਾਗਮ ਕਰਵਾ ਕੇ ਵਿਦਿਆਰਥੀਆਂ ਦੇ ਮਨੋਬਲ ਨੂੰ ਉਤਸਾਹਿਤ ਕਰਨਾ ਸਾਡਾ ਮਕਸਦ ਹੁੰਦਾ ਹੈ।

# ਨਾਲੇ 'ਚ ਡੁੱਬ ਕੇ ਮਰੀਆਂ 27 ਮੱਝਾਂ ਦੇ ਮੁਆਵਜ਼ੇ ਦੀ ਮੰਗ



**ਕਲਾਨੌਰ (ਮਨਦੀਪ ਕੋਹਲੀ)**-ਕਲਾਨੌਰ ਦੇ ਨਾਲ ਲੱਗਦੇ ਪਿੰਡ ਰਹੀਮਾਬਾਦ ਵਿੱਚ ਗੁੱਜਰ ਭਾਈਚਾਰੇ ਦੀਆਂ 27 ਮੱਝਾਂ ਕਿਰਨ ਵਾਲੇ ਵਿੱਚ ਡੁੱਬ ਕੇ ਮਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਯੂਸਫ, ਬਸ਼ੀਰ, ਰਫੀ, ਬਾਘਾ ਆਦਿ ਨੇ ਦੱਸਿਆ ਕਿ ਅੱਜ ਸਵੇਰੇ ਰੋਜ਼ਾਨਾ ਦੀ ਤਰ੍ਹਾਂ ਉਨ੍ਹਾਂ ਦੇ ਬੱਚੇ ਫਾਤਿਮਾ ਦੇ ਨਾਲ ਉਸ ਦੇ ਭੈਣ ਭਰਾ 50-60 ਦੇ ਕਰੀਬ ਮੱਝਾਂ ਨੂੰ ਲੈ ਕੇ ਚਰਾਉਣ ਲਈ ਕਿਰਨ ਨਦੀ ਦੇ ਨੇੜੇ ਪਹੁੰਚੇ। ਫਾਤਿਮਾ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਕਿਰਨ ਨਾਲੇ ਦੇ ਨੇੜੇ ਪਹੁੰਚੇ ਤਾਂ ਗਰਮੀ ਜ਼ਿਆਦਾ ਹੋਣ ਕਾਰਨ ਉਨ੍ਹਾਂ ਦੀਆਂ ਮੱਝਾਂ ਕਿਰਨ ਨਾਲੇ ਵਿੱਚ ਵੜ ਗਈਆਂ। ਜ਼ਿਆਦਾ ਬੂਟੀ ਅਤੇ ਦਲਦਲ ਹੋਣ ਕਾਰਨ ਮੱਝਾਂ ਪਾਣੀ ਵਿੱਚ ਹੀ ਫਸ ਗਈਆਂ ਅਤੇ ਬਾਹਰ ਨਹੀਂ ਨਿਕਲ ਸਕੀਆਂ। ਉਨ੍ਹਾਂ ਅੱਗੇ ਦੱਸਿਆ ਕਿ 27 ਦੇ ਕਰੀਬ ਮੱਝਾਂ ਮਰ ਚੁੱਕੀਆਂ ਹਨ ਅਤੇ ਕੁਛ ਮੱਝਾਂ ਅਜੇ ਵੀ ਲਾਪਤਾ ਹਨ। ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੁੱਜਰ ਭਾਈਚਾਰੇ ਵੱਲੋਂ ਪ੍ਰਸ਼ਾਸਨ ਨੂੰ ਮੰਗ ਕੀਤੀ ਗਈ ਕਿ ਉਨ੍ਹਾਂ ਦੀ ਮਦਦ ਕੀਤੀ ਜਾਵੇ।

# ਡਾ. ਓਬਰਾਏ ਦੇ ਯਤਨਾਂ ਸਦਕਾ ਦੁਬਈ ਤੋਂ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪਹੁੰਚਿਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਖਾੜੀ ਮੁਲਕਾਂ ਅੰਦਰ ਰੱਬ ਦੇ ਫਰਿਸ਼ਤੇ ਵੱਜੋਂ ਜਾਣੇ ਜਾਂਦੇ ਦੁਬਈ ਦੇ ਉਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜਨੌਰ ਦੀ ਤਹਿਸੀਲ ਨਜ਼ੀਬਾਬਾਦ ਦੇ ਕਸਬਾ ਬੜੀਆ ਨਾਲ ਸੰਬੰਧਿਤ 28 ਸਾਲਾ ਨੌਜਵਾਨ ਸ਼ਕਤੀ ਕੰਬੋਜ ਪੁੱਤਰ ਰਮੇਸ਼ ਚੰਦ ਦਾ ਮ੍ਰਿਤਕ ਸਰੀਰ ਦੁਬਈ ਤੋਂ ਹਵਾਈ ਅੱਡਾ ਦਿੱਲੀ ਰਾਹੀਂ ਉਸ ਦੇ ਵਾਰਸਾਂ ਤੱਕ ਪਹੁੰਚਾਇਆ ਗਿਆ ਹੈ।ਸ਼ਕਤੀ ਕੰਬੋਜ ਕਰੀਬ ਦੋ ਸਾਲ ਪਹਿਲਾਂ ਕੰਮਕਾਜ ਲਈ ਦੁਬਈ ਆਇਆ ਸੀ ਕਿ 29 ਜੂਨ ਨੂੰ ਉਸਦੀ ਮੌਤ ਹੋ ਗਈ ਸੀ।ਗੁਰਦੁਆਰਾ ਸਿੰਘ ਸਭਾ ਬੜੀਆ (ਉੱਤਰ ਪ੍ਰਦੇਸ਼) ਦੇ ਪ੍ਰਧਾਨ ਡਾ. ਨਰਿੰਦਰ ਪਾਲ ਸਿੰਘ ਸੰਧੂ, ਇਲਾਕੇ ਦੇ ਨਾਮਵਰ ਕਿਸਾਨ ਜਤਿੰਦਰ ਸਿੰਘ ਗਿੱਲ, ਸਰਪੰਚ ਦਲਬੀਰ ਸਿੰਘ, ਕੁਲਬੀਰ ਸਿੰਘ ਗਿੱਲ, ਸਾਬਕਾ ਸਰਪੰਚ ਰਤਨ ਲਾਲ, ਹਰਪਿੰਦਰ ਸਿੰਘ ਗਿੱਲ ਤੋਂ ਇਲਾਵਾ ਪੀੜਤ ਪਰਿਵਾਰ ਨੇ ਇਸ ਵੱਡੇ ਉਪਰਾਲੇ ਲਈ ਆਪਣੇ ਸਮੁੱਚੇ ਇਲਾਕੇ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਉਹ ਇਸ ਔਖੀ ਘੜੀ 'ਚ ਉਨ੍ਹਾਂ ਦੀ ਬਾਂਹ ਨਾ ਫੜਦੇ ਤਾਂ ਸ਼ਕਤੀ ਕੰਬੋਜ ਦੇ ਬਜ਼ੁਰਗ ਮਾਪਿਆਂ ਨੂੰ ਆਪਣੇ ਪੁੱਤ ਦੇ ਅੰਤਿਮ ਦਰਸ਼ਨ ਨਸੀਬ ਨਹੀਂ ਸਨ ਹੋਣੇ। ਜ਼ਿਕਰਯੋਗ ਹੈ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 368 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

# ਹਰਦੀਪ ਸਿੰਘ ਬੀ ਈ ਈ ਦਾ ਵਿਦਾਇਗੀ ਪਾਰਟੀ 'ਤੇ ਮਾਣ-ਸਨਮਾਨ



**ਚੋਹਲਾ ਸਾਹਿਬ (ਰਮਨ ਚੱਢਾ)**-ਬੀਈਈ ਹਰਦੀਪ ਸਿੰਘ ਸੰਧੂ ਨੂੰ ਉਨ੍ਹਾਂ ਦੀ ਵਿਦਾਇਗੀ ਪਾਰਟੀ ਮੌਕੇ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਅਤੇ ਸਮੂਹ ਸਟਾਫ ਵੱਲੋਂ ਵਿਦਾਇਗੀ ਪਾਰਟੀ ਦੇਣ ਸਮੇਂ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰਦੀਪ ਸਿੰਘ ਨੇ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਹੈ। ਆਪਣੀ ਡਿਊਟੀ ਦੇ ਨਾਲ ਨਾਲ ਲੋਕ ਸੇਵਾ ਵਿੱਚ ਵੀ ਯੋਗਦਾਨ ਪਾਇਆ ਹੈ। ਇਸ ਸਮੇਂ ਹਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੀਐੱਚਸੀ ਸਰਹਾਲੀ ਵਿਖੇ ਬਹੁਤ ਹੀ ਸਤਿਕਾਰ ਮਿਲਿਆ ਹੈ। ਇਸ ਸਮੇਂ ਡਾਕਟਰ ਕਰਨਵੀਰ ਸਿੰਘ, ਪ੍ਰਧਾਨ ਜਸਪਿੰਦਰ ਸਿੰਘ, ਮਨਦੀਪ ਸਿੰਘ ਆਈ ਏ, ਵਿਸ਼ਾਲ ਕੁਮਾਰ ਬੀਐੱਸਏ, ਪ੍ਰਧਾਨ ਅਵਤਾਰ ਸਿੰਘ, ਹੈਲਥ ਇੰਸਪੈਕਟਰ ਬਿਹਾਰੀ ਲਾਲ, ਐੱਸਆਈ ਬਿਕਰਮਜੀਤ ਸਿੰਘ, ਐੱਸਆਈ ਅੰਗਰੇਜ਼ ਸਿੰਘ, ਐੱਸਆਈ ਸਤਨਾਮ ਸਿੰਘ, ਬਲਰਾਜ ਸਿੰਘ ਬੀਈਈ, ਕਲਰਕ ਕਰਨਦੀਪ ਸਿੰਘ, ਅਮਨਦੀਪ ਸਿੰਘ, ਅਰਸ਼ਮੀਤ ਕੌਰ, ਰੁਪਿੰਦਰ ਕੌਰ, ਕਵਲਜੀਤ ਕੌਰ, ਪ੍ਰਧਾਨ ਸਰਬਜੀਤ ਕੌਰ, ਨਰਿੰਦਰ ਸਿੰਘ ਸੀਨੀਅਰ ਸਹਾਇਕ, ਕੁਲਵੰਤ ਕੌਰ ਅਕਾਊਂਟੈਂਟ, ਜਤਿੰਦਰ ਕੌਰ ਐਲਟੀ, ਮਨਦੀਪ ਕੌਰ ਐਕਸਰੇ ਵਿਭਾਗ, ਨਰਸਿੰਗ ਸਿਸਟਰ ਤਰਜੀਤ ਕੌਰ, ਪ੍ਰਧਾਨ ਨੀਰੂ ਮੰਨਣ, ਪ੍ਰਭਜੋਤ ਕੌਰ ਸੀਐੱਚਓ, ਸੁਪਰੀਤ ਕੌਰ ਸੀਐਚਓ, ਐੱਲਐੱਚਵੀ ਬਲਵਿੰਦਰ ਕੌਰ, ਏਐੱਨਐੱਮ ਇੰਦਰਜੀਤ ਕੌਰ, ਏਐੱਨਐੱਮ ਦਲਜੀਤ ਕੌਰ ਆਦਿ ਹਾਜ਼ਰ ਸਨ।

# ਫਾਰਗੀ ਛੁੱਟੀ ਨਾ ਮਿਲਣ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ ਬੀ ਐੱਲ ਓਜ਼ 'ਚ ਭਾਰੀ ਰੋਸ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਐੱਸ. ਸੀ./ਬੀ. ਸੀ. ਅਧਿਆਪਕ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਛਪਾਲ ਸਿੰਘ ਭੁੰਬਲੀ ਨੇ ਦੱਸਿਆ ਕਿ ਚੋਣ ਕਮਿਸ਼ਨਰ ਪੰਜਾਬ ਵਲੋਂ ਪੂਰੇ ਪੰਜਾਬ ਅੰਦਰ ਸਮੂਹ ਬੀਐੱਲਓਜ਼ ਨੂੰ 20 ਆਗਸਤ ਤੋਂ ਲੈ ਕੇ 20 ਸਤੰਬਰ 2024 ਤੱਕ ਘਰ-ਘਰ ਜਾ ਕੇ ਸਰਵੇ ਕਰਕੇ ਵੋਟਾਂ ਬਣਾਉਣ, ਕੱਟਣ ਤੇ ਦਰੁਸਤ ਕਰਨ ਅਤੇ ਨਵੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ ਪੂਰੀ ਕਰਨ ਦੀਆਂ ਹਦਾਇਤਾ ਜਾਰੀ ਕੀਤੀਆਂ ਗਈਆਂ ਹਨ ਪਰ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਅਜੇ ਤੱਕ ਜ਼ਿਲ੍ਹਾ ਗੁਰਦਾਸਪੁਰ ਅੰਦਰ ਬੀਐੱਲਓਜ਼ ਨੂੰ ਆਪਣੇ ਵਿਭਾਗਾਂ ਵਿੱਚ ਕੰਮ ਕਰਨ ਤੋਂ ਫਾਰਗੀ ਛੁੱਟੀ ਨਹੀਂ ਦਿੱਤੀ ਗਈ। ਜਦਕਿ ਚੋਣ ਕਮਿਸਨਰ ਪੰਜਾਬ ਵਲੋਂ ਵੋਟਾਂ ਸਬੰਧੀ ਇਹ ਪ੍ਰਕਿਰਿਆ ਪੂਰੀ ਕਰਨ ਦਾ ਮਹਿਜ਼ ਇਕ ਮਹੀਨਾ ਹੀ ਸਮਾਂ ਦਿੱਤਾ ਗਿਆ ਹੈ। ਫਾਰਗੀ ਛੁੱਟੀ ਨਾ ਮਿਲਣ ਕਾਰਨ ਜ਼ਿਲ੍ਹਾ ਗੁਰਦਾਸਪੁਰ ਅੰਦਰ ਸਮੂਹ ਬੀਐੱਲਓ ਨੂੰ ਆਪਣੇ ਵਿਭਾਗ ਵਿੱਚ ਡਿਊਟੀ ਦੇਣ ਦੇ ਬਾਅਦ ਘਰ-ਘਰ ਜਾ ਕੇ ਸਰਵੇ ਕਰਨਾ ਔਖਾ ਹੈ। ਜ਼ਿਲ੍ਹਾ ਪ੍ਰਧਾਨ ਰਛਪਾਲ ਸਿੰਘ ਭੁੰਬਲੀ ਨੇ ਦੱਸਿਆ ਕਈਆਂ ਜ਼ਿਲ੍ਹਿਆਂ ਅੰਦਰ ਸਬੰਧਿਤ ਡਿਪਟੀ ਕਮਿਸਨਰ-ਕਮ-ਜ਼ਿਲ੍ਹਾ ਚੋਣ ਕਮਿਸ਼ਨਰ ਵਲੋਂ ਬੀਐੱਲਓਜ਼ ਲਈ ਫਾਰਗੀ ਛੁੱਟੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਪਰ ਜ਼ਿਲ੍ਹਾ ਗੁਰਦਾਸਪੁਰ ਅੰਦਰ ਬੀਐੱਲਓ ਮਲਾਜ਼ਮਾਂ ਲਈ ਪਿਤਰੀ ਵਿਭਾਗ ਤੋਂ ਫਾਰਗੀ ਛੁੱਟੀ ਦੇ ਹੁਕਮ ਜਾਰੀ ਨਹੀਂ ਕੀਤੇ ਗਏ ਜਿਸ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ ਬੀਐੱਲਓਜ਼ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਮਾਸਟਰ ਭੁੰਬਲੀ ਨੇ ਡਿਪਟੀ ਕਮਿਸਨਰ ਗੁਰਦਾਸਪੁਰ ਦੇ - ਕਮ-ਜ਼ਿਲ੍ਹਾ ਚੋਣ ਕਮਿਸਨਰ ਕੋਲੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਅੰਦਰ ਬੀਐੱਲਓ ਡਿਊਟੀ ਕਰਦੇ ਸਮੂਹ ਮੁਲਾਜਮਾਂ ਨੂੰ ਹਫਤੇ ਵਿੱਚ ਤਿੰਨ ਦਿਨ ਪਿਤਰੀ ਵਿਭਾਗ ਤੋਂ ਫਾਰਗੀ ਛੁੱਟੀ ਦਿੱਤੀ ਜਾਵੇ।

# ਕਲਾਸਵਾਲਾ ਖਾਲਸਾ ਸਕੂਲ 'ਚ ਹੋਇਆ ਭਗਵਾਨ ਸ੍ਰੀ ਕ੍ਰਿਸ਼ਨ ਦਾ ਗੁਣਗਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਿਖੇ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਨੂੰ ਸਮਰਪਿਤ ਜਨਮ ਅਸ਼ਟਮੀ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਦੇ ਨੰਨੇ-ਮੁੰਨ੍ਹੇ ਵਿਦਿਆਰਥੀ ਰਾਧਾ-ਕ੍ਰਿਸ਼ਨ ਦੇ ਲਿਬਾਸ ਵਿੱਚ ਸਕੂਲ ਆਏ।ਸਾਰੇ ਵਿਦਿਆਰਥੀ ਵਨ-ਸੁਵੰਨੇ ਪਕਵਾਨ ਵੀ ਲੈ ਕੇ ਆਏ।ਸੀਨੀਅਰ ਸੈਕਸ਼ਨ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਦੇ ਇਸ ਮੌਕੇ ਸੰਗੀਤ ਮੁਕਾਬਲੇ ਕਰਵਾਏ ਗਏ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਅਵਤਾਰ ਦੀ ਝਲਕ ਗਰੁੱਪ ਡਾਂਸ ਰਾਹੀਂ ਪ੍ਰਦਰਸ਼ਿਤ ਕੀਤੀ ਗਈ।ਇਸ ਮੌਕੇ ਸਕੂਲ ਪ੍ਰਿੰ. ਡਾ. ਸ਼ਾਲਿਨੀ ਦੱਤਾ ਨੇ ਸਭ ਨੂੰ ਜਨਮ-ਅਸ਼ਟਮੀ ਦੇ ਤਿਓਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨਾਲ ਜਨਮ ਅਸ਼ਟਮੀ ਤੇ ਸ਼੍ਰੀ ਕ੍ਰਿਸ਼ਨ ਦੇ ਅਵਤਾਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਸਕੂਲ ਉੱਪ ਪ੍ਰਿੰ. ਪਰਮਿੰਦਰ ਕੌਰ, ਹੈੱਡ ਮਾਸਟਰ ਪਰਮਜੀਤ ਸਿੰਘ, ਸ਼ਰਨਬੀਰ ਕੌਰ, ਹਰਦੀਪ ਸਿੰਘ, ਧਿਆਨ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਲੋਕਾਂ ਦੇ ਆਰਥਿਕ ਤੇ ਰਾਜਨੀਤਕ ਮਸਲਿਆਂ 'ਤੇ ਸੰਘਰਸ਼ ਤੇਜ਼ ਕਰਾਂਗੇ: ਮੱਲਾ, ਪੰਡੋਰੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਤਹਿਸੀਲ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਸਹੀਦ ਦੀਪਕ ਯਾਦਗਰੀ ਭਵਨ ਤਰਨ ਤਾਰਨ ਵਿਖੇ ਡਾਕਟਰ ਅਸ਼ਵਨੀ ਕੁਮਾਰ ਨੌਸ਼ਹਿਰਾ ਪੰਨੂਆਂ ਅਤੇ ਮੀਨਾ ਕੌਰ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲਾ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਕਿਹਾ ਕਿ ਪੰਜਾਬ ਦੇ ਅਣਸੁਲਝੇ ਮਸਲਿਆ ਦੇ ਹੱਲ ਅਤੇ ਪੰਜਾਬ ਦੀ ਬੇਰੁਜ਼ਗਾਰ ਫਿਰ ਰਹੀ ਜਵਾਨੀ ਦੇ ਪੱਕੇ ਰੋਜ਼ਗਾਰ ਲਈ ਖੱਬੀਆਂ ਜਮਹੂਰੀ ਤਾਕਤਾਂ ਦਾ ਏਕਾ ਉਸਾਰ ਕੇ ਸੰਘਰਸ਼ ਆਰੰਭ ਕੀਤਾ ਗਿਆ ਹੈ। ਇਸ ਵਿੱਚ ਆਰਐੱਮਪੀਆਈ, ਐੱਮਸੀਪੀਆਈ (ਯੂ) ਅਤੇ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਪਾਣੀ ਚਿੰਤਾਜਨਕ ਹੱਦ ਤੱਕ ਥੱਲੇ ਜਾ ਚੁੱਕਾ ਅਤੇ ਪੰਜਾਬ ਵਿੱਚ ਸਮੇਂ ਸਮੇਂ ਬਣੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਪਾਣੀ ਦੇ ਸੋਮਿਆਂ ਦੀ ਰਾਖੀ ਤੇ ਸੰਭਾਲ ਨਹੀਂ ਕੀਤੀ। ਰੇਤ ਬੱਜਰੀ ਮਾਫੀਆ ਦਰਿਆਵਾਂ ਦੇ ਸਰੂਪ ਨੂੰ ਵਗਾੜ ਰਿਹਾ ਹੈ। ਕੁਦਰਤੀ ਸਰੋਤਾਂ ਨੂੰ ਬੇਕਿਰਕੀ ਨਾਲ ਲੁੱਟ ਰਿਹਾ ਹੈ। ਕੇਂਦਰ ਅਤੇ ਪੰਜਾਬ ਸਰਕਾਰ ਕੋਲੋਂ ਮਸਲਿਆਂ ਦੇ ਹੱਲ ਲਈ ਅਤੇ ਰਾਜਸੀ ਚੇਤਨਾ ਪੈਦਾ ਕਰਨ ਲਈ 9 ਸਤੰਬਰ ਤੋਂ 16 ਸਤੰਬਰ ਤੱਕ ਕੇਂਦਰ ਅਤੇ ਪੰਜਾਬ ਦੇ ਮੰਤਰੀਆਂ ਦੇ ਘਰਾਂ ਤੱਕ ਮਾਰਚ ਕਰ ਕੇ ਮੰਗ ਪੱਤਰ ਦਿੱਤੇ ਜਾਣਗੇ।ਇਸ ਮੌਕੇ ਸਤਨਾਮ ਸਿੰਘ ਦੇਓ, ਜਰਨੈਲ ਸਿੰਘ ਰਸੂਲਪੁਰ, ਨਰਿੰਦਰ ਸਿੰਘ ਰਟੋਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ 'ਚ ਲੱਗਾ ਨਸ਼ਾ ਵਿਰੋਧੀ ਸੈਮੀਨਾਰ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਹਾਇਕ ਡਾਇਰੈਕਟਰ ਜ਼ਿਲ੍ਹਾ ਯੁਵਕ ਕੇਂਦਰ, ਗੁਰਦਾਸਪੁਰ ਦੇ ਮੀਮੋ ਨੰ:ਸ.ਡ.ਯ.ਸ/ਗ/2024 ਮਿਤੀ 22-08-2024 ਅਤੇ ਮਾਨਯੋਗ ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੇ ਆਦੇਸ਼ਾਂ ਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡੇਰਾ ਬਾਬਾ ਨਾਨਕ ਵਿਖੇ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ ਗਿਆ।

ਇਸ ਦੌਰਾਨ ਵਿਦਿਆਰਥੀਆਂ ਨੇ ਨਸ਼ਿਆਂ ਤੋਂ ਜਾਗਰੂਕ ਹੋਣ ਸਬੰਧੀ ਬੈਨਰ ਬਣਾਏ ਅਤੇ ਭਾਸ਼ਣ ਦਿੱਤੇ।ਇਸ ਮੌਕੇ ਸਕੂਲ ਦੇ ਪ੍ਰਿੰ. ਮੈਡਮ ਰੁਪਿੰਦਰਜੀਤ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਹੋਣ ਵਾਲੇ ਮਾੜੇ ਅਸਰ ਬਾਰੇ ਜਾਗਰੂਕ ਕੀਤਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ।ਇਸ ਮੌਕੇ ਐੱਨ.ਐੱਸ.ਐੱਸ. ਇੰਚਾਰਜ ਲਵ ਕੁਮਾਰ (ਸਾਇੰਸ ਮਾਸਟਰ), ਗੌਰਵ ਸ਼ਰਮਾ, ਬਲਜਿੰਦਰ ਸਿੰਘ (ਵੋਕੇਸ਼ਨਲ ਟੀਚਰ), ਜਗਜੀਤ ਸਿੰਘ (ਕੰਪਿਊਟਰ ਫੈਕਲਟੀ), ਪਲਵਿੰਦਰ ਸਿੰਘ (ਸਾਇੰਸ ਮਾਸਟਰ) ਹਾਜ਼ਰ ਸਨ।

# ਹਿੰਦੁਸਤਾਨ ਸਕਾਊਟ ਐਂਡ ਗਾਈਡ ਦੀ ਰਾਸ਼ਟਰੀ ਕਾਰਜਕਾਰਨੀ ਦੀ ਚੋਣ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਹਿੰਦੁਸਤਾਨ ਸਕਾਊਟ ਐਂਡ ਗਾਈਡ ਸੰਗਠਨ ਦੇ ਰਾਸ਼ਟਰੀ ਪਰਿਸ਼ਦ ਵਿੱਚ ਚੋਣ ਹੋਈ।ਪ੍ਰੋਗਰਾਮ ਦੀ ਸ਼ੁਰੂਆਤ ਸਕਾਊਟ ਐਂਡ ਗਾਈਡ ਦੇ ਜਨਕ ਰਾਮ ਵਾਜਪਾਈ ਨੂੰ ਸ਼ਰਧਾਂਜਲੀ ਦੇ ਕੇ ਕੀਤੀ ਗਈ ਜਿਸ ਵਿੱਚ ਇਸ ਉਪਰੰਤ ਚੋਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ, ਜਿਸ ਵਿੱਚ ਸਰਬਸੰਮਤੀ ਨਾਲ ਭਰਤ ਅਰੋੜਾ ਰਾਸ਼ਟਰੀ ਚੇਅਰਮੈਨ, ਵੀ. ਕੇ. ਚੋਪੜਾ ਨੈਸ਼ਨਲ ਚੀਫ ਕਮਿਸ਼ਨਰ, ਡਾ. ਮਨੋਜ ਮਲਿਕ ਨੈਸ਼ਨਲ ਪ੍ਰੈਜ਼ੀਡੈਂਟ, ਸੀਮਾ ਸਕਸੈਨਾ, ਊਸ਼ਾ ਕੁਮਾਰੀ ਬੈਨਰਜੀ, ਤਿਲਕ ਰਾਜ, ਤੀਨੂ ਆਹੂਜਾ ਰਾਸ਼ਟਰੀ ਉਪਦੇਸ਼ਕ ਦੇ ਤੌਰ 'ਤੇ ਚੁਣੇ ਗਏ।ਇਹ ਜਾਣਕਾਰੀ ਦਿੰਦੇ ਹੋਏ ਸਟੇਟ ਜਨਰਲ ਸੈਕਟਰੀ ਨਿਤਿਨ ਚੌਧਰੀ ਅਤੇ ਸਟੇਟ ਸੈਕਟਰੀ ਹਰਦੀਪ ਸਿੰਘ ਨੇ ਦੱਸਿਆ ਕਿ ਇਹ ਚੋਣ ਚੰਗੇ ਮਾਹੌਲ 'ਚ ਹੋਈ। ਸਟੇਟ ਸੈਕਟਰੀ ਹਰਦੀਪ ਸਿੰਘ ਵੱਲੋਂ ਸਾਰੇ ਨਵੇਂ ਚੁਣੇ ਗਏ ਅਧਿਕਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਅੰਧਵਿਸ਼ਵਾਸ ਨੇ ਸਿੰਘਪੁਰਾ ਦੇ ਨੌਜਵਾਨ ਦੀ ਲਈ ਜਾਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੁਲਸ ਥਾਣਾ ਧਾਰੀਵਾਲ ਅਧੀਨ ਪੈਂਦੇ ਪਿੰਡ ਸਿੰਘਪੁਰਾ ਵਿੱਚ ਇਕ ਬਿਮਾਰ ਨੌਜਵਾਨ ਲਈ ਦੁਆ ਕਰਨ ਲਈ ਪਰਿਵਾਰ ਵੱਲੋਂ ਆਪਣੇ ਘਰ ਬੁਲਾਏ ਦੋ ਵਿਅਕਤੀਆਂ ਅਤੇ ਸਾਥੀਆਂ ਵੱਲੋਂ ਨੌਜਵਾਨ ਦੇ ਭੂਤ ਕੱਢਣ ਦੇ ਨਾਮ 'ਤੇ ਕਾਫੀ ਮਾਰ-ਕੁਟਾਈ ਕਰਕੇ ਨੌਜਵਾਨ ਨੂੰ ਜਾਨੋਂ ਮਾਰ ਦੇਣ ਦਾ ਮੰਦਭਾਗਾ ਮਾਮਲਾ ਸਾਹਮਣਾ ਆਇਆ ਹੈ। ਮ੍ਰਿਤਕ ਦੀ ਪਛਾਣ ਸੈਮੂਅਲ ਮਸੀਹ (30 ਸਾਲ) ਪੁੱਤਰ ਮੰਗਾ ਮਸੀਹ ਵਾਸੀ ਸਿੰਘਪੁਰਾ ਵਜੋਂ ਹੋਈ ਹੈ। ਮ੍ਰਿਤਕ ਦੇ ਪਿੱਛੇ ਪਤਨੀ ਅਤੇ ਦੋ ਛੋਟੇ ਬੱਚੇ ਹਨ। ਪਰਿਵਾਰਕ ਮੈਂਬਰਾਂ ਵਲੋਂ ਉਸਦੇ ਮ੍ਰਿਤਕ ਸਰੀਰ ਨੂੰ ਪਿੰਡ ਦੇ ਕਬਰਸਤਾਨ ਵਿੱਚ ਦਫਨਾ ਦਿੱਤਾ ਗਿਆ। ਇਸ ਬਾਰੇ ਕਿਸੇ ਵੱਲੋਂ ਇਤਲਾਹ ਮਿਲਣ 'ਤੇ ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਬਲਜੀਤ ਕੌਰ ਨੇ ਪੁਲਸ ਪਾਰਟੀ ਸਮੇਤ ਪਿੰਡ ਸਿੰਘਪੁਰਾ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਨੌਜਵਾਨ ਦੀ ਮਾਤਾ ਰਾਖਲ ਪਤਨੀ ਮੰਗਾ ਮਸੀਹ ਵਾਸੀ ਸਿੰਘਪੁਰਾ ਨੇ ਪੁਲਸ ਨੂੰ ਦੱਸਿਆ ਕਿ ਉਸਦਾ ਲੜਕਾ ਸੈਮੂਅਲ ਮਸੀਹ (30 ਸਾਲ) ਜੋ ਕਿ ਬਿਮਾਰ ਸੀ। ਉਸ (ਰਾਖਲ) ਨੇ ਜੈਕਬ ਮਸੀਹ ਉਰਫ ਜੱਕੀ ਪੁੱਤਰ ਸੱਤਾ ਮਸੀਹ ਵਾਸੀ ਸੰਘਰ ਕਲੋਨੀ ਅਤੇ ਬਲਜੀਤ ਸਿੰਘ ਉਰਫ ਸੋਨੂੰ ਪੁੱਤਰ ਰਣਜੀਤ ਸਿੰਘ ਵਾਸੀ ਸੁਚੈਨੀਆਂ ਥਾਣਾ ਘੁੰਮਣ ਕਲਾਂ ਨੂੰ ਦੁਆ ਕਰਨ ਵਾਸਤੇ ਆਪਣੇ ਘਰ ਬੁਲਾਇਆ ਸੀ ਜੋ 21 ਅਗਸਤ 2024 ਨੂੰ ਰਾਤ ਦੇ ਕਰੀਬ 10 ਵਜੇ ਉਸਦੇ ਘਰ ਆਏ ਅਤੇ ਬਾਅਦ ਵਿੱਚ 7/8 ਹੋਰ ਵਿਅਕਤੀਆਂ ਨੂੰ ਬੁਲਾ ਲਿਆ। ਉਨ੍ਹਾਂ ਨੇ ਉਸਦੇ ਲੜਕੇ ਸੈਮੂਅਲ ਮਸੀਹ ਦੀ ਭੂਤ ਕੱਢਣ ਦੇ ਨਾਮ ਤੇ ਕਾਫੀ ਮਾਰ ਕੁਟਾਈ ਕੀਤੀ ਅਤੇ ਉਸਨੂੰ ਮੰਜੇ ਤੇ ਪਾ ਕੇ ਚਲੇ ਗਏ। ਜਦੋਂ ਅਸੀਂ ਪਰਿਵਾਰਕ ਮੈਂਬਰਾਂ ਨੇ ਨੇੜੇ ਜਾ ਕੇ ਦੇਖਿਆ ਕਿ ਸੈਮੂਅਲ ਮਸੀਹ ਦੀ ਮੌਤ ਚੁੱਕੀ ਸੀ। ਪਰਿਵਾਰਕ ਮੈਂਬਰਾਂ ਨੇ 22 ਅਗਸਤ ਨੂੰ ਨੌਜਵਾਨ ਦੇ ਮ੍ਰਿਤਕ ਸਰੀਰ ਨੂੰ ਪਿੰਡ ਦੇ ਕਬਰਸ਼ਤਾਨ ਵਿੱਚ ਦਫਨਾ ਦਿੱਤਾ ਸੀ। ਥਾਣਾ ਧਾਰੀਵਾਲ ਦੇ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਮ੍ਰਿਤਕ ਦੀ ਮਾਤਾ ਰਾਖਲ ਦੇ ਬਿਆਨਾਂ ਅਨੁਸਾਰ ਜੈਕਬ ਮੀਸਹ ਉਰਫ ਜੱਕੀ ਪੁੱਤਰ ਸੱਤਾ ਮਸੀਹ ਵਾਸੀ ਸੰਘਰ ਕਲੋਨੀ, ਬਲਜੀਤ ਸਿੰਘ ਉਰਫ ਸੋਨੂੰ ਪੁੱਤਰ ਰਣਜੀਤ ਸਿੰਘ ਵਾਸੀ ਸੁਚੈਨੀਆਂ ਥਾਣਾ ਘੁੰਮਣ ਕਲਾਂ ਅਤੇ 7/8 ਨਾਮਲੂਮ ਵਿਅਕਤੀਆਂ ਵਿਰੁੱਧ ਜੁਰਮ 105, 190, 191(3) ਬੀਐੱਨਐੱਸ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰ ਕਰ ਦਿੱਤੀ ਹੈ।

# ਬਾਬਾ ਸ੍ਰੀ ਚੰਦ ਮਾਡਰਨ ਸਕੂਲ 'ਚ ਧੂਮਧਾਮ ਨਾਲ ਮਨਾਈ ਕ੍ਰਿਸ਼ਨ ਜਨਮ ਅਸ਼ਟਮੀ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਬਾਬਾ ਸ਼੍ਰੀ ਚੰਦ ਸਕੂਲ ਚੂਹੜ-ਚੱਕ ਵਿੱਚ ਨਿੱਕੇ ਨਿੱਕੇ ਬੱਚਿਆਂ ਵੱਲੋਂ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ ਮਨਾਇਆ ਗਿਆ ਜਿਸ ਵਿੱਚ ਨਰਸਰੀ, ਐੱਲ. ਕੇ. ਜੀ. ਅਤੇ ਯੂ. ਕੇ. ਜੀ. ਜਮਾਤ ਦੇ ਬੱਚੇ ਰੰਗ ਬਿਰੰਗੀਆਂ ਪੁਸ਼ਾਕਾਂ ਵਿੱਚ ਕਾਨ੍ਹਾ ਤੇ ਰਾਧਾ ਬਣੇ ਨਜ਼ਰ ਆਏ।ਇਹ ਉਤਸਵ ਸਕੂਲ ਦੀ ਪ੍ਰਿੰ. ਰੀਨਾ ਸਰਮਾਲ ਦੁਆਰਾ ਮਨਾਇਆ ਗਿਆ।ਉਨ੍ਹਾਂ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਰਾਧਾ ਕ੍ਰਿਸ਼ਨ ਦੇ ਜੀਵਨ ਬਾਰੇ ਬੱਚਿਆਂ ਨੂੰ ਦੱਸਿਆ।ਸਕੂਲ ਦੇ ਐੱਮ. ਡੀ. ਸਤਨਾਮ ਸਿੰਘ ਨੇ ਬੱਚਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਤੇ ਰਲ-ਮਿਲ ਕੇ ਰਹਿਣ ਲਈ ਕਿਹਾ।ਅੱਠਵੀ, ਨੌਵੀਂ ਤੇ ਦੱਸਵੀਂ ਦੀਆਂ ਵਿਦਿਆਰਥਣਾਂ ਨੇ ਨਾਚ ਗਾਣਾ ਵੀ ਪੇਸ਼ ਕੀਤਾ। ਬੱਚਿਆ ਵਿੱਚ ਜਨਮ ਅਸ਼ਟਮੀ ਪ੍ਰਤੀ ਉਤਸ਼ਾਹ ਵੇਖਿਆ ਗਿਆ।ਇਸ ਮੌਕੇ ਸਕੂਲ ਦੇ ਵਾਇਸ ਪ੍ਰਿੰ. ਅਸ਼ਵਨੀ ਕੁਮਾਰ, ਸਮੂਹ ਸਟਾਫ ਅਮਨਦੀਪ, ਵਿਕਾਸ ਬੈਂਸ, ਕਾਜਲ ਸਲਾਰੀਆ, ਕਾਜਲ, ਕਮਲਜੀਤ, ਗੁਰਜਿੰਦਰ ਕੌਰ, ਸੁਰੇਖ਼ਾ, ਸ਼ਾਲਿਨੀ ਸੈਣੀ, ਨੇਹਾ, ਕੋਆਰਡੀਨੇਟਰ ਇੰਦਰਜੀਤ ਕੌਰ, ਨੇਹਾ, ਜੀਵਨ, ਮਹਿਕ, ਅੰਜੂ, ਸਰਿਸ਼ਟਾ ਮੌਜੂਦ ਸਨ।

# ਏਕਮਨੂਰ ਸਿੰਘ ਨੇ ਬਾਕਸਿੰਗ 'ਚ ਗੋਲਡ ਮੈਡਲ ਜਿੱਤਿਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਾਰ ਸੇਵਾ ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਦੀ ਰਹਿਨੁਮਾਈ ਹੇਠ ਚਲਾਈ ਜਾ ਰਹੀ ਗੁਰੂ ਨਾਨਕ ਦੇਵ ਅਕੈਡਮੀ ਤਰਨ ਤਾਰਨ ਦੇ ਸਤਵੀ ਕਲਾਸ ਦੇ ਵਿਦਿਆਰਥੀ ਏਕਮਨੂਰ ਸਿੰਘ ਨੇ 68ਵੇਂ ਜ਼ਿਲ੍ਹਾ ਸਕੂਲ ਬਾਕਸਿੰਗ ਮੁਕਾਬਲਿਆਂ ਵਿੱਚ ਅੰਡਰ-14 ਮੁਕਾਬਲੇ ਵਿੱਚ ਸਾਰੇ ਤਰਨ ਤਾਰਨ ਜ਼ਿਲੇ ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰ. ਮੈਡਮ ਜਸਪਾਲ ਕੌਰ ਸਿੱਧੂ, ਡੀ. ਪੀ. ਈ. ਗੁਰਪ੍ਰੀਤ ਸਿੰਘ, ਡੀ. ਪੀ. ਈ. ਗੁਰਪ੍ਰਤਾਪ ਸਿੰਘ, ਡੀ. ਪੀ. ਈ. ਗਗਨਦੀਪ ਸਿੰਘ ਅਤੇ ਬੱਚੇ ਦੇ ਪਿਤਾ ਪ੍ਰਭਜੀਤ ਸਿੰਘ ਅਤੇ ਮਾਤਾ ਸ਼ਰਨਜੀਤ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਖੇਡਾਂ ਵਿੱਚ ਹੋਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।

# ਡੀ ਸੀ ਉਮਾ ਸ਼ੰਕਰ ਗੁਪਤਾ ਨੇ ਕਲਾਨੌਰ ਤੇ ਡੇਰਾ ਬਾਬਾ ਨਾਨਕ ਦਾ ਕੀਤਾ ਦੌਰਾ

## ਸ਼ਿਵ ਮੰਦਰ ਕਲਾਨੌਰ ਤੇ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਵਿਖੇ ਕੀਤੇ ਦਰਸ਼ਨ



**ਡੇਰਾ ਬਾਬਾ ਨਾਨਕ, ਕਲਾਨੌਰ, ਗੁਰਦਾਸਪੁਰ (ਰਮੇਸ਼ ਸ਼ਰਮਾ, ਮਨਦੀਪ ਕੋਹਲੀ, ਦਿਨੇਸ਼ ਕੁਮਾਰ)**-ਡਿਪਟੀ ਕਮਿਸ਼ਨਰ ਗੁਰਦਾਸਪੁਰ ਓਮਾ ਸ਼ੰਕਰ ਗੁਪਤਾ ਵੱਲੋਂ ਅੱਜ ਕਲਾਨੌਰ ਅਤੇ ਡੇਰਾ ਬਾਬਾ ਨਾਨਕ ਦਾ ਦੌਰਾ ਕੀਤਾ ਗਿਆ। ਉਨ੍ਹਾਂ ਸਭ ਤੋਂ ਪਹਿਲਾਂ ਸ਼ਿਵ ਮੰਦਰ ਕਲਾਨੌਰ ਅਤੇ ਡੇਰਾ ਬਾਬਾ ਨਾਨਕ ਵਿਖੇ ਗੁਰਦੁਆਰਾ ਸ੍ਰੀ ਚੋਲ੍ਹਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਉਨ੍ਹਾਂ ਨੂੰ ਮੰਦਰ ਕਮੇਟੀ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦਾ ਦੌਰਾ ਕੀਤਾ ਗਿਆ ਅਤੇ ਓਥੇ ਲੈਂਡ ਪੋਰਟ ਅਥਾਰਟੀ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਇਸ ਉਪਰੰਤ ਉਨ੍ਹਾਂ ਵੱਲੋਂ ਐੱਸਡੀਐੱਮ ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਤਹਿਸੀਲ ਡੇਰਾ ਬਾਬਾ ਨਾਨਕ ਵਿੱਚ ਰਹੇ ਵਿਕਾਸ ਕਾਰਜਾਂ ਦਾ ਰੀਵਿਊ ਕੀਤਾ ਗਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਚੱਲ ਰਹੇ ਵਿਕਾਸ ਕਾਰਜਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਸਾਰੇ ਵਿਕਾਸ ਕਾਰਜ ਤਹਿ ਸਮੇਂ ਅੰਦਰ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਵਾਉਣ ਆਉਣ ਵਾਲੇ ਹਰ ਵਿਅਕਤੀ ਨੂੰ ਪੂਰਾ ਸਤਿਕਾਰ ਦਿੱਤਾ ਜਾਵੇ ਅਤੇ ਮੈਰਿਟ ਦੇ ਅਧਾਰ ਤੇ ਉਨ੍ਹਾਂ ਦੇ ਕੰਮ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਲੋਕਾਂ ਦੀ ਖ਼ੱਜਲ-ਖੁਆਰੀ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਐੱਸ.ਡੀ.ਐੱਸ. ਦਫ਼ਤਰ ਕਲਾਨੌਰ ਵਿਖੇ ਵੀ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਤਹਿਸੀਲ ਕਲਾਨੌਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ ਕਲਾਨੌਰ ਸ੍ਰੀਮਤੀ ਜਯੋਤਸਨਾ ਸਿੰਘ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਵਿਪਨ ਭੰਡਾਰੀ, ਡੀਡੀਪੀਓ ਗੁਰਪ੍ਰੀਤ ਸਿੰਘ ਭੁੱਲਰ, ਤਹਿਸੀਲਦਾਰ ਕਲਾਨੌਰ ਸ੍ਰੀਮਤੀ ਅਰਚਨਾ ਸ਼ਰਮਾਂ, ਤਹਿਸੀਲਦਾਰ ਲਖਵਿੰਦਰ ਸਿੰਘ, ਬੀਡੀਪੀਓ ਡੇਰਾ ਬਾਬਾ ਨਾਨਕ ਜਸਬੀਰ ਕੌਰ, ਨਾਇਬ ਤਹਿਸੀਲਦਾਰ ਕਰਨਬੀਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਲਵਿਸ਼ ਨੇ ਰਾਜ ਪੱਧਰੀ ਕਰਾਟੇ ਮੁਕਾਬਲੇ 'ਚ ਜਿੱਤਿਆ ਚਾਂਦੀ ਦਾ ਤਮਗਾ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਟੀਸੀ ਇੰਟਰਨੈਸ਼ਨਲ ਸਕੂਲ, ਬਹਿਰਾਮਪੁਰ ਰੋਡ, ਗੁਰਦਾਸਪੁਰ ਦੇ 6ਵੀਂ ਜਮਾਤ ਦੇ ਵਿਦਿਆਰਥੀ ਲਵਿਸ਼ ਨੇ ਰਾਜ ਪੱਧਰੀ ਕਰਾਟੇ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਲਵਿਸ਼ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਉਸਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਸਕੂਲ ਨੂੰ ਲਾਵੀਸ਼ ਤੇ ਮਾਣ ਹੈ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਕਿਉਂਕਿ ਇਹ ਸਿਹਤ ਅਤੇ ਤੰਦਰੁਸਤੀ ਲਈ ਮਹੱਤਵਪੂਰਨ ਹੈ।ਸਕੂਲ ਪਰਿਵਾਰ ਨੇ ਲਵਿਸ਼ ਦੀ ਇਸ ਪ੍ਰਾਪਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

## 80 ਕਿਲੋ ਲਾਹਣ ਸਮੇਤ ਔਰਤ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਦਰ ਗੁਰਦਾਸਪੁਰ ਪੁਲਸ ਨੇ 80 ਕਿਲੋ ਲਾਹਣ ਸਮੇਤ ਇਕ ਔਰਤ ਨੂੰ ਕਾਬੂ ਕੀਤਾ ਹੈ। ਏ. ਐੱਸ. ਆਈ. ਕੁਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਮੁੱਖਬਰ ਦੀ ਇਤਲਾਹ 'ਤੇ ਇਕ ਕਥਿਤ ਦੋਸ਼ਣ ਔਰਤ ਦੇ ਘਰ ਰੇਡ ਕਰਕੇ ਕਥਿਤ ਦੋਸ਼ਣ ਔਰਤ ਨੂੰ 80 ਕਿਲੋ ਲਾਹਣ ਅਤੇ ਭੱਠੀ ਦੇ ਸਾਮਾਨ ਸਮੇਤ ਕਾਬੂ ਕੀਤਾ ਹੈ। ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਉਕਤ ਔਰਤ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਗਈ ਹੈ।

# ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਸੈਮੀਨਾਰ

**ਗੁਰਦਾਸਪੁਰ (ਜਨਕ ਮਹਾਜਨ)**- ਸਰਕਾਰੀ ਹਾਈ ਸਕੂਲ ਸੈਦੋਵਾਲ ਕਲਾਂ ਵਿਖੇ ਖੇਤੀਬਾੜੀ ਵਿਭਾਗ ਵੱਲੋਂ ਖੇਤਾਂ ਵਿੱਚ ਬਚੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨੂੰ ਬੰਦ ਕਰਵਾਉਣ ਸੰਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਇਕਬਾਲ ਸਿੰਘ ਖੇਤੀਬਾੜੀ ਅਫਸਰ ਕਾਹਨੂੰਵਾਨ, ਕਮਲ ਇੰਦਰਜੀਤ ਬਾਜਵਾ ਬਲਾਕ ਟੈਕਨੋਲਜੀ ਮੈਨੇਜਰ, ਇੰਦਰਜੋਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ, ਮਨਪ੍ਰੀਤ ਸਿੰਘ ਕਾਹਲੋਂ ਸਹਾਇਕ ਟੈਕਨੀਕਲ ਮੈਨੇਜਰ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਰਾਲੀ ਨਾ ਸਾੜਨ ਅਤੇ ਉਸ ਦੀ ਸਹੀ ਢੰਗ ਨਾਲ ਸਾਂਭ ਸੰਭਾਲ ਬਾਰੇ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਭਾਗ ਲਿਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪਰਾਲੀ ਨੂੰ ਨਾ ਸਾੜਨ ਸੰਬੰਧੀ ਕੁਇਜ, ਪੋਸਟਰ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਖੇਤੀਬਾੜੀ ਅਫ਼ਸਰਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਅਧਿਆਪਕ ਨਰਿੰਦਰ ਕੁਮਾਰ ਮਹਿਤਾ, ਅਧਿਆਪਕ ਸੁਰਿੰਦਰ ਸਿੰਘ, ਕਮਲਜੀਤ ਕੌਰ, ਕਿਰਨ ਬਾਲਾ, ਮਨਦੀਪ ਕੌਰ ਅਤੇ ਨੀਨਾ ਸ਼ਰਮਾ ਆਦਿ ਹਾਜ਼ਰ ਸਨ।

25-AUG-PAGE-4.qxd 8/24/2024 11:01 PM Page 1



# ਮੰਡੋਰ ਤੋਂ ਅਜਨੌਦਾ ਸੜਕ ਦੀ ਖ਼ਸਤਾ ਹਾਲਤ ਕਾਰਨ ਲੋਕ ਪ੍ਰੇਸ਼ਾਨ

■ ਸੜਕ ਜਲਦੀ ਬਣਾਉਣ ਦੀ ਕੀਤੀ ਮੰਗ



**ਨਾਭਾ (ਵਰਿੰਦਰ ਵਰਮਾ)**-ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਦੇ ਹਲਕੇ ਦਿਹਾਤੀ ਪਟਿਆਲਾ ਦੇ ਕਈ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਖ਼ਸਤਾ ਹਾਲਤ ਕਾਰਨ ਲੋਕ ਪ੍ਰੇਸ਼ਾਨ ਹਨ, ਉੱਥੇ ਹੀ ਲੰਮੇ ਸਮੇਂ ਤੋਂ ਮੰਡੋਰ ਤੋਂ ਅਜਨੌਦਾ ਕਲਾਂ ਸੜਕ ਦੀ ਮਾੜੀ ਹਾਲਤ ਕਾਰਨ ਸੰਤਾਪ ਭੋਗ ਰਹੇ ਪਿੰਡ ਮੰਡੋਰ ਦੇ ਵਾਸੀਆਂ ਵੱਲੋਂ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਸੜਕ ਨੂੰ ਜਲਦੀ ਬਣਾਉਣ ਦੀ ਮੰਗ ਕਰਦਿਆਂ ਮੈਂਬਰ ਪੰਚਾਇਤ ਹਰਪ੍ਰੀਤ ਸਿੰਘ, ਸਮਾਜ ਸੇਵਕ ਦਲੀਪ ਸਿੰਘ, ਨੰਬਰਦਾਰ ਰਣਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਕਿਹਾ ਕਿ ਤਿੰਨ ਸਾਲ ਵੱਧ ਸਮਾਂ ਹੋ ਗਿਆ ਹੈ, ਸਾਡੇ ਪਿੰਡ ਮੰਡੋਰ ਤੋਂ ਅਜਨੌਦਾ ਕਲਾਂ ਸੜਕ ਬੁਰੀ ਤਰ੍ਹਾਂ ਟੁੱਟੀ ਹੋਈ ਹੈ, ਥਾਂ ਥਾਂ ਟੋਏ ਪੈ ਗਏ ਹਨ, ਜਿਸ ਕਾਰਨ ਸੜਕ 'ਤੇ ਹਰ ਸਮੇਂ ਪਾਣੀ ਖੜਾ ਰਹਿੰਦਾ ਹੈ, ਬਰਸਾਤਾਂ ਦੇ ਸਮੇਂ ਤਾਂ ਹੋਰ ਵੀ ਮਾੜਾ ਹਾਲ ਹੋ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸਾਡੇ ਪਿੰਡ ਵਿੱਚ ਸੀਨੀਅਰ ਸੈਕੰਡਰੀ ਸਕੂਲ ਤੇ ਬੈਂਕ ਤੋਂ ਇਲਾਵਾ ਇਹ ਰਸਤਾ ਕਈ ਪਿੰਡਾਂ ਨੂੰ ਜੋੜਦਾ ਹੈ, ਅਕਸਰ ਇੱਥੇ ਸਕੂਲੀ ਬੱਚੇ, ਬਜ਼ੁਰਗ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।ਉਨ੍ਹਾ ਕਿਹਾ ਕਿ ਇਸ ਸਬੰਧੀ ਕੈਬਨਿਟ ਮੰਤਰੀ ਡਾਕਟਰ ਬਲਵੀਰ ਸਿੰਘ ਨੂੰ ਮਿਲ ਕੇ ਮੰਗ ਕਰ ਚੁੱਕੇ ਹਨ ਤੇ ਉਨ੍ਹਾਂ ਦੇ ਸਪੁੱਤਰ ਰਾਹੁਲ ਵੱਲੋਂ ਵੀ ਮੌਕਾ ਦੇਖਿਆ ਜਾ ਚੁੱਕਾ ਹੈ, ਪਰ ਅੱਜ ਤੱਕ ਇਸ ਸੜਕ ਦੀ ਸਾਰ ਨਹੀਂ ਲਈ ਗਈ।ਉਨ੍ਹਾਂ ਸਰਕਾਰ ਤੋਂ ਇਸ ਸੜਕ ਨੂੰ ਜਲਦੀ ਬਣਾਉਣ ਦੀ ਮੰਗ ਕਰਦਿਆਂ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਆਲੇ ਦੁਆਲੇ ਦੇ ਪਿੰਡਾਂ ਨੂੰ ਨਾਲ ਲੈ ਕੇ ਵੱਡਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਇੰਦਰਜੀਤ ਸਿੰਘ, ਅਮਰੀਕ ਸਿੰਘ, ਰਣਯੋਧ ਸਿੰਘ, ਗੁਰਦਿੱਤ ਸਿੰਘ, ਹਰਬੰਸ ਸਿੰਘ, ਨਿਰਮਲ ਸਿੰਘ, ਜਗਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਮਹਿਲਾ ਡਾਕਟਰ ਨਾਲ ਜਬਰ-ਜ਼ਨਾਹ ਤੇ ਕਤਲ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ : ਸੰਨੀ ਗਿੱਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੱਛਮੀ ਬੰਗਾਲ ਤੇ ਮਹਾਂਨਗਰ ਕੋਲਕਾਤਾ ਵਿਖੇ ਬੀਤੇ ਦਿਨ ਇੱਕ ਮਹਿਲਾ ਡਾਕਟਰ ਨਾਲ ਹੋਏ ਜਬਰ ਜ਼ਨਾਹ ਤੇ ਬਾਅਦ ਵਿੱਚ ਉਸ ਦੇ ਵਹਿਸ਼ੀਆਨਾ ਢੰਗ ਨਾਲ ਕੀਤੇ ਕਤਲ ਨਾਲ ਜਿੱਥੇ ਸਮੁੱਚੀ ਮਨੁੱਖਤਾ ਸ਼ਰਮਸਾਰ ਹੋਈ ਹੈ, ਉਥੇ ਇਸ ਘਟਨਾ ਨਾਲ ਭਾਰਤ ਵਰਸ਼ 'ਤੇ ਵੀ ਪੂਰੇ ਵਿਸ਼ਵ ਦੀਆਂ ਉਂਗਲਾ ਉਠੀਆਂ ਹਨ। ਭਾਵੇਂ ਕਿ ਇਸ ਦੀ ਜਾਂਚ ਲਈ ਮਾਣਯੋਗ ਸੁਪਰੀਮ ਕੋਰਟ ਖੁਦ ਕੰਮ ਕਰ ਰਹੀ ਹੈ, ਪਰ ਇਸ ਮਾਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਕਿਉਂਕਿ ਹਸਪਤਾਲ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ 'ਤੇ ਲਵਾਰਸ ਲਾਸ਼ਾਂ ਵੇਚਣ ਦੇ ਦੋਸ਼ ਲੱਗ ਰਹੇ ਹਨ, ਜੋ ਕਿ ਇੱਕ ਮਾਨਵੀ ਤਸਕਰੀ ਹੈ ਤੇ ਮਹਿਲਾ ਡਾਕਟਰ ਨੂੰ ਇਸ ਬਾਰੇ ਪਤਾ ਲੱਗ ਗਿਆ ਸੀ। ਇਸੇ ਕਰਕੇ ਉਸ ਨੂੰ ਜਬਰ ਜ਼ਨਾਹ ਤੇ ਮੌਤ ਦਾ ਸ਼ਿਕਾਰ ਬਣਾਇਆ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਮੋਗਾ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਜਿੱਥੇ ਇਹ ਘਟਨਾ ਭਾਰਤ ਦੇ ਮੱਥੇ 'ਤੇ ਕਲੰਕ ਹੈ, ਜਿਹੜਾ ਡਾਕਟਰੀ ਪੇਸ਼ਾ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਂਦਾ ਹੈ, ਅੱਜ ਉਹ ਹੀ ਹਸਪਤਾਲਾਂ ਵਿੱਚ ਸੁਰੱਖਿਅਤ ਨਹੀਂ, ਇਸ ਤੋਂ ਮੰਦਭਾਗਾ ਹੋਰ ਕੀ ਹੋਵੇਗਾ ? ਉਨ੍ਹਾਂ ਕਿਹਾ ਕਿ ਭਾਰਤ ਦੇ ਕਾਨੂੰਨਾਂ ਵਿੱਚ ਵੱਡੀ ਸੋਧ ਕਰਕੇ ਭਾਵੇਂ ਭਾਰਤੀ ਨਿਆਂ ਸੰਘਤਾ ਨੂੰ ਹੋਂਦ ਵਿੱਚ ਲਿਆਂਦਾ ਹੈ, ਪਰ ਅਜਿਹੀਆਂ ਜਬਰ ਜ਼ਨਾਹ ਵਰਗੀਆਂ ਘਟਨਾਵਾਂ 'ਤੇ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ ਅਤੇ ਅਜਿਹੇ ਵਹਿਸ਼ੀ ਦੋਸ਼ੀਆਂ ਨੂੰ ਫਾਂਸੀ ਲਟਕਾਉਣਾ ਚਾਹੀਦਾ ਹੈ ਤਾਂ ਜੋ ਅੱਗੇ ਤੋਂ ਕੋਈ ਵੀ ਦਰਿੰਦਾ ਅਜਿਹੀਆਂ ਘਟਨਾਂ ਨੂੰ ਅੰਜਾਮ ਨਾ ਦੇ ਸਕੇ।

# ਸਰਕਾਰੀ ਸਕੂਲ ਕੜ੍ਹਮਾਂ ਵਿਖੇ ਜ਼ਿਲ੍ਹਾ ਪੱਧਰੀ ਬਾਸਕਟਬਾਲ ਮੁਕਾਬਲੇ ਕਰਵਾਏ



**ਮਮਦੋਟ (ਹਰਪਾਲ ਸਿੰਘ ਸੋਢੀ)**-ਸਰਕਾਰੀ ਹਾਈ ਸਕੂਲ ਕੜ੍ਹਮਾਂ ਵਿਖੇ ਜ਼ਿਲ੍ਹਾ ਪੱਧਰੀ ਬਾਸਕਟਬਾਲ ਮੁਕਾਬਲੇ ਹੈੱਡ ਮਾਸਟਰ ਚਰਨ ਸਿੰਘ ਦੀ ਅਗਵਾਈ ਵਿੱਚ ਕਰਵਾਏ ਗਏ।ਇਸ ਵਿੱਚ ਪੂਰੇ ਜ਼ਿਲ੍ਹੇ ਦੀਆਂ ਵੱਖ-ਵੱਖ ਟੀਮਾਂ ਨੇ ਭਾਗ ਲਿਆ।ਲੜਕਿਆਂ ਦੇ ਇਹ ਮੁਕਾਬਲੇ ਤਿੰਨ ਗਰੁੱਪਾਂ ਅੰਡਰ 14, 17 ਤੇ 19 ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਨੂੰ ਸਮੂਹ ਅਧਿਆਪਕਾਂ ਤੇ ਕਰਮਚਾਰੀਆਂ ਨੇ ਪੂਰੀ ਸ਼ਿੱਦਤ ਅਤੇ ਮਿਹਨਤ ਨਾਲ ਨੇਪਰੇ ਚਾੜ੍ਹਿਆ।ਅੰਡਰ 14 ਗਰੁੱਪ ਵਿੱਚ ਪਹਿਲਾ ਸਥਾਨ ਡੀ. ਸੀ. ਮਾਡਲ ਫਿਰੋਜ਼ਪੁਰ ਕੈਂਟ, ਦੂਸਰਾ ਸਥਾਨ ਸਰਕਾਰੀ ਸੀਨੀ. ਸੈਕੰ. ਸਕੂਲ ਚੂਚਕਵਿੰਡ ਤੇ ਤੀਸਰਾ ਸਥਾਨ ਡੀ. ਸੀ. ਮਾਡਲ ਫਿਰੋਜ਼ਪੁਰ ਸ਼ਹਿਰ ਨੇ ਪ੍ਰਾਪਤ ਕੀਤਾ।ਅੰਡਰ 17 ਗਰੁੱਪ ਵਿੱਚ ਪਹਿਲਾ ਸਥਾਨ ਸਕੂਲ ਆਫ ਐਮੀਨੈਂਸ ਫ਼ਿਰੋਜ਼ਪੁਰ, ਦੂਸਰਾ ਸਥਾਨ ਡੀ. ਸੀ. ਮਾਡਲ ਫਿਰੋਜ਼ਪੁਰ ਸ਼ਹਿਰ ਤੇ ਤੀਸਰਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੂਚਕਵਿੰਡ ਨੇ ਪ੍ਰਾਪਤ ਕੀਤਾ।ਅੰਡਰ 19 ਗਰੁੱਪ ਵਿੱਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜੇ ਕੇ ਉਤਾੜ, ਦੂਸਰਾ ਸਥਾਨ ਸਕੂਲ ਆਫ ਐਮੀਨੈਂਸ ਗੁਰੂ ਹਰਸਹਾਏ ਤੇ ਤੀਸਰਾ ਸਥਾਨ ਡੀ. ਸੀ. ਮਾਡਲ ਫਿਰੋਜ਼ਪੁਰ ਕੈਂਟ ਨੇ ਪ੍ਰਾਪਤ ਕੀਤਾ।ਮੁਕਾਬਲਿਆਂ ਦੇ ਅੰਤ ਵਿੱਚ ਹਲਕਾ ਵਿਧਾਇਕ ਮਾਨਯੋਗ ਸ੍ਰੀ ਫੌਜਾ ਸਿੰਘ ਸਰਾਰੀ ਉਚੇਚੇ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਜੇਤੂ ਟੀਮਾਂ ਤੇ ਖਿਡਾਰੀਆਂ ਨੂੰ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਖੇਡਾਂ ਵਿੱਚ ਵਿਦਿਆਰਥੀਆਂ ਨੂੰ ਅੱਗੇ ਲਿਜਾਣ ਵਾਸਤੇ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਦਿੱਤੀ।ਇਨ੍ਹਾਂ ਮੁਕਾਬਲਿਆਂ ਵਿੱਚ ਰਜਿੰਦਰ ਕਿਸ਼ਨ, ਜਸਵਿੰਦਰ ਸਿੰਘ, ਰਣਜੀਤ ਸਿੰਘ, ਸ਼ੈਲਿਕਾ ਤੇ ਕਰਨੈਲ ਸਿੰਘ ਨੇ ਬਤੌਰ ਰੈਫਰੀ ਭੂਮਿਕਾ ਨਿਭਾਈ।ਪ੍ਰੋਗਰਾਮ ਦੇ ਅੰਤ ਵਿੱਚ ਹੈੱਡਮਾਸਟਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਜਸਵਿੰਦਰ ਸਿੰਘ ਬੀ.ਪੀ.ਈ.ਓ., ਪ੍ਰੀਤਮ ਚੰਦ, ਵਰੁਣ ਧਵਨ, ਰਮਨਦੀਪ ਸ਼ਰਮਾ, ਦੀਪਕ ਕੱਕੜ, ਸਵਰਨਜੀਤ ਕੌਰ, ਗਗਨਦੀਪ ਕੌਰ, ਜਸਵਿੰਦਰ ਕੌਰ, ਬਲਿਹਾਰ ਸਿੰਘ ਚੇਅਰਮੈਨ, ਰਵਿੰਦਰ ਸਿੰਘ ਨੰਬਰਦਾਰ, ਹੋਰ ਪਤਵੰਤੇ ਸੱਜਣ ਤੇ ਨਗਰ ਨਿਵਾਸੀ ਹਾਜ਼ਰ ਸਨ।

# ਮੌਲਵੀਵਾਲਾ ਦੀ ਸਹਿਕਾਰੀ ਸਭਾ 'ਤੇ ਆਮ ਆਦਮੀ ਪਾਰਟੀ ਦਾ ਕਬਜ਼ਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਅਧੀਨ ਆਉਂਦੇ ਪਿੰਡ ਮੌਲਵੀਵਾਲਾ ਦੀ ਸਹਿਕਾਰੀ ਸਭਾ ਉੱਤੇ ਆਮ ਆਦਮੀ ਪਾਰਟੀ ਨੇ ਕਬਜ਼ਾ ਕਰ ਲਿਆ ਹੈ।ਪੰਜ ਅਗਸਤ ਨੂੰ ਸਭਾ ਦੇ ਮੈਂਬਰਾਂ ਦੀ ਸਰਬਸੰਮਤੀ ਨਾਲ ਹੋਈ ਚੋਣ ਮਗਰੋਂ ਅਹੁਦੇਦਾਰਾਂ ਦੀ ਵੰਡ ਦੌਰਾਨ ਪ੍ਰਧਾਨ ਤੇ ਸੀਨੀਅਰ ਮੀਤ ਪ੍ਰਧਾਨ ਦੇ ਅਹੁਦਿਆਂ ਉੱਤੇ ਆਮ ਆਦਮੀ ਪਾਰਟੀ ਦੇ ਵਰਕਰ ਕਾਬਜ਼ ਹੋ ਗਏ ਹਨ।ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਦੇਖ-ਰੇਖ ਹੇਠ ਬਹੁਸੰਮਤੀ ਨਾਲ ਹੋਈ ਇਸ ਚੋਣ ਦੌਰਾਨ ਆਪ ਆਗੂ ਸੁਖਵਿੰਦਰ ਸਿੰਘ ਸੰਧੂ ਪ੍ਰਧਾਨ ਤੇ ਅਮਨਦੀਪ ਸਿੰਘ ਮਨੇਸ ਨੂੰ ਮੀਤ ਪ੍ਰਧਾਨ ਚੁਣਿਆ ਗਿਆ।ਇਸ ਚੋਣ ਨੂੰ ਲੈ ਕੇ ਨਗਰ ਨਿਵਾਸੀਆਂ ਵਿੱਚ ਖੁਸ਼ੀ ਪਾਈ ਗਈ।ਚੋਣ ਪ੍ਰਕਿਰਿਆ ਦੌਰਾਨ ਸਭਾ ਦੇ ਚੁਣੇ ਗਏ ਮੈਂਬਰਾਂ ਵਿੱਚੋਂ ਗਿਆਰਾਂ ਮੈਂਬਰਾਂ ਵਿੱਚੋਂ ਛੇ ਜਿਨਾਂ ਵਿੱਚ ਸੁਖਵਿੰਦਰ ਸਿੰਘ ਸੰਧੂ, ਸੁਖਬੀਰ ਸਿੰਘ ਖਾਲਸਾ, ਅਮਨਦੀਪ ਸਿੰਘ ਮਨੇਸ, ਕਰਨੈਲ ਸਿੰਘ, ਦਵਿੰਦਰ ਸਿੰਘ ਮਨੇਸ ਤੇ ਕਮਲਜੀਤ ਕੌਰ ਸ਼ਾਮਲ ਹੋਏ। ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਸਮੇਤ ਨਿਵਾਸੀਆਂ ਦਾ ਧੰਨਵਾਦ ਕੀਤਾ।

# ਡੀ ਸੀ ਨੇ ਲੋੜਵੰਦ ਬੱਚਿਆਂ ਨੂੰ ਵੰਡੀ ਮਹੀਨਾਵਾਰ ਵਜ਼ੀਫ਼ਾ ਰਾਸ਼ੀ



**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸੰਗਰੂਰ ਵਿਖੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਨੇ ਸਪਾਂਸਰਸ਼ਿਪ ਸਮਾਗਮ ਮਨਾਇਆ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਕਰਾਏ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਤੇ ਲੋੜਵੰਦ ਬੱਚਿਆਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ ਵੰਡੀ ਗਈ ।ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਸੰਗਰੂਰ ਪ੍ਰਸ਼ਾਸਨ ਜ਼ਿਲ੍ਹਾ ਵਾਸੀਆਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਬਿਨਾਂ ਕਿਸੇ ਮੁਸ਼ਕਲ ਅਤੇ ਭੇਦਭਾਵ ਤੋਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਲ ਸੁਰੱਖਿਆ ਵਿਭਾਗ ਵੱਲੋਂ ਲੋੜਵੰਦ ਬੱਚਿਆਂ ਨੂੰ ਨਿਯਮਤ ਤੌਰ 'ਤੇ ਵਜ਼ੀਫ਼ਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਜ਼ੀਫ਼ਾ ਪ੍ਰੋਗਰਾਮ ਤਹਿਤ ਜਿਹੜੇ ਬੱਚਿਆਂ ਦੇ ਪਰਿਵਾਰ ਵਿੱਚੋਂ ਕਮਾਈ ਕਰਨ ਵਾਲੇ ਦੀ ਮੌਤ ਹੋ ਚੁੱਕੀ ਹੈ ਤੇ ਕਮਾਈ ਦਾ ਕੋਈ ਸਾਧਨ ਨਹੀਂ ਹੈ ਜਾਂ ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ, ਦੋਵਾਂ, ਦੀ ਮੌਤ ਹੋ ਚੁੱਕੀ ਹੈ ਅਤੇ ਉਹ ਆਪਣੇ ਰਿਸ਼ਤੇਦਾਰਾਂ ਨਾਲ ਰਹਿ ਰਹੇ ਹਨ, ਉਨ੍ਹਾਂ ਬੱਚਿਆਂ ਨੂੰ ਪੰਜਾਬ ਸਰਕਾਰ ਵੱਲੋਂ ਹਰ ਮਹੀਨੇ 4000 ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿਖੇ ਵੀ ਇਸ ਸਮੇਂ 51 ਬੱਚੇ ਹਰ ਮਹੀਨੇ ਇਹ ਸਹਾਇਤਾ ਰਾਸ਼ੀ ਪ੍ਰਾਪਤ ਕਰ ਰਹੇ ਹਨ ਤੇ ਇਨ੍ਹਾਂ ਬੱਚਿਆਂ ਨੂੰ ਇਸ ਰਾਸ਼ੀ ਦੀ ਵੰਡ ਕੀਤੀ ਗਈ।

# ਓਵਰ ਬਰਿੱਜ 'ਤੇ ਬੰਦ 'ਨਿਕਾਸੀ ਜਾਲ਼ੀਆਂ' ਖੁੱਲ੍ਹਵਾਉਣ ਲਈ ਦਿੱਤਾ ਮੰਗ ਪੱਤਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਤੇ ਹਲਕਾ ਧੂਰੀ ਤੋਂ ਸੀਨੀਅਰ ਕਾਂਗਰਸੀ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਧੂਰੀ-ਲੁਧਿਆਣਾ ਮੁੱਖ ਮਾਰਗ 'ਤੇ ਸਥਿਤ ਓਵਰ ਬਰਿੱਜ 'ਤੇ ਬੰਦ ਪਈਆਂ ਨਿਕਾਸੀ ਜਾਲ਼ੀਆਂ ਖੁੱਲ੍ਹਵਾਉਣ ਲਈ ਲੋਕ ਨਿਰਮਾਣ ਵਿਭਾਗ ਦੇ ਨਿਗਰਾਨ ਇੰਜੀਨੀਅਰ ਨੂੰ ਮੰਗ ਪੱਤਰ ਦਿੱਤਾ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਜਦੋਂ ਓਵਰ ਬਰਿੱਜ 'ਤੇ ਲੁੱਕ ਪਾਈ ਗਈ ਤਾਂ ਜਾਲ਼ੀਆਂ ਉੱਪਰ ਦੀ ਲੁੱਕ ਪਾਉਣ ਕਾਰਨ ਜਾਲ਼ੀਆਂ ਬੰਦ ਹੋਣ ਕਾਰਨ ਬਰਸਾਤੀ ਪਾਣੀ ਦਾ ਨਿਕਾਸ ਬੰਦ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਕੁੱਝ ਦਿਨ ਪਹਿਲਾਂ ਪਈ ਬਾਰਿਸ਼ ਦੌਰਾਨ ਪੁਲ ਉੱਪਰ ਕਈ ਕਈ ਫੁੱਟ ਪਾਣੀ ਖੜ੍ਹ ਗਿਆ ਸੀ।ਉਨ੍ਹਾਂ ਦੱਸਿਆ ਕਿ ਐਸ ਈ ਗੁਰਮੀਤ ਸਿੰਘ ਸਰਾਓਂ ਨੇ ਲੋਕ ਹਿੱਤਾਂ ਦੀ ਇਸ ਸਮੱਸਿਆ 'ਤੇ ਤੁਰੰਤ ਕਾਰਵਾਈ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਅੱਜ ਸ਼ਾਮ ਤੱਕ ਬੰਦ ਪਈਆਂ ਜਾਲ਼ੀਆਂ ਖੁੱਲ੍ਹਵਾ ਦਿੱਤੀਆਂ ਜਾਣਗੀਆਂ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ, ਜ਼ਿਲ੍ਹਾ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਸਰਪੰਚ ਮਿੱਠੂ ਲੱਡਾ, ਸਰਪੰਚ ਸੁਖਵਿੰਦਰ ਸਿੰਘ ਰਣੀਕੇ, ਰਵੀ ਗਿੱਲ ਕਹੇਰੂ ਆਦਿ ਹਾਜ਼ਰ ਸਨ।

# ਬਿਜਲੀ ਕਾਮਿਆਂ ਵੱਲੋਂ ਮੰਗਾਂ ਨੂੰ ਲੈ ਕੇ ਅਰਥੀ ਫੂਕ ਮੁਜ਼ਾਹਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸਿਟੀ ਡਵੀਜ਼ਨ ਫਿਰੋਜ਼ਪੁਰ ਵਿਖੇ ਜੁਆਇੰਟ ਫੋਰਮ ਤੇ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਾਂਝੀ ਗੇਟ ਰੈਲੀ, ਧਰਨਾ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਸਾਥੀ ਰਮਨਦੀਪ ਸਿੰਘ ਵੱਲੋਂ ਕੀਤੀ ਗਈ। ਇਸ ਧਰਨੇ ਨੂੰ ਸੰਬੋਧਨ ਕਰਨ ਲਈ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਸੁਰਿੰਦਰ ਸ਼ਰਮਾ ਤੇ ਸਾਥੀ ਰਾਜੇਸ਼ ਦੇਵਗਨ ਪ੍ਰਧਾਨ ਸਬ ਅਰਬਨ ਮੰਡਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰਜ਼ ਦੀਆਂ ਮੰਗਾਂ ਮਸਲਿਆਂ ਦੇ ਸਬੰਧ ਵਿੱਚ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਮੀਟਿੰਗਾਂ ਦੇ ਕੇ ਮੁਲਾਜ਼ਮਾਂ ਦੇ ਮੰਗਾਂ ਮਸਲੇ ਹੱਲ ਕਰਨ ਦਾ ਵਿਸ਼ਵਾਸ ਦੇ ਕੇ ਅਜੇ ਤੱਕ ਹੱਲ ਨਹੀਂ ਕੀਤੇ ਗੇ, ਜਿਸ ਕਾਰਨ ਮੁਲਾਜ਼ਮਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ, ਜਿਸ ਦੀ ਕੜੀ ਵਜੋਂ ਅੱਜ ਦਾ ਧਰਨਾ ਪੂਰੇ ਪੰਜਾਬ ਅੰਦਰ ਅਰਥੀ ਫੂਕ ਮੁਜ਼ਾਹਰੇ ਤੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਮੁਲਾਜ਼ਮ ਦੀਆਂ ਮੰਗਾਂ ਜਿਵੇਂ ਕਿ ਬਕਾਇਆ ਡੀ ਏ ਦੀਆਂ ਕਿਸ਼ਤਾਂ ਬਹਾਲ ਕਰਨੀਆਂ, 1-1-2016 ਤੋਂ 30-6-2021 ਤੱਕ ਬਕਾਇਆ ਪੈਨਸ਼ਨਰਾਂ ਤੇ ਮੁਲਾਜ਼ਮਾਂ ਦਾ ਬਹਾਲ ਕੀਤਾ ਜਾਵੇ, 2.59 ਦਾ ਫਾਰਮੂਲਾ ਪੈਨਸ਼ਨਰਾਂ ਤੇ ਵੀ ਲਾਗੂ ਕੀਤਾ ਜਾਵੇ, ਆਰ ਟੀ ਐੱਮ/ਏ ਐੱਲ ਐੱਮ/ਓ ਬੀ ਸੀ ਨੂੰ ਪੇ ਬੈਂਡ ਦਾ ਵਾਧਾ ਦਿੱਤਾ ਜਾਵੇ, ਸੀਐੱਚਬੀ ਕਾਮਿਆਂ ਨੂੰ ਤੁਰੰਤ ਪੱਕਾ ਕੀਤਾ ਜਾਵੇ। ਮਿਤੀ 21 ਅਗਸਤ ਤੋਂ 31 ਅਗਸਤ 2024 ਤੋਂ ਜੁਆਇੰਟ ਫੋਰਮ ਵੱਲੋਂ ਵਰਕ ਟੂ ਰੂਲ ਦੀ ਕਾਲ ਚੱਲ ਰਹੀ ਹੈ, ਜਿਸ ਵਿੱਚ ਬਿਜਲੀ ਕਾਮੇ, ਬਿਜਲੀ ਘਰਾਂ ਦੇ ਮੁਲਾਜ਼ਮ ਆਪਣੀ ਬਣਦੀ ਡਿਊਟੀ ਕਰ ਰਹੇ ਹਨ।

1 ਸਤੰਬਰ 2024 ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਘਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ। ਧਰਨੇ ਨੂੰ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਾਥੀ ਸੁਰਿੰਦਰ ਸ਼ਰਮਾ ਸਰਕਲ ਪ੍ਰਧਾਨ, ਮੁਖਤਿਆਰ ਸਿੰਘ, ਚੰਨਣ ਸਿੰਘ, ਸ਼ਾਮ ਸਿੰਘ, ਟੀ ਐੱਸ ਯੂ ਦੇ ਆਗੂ ਰਾਜੇਸ਼ ਦੇਵਗਨ, ਰਜਿੰਦਰ ਸ਼ਰਮਾ, ਅਜਮੇਰ ਸਿੰਘ, ਗੁਰਦੇਵ ਸਿੰਘ ਸਕੱਤਰ ਸਿਟੀ ਡਵੀਜ਼ਨ, ਕੁਲਵੰਤ ਸਿੰਘ, ਰਾਜੇਸ਼ ਕੁਮਾਰ, ਮਨਜੀਤ ਸਿੰਘ ਪ੍ਰਧਾਨ ਕੈਂਟ ਨੰਬਰ 2, ਰਵੀ ਸ਼ਰਮਾ ਸਕੱਤਰ, ਹਰਜਿੰਦਰ ਸਿੰਘ ਸ਼ੇਰਖਾਂ, ਮੰਗਲ ਸਿੰਘ ਪ੍ਰਧਾਨ ਫਿਰੋਜ਼ਸ਼ਾਹ ਨੇ ਵੀ ਸੰਬੋਧਨ ਕੀਤਾ।

# ਸੁਖਦੇਵ ਸ਼ਰਮਾ ਨਮਿੱਤ ਅੰਤਿਮ ਅਰਦਾਸ ਅੱਜ

**ਭਗਤਾ ਭਾਈ ਕਾ (ਰਾਜੀਵ ਗੋਇਲ)**



ਸਥਾਨਕ ਸ਼ਹਿਰ ਦੇ ਬਰਨਾਲਾ ਰੋਡ 'ਤੇ ਸਥਿਤ ਫਾਰਮਾਟ੍ਰੈਕ ਟ੍ਰੈਕਟਰ ਵਾਲਿਆਂ ਦੀ ਬਰਾਂਚ ਚਲਾ ਰਹੇ ਸੁਖਦੇਵ ਸ਼ਰਮਾ ਦਾ ਬੀਤੇ ਦਿਨੀਂ ਅਚਾਨਕ ਤਬੀਅਤ ਖਰਾਬ ਹੋਣ ਦੇ ਚਲਦਿਆਂ ਇੱਕ ਦੋ ਦਿਨ ਹਸਪਤਾਲ 'ਚ ਦਾਖਲ ਰਹਿਣ ਉਪਰੰਤ ਦੇਹਾਂਤ ਹੋ ਗਿਆ। ਬੜੇ ਹੀ ਸ਼ਾਂਤ ਸੁਭਾਓ ਦੇ ਮਾਲਕ ਸੁਖਦੇਵ ਸ਼ਰਮਾ ਦੇ ਦੇਹਾਂਤ 'ਤੇ ਜਿੱਥੇ ਪਰਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਹੀ ਉਨ੍ਹਾਂ ਦੇ ਚਾਹੁਣ ਵਾਲੇ ਵੀ ਉਸੇ ਦਿਨ ਤੋਂ ਮਾਯੂਸ ਨਜ਼ਰ ਆ ਰਹੇ ਹਨ। ਸੁਖਦੇਵ ਸ਼ਰਮਾ ਦੀ ਅੰਤਿਮ ਅਰਦਾਸ ਅਗਰਵਾਲ ਧਰਮਸ਼ਾਲਾ, ਭਗਤਾ ਭਾਈਕਾ ਵਿਖੇ ਅੱਜ 25 ਅਗਸਤ ਦੁਪਹਿਰ 01 ਵਜੇ ਹੋਵੇਗੀ।

# ਪੀ ਯੂ ਦੇ ਐੱਨ ਐੱਸ ਐੱਸ ਵਿਭਾਗ ਨੇ ਰਾਸ਼ਟਰੀ ਪੁਲਾੜ ਦਿਵਸ ਮਨਾਇਆ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਵੱਲੋਂ ਰਾਸ਼ਟਰੀ ਪੁਲਾੜ ਦਿਵਸ ਮੌਕੇ ਯੂਨੀਵਰਸਿਟੀ ਕੈਂਪਸ ਇੰਜੀਅਨਰਿੰਗ ਕਾਲਜ ਵਿਖੇ ਪੋਸਟਰ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ।ਐੱਨ. ਐੱਸ. ਐੱਸ. ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਗਤੀਵਿਧੀ ਵਿੱਚ ਵਿਦਿਆਰਥੀਆਂ ਵੱਲੋਂ ਪੁਲਾੜ ਵਿਸ਼ੇ 'ਤੇ ਵੱਖ-ਵੱਖ ਪ੍ਰਕਾਰ ਦੇ ਪੋਸਟਰ ਬਣਾ ਕੇ ਇਸ ਦਿਵਸ ਨੂੰ ਮਨਾਇਆ ਗਿਆ।ਇਸ ਮੌਕੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ, ਜੋ ਕਿ ਉੱਘੇ ਵਿਗਿਆਨੀ ਵੀ ਸਨ, ਦੀਆਂ ਉਪਲਬਧੀਆਂ ਤੇ ਦੇਸ਼ ਨੂੰ ਦੇਣ ਬਾਰੇ ਵੀ ਯਾਦ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਆਉਣ ਵਾਲੇ ਸਮੇਂ ਵਿੱਚ ਵੀ ਉਲੀਕੇ ਜਾਣਗੇ।ਪ੍ਰੋਗਰਾਮ ਅਫਸਰ ਡਾ. ਲਖਵੀਰ ਸਿੰਘ, ਡਾ. ਸੰਦੀਪ ਸਿੰਘ ਤੇ ਡਾ. ਅਭਿਨਵ ਭੰਡਾਰੀ ਦੀ ਅਗਵਾਈ ਵਿੱਚ ਕਰਵਾਏ ਇਸ ਪ੍ਰੋਗਰਾਮ ਵਿੱਚ ਲਗਭਗ 25 ਤੋਂ ਜ਼ਿਆਦਾ ਵਲੰਟੀਅਰਾਂ ਨੇ ਭਾਗ ਲਿਆ।

# ਬਿਜਲੀ ਮੁਲਾਜ਼ਮਾਂ ਵੱਲੋਂ ਮੰਡਲ ਦਫਤਰ ਸਾਹਮਣੇ ਰੋਸ ਰੈਲੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਿਜਲੀ ਮੁਲਾਜ਼ਮ ਏਕਤਾ ਫੋਰਮ ਤੇ ਜੁਆਇੰਟ ਫੋਰਮ ਪੰਜਾਬ ਦੇ ਸੱਦੇ 'ਤੇ ਮੰਡਲ ਦਫਤਰ ਪਾਤੜਾ ਸਾਹਮਣੇ ਬਿਜਲੀ ਮੁਲਾਜ਼ਮਾਂ ਵੱਲੋਂ ਵਿਸ਼ਾਲ ਰੋਸ ਰੈਲੀ ਕੀਤੀ ਗਈ।ਇਸ ਦੌਰਾਨ ਇਕੱਤਰ ਮੁਲਾਜ਼ਮਾਂ ਨੇ ਪਾਵਰਕ ਮੈਨੇਜਮੈਂਟ ਤੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।

ਰੈਲੀ ਨੂੰ ਸੰਬੋਧਨ ਕਰਦਿਆਂ ਬਿਜਲੀ ਮੁਲਾਜ਼ਮ ਆਗੂਆਂ ਨੇ ਪਾਵਰਕਾਮ ਮੈਨੇਜਮੈਂਟ ਵੱਲੋਂ ਬਿਜਲੀ ਮੁਲਾਜ਼ਮਾਂ ਨਾਲ 31 ਜੁਲਾਈ ਨੂੰ ਕੀਤੀ ਗਈ ਮੀਟਿੰਗ ਦੌਰਾਨ ਬਣੀਆਂ ਸਹਿਮਤੀਆਂ ਨੂੰ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਬਿਜਲੀ ਮੁਲਾਜ਼ਮ 31 ਅਗਸਤ ਤੱਕ ਪਹਿਲਾਂ ਤੋਂ ਦਿੱਤੇ ਗਏ ਸੱਦੇ ਅਨੁਸਾਰ ਵਰਕ ਟੂ ਰੂਲ ਲਾਗੂ ਕਰਦਿਆਂ ਅੱਠ ਘੰਟੇ ਤੱਕ ਡਿਊਟੀ ਕਰਨਗੇ ਤੇ ਉਸ ਤੋਂ ਉਪਰੰਤ ਫੋਨ ਨਹੀਂ ਸੁਣਨਗੇ।ਪਹਿਲੀ ਸਤੰਬਰ ਨੂੰ ਬਿਜਲੀ ਮੰਤਰੀ ਪੰਜਾਬ ਦੀ ਰਿਹਾਇਸ਼ ਸਾਹਮਣੇ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਜਾਵੇਗਾ।ਮੁਲਾਜ਼ਮ ਆਗੂਆਂ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੌਰਾਨ ਬਿਜਲੀ ਸਪਲਾਈ ਵਿੱਚ ਪਬਲਿਕ ਨੂੰ ਜੇਕਰ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਪਾਵਰਕਾਮ ਮੈਨੇਜਮੈਂਟ ਦੀ ਹੋਵੇਗੀ।ਇਸ ਰੋਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਬਿਜਲੀ ਮੁਲਾਜ਼ਮ ਆਗੂ ਰਘਵੀਰ ਸਿੰਘ ਘੱਗਾ, ਅਜੀਤ ਸਿੰਘ ਮੌਲਵੀਵਾਲਾ, ਹਰੀ ਸਿੰਘ ਚਹਿਲ, ਅਕਬਰ ਖਾਂ, ਬਲਵੰਤ ਸ਼ਰਮਾ ਤੇ ਬਲਜਿੰਦਰ ਸ਼ਰਮਾ ਆਦਿ ਨੇ ਸੰਬੋਧਨ ਕੀਤਾ।

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਨਵੀਂਆਂ ਇਕਾਈਆਂ ਦਾ ਗਠਨ

**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਜ਼ੋਨ ਮਖੂ ਦੀਆਂ ਇਕਾਈਆਂ ਵਿੱਚ ਵਾਧਾ ਕਰਦਾ ਹੋਏ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਵੱਲੋਂ ਪਿੰਡ ਬੂਹ ਗੁਜ਼ਰਾ, ਲੱਲੇ, ਸ਼ੇਰੇ ਮਡਾਰ, ਮਾਹਲੇ ਵਾਲਾ, ਸਿਲੇਵਿੰਡ, ਮੁੰਡੀ ਛੁਰੀਮਾਰਾ, ਵਾੜਾ ਸੁਲੇਮਾਨ, ਕੁੱਸੂ ਵਾਲਾ ਮੋੜ, ਸ਼ਰਫਲੀ ਸ਼ਾਹ ਆਦਿ ਦੇ ਸੈਂਕੜੇ ਕਿਸਾਨਾਂ-ਮਜ਼ਦੂਰਾਂ ਨੂੰ ਜਥੇਬੰਦੀ ਵਿੱਚ ਸ਼ਾਮਲ ਕੀਤਾ ਗਿਆ ਤੇ ਜਥੇਬੰਦੀ ਦੇ ਸੰਵਿਧਾਨ ਤੋਂ ਜਾਣੂ ਕਰਾਉਂਦਿਆਂ ਜੀ ਆਇਆਂ ਆਖਿਆ ਗਿਆ।ਜ਼ਿਲ੍ਹਾ ਆਗੂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਜਥੇਬੰਦੀ ਵਿੱਚ ਸ਼ਾਮਲ ਕਿਸਾਨਾਂ-ਮਜ਼ਦੂਰਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਜਥੇਬੰਦੀ ਦੇ ਸੰਵਿਧਾਨ ਅਨੁਸਾਰ ਰਹਿ ਕੇ ਜਥੇਬੰਦੀ ਲਈ ਕੰਮ ਕਰਨਗੇ ਤੇ ਹਰ ਸਮੇਂ ਲੋਕਾਂ ਦੀਆਂ ਮੁਸ਼ਕਲਾਂ 'ਤੇ ਜਥੇਬੰਦੀ ਦੇ ਔਖੜ ਸਮੇਂ ਵਿੱਚ ਪੂਰੀ ਤਨਦੇਹੀ ਨਾਲ ਸਾਥ ਨਿਭਾਉਣਗੇ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਬਲਬੀਰ ਮੋਮੀ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ

**ਲੁਧਿਆਣਾ (ਐੱਮ ਐੱਸ ਭਾਟੀਆ)**



ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰ, ਪ੍ਰਬੰਧਕੀ ਬੋਰਡ ਦੇ ਮੈਂਬਰ ਤੇ ਸਮੂਹ ਮੈਂਬਰਾਂ ਵੱਲੋਂ ਕੈਨੇਡਾ ਵੱਸਦੇ ਪੰਜਾਬੀ ਲੇਖਕ ਬਲਬੀਰ ਸਿੰਘ ਮੋਮੀ ਦੇ ਦੇਹਾਂਤ 'ਤੇ ਦੁੱਖ ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਬਲਬੀਰ ਸਿੰਘ ਮੋਮੀ ਦੇ ਦੇਹਾਂਤ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਲਬੀਰ ਸਿੰਘ ਮੋਮੀ ਪਿਛਲੇ ਤਿੰਨ ਦਹਾਕਿਆਂ ਤੋਂ ਟੋਰਾਂਟੋ (ਕੈਨੇਡਾ) ਵੱਸਦੇ ਸਨ।ਉਹ ਸਾਹਿਤ ਸਿਰਜਣਾ ਦੇ ਨਾਲ ਨਾਲ ਪੰਜਾਬੀ ਦੇ ਪੱਤਰਕਾਰ ਵੀ ਸਨ।ਦੇਸ਼ ਵੰਡ ਮਗਰੋਂ ਸ੍ਰ. ਬਲਬੀਰ ਸਿੰਘ ਮੋਮੀ ਲੰਮਾ ਸਮਾਂ ਚੰਡੀਗੜ੍ਹ ਰਹੇ।ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਬਲਬੀਰ ਸਿੰਘ ਮੋਮੀ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।

ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਬਲਬੀਰ ਸਿੰਘ ਮੋਮੀ ਹਨਰਾਂ ਦਾ ਪਹਿਲਾ ਕਹਾਣੀ ਸੰਗ੍ਰਹਿ ਮਸਾਲੇ ਵਾਲਾ ਘੋੜਾ 1959 ਵਿੱਚ ਛਪਿਆ ਸੀ।ਫਿਰ ਜੇ ਮੈਂ ਮਰ ਜਾਵਾਂ (1965) ਤੇ ਸ਼ੀਸ਼ੇ ਦਾ ਸਮੁੰਦਰ (1968) ਵਿੱਚ ਛਪੇ।ਉਨ੍ਹਾਂ ਨੇ ਨਾਵਲਾਂ ਦੀ ਸਿਰਜਣਾ ਵੀ ਕੀਤੀ, ਜਿਸ ਵਿੱਚ ਜੀਜਾ ਜੀ (1961), ਪੀਲਾ ਗੁਲਾਬ (1975), ਇੱਕ ਫੁੱਲ ਮੇਰਾ ਵੀ (1986) ਤੇ ਅਲਵਿਦਾ ਹਿੰਦੋਸਤਾਨ ਸ਼ਾਮਲ ਹਨ।ਉਨ੍ਹਾਂ ਦੋ ਨਾਟਕ ਨੌਕਰੀਆਂ ਹੀ ਨੌਕਰੀਆਂ (1960) ਤੇ ਲੌਢਾ ਵੇਲਾ (1961) ਵੀ ਪ੍ਰਕਾਸ਼ਤ ਹੋਏ।

ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਸੁਰਿੰਦਰ ਕੈਲੇ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਜਨਮੇਜਾ ਸਿੰਘ ਜੌਹਲ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਦੀਪ ਜਗਦੀਪ ਸਿੰਘ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਤੇ ਸਮੂਹ ਮੈਂਬਰ ਸ਼ਾਮਲ ਸਨ।

# ਕੁਰੀਤੀਆਂ ਖਿਲਾਫ਼ ਨੌਜਵਾਨਾਂ ਵੱਲੋਂ ਉੱਚ ਅਧਿਕਾਰੀਆਂ ਨੂੰ ਮਿਲਣ ਦਾ ਅਹਿਦ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਨਸ਼ਾ ਰੋਕੂ ਐਕਸ਼ਨ ਕਮੇਟੀ ਭਾਵੇਂ ਹੀ ਪਿਛਲੇ ਸਮੇਂ ਵਾਪਰੀਆਂ ਕੁਝ ਘਟਨਾਵਾਂ ਕਾਰਨ ਚੁੱਪ ਬੈਠ ਗਈ ਸੀ, ਪਰ ਬੀਤੇ ਦਿਨੀਂ ਕੁਝ ਨੌਜਵਾਨਾਂ ਵੱਲੋਂ ਇਸੇ ਹੀ ਕਮੇਟੀ ਦੇ ਨਿਸ਼ਾਨ ਹੇਠ ਮੁੜ ਸਰਗਰਮ ਹੁੰਦੇ ਹੋਏ ਸਮਾਜ ਵਿੱਚ ਵਧ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਅਹਿਦ ਲਿਆ ਹੈ ਤੇ ਇਸ ਮਸਲੇ ਵਿੱਚ ਨੌਜਵਾਨ ਆਗੂਆਂ ਵੱਲੋਂ ਪ੍ਰਸ਼ਾਸਨ ਦੇ ਉੱਚ-ਅਧਿਕਾਰੀਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨੌਜਵਾਨਾਂ ਵੱਲੋਂ ਸ਼ਹਿਰ ਦੀ ਇਤਹਾਸਕ ਜਗ੍ਹਾ ਭੂਤਾਂ ਵਾਲੇ ਖੂਹ 'ਤੇ ਆਮ ਲੋਕਾਂ ਦਾ ਇਕੱਠ ਰੱਖਿਆ ਗਿਆ ਸੀ, ਜਿਸ ਵਿੱਚ ਆਮ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਸੀ। ਇਸ ਮੌਕੇ ਪਿੰਡ ਦੇ ਅਗਾਂਹਵਧੂ ਨੌਜਵਾਨਾਂ ਸਮੇਤ ਸਮਾਜਸੇਵੀ ਸਤਵਿੰਦਰਪਾਲ ਸਿੰਘ ਵੱਲੋਂ ਕਿਸਾਨ ਆਗੂ ਜਗਤਾਰ ਸਿੰਘ ਤਾਰੀ ਦਾ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਦੂਜੇ ਪਾਸੇ ਸਨਮਾਨਤ ਕੀਤੇ ਗਏ ਜਗਤਾਰ ਸਿੰਘ ਤਾਰੀ ਵੱਲੋਂ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਗਿਆ ਹੈ। ਸਮਾਜ ਸੇਵੀ ਨੌਜਵਾਨ ਤੇ ਆਮ ਲੋਕ ਹਾਜ਼ਰ ਸਨ।

# ਕਰੰਟ ਲੱਗਣ ਨਾਲ ਟਿੱਪਰ ਚਾਲਕ ਦੀ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਦੋਆਬਾ ਭੈਣੀ ਦੇ ਨੌਜਵਾਨ ਮਲਕੀਤ ਸਿੰਘ (35) ਦੀ ਕਰੰਟ ਲੱਗਣ ਨਾਲ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪਰਿਵਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਮਲਕੀਤ ਸਿੰਘ ਟਿੱਪਰ ਚਲਾਉਣ ਦਾ ਕੰਮ ਕਰਦਾ ਸੀ। ਲੰਘੀ 21 ਅਗਸਤ ਦੀ ਰਾਤ ਨੂੰ ਉਹ ਖਮਾਣੋ ਨੇੜਲੇ ਪਿੰਡ ਮਾਜਰੀ ਵਿਖੇ ਬਜਰੀ ਦਾ ਟਿੱਪਰ ਲਾਹੁਣ ਲਈ ਗਿਆ, ਜਦੋਂ ਬਜਰੀ ਖਾਲੀ ਕੀਤੀ ਤਾਂ ਬਾਡੀ ਬਿਜਲੀ ਦੀਆਂ ਤਾਰਾਂ ਨਾਲ ਖਹਿ ਗਈ। ਰਾਤ ਨੂੰ ਹਨੇਰਾ ਹੋਣ ਕਾਰਨ ਉਸ ਨੂੰ ਇਹ ਨਹੀਂ ਸੀ ਪਤਾ ਲੱਗਾ ਕਿ ਟਿੱਪਰ ਬਿਜਲੀ ਦੀਆਂ ਤਾਰਾਂ ਨਾਲ ਲੱਗਿਆ ਹੋਇਆ ਹੈ। ਉਹ ਟਿੱਪਰ 'ਚੋਂ ਥੱਲੇ ਉੱਤਰ ਕੇ ਪਿੱਛੇ ਡਾਲਾ ਲਗਾਉਣ ਲਈ ਗਿਆ ਤਾਂ ਅਚਾਨਕ ਉਸ ਨੂੰ ਕਰੰਟ ਲੱਗ ਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਮਲਕੀਤ ਸਿੰਘ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਬੱਚੇ ਛੱਡ ਗਿਆ। ਪੁਲਸ ਵੱਲੋਂ ਲਾਸ਼ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਗਈ।

# ਮੋਟਰਾਂ ਤੋਂ ਕੇਬਲਾਂ ਚੋਰੀ ਕਰਨ ਵਾਲੇ ਗਰੋਹ ਦੇ ਕਈ ਮੈਂਬਰ ਗ੍ਰਿਫ਼ਤਾਰ



**ਬਰਨਾਲਾ (ਰਾਜਿੰਦਰ ਬਰਾੜ)**-ਸ੍ਰੀ ਸੰਦੀਪ ਕੁਮਾਰ ਮਲਿਕ ਐੱਸ ਐੱਸ ਪੀ ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਵਿੱਢੀ ਮੁਹਿੰਮ ਤਹਿਤ ਖੇਤਾਂ ਵਿੱਚ ਮੋਟਰਾਂ ਤੋਂ ਕੇਬਲਾਂ ਚੋਰੀ ਕਰਨ ਵਾਲੇ ਗਰੋਹ ਦੇ ਕਈ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਤਵੀਰ ਸਿੰਘ ਡੀ ਐੱਸ ਪੀ ਬਰਨਾਲਾ ਨੇ ਦੱਸਿਆ ਕਿ ਸ੍ਰੀ ਸੁਬੇਗ ਸਿੰਘ ਉੱਪ ਕਪਤਾਨ ਪੁਲਸ ਮਹਿਲ ਕਲਾਂ, ਇੰਸ: ਬਲਜੀਤ ਸਿੰਘ ਇੰਚਾਰਜ ਸੀ.ਆਈ.ਏ. ਬਰਨਾਲਾ ਤੇ ਸਬ ਇੰਸਪੈਕਟਰ ਨਿਰਮਲਜੀਤ ਸਿੰਘ ਮੁੱਖ ਅਫਸਰ ਥਾਣਾ ਟੱਲੇਵਾਲ ਦੀ ਯੋਗ ਅਗਵਾਈ ਹੇਠ ਸਮਾਜ ਵਿਰੋਧੀ ਅਨਸਰਾਂ, ਵੱਖ ਵੱਖ ਏਰੀਆ ਵਿੱਚ ਹੋ ਰਹੀਆਂ ਚੋਰੀਆਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਚਲਾਈ ਵਿਸ਼ੇਸ਼ ਮੁਹਿੰਮ ਤਹਿਤ, ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਸ:ਥ: ਜਗਦੀਪ ਸਿੰਘ ਸੀ.ਆਈ.ਏ. ਬਰਨਾਲਾ ਨੇ ਸਮੇਤ ਪੁਲਸ ਪਾਰਟੀ ਦੇ ਸੋਰਸ ਵੱਲੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਸੰਦੀਪ ਸਿੰਘ ਉਰਫ ਗੋਰਾ ਪੁੱਤਰ ਬੰਤ ਸਿੰਘ, ਸੁਖਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਗੁਰਮੇਲ ਸਿੰਘ ਦੋਵੇਂ ਵਾਸੀ ਈਨਾ ਬਾਜਵਾ ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਗੁਰਤੇਜ ਸਿੰਘ ਵਾਸੀ ਸੇਖਾ ਖਿਲਾਫ ਮੁਕੱਦਮਾ ਥਾਣਾ ਠੁੱਲੀਵਾਲ ਦਰਜ ਕਰਵਾਇਆ। ਦੋਸ਼ੀਆਨ ਲਵਪ੍ਰੀਤ ਸਿੰਘ ਉਰਫ ਲਵੀ, ਸੁਖਵਿੰਦਰ ਸਿੰਘ ਉਰਫ ਸੁੱਖਾ ਤੇ ਸੰਦੀਪ ਸਿੰਘ ਉਰਫ ਗੋਰਾ ਉਕਤਾਨ ਨੂੰ ਨੇੜੇ ਪੁਲ ਡਰੇਨ ਅਮਲਾ ਸਿੰਘ ਵਾਲਾ ਤੋਂ ਹਮੀਦੀ/ਗੁਰਮ ਸਾਇਡ ਨੂੰ ਜਾਂਦੀ ਪੱਟੜੀ ਤੋਂ ਮੋਟਰਸਾਇਕਲ ਸਪਲੈਂਡਰ ਰੰਗ ਸਿਲਵਰ ਬਿਨਾਂ ਨੰਬਰੀ, ਮੋਟਰਾਂ ਵਾਲੀ ਕੇਬਲ ਤਾਰਾਂ ਦੇ 05 ਟੋਟੇ (47 ਫੁੱਟ) ਸਮੇਤ ਗ੍ਰਿਫਤਾਰ ਕੀਤਾ।ਇਸੇ ਤਰ੍ਹਾਂ ਥਾਣਾ ਟੱਲੇਵਾਲ ਦੀ ਪੁਲਸ ਪਾਰਟੀ ਨੇ ਜਗਮੋਹਨ ਸਿੰਘ ਪੁੱਤਰ ਹਰਬੰਸ ਸਿੰਘ ਭੋਤਨਾ ਦੇ ਬਿਆਨ 'ਤੇ ਦਰਜ ਕੀਤੇ ਮੁਕੱਦਮੇ 'ਚ ਮੁਲਜ਼ਮ ਹਰਜੀਤ ਸਿੰਘ ਉਰਫ ਗੰਗੂ ਪੁੱਤਰ ਇਕਬਾਲ ਸਿੰਘ ਤੇ ਜਤਿੰਦਰ ਸਿੰਘ ਉਰਫ ਜੋਤੀ ਪੁੱਤਰ ਦੀਵਾਨ ਸਿੰਘ ਵਾਸੀਆਨ ਬੱਸੀਆਂ ਜ਼ਿਲ੍ਹਾ ਲੁਧਿਆਣਾ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਤਫਤੀਸ਼ ਦੌਰਾਨ ਦੋਸ਼ੀਆਨ ਦੀ ਪੁੱਛਗਿੱਛ ਦੇ ਆਧਾਰ 'ਤੇ ਮੁਕੱਦਮਾ ਵਿੱਚ ਰੋਪੀ ਪੁੱਤਰ ਗੁਰਦੇਵ ਸਿੰਘ ਵਾਸੀ ਰਾਏਕੋਟ, ਸੰਦੀਪ ਸਿੰਘ ਉਰਫ ਸੀਪਾ ਪੁੱਤਰ ਮੰਗਲ ਸਿੰਘ ਵਾਸੀ ਰਾਏਕੋਟ, ਬਲਜਿੰਦਰ ਸਿੰਘ ਉਰਫ ਬਿਨੈ ਪੁੱਤਰ ਕੁਲਵੰਤ ਸਿੰਘ ਵਾਸੀ ਬੀਹਲਾ ਨੂੰ ਦੋਸ਼ੀ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਪਾਸੋਂ ਚੋਰੀ ਕੀਤੀਆਂ ਕੇਬਲ ਤਾਰਾਂ ਤੇ ਚੋਰੀ ਕੀਤੀਆਂ ਤਾਰਾਂ ਜਾਲ਼ ਕੇ ਕੱਢਿਆ ਕ੍ਰੀਬ 15 ਕਿੱਲੋ ਤਾਂਬਾ, ਇੱਕ ਸਪਲੈਂਡਰ ਮੋਟਰਸਾਈਕਲ ਬਿਨਾਂ ਨੰਬਰੀ ਤੇ ਇਕ ਮੋਟਰਸਾਈਕਲ ਵਾਲੀ ਰੇਹੜੀ ਬਰਾਮਦ ਕੀਤੀ ਗਈ।

# ਪਰਵਾਰਕ ਵੀਜ਼ਾ ਲਗਵਾਉਣ ਦੇ ਨਾਂਅ 'ਤੇ ਲੱਖਾਂ ਦੀ ਠੱਗੀ

**ਮਾਨਸਾ (ਰੀਤਵਾਲ)**-ਪਰਿਵਾਰਕ ਵੀਜ਼ਾ ਲਗਵਾਉਣ ਦੇ ਨਾਮ 'ਤੇ ਲੱਖਾਂ ਦੀ ਠੱਗੀ ਮਾਰਨ ਸਬੰਧੀ ਮਿਲੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਥਾਣਾ ਜੋਗਾ ਦੀ ਪੁਲਸ ਨੇ ਦੋ ਭੈਣ-ਭਰਾਵਾਂ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਜਾਰੀ ਕਰ ਦਿੱਤੀ ਹੈ।ਇਸ ਸਬੰਧੀ ਰਾਜ ਸਿੰਘ ਵਾਸੀ ਜਾਮਾ ਰੱਖੀਆਂ ਲਤਾੜ, ਜ਼ਿਲ੍ਹਾ ਫਿਰੋਜ਼ਪੁਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਪਤਨੀ ਮਨਪ੍ਰੀਤ ਕੌਰ ਤੇ ਨਵਦੀਪ ਕੌਰ ਆਪਸ ਵਿੱਚ ਸਹੇਲੀਆਂ ਹਨ, ਜੋ ਸਾਈਪਰਸ ਵਿੱਚ ਰਹਿ ਰਹੀਆਂ ਸਨ, ਨਵਦੀਪ ਕੌਰ ਨੇ ਮੇਰੀ ਪਤਨੀ ਨੂੰ ਕਿਹਾ ਕਿ ਮੇਰਾ ਭਰਾ ਵੀਜ਼ਾ ਲਗਵਾਉਣ ਦਾ ਕੰਮ ਕਰਦਾ ਹੈ ਤਾਂ ਮੇਰੀ ਪਤਨੀ ਨੇ ਆਪਣੇ ਪਰਿਵਾਰ ਦਾ ਵੀਜ਼ਾ ਲਗਵਾਉਣ ਦੀ ਗੱਲ ਕੀਤੀ ਅਤੇ ਇਹ ਗੱਲ 9 ਲੱਖ ਰੁਪਏ ਵਿੱਚ ਤੈਅ ਹੋ ਗਈ ਅਤੇ 2,50,000 ਸਮੇਤ ਤਿੰਨ ਪਾਸਪੋਰਟ ਨਵਦੀਪ ਕੌਰ ਦੇ ਭਰਾ ਪ੍ਰਦੀਪ ਸਿੰਘ ਨੂੰ ਉਸ ਦੇ ਪਿੰਡ ਬੁਰਜ ਢਿੱਲਵਾਂ ਵਿਖੇ ਦੇ ਦਿੱਤੇ ਅਤੇ ਵੀਜ਼ਾ ਲੱਗਣ ਉਪਰੰਤ ਬਾਕੀ ਰਹਿੰਦੀ ਰਕਮ ਪ੍ਰਦੀਪ ਸਿੰਘ ਦੇ ਖਾਤੇ ਵਿੱਚ ਪਵਾ ਦਿੱਤੀ, ਪਰ ਜਦੋਂ ਮੈਂ ਵੀਜ਼ਾ ਚੈੱਕ ਕਰਵਾਇਆ ਤਾਂ ਪਤਾ ਲੱਗਿਆ ਕਿ ਇਹ ਵੀਜ਼ਾ ਜਾਲ੍ਹੀ ਹੈ।ਇਸ ਉਪਰੰਤ ਨਵਦੀਪ ਕੌਰ ਤੇ ਪ੍ਰਦੀਪ ਸਿੰਘ ਮੇਰੀ ਪਤਨੀ ਨੂੰ ਸਾਈਪਰਸ ਵਿੱਚ ਧਮਕੀਆਂ ਦੇਣ ਲੱਗ ਪਏ ਅਤੇ ਮੇਰੀ ਪਤਨੀ ਵਾਪਸ ਇੰਡੀਆ ਆ ਗਈ, ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਸਾਡੇ ਨਾਲ 9 ਲੱਖ ਰੁਪਏ ਦੀ ਠੱਗੀ ਮਾਰੀ ਹੈ।ਇਸ ਸ਼ਿਕਾਇਤ ਦੇ ਆਧਾਰ 'ਤੇ ਸਹਾਇਕ ਥਾਣੇਦਾਰ ਵੈਦ ਸਿੰਘ ਨੇ ਪ੍ਰਦੀਪ ਸਿੰਘ ਤੇ ਉਸ ਦੀ ਭੈਣ ਨਵਦੀਪ ਕੌਰ ਵਾਸੀਆਨ ਪਿੰਡ ਬੁਰਜ ਢਿੱਲਵਾਂ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਕਜ ਸੂਦ ਨੂੰ ਭਾਜਪਾ ਜ਼ਿਲ੍ਹਾ ਪ੍ਰਧਾਨ ਨੇ ਸੌਂਪਿਆ ਨਿਯੁਕਤੀ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੁਰਾਣੀ ਦਾਣਾ ਮੰਡੀ ਜ਼ਿਲ੍ਹਾ ਦਫ਼ਤਰ ਵਿਖੇ ਭਾਜਪਾ ਆਰ.ਟੀ.ਆਈ. ਸੈੱਲ ਦੇ ਨਵ-ਨਿਯੁਕਤ ਸਟੇਟ ਕੋ-ਕਨਵੀਨਰ ਪੰਕਜ ਸੂਦ ਨੂੰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਨਿਯੁਕਤੀ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਭਾਜਪਾ ਪ੍ਰਵਾਸੀ ਮੋਰਚਾ ਦੇ ਇੰਚਾਰਜ ਵਿਜੇ ਮਿਸ਼ਰਾ, ਮਹਿੰਦਰਪਾਲ, ਵਿਨੀਤ ਕੁਮਾਰ, ਚਤਿੰਦਰ ਚੱਢਾ, ਹੇਮੰਤ ਸੂਦ, ਬਾਬੂ ਰਾਮ, ਰੂਪਮ ਅਰੋੜਾ, ਸੰਨੀ ਧਾਰੀਵਾਲ, ਅਸ਼ਵਨੀ ਕੁਮਾਰ, ਸ਼ਸ਼ੀਕਾਂਤ ਪਾਂਡੇ ਆਦਿ ਹਾਜ਼ਰ ਸਨ। ਡਾ. ਸੀਮਾਂਤ ਗਰਗ ਨੇ ਕਿਹਾ ਕਿ ਪੰਕਜ ਸੂਦ ਪਹਿਲਾਂ ਹੀ ਸਮਾਜ ਸੇਵਾ ਦੇ ਕੰਮ ਕਰ ਰਹੇ ਹਨ ਤੇ ਉਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਲੋਕਾਂ ਤੱਕ ਪਹੁੰਚਾ ਰਹੇ ਹਨ। ਉਨ੍ਹਾ ਕਿਹਾ ਕਿ ਭਾਜਪਾ ਆਰ.ਟੀ.ਆਈ. ਸੈੱਲ ਦੇ ਸੂਬਾ ਕੋ-ਕਨਵੀਨਰ ਬਣਨ ਤੋਂ ਬਾਅਦ ਪੰਕਜ ਸੂਦ ਹੋਰ ਵੀ ਉਤਸ਼ਾਹ ਨਾਲ ਕੰਮ ਕਰਨਗੇ ਤੇ ਮੌਜੂਦਾ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਧੋਖਾਧੜੀ ਦਾ ਹੋਰ ਪਰਦਾਫਾਸ਼ ਕਰਨਗੇ। ਉਨ੍ਹਾ ਕਿਹਾ ਕਿ ਲੋਕਾਂ ਨੂੰ ਭ੍ਰਿਸ਼ਟਾਚਾਰ ਰਾਹੀਂ ਆਪਣਾ ਕੰਮ ਕਰਵਾਉਣ ਦੀ ਬਜਾਏ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣੀ ਚਾਹੀਦੀ ਹੈ, ਤਾਂ ਜੋ ਆਮ ਆਦਮੀ ਨੂੰ ਵੀ ਭ੍ਰਿਸ਼ਟਾਚਾਰ ਤੋਂ ਮੁਕਤੀ ਮਿਲ ਸਕੇ। ਇਸ ਮੌਕੇ ਭਾਜਪਾ ਆਰ.ਟੀ.ਆਈ. ਸੈੱਲ ਦੇ ਨਵ-ਨਿਯੁਕਤ ਕੋ-ਕਨਵੀਨਰ ਪੰਕਜ ਸੂਦ ਨੇ ਡਾ. ਸੀਮੰਤ ਗਰਗ ਤੇ ਸੂਬਾਈ ਆਗੂਆਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਭ੍ਰਿਸ਼ਟਾਚਾਰ ਵਿਰੁੱਧ ਪਹਿਲਾਂ ਨਾਲੋਂ ਵੀ ਮਜ਼ਬੂਤੀ ਨਾਲ ਲੜਨਗੇ ਤੇ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।

# ਰੂਪ ਵਾਟਿਕਾ ਸਕੂਲ 'ਚ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੋਟੇ-ਛੋਟੇ ਬੱਚਿਆਂ ਨੇ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ, ਜਿਸ ਵਿੱਚ ਬੱਚੇ ਸ੍ਰੀ ਕ੍ਰਿਸ਼ਨ, ਰਾਧਾ ਜੀ, ਕੰਸ, ਯਸ਼ੋਧਾ ਮਈਆ, ਦੇਵਕੀ ਮਈਆ, ਨੰਦ ਬਾਬਾ, ਮੀਰਾ, ਸੁਦਾਮਾ ਦਾ ਰੂਪ ਧਾਰ ਕੇ ਸਕੂਲ ਵਿੱਚ ਆਏ ਜੋ ਕਿ ਬਹੁਤ ਹੀ ਜ਼ਿਆਦਾ ਸੋਹਣੇ ਲੱਗ ਰਹੇ ਸਨ। ਉਨ੍ਹਾਂ ਨੇ ਵੱਖ-ਵੱਖ ਰੂਪ ਵਿੱਚ ਆਪਣਾ ਰੋਲ ਅਦਾ ਕੀਤਾ। ਬੱਚਿਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਤੇ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦੇ ਆਧਾਰ 'ਤੇ ਇੱਕ ਮੂਵੀ ਦਿਖਾਈ ਗਈ, ਜਿਸ ਨੂੰ ਦੇਖ ਕੇ ਵਿਦਿਆਰਥੀਆਂ ਨੂੰ ਬਹੁਤ ਖੁਸ਼ੀ ਹੋਈ। ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਵਿਮੀ ਠਾਕੁਰ ਬੱਚਿਆਂ ਨੂੰ ਵੱਖ-ਵੱਖ ਪੋਸ਼ਾਕਾਂ ਵਿੱਚ ਦੇਖ ਕੇ ਬਹੁਤ ਖੁਸ਼ ਹੋਏ ਤੇ ਉਨ੍ਹਾ ਸ੍ਰੀ ਕ੍ਰਿਸ਼ਨ ਜਨਮ ਦਿਹਾੜੇ ਦੀ ਸਭ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਤਰ੍ਹਾਂ ਹੀ ਸੱਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਡੱਬਵਾਲੀ ਸੋਲਸ ਟਰੈਕਟਰ ਏਜੰਸੀ ਅੱਗੇ ਧਰਨਾ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ ਦੋ ਸਾਲ ਤੋਂ ਪਿੰਡ ਅਕਲੀਆ ਤਲਵੰਡੀ ਦੇ ਕਿਸਾਨ ਦਾ ਟਰੈਕਟਰ ਦੀ ਕਾਪੀ ਬਣਾਉਣ ਨੂੰ ਲੈ ਕੇ ਏਜੰਸੀ ਨਾਲ ਉਲਝਿਆ ਮਸਲਾ ਅੰਤ ਸੰਘਰਸ਼ ਦੇ ਰਾਹ ਤੱਕ ਪਹੁੰਚ ਗਿਆ ਹੈ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਪੰਜਾਬ ਸਿੰਘ ਤਲਵੰਡੀ ਅਕਲੀਆ, ਆਗੂ ਤਰਸੇਮ ਸਿੰਘ ਤਲਵੰਡੀ ਅਕਲੀਆ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਹਰਿਆਣਾ ਦੀ ਸੋਲਸ ਟਰੈਕਟਰ ਏਜੰਸੀ ਡੱਬਵਾਲੀ ਕੋਲੋਂ ਪੀੜਤ ਕਿਸਾਨ ਨੇ 2 ਸਾਲ ਪਹਿਲਾਂ 8 ਲੱਖ ਰੁਪਏ ਨਕਦ ਦੇ ਕੇ ਸੋਲਸ ਟਰੈਕਟਰ ਖਰੀਦਿਆ ਸੀ। ਏਜੰਸੀ ਨੇ ਟਰੈਕਟਰ ਦੇ ਕਾਗਜ਼ ਤਿਆਰ ਕਰਕੇ ਕਿਸਾਨ ਨੂੰ ਦੇਣੇ ਸਨ।ਉਸ ਤੋਂ ਬਾਅਦ ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਐਲਾਨ ਕਰ ਦਿੱਤਾ ਗਿਆ ਕਿ ਦੋ ਮਹੀਨੇ ਬਾਅਦ 50 ਹਾਊਸ ਪਾਵਰ ਤੋਂ ਉਪਰਲੇ ਇੰਜਣ ਸੀ.ਆਰ.ਡੀ. ਕਰ ਦਿੱਤੇ ਜਾਣਗੇ ਤੇ ਉਕਤ ਮਸ਼ੀਨਰੀ 'ਤੇ ਕਾਪੀ ਨਹੀਂ ਬਣ ਸਕੇਗੀ। ਟਰੈਕਟਰ ਏਜੰਸੀਆਂ ਨੂੰ ਕਾਗਜ਼ ਪੂਰੇ ਕਰਨ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਸੀ, ਕਿਸਾਨ ਨੇ ਏਜੰਸੀ ਤੱਕ ਪਹੁੰਚ ਕਰਕੇ ਟਰੈਕਟਰ ਦੀ ਕਾਪੀ ਬਣਵਾ ਕੇ ਦੇਣ ਦੀ ਗੁਜ਼ਾਰਿਸ਼ ਕੀਤੀ, ਪ੍ਰੰਤੂ ਏਜੰਸੀ ਦੀ ਲਾਪ੍ਰਵਾਹੀ ਕਾਰਨ ਸਰਕਾਰ ਵੱਲੋਂ ਤੈਅ ਕੀਤਾ ਦੋ ਮਹੀਨੇ ਦਾ ਸਮਾਂ ਪੂਰਾ ਹੋ ਗਿਆ ਤੇ ਕਾਗਜ਼ੀ ਕਾਰਵਾਈ ਉਲਝ ਕੇ ਰਹਿ ਗਈ, ਜਿਸ ਦਾ ਖਮਿਆਜ਼ਾ ਕਿਸਾਨ ਨੂੰ ਭੁਗਤਨਾ ਪਿਆ ਕਿ ਉਹ ਟਰੈਕਟਰ ਦੀ ਕਾਪੀ ਦੇ ਚੱਕਰਾਂ ਵਿੱਚ ਪ੍ਰਸ਼ਾਸਨ ਰਾਹੀਂ ਏਜੰਸੀ ਦੇ ਚੱਕਰ ਕੱਟਦਾ ਰਿਹਾ। ਆਗੂਆਂ ਕਿਹਾ ਕਿ ਪ੍ਰਸ਼ਾਸਨ ਦੀ ਦਖਲ ਅੰਦਾਜ਼ੀ ਸਦਕਾ ਸਾਢੇ ਸੱਤ ਲੱਖ ਰੁਪੈ ਪੀੜਤ ਕਿਸਾਨ ਨੂੰ ਮੋੜ ਕੇ ਟਰੈਕਟਰ ਏਜੰਸੀ ਨੂੰ ਸੌਂਪਣ ਦਾ ਸਮਝੌਤਾ ਵੀ ਕਰਵਾ ਦਿੱਤਾ, ਕਿਸਾਨ ਵੱਲੋਂ ਸ਼ੁਰੂਆਤੀ ਦੌਰ ਵਿੱਚ ਹੀ ਕਾਪੀ ਬਣਾਉਣ ਦੀ 5 ਹਜ਼ਾਰ ਰੁਪੈ ਫੀਸ ਅਲੱਗ ਤੋਂ ਜਮ੍ਹਾਂ ਕਰਵਾਈ ਜਾ ਚੁੱਕੀ ਹੈ, ਦੇਣ-ਲੈਣ ਦਾ ਲਿਖਤੀ ਰਿਕਾਰਡ ਪੀੜਤ ਕਿਸਾਨ ਦੇ ਕੋਲ ਮੌਜੂਦ ਹੋਣ ਦੇ ਬਾਵਜੂਦ ਟਰੈਕਟਰ ਏਜੰਸੀ ਸਮਝੌਤੇ ਤੋਂ ਮੁੱਕਰ ਗਈ, ਜਿਸ ਦੇ ਚੱਲਦਿਆਂ ਕਿਸਾਨ ਨੇ ਜਥੇਬੰਦੀ ਤੱਕ ਪਹੁੰਚ ਕੀਤੀ। ਪੰਜਾਬ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਮੀਟਿੰਗ ਉਪਰੰਤ ਮਤਾ ਪਾਸ ਕੀਤਾ ਗਿਆ ਕਿ ਉਕਤ ਏਜੰਸੀ ਨਾਲ ਨਿਪਟਣ ਲਈ ਤੇ ਕਿਸਾਨ ਨੂੰ ਇਨਸਾਫ ਦਿਵਾਉਣ ਲਈ 26 ਅਗਸਤ ਨੂੰ ਟਰੈਕਟਰ ਏਜੰਸੀ ਦੇ ਦਫਤਰ ਡੱਬਵਾਲੀ ਅੱਗੇ ਧਰਨਾ ਦਿੱਤਾ ਜਾਵੇਗਾ।

# ਪੁੱਤਰਾਂ ਦੇ ਇਨਸਾਫ ਲਈ 6 ਸਾਲਾਂ ਤੋਂ ਸਦਰ ਥਾਣੇ ਦੇ ਚੱਕਰ ਕੱਟ ਰਿਹੈ ਬਜ਼ੁਰਗ

■ ਬਜ਼ੁਰਗ ਨੂੰ ਇਨਸਾਫ ਨਾ ਮਿਲਿਆ ਤਾਂ ਥਾਣੇ ਬਾਹਰ ਦੇਵਾਂਗੇ ਧਰਨਾ : ਡਾ. ਮੱਟੂ



ਥਾਣੇ ਦੇ ਬਾਹਰ ਬਜ਼ੁਰਗ ਬਲਬੀਰ ਸਿੰਘ ਦਾ ਦੁੱਖ ਸੁਣਦੇ ਹੋਏ ਡਾ. ਜਤਿੰਦਰ ਸਿੰਘ ਮੱਟੂ।

**ਨਾਭਾ (ਵਰਿੰਦਰ ਵਰਮਾ)**-ਪਟਿਆਲਾ ਦੇ ਨਾਭਾ ਖੇਤਰ ਅਧੀਨ ਪੈਂਦੇ ਪਿੰਡ ਚੌਧਰੀ ਮਾਜਰਾ ਦੇ ਇੱਕ ਅਨੁਸੂਚਿਤ ਜਾਤੀ ਪਰਵਾਰ ਦੇ ਦੋ ਨੌਜਵਾਨਾਂ ਦਾ ਅਤਾ-ਪਤਾ ਜਾਨਣ ਲਈ ਪਿੰਡ ਦਾ 60 ਸਾਲਾ ਗੁਰਸਿੱਖ ਬਜ਼ੁਰਗ ਪੁਲਸ ਥਾਣਾ ਸਦਰ ਨਾਭਾ ਦੇ ਪਿਛਲੇ 6 ਸਾਲਾਂ ਤੋਂ ਚੱਕਰ ਕੱਟ ਰਿਹਾ ਹੈ, ਪਰ ਅਜੇ ਤੱਕ ਉਸ ਨੂੰ ਆਪਣੇ ਪੁੱਤਰਾਂ ਦਾ ਕੋਈ ਅਤਾ-ਪਤਾ ਨਹੀਂ ਲੱਗਿਆ।ਇਸ ਸਬੰਧੀ ਬਜ਼ੁਰਗ ਬਲਬੀਰ ਸਿੰਘ ਨੇ ਹਲਕੇ ਦੇ ਲੋਕ ਆਗੂ ਤੇ ਸਮਾਜ ਸੇਵੀ ਡਾ. ਜਤਿੰਦਰ ਸਿੰਘ ਮੱਟੂ ਨੂੰ ਆਪਣੇ ਪੁੱਤਰਾਂ ਨਾਲ ਵਾਪਰੇ ਘਟਨਾਕ੍ਰਮ ਦੀ ਸਾਰੀ ਜਾਣਕਾਰੀ ਦਿੱਤੀ।ਉਕਤ ਬਜ਼ੁਰਗ ਨੇ ਚੀਮਾ ਕਲਾਂ ਜ਼ਿਲ੍ਹਾ ਮਾਲੇਰਕੋਟਲਾ ਦੇ ਇੱਕ ਏਜੰਟ 'ਤੇ ਆਰੋਪ ਲਗਾਏ ਹਨ ਕਿ ਉਸ ਏਜੰਟ ਨੇ ਉਸ ਦੇ ਲੜਕੇ ਜਗਜੀਤ ਸਿੰਘ ਨੂੰ ਇਟਲੀ ਭੇਜਣ ਦੇ ਨਾਮ 'ਤੇ ਪੈਸੇ ਹੜੱਪ ਕਰਕੇ ਉਸ ਦੇ ਲੜਕੇ ਨੂੰ ਪਤਾ ਨਹੀਂ ਕਿੱਥੇ ਸੁੱਟਿਆ ਹੈ।ਉਸ ਨਾਲ ਆਪਣੇ ਲੜਕੇ ਦੀ ਇੱਕ ਦੋ ਵਾਰ ਗੱਲ ਹੋਈ, ਜਿਸ ਵਿੱਚ ਉਸ ਨੇ ਕਿਹਾ ਕਿ ਉਹ ਇੱਕ ਜੇਲ੍ਹ ਵਿੱਚ ਹੈ।ਬਲਬੀਰ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਉਸ ਏਜੰਟ ਕੋਲੋਂ ਕੋਈ ਪੁੱਛ-ਪੜਤਾਲ ਨਹੀਂ ਕੀਤੀ ਗਈ ਅਤੇ ਨਾ ਹੀ ਉਸ ਖਿਲਾਫ ਕੋਈ ਮੁਕੱਦਮਾ ਦਰਜ ਕੀਤਾ ਗਿਆ।ਇਸੇ ਤਰ੍ਹਾਂ ਉਸ ਦੇ ਦੂਸਰੇ ਲੜਕੇ ਮੰਗਲ ਸਿੰਘ ਨੂੰ ਅਲੌਹਰਾਂ ਪਿੰਡ ਦੇ ਮੇਘ ਕਾਲੋਨੀ ਦੇ ਕੰਬਾਇਨ ਮਾਲਕ ਆਪਣੀ ਕੰਬਾਇਨ 'ਤੇ ਲੈ ਗਏ ਸਨ। ਲੰਮਾ ਸਮਾਂ ਜਦੋਂ ਉਨ੍ਹਾਂ ਦਾ ਲੜਕਾ ਵਾਪਸ ਨਾ ਆਇਆ ਤਾਂ ਪੁੱਛ-ਪੜਤਾਲ 'ਤੇ ਕੰਬਾਇਨ ਮਾਲਕ ਕਹਿ ਰਹੇ ਹਨ ਅਸੀਂ ਉਸ ਨੂੰ ਜਿੱਥੇ ਕੰਮ ਲਈ ਭੇਜਿਆ ਸੀ ਮੰਗਲ ਸਿੰਘ ਉਥੇ ਗਿਆ ਹੀ ਨਹੀਂ।ਬਲਬੀਰ ਸਿੰਘ ਨੇ ਕਿਹਾ ਕਿ ਉਹ 2019 ਤੋਂ ਲਗਾਤਾਰ ਪੁਲਸ ਥਾਣੇ ਦੇ ਚੱਕਰ ਲਾ ਰਿਹਾ ਹੈ, ਪਰ ਅੱਜ ਤੱਕ ਉਸ ਨੂੰ ਕੋਈ ਇਨਸਾਫ ਨਹੀਂ ਮਿਲਿਆ।ਸਮਾਜ ਸੇਵੀ ਡਾ. ਜਤਿੰਦਰ ਸਿੰਘ ਮੱਟੂ ਨੇ ਇਸ ਬਾਰੇ ਥਾਣਾ ਮੁਖੀ ਨਾਲ ਗੱਲ ਕਰਕੇ ਪੀੜਤ ਪਰਵਾਰ ਨਾਲ ਇਨਸਾਫ ਕਰਨ ਦੀ ਗੱਲ ਕੀਤੀ ਹੈ।ਡਾ. ਜਤਿੰਦਰ ਸਿੰਘ ਮੱਟੂ ਨੇ ਐੱਸ.ਐੱਸ.ਪੀ. ਪਟਿਆਲਾ ਤੋਂ ਮੰਗ ਕੀਤੀ ਹੈ ਕਿ ਚੌਧਰੀ ਮਾਜਰਾ ਦੇ ਬਜ਼ੁਰਗ ਦੇ ਘਰ 'ਚੋਂ ਦੋ ਲੜਕੇ ਗਾਇਬ ਹਨ, ਦੋਸ਼ੀਆਂ ਖਿਲਾਫ ਜਲਦ ਤੋਂ ਜਲਦ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।ਉਨ੍ਹਾ ਕਿਹਾ ਕਿ ਜੇਕਰ ਪੁਲਸ ਨੇ ਉਕਤ ਬਜ਼ੁਰਗ ਨਾਲ ਇਨਸਾਫ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਪੁਲਸ ਥਾਣੇ ਦੇ ਬਾਹਰ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੀ ਮੀਟਿੰਗ

**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਵੱਲੋਂ ਬਲਾਕ ਬੁਢਲਾਡਾ ਦੀ ਮੀਟਿੰਗ ਨੌਵੀਂ ਪਾਤਸ਼ਾਹੀ ਗੁਰਦੁਆਰਾ ਸਾਹਿਬ ਵਿਖੇ ਬਲਾਕ ਪ੍ਰਧਾਨ ਬਲਦੇਵ ਸਿੰਘ ਪਿਪਲੀਆਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਰਾਲੀ ਸਾੜਨ ਦੇ ਨਾਂ ਹੇਠ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀਆਂ ਫਰਦਾਂ 'ਤੇ ਲਾਲ ਐਂਟਰੀਆਂ ਕਰਨ ਤੇ ਕਿਸਾਨਾਂ ਦੀਆਂ ਫਰਦਾਂ 'ਤੇ ਭਾਰੀ ਜੁਰਮਾਨੇ ਕਰਨ ਲਈ ਡਰਾਇਆ ਜਾ ਰਿਹਾ ਹੈ।ਮੀਟਿੰਗ ਵਿੱਚ ਅਹਿਮ ਅਜੰਡੇ 'ਤੇ ਵਿਚਾਰ ਚਰਚਾ ਦੌਰਾਨ ਸੰਘਰਸ਼ ਕਰਨ ਦਾ ਫੈਸਲਾ ਲਿਆ ਗਿਆ।ਲਾਲ ਐਂਟਰੀਆਂ ਰੱਦ ਕਰਨ ਦੀ ਮੰਗ ਨੂੰ ਲੈ ਕੇ ਚੇਤਾਵਨੀ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਫਰਦਾਂ 'ਤੇ ਲਾਲ਼ ਐਂਟਰੀਆਂ ਕੀਤੀਆਂ ਗਈਆਂ ਤਾਂ ਬੀਕੇਯੂ ਡਕੌਂਦਾ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ, ਜਿਸ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਅਗਲੇ ਅਜੰਡੇ ਵਿੱਚ ਕਿਸਾਨਾਂ ਦੀਆਂ ਧੜਾਧੜ ਆ ਰਹੀਆਂ ਜ਼ਮੀਨਾਂ ਦੀਆਂ ਕੁਰਕੀਆਂ ਨੂੰ ਰੋਕਣ ਲਈ ਸ਼ਹੀਦ ਪਿਰਥੀਪਾਲ ਸਿੰਘ ਨੇ ਕਿਸਾਨ ਦੀ ਜ਼ਮੀਨ ਬਚਾਉਣ ਲਈ ਸ਼ਹਾਦਤ ਦਿੱਤੀ, ਹੁਣ ਪੰਜਾਬ ਸਰਕਾਰ ਦੁਆਰਾ ਕਿਸਾਨਾਂ ਦੀ ਪਰਖ ਲੈਣ ਲਈ ਕੁਰਕੀਆਂ ਦਾ ਰਾਹ ਖੋਲ੍ਹ ਕੇ ਧਨਾਢ ਦੀ ਝੋਲੀ ਵਿੱਚ ਪਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਕਿਸਾਨ ਦੀ ਜ਼ਮੀਨ, ਘਰ ਨਿਲਾਮ ਨਹੀਂ ਹੋਣ ਦਿੱਤਾ ਜਾਵੇਗਾ, ਇਸ ਲਈ ਕੋਈ ਵੀ ਕੁਰਬਾਨੀ ਕਰਨੀ ਪਵੇ।ਇਸੇ ਤਹਿਤ ਪਿੰਡ ਗੰਡੂ ਕਲਾਂ ਦੇ ਕਿਸਾਨ ਦੀ ਕੁਰਕੀ 27/8/24 ਨੂੰ ਕਰਨ ਖਿਲਾਫ ਇਕੱਠੇ ਹੋ ਕੇ ਸਖਤ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ।

# ਮੂਲੋਵਾਲ ਸਕੂਲ ਵਿੱਚ ਸਪੇਸ ਡੇ ਮਨਾਇਆ



**ਧੂਰੀ (ਸੁਖਦੇਵ ਧੂਰੀ)**-ਬੀਤੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਵਾਲ ਵਿਖੇ ਨੈਸ਼ਨਲ ਸਪੇਸ ਡੇ ਬਹੁਤ ਧੂਮਧਾਮ ਨਾਲ ਮਨਾਇਆ ਗਿਆ, ਜਿਸ ਤਹਿਤ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ, ਮਾਡਲ ਬਣਾਉਣ ਦੇ ਮੁਕਾਬਲੇ, ਭਾਸ਼ਣ ਪ੍ਰਤੀ ਯੋਗਤਾ ਤੇ ਕੁਇਜ਼ ਮੁਕਾਬਲੇ ਕਰਵਾਏ ਗਏ।ਵੱਖ-ਵੱਖ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੇ ਮੁਕਾਬਲਿਆਂ 'ਚ ਵੱਧ ਚੜ੍ਹ ਕੇ ਹਿੱਸਾ ਲਿਆ।ਸਾਇੰਸ ਅਧਿਆਪਕਾਵਾਂ ਮੈਡਮ ਸ਼ਿਖਾ ਗੁਪਤਾ, ਮੈਡਮ ਸਵੇਤਾ ਤੇ ਗਣਿਤ ਅਧਿਆਪਕ ਸੰਦੀਪ ਬਾਂਸਲ ਨੇ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਨੈਸ਼ਨਲ ਸਪੇਸ ਡੇ ਬਾਰੇ ਜਾਣਕਾਰੀ ਦਿੱਤੀ।ਸਕੂਲ ਦੀ ਇੰਚਾਰਜ ਪ੍ਰਿੰਸੀਪਲ ਰੰਜੂ ਬਾਲਾ ਨੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਦੀ ਉਨ੍ਹਾਂ ਦੇ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਗਿਆਨ ਵਰਧਕ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਹੱਕ ਨਾ ਮਿਲਣ ਤੋਂ ਦੁਖੀ ਮਨਰੇਗਾ ਮਜ਼ਦੂਰਾਂ ਦੇ ਸਬਰ ਦਾ ਬੰਨ੍ਹ ਟੁੱਟਿਆ

## ਅੱਤ ਦੀ ਗਰਮੀ 'ਚ ਮੁੱਖ ਮਾਰਗ ਜਾਮ ਕਰਕੇ ਕੀਤਾ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਲਾਲੋ ਮੰਚ ਪੰਜਾਬ, ਬਲਾਕ ਮਹਿਲ ਕਲਾਂ ਵੱਲੋਂ ਇਲਾਕੇ ਨਾਲ ਸਬੰਧਤ ਹੱਕੀ ਤੇ ਜਾਇਜ਼ ਮੰਗਾਂ ਨੂੰ ਮਨਵਾਉਣ ਲਈ 38 ਪਿੰਡਾਂ ਨਾਲ ਸਬੰਧਤ ਮਨਰੇਗਾ ਮਜ਼ਦੂਰਾਂ ਵੱਲੋਂ ਮਹਿਲ ਕਲਾਂ ਦੇ ਮੁੱਖ ਚੌਂਕ 'ਚ ਚੱਕਾ ਜਾਮ ਕਰ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਸਮੇਂ ਸੰਬੋਧਨ ਕਰਦਿਆਂ ਨਰੇਗਾ ਕਾਨੂੰਨ ਦੇ ਮਾਹਰ ਤਰਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਮਿਲਦਾ ਹੱਕ ਮਜ਼ਦੂਰਾਂ ਨੂੰ ਨਹੀਂ ਦਿੱਤਾ ਰਿਹਾ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਘਰਾਂ ਦਾ ਗੁਜ਼ਾਰਾ ਚਲਾਉਣ ਵਾਸਤੇ ਰੁਜ਼ਗਾਰ ਹਾਸਲ ਕਰਨ ਲਈ ਮਨਰੇਗਾ ਦਫ਼ਤਰਾਂ 'ਚ ਖੱਜਲ ਖੁਆਰ ਹੋਣਾ ਪੈਂਦਾ ਹੈ।ਸਰਕਾਰਾਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਦੀ ਬੇਰੁਖੀ ਕਰਨ ਮਜ਼ਦੂਰਾਂ ਦੀ ਹਾਲਤ ਦਿਨ-ਬ-ਦਿਨ ਖਰਾਬ ਹੁੰਦੀ ਜਾ ਰਹੀ ਹੈ।ਉਨ੍ਹਾਂ ਸਮੂਹ ਮਜ਼ਦੂਰਾਂ ਨੂੰ ਏਕਾ ਮਜ਼ਬੂਤ ਕਰਨ ਦੀ ਅਪੀਲ ਕੀਤੀ।ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਸ਼ਹੀਦਾਂ ਨੇ ਦੇਸ਼ ਨੂੰ ਗੋਰੇ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਪਰ ਆਜ਼ਾਦੀ ਤੋਂ ਬਾਅਦ ਕਾਲੇ ਅੰਗਰੇਜ਼ਾਂ ਨੇ ਲੋਕਾਂ ਨੂੰ ਰੱਜ ਕੇ ਲੁੱਟਿਆ ਤੇ ਕੁੱਟਿਆ ਹੈ।ਹਾਲਾਤ ਇਹ ਹਨ ਕਿ ਆਜ਼ਾਦੀ ਦੇ 78 ਸਾਲ ਬੀਤਣ 'ਤੇ ਵੀ ਸਮੇਂ ਦੀਆਂ ਸਰਕਾਰਾਂ ਮਜ਼ਦੂਰਾਂ ਲਈ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨ 'ਚ ਅਸਫ਼ਲ ਰਹੀਆਂ ਹਨ।ਉਨ੍ਹਾਂ ਮੰਗ ਕੀਤੀ ਕਿ ਨਰੇਗਾ ਮਜ਼ਦੂਰਾਂ ਨੂੰ 100 ਦਿਨ ਕੰਮ ਦੀ ਗਰੰਟੀ, ਕੰਮ ਦੀ ਅਸਲ ਜਗ੍ਹਾ 'ਤੇ ਹਾਜ਼ਰੀ ਯਕੀਨੀ ਬਣਾਉਣੀ, ਘਰਾਂ ਵਿੱਚ ਪਸ਼ੂ ਪਾਲਣ ਧੰਦਾ ਸ਼ੁਰੂ ਕਰਨ ਲਈ ਸ਼ੈੱਡ ਦੀ ਸਹੂਲਤ, ਸਕਿੱਲ ਡਿਵੈਲਪ ਕਰਨ ਹਿੱਤ ਨਰੇਗਾ ਵਰਕਰਾਂ ਦੀ ਟ੍ਰੇਨਿੰਗ, 5 ਏਕੜ ਤੋਂ ਘੱਟ ਖੇਤੀ ਵਾਲੇ ਕਿਸਾਨ ਨੂੰ ਨਰੇਗਾ ਸਕੀਮ ਅਧੀਨ ਹਰ ਬਣਦੀ ਸਹੂਲਤ ਦਿੱਤੀ ਜਾਵੇ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਮਜ਼ਦੂਰਾਂ ਨੂੰ ਦਿੱਤਾ ਜਾਵੇ ਤਾਂ ਜੋ ਉਹ ਜੀਵਨ ਨਿਰਭਾ ਕਰ ਸਕਣ, ਸੀ.ਐੱਚ.ਸੀ. ਹਸਪਤਾਲ 'ਚ ਡਾਕਟਰਾਂ ਦੀ ਕਮੀ ਪੂਰੀ ਕੀਤੀ ਜਾਵੇ ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਢੁੱਕਵਾਂ ਇਲਾਜ ਮਿਲੇ, ਸਕੂਲਾਂ 'ਚ ਅਧਿਆਪਕਾਂ ਦੀ ਕਮੀ ਨੂੰ ਤੁਰੰਤ ਪੂਰਾ ਕੀਤਾ ਜਾਵੇ, ਬੱਸ ਸਟੈਂਡ ਮਹਿਲ ਕਲਾਂ ਦੇ ਮੁੱਖ ਬਜ਼ਾਰ 'ਚ ਅਧੂਰਾ ਪਿਆ ਨਿਕਾਸੀ ਨਾਲਾ ਤੁਰੰਤ ਮੁਕੰਮਲ ਕੀਤਾ ਜਾਵੇ, ਮਹਿਲ ਕਲਾਂ ਦੇ ਮੁੱਖ ਬਜ਼ਾਰ 'ਚ ਜਲ ਸਪਲਾਈ ਦੀਆਂ ਪਾਈਪਾਂ ਪਾਈਆਂ ਜਾਣ, ਮਹਿਲ ਕਲਾਂ-ਖ਼ਿਆਲੀ, ਖਿਆਲੀ-ਮਾਂਗੇਵਾਲ, ਖਿਆਲੀ-ਠੁੱਲੀਵਾਲ ਲਿੰਕ ਸੜਕ ਚੌੜੀ ਕਰਕੇ 18 ਫੁੱਟੀ ਬਣਾਈ ਜਾਵੇ।ਇਸ ਸਮੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹੁੰਚੇ ਡਿਪਟੀ ਸੀ.ਈ.ਓ. ਜਗਤਾਰ ਸਿੰਘ ਨੇ ਭਰੋਸਾ ਦਿਵਾਇਆ ਕਿ 28 ਅਗਸਤ ਨੂੰ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਵਿਖੇ ਅਧਿਕਾਰ ਖੇਤਰ 'ਚ ਆਉਂਦੀਆਂ ਮੰਗਾਂ ਨੂੰ ਲਾਗੂ ਕਰਵਾਉਣਗੇ ਤੇ ਬਾਕੀ ਮੰਗਾਂ ਨੂੰ ਪੂਰਾ ਕਰਵਾਉਣ ਲਈ ਇਕ ਮੈਮੋਰੰਡਮ ਬਣਾ ਕੇ ਡੀ. ਸੀ. ਬਰਨਾਲਾ ਰਾਹੀਂ ਪੰਜਾਬ ਸਰਕਾਰ ਨੂੰ ਭੇਜਣਗੇ।ਇਸ ਮੌਕੇ ਗਠਿਤ 31 ਮੈਂਬਰੀ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਇਸ ਹਫ਼ਤੇ ਵਿੱਚ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ 30 ਅਗਸਤ ਨੂੰ ਇੱਥੇ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੌਕੇ ਬਲਦੇਵ ਸਿੰਘ ਸਹਿਜੜਾ, ਅੰਮ੍ਰਿਤਪਾਲ ਸਿੰਘ ਮਹਿਲ ਖ਼ੁਰਦ, ਪੂਰਨ ਸਿੰਘ, ਰਾਜਵਿੰਦਰ ਕੌਰ ਲੋਹਗੜ੍ਹ, ਕਿਰਨਜੀਤ ਕੌਰ ਠੁੱਲੀਵਾਲ, ਪ੍ਰਕਾਸ਼ ਸਿੰਘ ਕੁਰੜ, ਬਲਜੀਤ ਕੌਰ ਕੁਰੜ, ਭੋਲਾ ਸਿੰਘ ਬਖ਼ਤਗੜ੍ਹ, ਭੀਮ ਸਿੰਘ ਸੱਦੋਵਾਲ, ਅਮਰਜੀਤ ਸਿੰਘ ਮਹਿਲ ਕਲਾਂ, ਸੰਦੀਪ ਚੁਹਾਣਕੇ ਖ਼ੁਰਦ, ਜਸਵੀਰ ਸਿੰਘ ਖੇੜੀ, ਵੀਰਪਾਲ ਸਿੰਘ ਪੰਡੋਰੀ, ਲੱਖਾ ਸਿੰਘ ਖਿਆਲੀ, ਆਤਮਾ ਸਿੰਘ ਚੰਨਣਵਾਲ, ਕਾਲਾ ਸਿੰਘ ਚੰਨਣਵਾਲ, ਮਲਕੀਤ ਸਿੰਘ ਚੰਨਣਵਾਲ, ਗੁਰਦੀਪ ਸਿੰਘ ਮਹਿਲ ਖ਼ੁਰਦ, ਰਾਜੂ ਸਿੰਘ ਮਹਿਲ ਕਲਾਂ, ਅੰਮ੍ਰਿਤ ਸਿੰਘ ਲੋਹਗੜ੍ਹ, ਦਲਬੀਰ ਸਿੰਘ ਲੋਹਗੜ੍ਹ ਆਦਿ ਹਾਜ਼ਰ ਸਨ।

# ਜਬਰ-ਜ਼ਨਾਹ ਤੇ ਕਾਤਲਾਂ ਨੂੰ ਚੌਰਾਹੇ 'ਚ ਸਜ਼ਾ ਦੇਵੇ ਸਰਕਾਰ : ਲਲਤੋਂ, ਤਲਵੰਡੀ



**ਚੌਂਕੀਮਾਨ (ਬਲਬੀਰ ਮਾਨ)**-ਦੇਸ਼ ਦੀਆਂ 200 ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਫੋਰਮ ਦੀ ਅੰਗ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਜ਼ਿਲ੍ਹਾ ਲੁਧਿਆਣਾ ਦੀ ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਦੀ ਅਗਵਾਈ ਹੇਠ ਚੌਂਕੀਮਾਨ ਟੋਲ ਪਲਾਜ਼ਾ ਵਿਖੇ ਵਿਸ਼ਾਲ ਤੇ ਰੋਹ ਭਰਪੂਰ ਜਨਤਕ ਰੈਲੀ ਕੀਤੀ ਗਈ, ਜਿਸ ਰਾਹੀਂ ਕਲਕੱਤਾ ਵਿਖੇ ਇੱਕ ਮਹਿਲਾ ਡਾਕਟਰ ਦੇ ਗੈਰ-ਮਨੁੱਖੀ ਜਬਰ ਜ਼ਨਾਹ ਤੇ ਵਹਿਸ਼ੀ ਕਤਲ, ਉਤਰਾਖੰਡ 'ਚ ਵਾਪਰੇ ਜਬਰ ਜ਼ਨਾਹ ਤੇ 3 ਤੇ 4 ਸਾਲ ਦੀਆਂ ਬੱਚੀਆਂ ਨਾਲ ਮੁੰਬਈ ਵਿਖੇ ਕੀਤੇ ਜਬਰ ਜ਼ਨਾਹ ਕਾਂਡਾਂ ਦੇ ਜ਼ਾਲਮ ਤੇ ਦਰਿੰਦੇ ਸਮੁੱਚੇ ਦੋਸ਼ੀਆਂ ਨੂੰ ਬਿਨਾਂ ਕਿਸੇ ਦੇਰੀ ਤੋਂ ਫੌਰੀ ਗ੍ਰਿਫ਼ਤਾਰ ਕਰਕੇ ਤੇ ਫਾਸਟ ਟਰੈਕ ਅਦਾਲਤਾਂ ਰਾਹੀਂ ਇੱਕ ਮਹੀਨੇ ਦੇ ਅੰਦਰ ਅੰਦਰ ਸਖਤ ਸਜ਼ਾਵਾਂ ਯਕੀਨੀ ਬਣਾ ਕੇ ਵਿੱਚ ਚੌਰਾਹੇ ਟੰਗ ਕੇ ਸਰਕਾਰ ਸਜ਼ਾਵਾਂ ਦੇਵੇ।ਇਸ ਮੌਕੇ ਅਕਾਸ਼ ਗੂੰਜਦੇ ਨਾਹਰੇ ਬੁਲੰਦ ਕਰਦਿਆਂ ਸਮੂਹ ਆਗੂਆਂ ਤੇ ਸਾਥੀਆਂ ਨੇ ਕਿਹਾ ਕਿ ਅਜਿਹੇ ਘਿਨਾਉਣੇ ਕਾਰਨਾਮੇ ਸਾਡੇ ਸਮਾਜ ਲਈ ਇੱਕ ਕਲੰਕ ਹਨ।ਜਥੇਬੰਦੀ ਦੇ ਵੱਖ-ਵੱਖ ਆਗੂਆਂ ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ, ਮੀਤ ਪ੍ਰਧਾਨ ਬਲਜੀਤ ਸਿੰਘ ਸਵੱਦੀ, ਰਣਜੀਤ ਸਿੰਘ ਗੁੜੇ, ਡਾ. ਗੁਰਮੇਲ ਸਿੰਘ ਗੁੜੇ, ਡਾ. ਗੁਰਮੇਲ ਸਿੰਘ ਕੁਲਾਰ, ਜਰਨੈਲ ਸਿੰਘ ਮੁੱਲਾਂਪੁਰ, ਗੁਰਦੇਵ ਸਿੰਘ ਮੁੱਲਾਂਪੁਰ ਤੇ ਜ਼ਿਲ੍ਹਾ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਡੇ ਸਰਮਾਏਦਾਰਾਂ, ਜਗੀਰਦਾਰਾਂ, ਅਫਸਰਸ਼ਾਹੀ ਤੇ ਕਾਰਪੋਰੇਟਾਂ ਰੂਪੀ ਕਾਲੇ ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਤੇ ਲੁੱਟ-ਦਾਬ -ਜਬਰ 'ਤੇ ਆਧਾਰਤ ਮਲਕ ਭਾਗੋ ਰਾਜ ਪ੍ਰਬੰਧ ਅੰਦਰ 77 ਸਾਲਾਂ ਬਾਅਦ ਵੀ ਮਾਂ-ਧੀ-ਭੈਣ ਦੀ ਇੱਜ਼ਤ-ਆਬਰੂ ਮਸੂਮ ਜ਼ਿੰਦਗੀ ਪੂਰੇ ਮੁਲਕ 'ਚ ਕਿਤੇ ਵੀ ਸੁਰੱਖਿਅਤ ਨਹੀਂ ਹੈ।

ਯੂਨੀਅਨ ਨੇ ਐਲਾਨ ਕੀਤਾ ਕਿ 25 ਅਗਸਤ ਨੂੰ ਠੀਕ 10 ਵਜੇ ਮਰਹੂਮ ਬੀਬੀ ਕੁਲਵੰਤ ਕੌਰ ਰਸੂਲਪੁਰ ਕਤਲ ਕਾਂਡ ਵਿਰੋਧੀ ਪੱਕਾ ਧਰਨਾ ਜਗਰਾਉਂ ਲਈ ਅਤੇ 26 ਅਗਸਤ ਨੂੰ ਠੀਕ 8 ਵਜੇ ਦਿੱਲੀ ਮੋਰਚਾ-2 ਦੇ ਸ਼ੰਭੂ ਬਾਰਡਰ ਲਈ ਕਾਫਲੇ ਰਵਾਨਾ ਹੋਣਗੇ।ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਮਾਨ, ਅਵਤਾਰ ਸਿੰਘ ਤਾਰ, ਗੁਰਸੇਵਕ ਸਿੰਘ ਸੋਨੀ ਸਵੱਦੀ, ਸੋਹਣ ਸਿੰਘ ਸਵੱਦੀ, ਜਗਦੇਵ ਸਿੰਘ ਗੁੜੇ, ਜਥੇਦਾਰ ਗੁਰਮੇਲ ਸਿੰਘ ਢੱਟ, ਅਮਰਜੀਤ ਸਿੰਘ ਖੰਜਰਵਾਲ, ਗੁਰਦੀਪ ਸਿੰਘ ਮੰਡਿਆਣੀ, ਮਨਜੀਤ ਸਿੰਘ ਸਿੱਧਵਾਂ, ਬਲਦੇਵ ਸਿੰਘ ਪੰਡੋਰੀ, ਗੁਰਬਖਸ਼ ਸਿੰਘ ਤਲਵੰਡੀ, ਸਰਵਿੰਦਰ ਸਿੰਘ ਸੁਧਾਰ ਉਚੇਚੇ ਤੌਰ 'ਤੇ ਹਾਜ਼ਰ ਹੋਏ।

# ਕਾਮਰੇਡ ਜੰਗੀਰ ਸਿੰਘ ਜੋਗਾ ਦਾ 22ਵਾਂ ਬਰਸੀ ਸਮਾਗਮ ਅੱਜ



**ਤਲਵੰਡੀ ਸਾਬੋ/ਜੋਗਾ (ਜਗਦੀਪ ਗਿੱਲ)**

ਪੰਜਾਬ ਦੇ ਉੱਘੇ ਕਮਿਊਨਿਸਟ ਨੇਤਾ ਤੇ ਮਹਾਨ ਆਜ਼ਾਦੀ ਘੁਲਾਟੀਏ ਕਾਮਰੇਡ ਜੰਗੀਰ ਸਿੰਘ ਜੋਗਾ ਦੀ 22ਵੀਂ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਜੋਗਾ ਵਿਖੇ ਮਨਾਈ ਜਾ ਰਹੀ ਹੈ, ਜਿਸ ਵਿੱਚ ਸਿਆਸੀ, ਸਮਾਜੀ ਤੇ ਹੋਰ ਸ਼ਖ਼ਸੀਅਤਾਂ ਕਾਮਰੇਡ ਜੋਗਾ ਜੀ ਤੇ ਉਨ੍ਹਾਂ ਦੇ ਸਾਥੀਆਂ ਦੀ ਅਗਵਾਈ ਵਿੱਚ ਲੜੇ ਗਏ ਘੋਲਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਨਗੀਆਂ।

ਕਾਮਰੇਡ ਜੰਗੀਰ ਸਿੰਘ ਜੋਗਾ ਜਿਹੜੇ ਚਾਰ ਵਾਰ ਪੰਜਾਬ ਦੀ ਅਸੈਂਬਲੀ ਵਿੱਚ ਵੱਖ-ਵੱਖ ਹਲਕਿਆਂ ਦੀ ਨੁਮਾਇੰਦਗੀ ਕਰਦੇ ਰਹੇ, ਨੂੰ ਇੱਕ ਸਾਫ ਛਵੀ ਤੇ ਵੱਡੀ ਕੁਰਬਾਨੀ ਵਾਲੇ ਕਮਿਊਨਿਸਟ ਨੇਤਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ।ਵੱਖ ਵੱਖ ਮੋਰਚਿਆਂ ਵਿੱਚ 18 ਸਾਲਾਂ ਤੋਂ ਵੱਧ ਸਮਾਂ ਪਹਿਲਾਂ ਅੰਗਰੇਜ਼ ਤੇ ਆਜ਼ਾਦੀ ਪਿੱਛੋਂ ਦੇਸ਼ ਦੀਆਂ ਆਪਣੀਆਂ ਸਰਕਾਰਾਂ ਦੀਆਂ ਉਨ੍ਹਾਂ ਕਾਲ ਕੋਠੜੀਆਂ (ਜੇਲ੍ਹਾਂ) ਦੇ ਕਸ਼ਟ ਝੱਲਣੇ ਪਏ, ਜਿੱਥੇ ਹੁਣ ਵਾਂਗ ਬਿਜਲੀ ਦੇ ਪੱਖੇ ਨਹੀਂ ਸਗੋਂ ਮੁਸ਼ਕਤ ਦੇ ਤੌਰ 'ਤੇ ਮਣਾ-ਮੂੰਹੀਂ ਮੁੰਜ ਵੀ ਵੱਟਣੀ ਪੈਂਦੀ ਸੀ।ਕਾਮਰੇਡ ਜੋਗਾ ਦਾ ਨਾਮ ਉਨ੍ਹਾਂ ਕਮਿਊਨਿਸਟ ਆਗੂਆਂ ਵਿੱਚ ਮੂਹਰਲੀਆਂ ਸਫਾਂ ਵਿੱਚ ਆਉਂਦਾ ਹੈ, ਜਿਨ੍ਹਾਂ ਦੀ ਅਗਵਾਈ ਵਿੱਚ ਪੈਪਸੂ ਦੇ 784 ਪਿੰਡਾਂ ਵਿੱਚ ਲੜੇ ਗਏ ਇੱਕ ਵੱਡੇ ਜ਼ਮੀਨੀ ਘੋਲ ਪਿੱਛੋਂ 18 ਲੱਖ ਏਕੜ ਤੋਂ ਵੱਧ ਜ਼ਮੀਨ, ਜਿਸ ਨੂੰ ਵਕਤ ਦੇ ਵੱਡੇ ਜਗੀਰਦਾਰ ਛੇਤੀ ਕੀਤਿਆਂ ਛੱਡਣ ਨੂੰ ਤਿਆਰ ਨਹੀਂ ਸਨ, ਨੂੰ ਪੈਪਸੂ ਦੇ ਮੁਜ਼ਾਰੇ ਕਿਸਾਨਾਂ ਵਿੱਚ ਨਾ ਸਿਰਫ ਵੰਡਿਆ ਗਿਆ, ਸਗੋਂ ਉਸ ਲੱਖਾਂ ਏਕੜ ਜ਼ਮੀਨ ਦੇ ਮੁਜ਼ਾਰਿਆਂ ਨੂੰ ਮਾਲਕੀ ਹੱਕ ਲੈ ਕੇ ਵੀ ਦਿੱਤੇ ਗਏ ਸਨ।ਕਾਮਰੇਡ ਜੋਗਾ ਪੁਰਾਣੇ ਬਠਿੰਡਾ ਜ਼ਿਲ੍ਹੇ ਦੇ ਮਾਨਸਾ, ਜੋਗਾ ਤੇ ਤਲਵੰਡੀ ਸਾਬੋ ਵਰਗੇ ਵਿਧਾਨ ਸਭਾ ਹਲਕਿਆਂ ਤੋਂ ਮੁੜ ਮੁੜ ਚੋਣਾਂ ਲੜ ਕੇ ਪੰਜਾਬ ਅਸੰਬਲੀ ਵਿੱਚ ਪੁੱਜਦੇ ਰਹੇ ਹਨ, ਇਹੋ ਵਜ੍ਹਾ ਹੈ ਕਿ ਇਨ੍ਹਾਂ ਹਲਕਿਆਂ ਦੇ ਹੁਣ ਤੱਕ ਜੀਵਿਤ ਪੁਰਾਣੇ ਬਜ਼ੁਰਗਾਂ ਦੀ ਵੱਡੀ ਗਿਣਤੀ ਵਿੱਚ ਜਦੋਂ ਜੋਗਾ ਦਾ ਜ਼ਿਕਰ ਛਿੜਦਾ ਹੈ ਤਾਂ ਉਹ ਉਨ੍ਹਾ ਪ੍ਰਤੀ ਸਤਿਕਾਰ ਪ੍ਰਗਟ ਕਰਨ ਤੋਂ ਕਦੇ ਨਹੀਂ ਉਕਦੇ।ਕਾਮਰੇਡ ਜੋਗਾ ਪ੍ਰਤੀ ਪਾਏ ਜਾਂਦੇ ਲੋਕਾਂ ਵਿੱਚ ਸਤਿਕਾਰ ਤੇ ਉਨ੍ਹਾਂ ਦੀਆਂ ਵੱਡੀਆਂ ਕੁਰਬਾਨੀਆਂ ਕਰਕੇ ਹੀ ਤਲਵੰਡੀ ਸਾਬੋ, ਮਾਨਸਾ, ਜੋਗਾ ਤੇ ਹੋਰ ਕਈ ਹਲਕੇ ਉਸ ਨੂੰ ਆਪਣੀ ਆਪਣੀ ਥਾਂ ਆਪਣਾ ਹਰਮਨ ਪਿਆਰਾ ਲੀਡਰ ਮੰਨਦੇ ਰਹੇ ਹਨ।ਪਿਛਲੇ ਤੋਂ ਪਿਛਲੇ ਬਰਸੀ ਸਮਾਗਮ ਮੌਕੇ ਜਦੋਂ ਜੋਗਾ ਜੀ ਦੇ ਆਪਣੇ ਪਰਿਵਾਰ ਵਿੱਚੋਂ ਕੋਈ ਇੱਕ ਮੈਂਬਰ ਵੀ ਇਸ ਕਰਕੇ ਬਰਸੀ ਸਮਾਗਮ ਮੌਕੇ ਹਾਜ਼ਰ ਹੋਣ ਦੀ ਹਾਲਤ ਵਿੱਚ ਨਹੀਂ ਸੀ ਰਿਹਾ, ਕਿਉਂਕਿ ਬੇਟੀ ਅੰਮ੍ਰਿਤ ਆਸਟਰੇਲੀਆ ਤੇ ਪੁੱਤਰ-ਨੂੰਹ ਅਮਰੀਕਾ ਵਿੱਚ ਸਨ, ਤਾਂ ਪਿੱਛੋਂ ਨਗਰ ਨਿਵਾਸੀਆਂ ਨੇ ਹੀ ਬਰਸੀ ਸਮਾਗਮ ਕਰਕੇ ਬਰਸੀ ਸਮਾਗਮਾਂ ਦੀ ਉਕਤ ਲੜੀ ਵਿੱਚ ਖੜੋਤ ਨਹੀਂ ਸੀ ਆਉਣ ਦਿੱਤੀ।ਅਸਲ ਵਿੱਚ ਉਨ੍ਹਾਂ ਆਗੂਆਂ ਨੂੰ ਹੀ ਸਹੀ ਮਾਇਨਿਆਂ ਵਿੱਚ ਲੋਕ ਲੀਡਰ ਮੰਨਿਆ ਜਾਂਦਾ ਹੈ, ਜਿਨ੍ਹਾਂ ਦੇ ਤੁਰ ਜਾਣ ਪਿੱਛੋਂ ਉਨ੍ਹਾਂ ਦੀਆਂ ਬਰਸੀਆਂ ਆਪ ਮੁਹਾਰੇ ਲੋਕ ਆਪੇ ਮਨਾਉਂਦੇ ਹੋਣ।ਜੋਗਾ ਜੀ ਨੂੰ ਇਸ ਧਰਤੀ ਤੋਂ ਰੁਖ਼ਸਤ ਹੋਇਆਂ ਢਾਈ ਦਹਾਕਿਆਂ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਜੇਕਰ ਉਨ੍ਹਾਂ ਪ੍ਰਤੀ ਲੋਕਾਂ ਵਿੱਚ ਅੱਜ ਵੀ ਇਹ ਸਤਿਕਾਰ ਕਾਇਮ ਹੈ ਤਾਂ ਇਹ ਸਾਡੇ ਸਾਰਿਆਂ ਲਈ ਹੀ ਇੱਕ ਖੁਸ਼ੀ ਵਾਲੀ ਗੱਲ ਹੈ।

## ਕਾਤਰਾਂ

### ਅੱਜ ਬਿਜਲੀ ਬੰਦ ਰਹੇਗੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਉੱਪ-ਮੰਡਲ ਸ਼ਹਿਰੀ ਧੂਰੀ ਦੇ ਐੱਸ.ਡੀ.ਓ. ਗੁਰਦੀਪਇੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇਵੀ ਗਰਿੱਡ ਬੇਨੜਾ ਤੋਂ ਚੱਲਦੇ ਅਨਾਜ ਮੰਡੀ ਫੀਡਰ ਕੈਟਾਗਿਰੀ, ਸਿਵਲ ਹਸਪਤਾਲ ਫੀਡਰ, ਸੰਗਰੂਰ ਰੋਡ ਫੀਡਰ, ਏ ਪੀ ਸੋਲਵੈਕਸ ਫੀਡਰ, ਏ ਪੀ ਅੰਕਰੀਟਿਕ ਫੀਡਰ, ਸਿਨੇਮਾ ਰੋਡ ਫੀਡਰ ਦੀ ਸਪਲਾਈ ਜ਼ਰੂਰੀ ਮੁਰੰਮਤ ਕਾਰਨ 25 ਅਗਸਤ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮਾਰਕਫੈੱਡ ਫੀਡਰ ਦੀ ਸਪਲਾਈ ਸੁਧਾਰ ਕੰਮਾਂ ਲਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ 25 ਅਗਸਤ ਨੂੰ ਬੰਦ ਰਹੇਗੀ, ਜਿਸ ਨਾਲ ਤਾਰਾ ਕਾਲੋਨੀ, ਜੀਟੀਬੀ ਸਕੂਲ, ਕੈਂਡਿਸ ਸਕੂਲ, ਦੇਸ਼ ਭਗਤ ਕਾਲਜ, ਗੁਲਸ਼ਨ ਐਵੇਨਿਊ ਕਾਲੋਨੀ, ਦੌਲਤਪੁਰ ਰੋਡ ਤੇ ਦੌਲਤਪੁਰ ਪਿੰਡ ਦੀ ਸਪਲਾਈ ਬੰਦ ਰਹੇਗੀ।

### ਸੜਕ ਹਾਦਸੇ 'ਚ ਨੌਜਵਾਨ ਦੀ ਮੌਤ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਪਿਛਲੇ ਸਮੇਂ ਨਸ਼ਾ ਰੋਕੂ ਐਕਸ਼ਨ ਕਮੇਟੀ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਸਥਾਨਕ ਸ਼ਹਿਰ ਦੇ ਗਰੀਬ ਪਰਿਵਾਰ ਨਾਲ ਸੰਬੰਧਤ ਨੌਜਵਾਨ ਗੁਰਪ੍ਰੀਤ ਸਿੰਘ ਦੀ ਬੀਤੀ ਦੇਰ ਰਾਤ ਸੜਕ ਹਾਦਸੇ ਵਿੱਚ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਗੁਰਪ੍ਰੀਤ ਸਿੰਘ ਪੁੱਤਰ ਜੀਤ ਸਿੰਘ ਵਪਾਰੀ ਨੇੜਲੇ ਪਿੰਡ ਦਿਆਲਪੁਰਾ ਮਿਰਜ਼ਾ ਵਿਖੇ ਮੀਟ ਸ਼ੌਪ ਚਲਾਉਂਦਾ ਹੈ ਤੇ ਬੀਤੀ ਦੇਰ ਸ਼ਾਮ ਉਹ ਆਪਣੀ ਦੁਕਾਨ ਬੰਦ ਕਰਕੇ ਵਾਪਸ ਘਰ ਪਰਤ ਰਿਹਾ ਸੀ ਤਾਂ ਰਸਤੇ ਵਿੱਚ ਮੋਟਰਸਾਈਕਲ ਅੱਗੇ ਕੋਈ ਅਵਾਰਾ ਪਸ਼ੂ ਆ ਜਾਣ ਕਾਰਨ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਦੀ ਬਾਅਦ ਵਿੱਚ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਸਮੇਤ ਦੋ ਛੋਟੇ-ਛੋਟੇ ਬੱਚੇ ਤੇ ਬਿਰਧ ਮਾਂ ਛੱਡ ਗਿਆ ਹੈ। ਉਧਰ ਪਿੰਡ ਵਾਸੀਆਂ ਵੱਲੋਂ ਪਰਵਾਰ ਦੀ ਆਰਥਿਕ ਹਾਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਤੇ ਪ੍ਰਸ਼ਾਸਨ ਪਾਸੋਂ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ, ਕਿਉਂਕਿ ਪਰਵਾਰ ਵਿੱਚ ਕਮਾਉਣ ਵਾਲਾ ਇਹ ਇਕਲੌਤਾ ਮੈਂਬਰ ਹੀ ਸੀ। ਇਸ ਨੌਜਵਾਨ ਦੀ ਮੌਤ ਦੀ ਖਬਰ ਸੁਣ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੇਖਣ ਨੂੰ ਮਿਲੀ।

### ਸੜਕ ਹਾਦਸੇ 'ਚ ਕਿਸਾਨ ਆਗੂ ਜਸਵਿੰਦਰ ਸਿੰਘ ਗਿੱਲ ਦਾ ਦੇਹਾਂਤ



**ਮੱਖੂ (ਰਛਪਾਲ ਸਿੰਘ ਸੰਧੂ)**-ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਗਿੱਲ ਪੁੱਤਰ ਸਵ: ਗੁਰਮੱਖ ਸਿੰਘ ਵਾਸੀ ਪਿੰਡ ਨਿਜ਼ਾਮਦੀਨ ਵਾਲਾ ਦੀ ਸੜਕ ਹਾਦਸਾ ਦੌਰਾਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੁੰਦਿਆਂ ਹੀ ਜਿੱਥੇ ਪਰਿਵਾਰ ਵਾਲਿਆਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉੱਥੇ ਬਲਾਕ ਮਖੂ ਦੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।ਮ੍ਰਿਤਕ ਜਸਵਿੰਦਰ ਸਿੰਘ ਗਿੱਲ ਵੱਲੋਂ ਪਿੰਡ ਵਿੱਚ ਹੀ ਨਹੀਂ, ਬਲਕਿ ਪੂਰੇ ਇਲਾਕੇ ਵਿੱਚ ਹਰੇਕ ਵਰਗ ਦੇ ਵਿਅਕਤੀ ਨਾਲ ਆਪਣੇ ਮਿੱਠ ਬੋਲੜੇ ਸੁਭਾਅ ਕਾਰਨ ਆਪਣੀ ਵੱਖਰੀ ਪਹਿਚਾਣ ਬਣਾਈ ਹੋਈ ਸੀ।ਮ੍ਰਿਤਕ ਜਸਵਿੰਦਰ ਸਿੰਘ ਗਿੱਲ ਦੀ ਬੇਵਕਤੀ ਮੌਤ ਨਾਲ ਜਿੱਥੇ ਗਿੱਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉੱਥੇ ਪਿੰਡ ਨਿਜ਼ਾਮਦੀਨ ਵਾਲਾ ਤੇ ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਨੂੰ ਵੀ ਵੱਡਾ ਘਾਟਾ ਪਿਆ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰਕ ਮੈਂਬਰ ਮੇਜਰ ਸਿੰਘ, ਬਲਵਿੰਦਰ ਸਿੰਘ ਤੇ ਵੀਰ ਸਿੰਘ ਨਿਜ਼ਾਮਦੀਨ ਵਾਲਾ ਨਾਲ ਕਿਸਾਨ, ਮਜ਼ਦੂਰ, ਧਾਰਮਿਕ, ਪੰਥਕ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ, ਰਾਜਨੀਤਕ, ਗੈਰ-ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

#### ਮਾਮਲਾ ਸਰਪੰਚੀ ਦੀ ਚੋਣ ਦੇ ਕਾਗਜ਼ ਰੱਦ ਕਰਨ ਦਾ

# ਬਿਨਾਂ ਮੁਕਾਬਲਾ ਜੇਤੂ ਸਰਪੰਚ ਜਗਸੀਰ ਸਿੰਘ, ਬੀ ਡੀ ਪੀ ਓ ਅਮਿਤ ਕੁਮਾਰ ਸਮੇਤ 8 'ਤੇ ਕੇਸ ਦਰਜ

**ਬਾਘਾ ਪੁਰਾਣਾ (ਮਨੀ ਸਿਗਲਾ)**-ਹਲਕਾ ਬਾਘਾ ਪੁਰਾਣਾ ਅਧੀਨ ਪੈਂਦੇ ਪਿੰਡ ਲੰਗੇਆਣਾ ਨਵਾਂ 'ਚ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ 2018 ਵਿੱਚ ਹੋਈਆਂ ਪਿੰਡ ਲੰਗੇਆਣਾ ਨਵਾਂ ਦੀਆਂ ਸਰਪੰਚੀ ਦੀਆਂ ਚੋਣਾਂ ਮੌਕੇ ਪਿੰਡ ਲੰਗੇਆਣਾ ਨਵਾਂ ਤੋਂ ਉਸ ਸਮੇਂ ਕਾਂਗਰਸ ਪਾਰਟੀ ਦੇ ਸਰਪੰਚੀ ਦੇ ਉਮੀਦਵਾਰ ਜਗਸੀਰ ਸਿੰਘ ਨੂੰ ਬਿਨਾਂ ਮੁਕਾਬਲੇ ਜੇਤੂ ਕਰਾਰ ਦਿੱਤਾ ਗਿਆ ਸੀ ਤੇ ਉਸ ਸਮੇਂ ਦੇ ਬੀਡੀਪੀਓ ਅਮਿਤ ਕੁਮਾਰ ਵੱਲੋਂ ਬਣਾਈ ਗਈ ਰਿਪੋਰਟ ਦੇ ਅਧਾਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਚਰਨ ਸਿੰਘ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਸਨ, ਜਿਸ ਕਾਰਨ ਅਕਾਲੀ ਉਮੀਦਵਾਰ ਹਰਚਰਨ ਸਿੰਘ ਨੇ ਇਨਸਾਫ਼ ਲੈਣ ਲਈ ਮਾਣਯੋਗ ਅਦਾਲਤ ਦਾ ਦਰਵਾਜ਼ਾ ਖੜਕਾਇਆ ਅਤੇ ਹਰਚਰਨ ਸਿੰਘ ਵੱਲੋਂ ਲੰਮੀ ਕਾਨੂੰਨੀ ਲੜਾਈ ਲੜਨ ਮਗਰੋਂ ਸਰਪੰਚ ਜਗਸੀਰ ਸਿੰਘ ਸਮੇਤ ਅਦਾਲਤ ਦੇ ਹੁਕਮਾਂ 'ਤੇ 8 ਵਿਅਕਤੀਆਂ 'ਤੇ ਵੱਖ ਵੱਖ ਧਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਥਾਣਾ ਬਾਘਾ ਪੁਰਾਣਾ ਦੀ ਪੁਲਸ ਵੱਲੋਂ ਦਰਜ ਕੀਤੇ ਗਏ ਮਾਮਲੇ ਵਿੱਚ ਹਾਲੇ ਤੱਕ ਕਿਸੇ ਵਿਅਕਤੀ ਦੀ ਕੋਈ ਗ੍ਰਿਫ਼ਤਾਰੀ ਨਹੀਂ ਹੋਈ।ਦੱਸਣਾ ਬਣਦਾ ਹੈ ਬਹੁ-ਚਰਚਿਤ ਇਸ ਪਿੰਡ ਦੀ ਸਰਪੰਚੀ ਚੋਣ ਦੌਰਾਨ ਉਦੋਂ ਵੀ ਅਕਾਲੀ ਉਮੀਦਵਾਰ ਹਰਚਰਨ ਸਿੰਘ ਦੇ ਕਾਗਜ਼ ਰੱਦ ਕਰਨ ਨੂੰ ਲੈ ਕੇ ਕਾਫ਼ੀ 'ਰੱਫੜ' ਪਿਆ ਸੀ, ਪ੍ਰੰਤੂ ਉਸ ਵੇਲੇ ਬਾਘਾ ਪੁਰਾਣਾ ਵਿਖੇ ਤਾਇਨਾਤ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਮਿਤ ਕੁਮਾਰ ਵੱਲੋਂ ਬਣਾਈ ਰਿਪੋਰਟ ਦੇ ਆਧਾਰ 'ਤੇ ਅਕਾਲੀ ਉਮੀਦਵਾਰ ਨੂੰ ਚੋਣ ਮੈਦਾਨ ਵਿੱਚੋਂ ਲਾਂਭੇ ਕਰ ਦਿੱਤਾ ਸੀ, ਜਿਸ ਕਰਕੇ ਕਾਂਗਰਸ ਪੱਖੀ ਉਮੀਦਵਾਰ ਜਗਸੀਰ ਸਿੰਘ ਬਿਨਾਂ ਮੁਕਾਬਲਾ ਜੇਤੂ ਰਹੇ ਸਨ।ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੇ ਸ਼ਿਕਾਇਤ ਪੱਤਰ ਵਿੱਚ ਪੀੜਤ ਹਰਚਰਨ ਸਿੰਘ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਪੰਚਾਇਤੀ ਚੋਣਾਂ ਦੌਰਾਨ 18 ਦਸੰਬਰ 2018 ਨੂੰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ ਤੇ 20 ਦਸੰਬਰ 2018 ਨੂੰ ਉਸ 'ਤੇ ਬੇਬੁਨਿਆਦ ਦੋਸ਼ ਲਗਾਏ ਸਨ ਕਿ ਉਸ ਵੱਲੋਂ ਪੰਚਾਇਤ ਦੀਆਂ 2 ਕਨਾਲਾਂ ਜ਼ਮੀਨ 'ਤੇ ਕਥਿਤ ਤੌਰ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਇਹ ਵੀ ਦੋਸ਼ ਲਗਾਏ ਸਨ ਕਿ ਕੈਨੇਡਾ ਦਾ ਸਿਟੀਜ਼ਨ ਹੈ।ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਕੋਲ ਅਸੀਂ ਉਸ ਵੇਲੇ ਸ਼ਿਕਾਇਤ ਪੱਤਰ ਦਿੱਤਾ ਸੀ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇ, ਕਿਉਂਕਿ ਮੇਰੇ ਵੱਲੋਂ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਜ਼ਮੀਨ 'ਤੇ ਕੋਈ ਕਬਜ਼ਾ ਨਹੀਂ ਕੀਤਾ ਗਿਆ।ਪੀੜਤ ਨੇ ਕਿਹਾ ਕਿ ਇਸ ਸਬੰਧੀ [illegible] ਨਾਜਾਇਜ਼ ਕਬਜ਼ਾ ਨਹੀਂ ਕੀਤਾ, ਪ੍ਰੰਤੂ ਉਸ ਨੂੰ ਚੋਣ ਮੈਦਾਨ ਵਿੱਚੋਂ ਲਾਂਭੇ ਕਰ ਦਿੱਤਾ ਸੀ, ਜਿਸ ਕਰਕੇ ਕਾਂਗਰਸੀ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਿਹਾ ਸੀ।ਇਸ ਮਗਰੋਂ 5 ਮਾਰਚ 2024 ਨੂੰ ਪੰਚਾਇਤ ਤੇ ਮਾਲ ਮਹਿਕਮੇ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਉਪ ਪੁਲਸ ਕਪਤਾਨ ਵੱਲੋਂ ਮਾਮਲੇ ਦੀ ਪੜਤਾਲ ਕਰਵਾਈ ਗਈ, ਜਿਸ ਦੇ ਆਧਾਰ 'ਤੇ ਪੀੜਤ ਹਰਚਰਨ ਸਿੰਘ ਦੀ ਸ਼ਿਕਾਇਤ ਪੁਲਸ ਵੱਲੋਂ ਸਰਪੰਚ ਜਗਸੀਰ ਸਿੰਘ, ਸੁਖਪ੍ਰੀਤ ਸਿੰਘ, ਗੁਰਿੰਦਰ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ, ਸੁਖਚੈਨ ਸਿੰਘ (ਸਾਰੇ ਨਿਵਾਸੀ ਲੰਗੇਆਣਾ) ਤੇ ਅਮਿਤ ਕੁਮਾਰ ਬੀ.ਡੀ.ਪੀ.ਓ. ਵਿਰੁੱਧ ਮਾਮਲਾ ਦਰਜ ਕੀਤਾ ਹੈ।ਅਜੇ ਤੱਕ ਇਸ ਮਾਮਲੇ ਵਿੱਚ ਪੁਲਸ ਵੱਲੋਂ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

# ਭਾਰਤੀ ਫੌਜ ਤੋਂ 1 ਲੱਖ 30 ਹਜ਼ਾਰ ਰਿਸ਼ਵਤ ਲੈਂਦੇ ਆਡਿਟ ਟੀਮ ਵਾਲੇ ਰੰਗੇ-ਹੱਥੀਂ ਕਾਬੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਜ਼ੀਰੋ ਟੌਲਰੈਂਸ ਦੀ ਨੀਤੀ ਤਹਿਤ ਵਰਿੰਦਰ [illegible] ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿੰਮ ਦੌਰਾਨ ਗੁਰਮੀਤ ਸਿੰਘ, ਸੀਨੀਅਰ ਕਪਤਾਨ ਪੁਲਸ, ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਦੀ ਨਿਗਰਾਨੀ ਹੇਠ ਰਾਜ ਕੁਮਾਰ, ਉਪ ਕਪਤਾਨ ਪੁਲਸ ਤੇ ਇੰਸਪੈਕਟਰ [illegible], ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਵੱਲੋਂ ਆਡੀਟਰ ਜਗਜੀਤ ਸਿੰਘ ਤੇ ਅਮਿਤ ਦਫਤਰ ਲੋਕਲ ਆਡਿਟ ਆਫਿਸਰ ਫਿਰੋਜ਼ਪੁਰ ਨੂੰ 1 ਲੱਖ 30 ਹਜ਼ਾਰ ਰੁਪਏ ਰਿਸ਼ਵਤ ਹਾਸਲ ਕਰਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ ਹੈ।ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਆਡੀਟਰ ਜਗਜੀਤ ਸਿੰਘ ਤੇ ਅਮਿਤ ਦਫਤਰ ਲੋਕਲ ਆਡਿਟ ਆਫਿਸਰ ਫਿਰੋਜ਼ਪੁਰ ਨੂੰ ਮੁਦੱਈ ਨਾਇਬ ਸੂਬੇਦਾਰ ਸੱਤਿਆ ਪ੍ਰਕਾਸ਼ ਨੰਬਰ ਜੇ ਸੀ 4829875 ਵਾਈ, ਭਾਰਤੀ ਥਲ ਸੈਨਾ, ਸਤਾਰਾਂ ਰਾਜਪੂਤ ਰੈਜੀਮੈਂਟ, ਫਿਰੋਜ਼ਰ ਵੱਲੋਂ ਦਰਜ ਕਰਵਾਏ ਬਿਆਨਾਂ ਤੇ ਪੇਸ਼ ਰਿਕਾਰਡਿੰਗ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁਦੱਈ ਨਾਇਬ ਸੂਬੇਦਾਰ ਸੱਤਿਆ ਪ੍ਰਕਾਸ਼ ਨੰਬਰ ਜੇ ਸੀ 4829875 ਵਾਈ, ਭਾਰਤੀ ਥਲ ਸੈਨਾ ਸਤਾਰਾਂ ਰਾਜਪੂਤ ਰੈਜੀਮੈਂਟ, ਫਿਰੋਜ਼ਪੁਰ ਤੈਨਾਤ ਹੈ।ਉਸ ਦੀ ਯੂਨਿਟ ਦਾ ਆਡਿਟ ਸਾਲ 2023-2024 ਦਫਤਰ ਲੋਕਲ ਆਡਿਟ ਆਫੀਸਰ ਫਿਰੋਜ਼ਪੁਰ ਦੀ ਆਡਿਟ ਪਾਰਟੀ ਵੱਲੋਂ ਕੀਤਾ ਜਾ ਰਿਹਾ ਸੀ, ਜਿਸ ਲਈ ਮੁਦੱਈ ਉਕਤ ਦੀ ਸੀਨੀਅਰ ਅਫਸਰਾਂ ਵੱਲੋਂ ਡਿਊਟੀ ਲਗਾਈ ਗਈ ਸੀ।ਆਡਿਟ ਦੌਰਾਨ ਆਡੀਟਰ ਜਗਜੀਤ ਸਿੰਘ ਤੇ ਅਮਿਤ ਦਫਤਰ ਲੋਕਲ ਆਡਿਟ ਆਫੀਸਰ ਫਿਰੋਜ਼ਪੁਰ ਵੱਲੋਂ ਪਿਛਲੇ ਸਾਲ ਦੇ [illegible] ਤੇ ਇਸ ਸਾਲ ਆਡਿਟ ਕਲੀਅਰ ਕਰਨ ਬਦਲੇ ਮੁਦੱਈ ਪਾਸੋਂ 150,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ।ਮਿਤੀ 21 ਅਗਸਤ 2024 ਨੂੰ ਆਡੀਟਰ ਜਗਜੀਤ ਸਿੰਘ ਨੇ ਮੁਦੱਈ ਨੂੰ ਆਪਣੇ ਦਫਤਰ ਵਿਖੇ ਬੁਲਾਇਆ, ਜਿਸ 'ਤੇ ਮੁਦੱਈ ਤੇ ਉਸ ਦੀ ਯੂਨਿਟ ਦਾ ਹੌਲਦਾਰ ਧਰਮਰਾਜ ਨੰਬਰ 3001284 ਕੇ ਉਕਤ ਆਡੀਟਰ ਦੇ ਦਫਤਰ ਵਿਖੇ ਗਏ ਤਾਂ ਆਡੀਟਰ ਜਗਜੀਤ ਸਿੰਘ ਨੇ ਦੁਬਾਰਾ ਮੁਦੱਈ ਉਕਤ ਪਾਸੋਂ ਆਡਿਟ ਕਲੀਅਰ ਕਰਨ ਲਈ 1,50,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ, ਜਿਸ ਦੀ ਮੁਦੱਈ ਨੇ ਆਪਣੇ ਮੋਬਾਇਲ ਵਿੱਚ ਆਡੀਓ ਰਿਕਾਰਡਿੰਗ ਕਰ ਲਈ, ਜਿਸ 'ਤੇ ਕਾਰਵਾਈ ਕਰਦਿਆਂ ਉਪ ਕਪਤਾਨ ਪੁਲਸ ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਦੇ ਥਾਣਾ ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਵਿਖੇ ਭ੍ਰਿਸ਼ਟਾਚਾਰ ਰੋਕੂ ਧਰਾਵਾਂ ਅਧੀਨ ਮੁਕੱਦਮਾ ਦਰਜ ਰਜਿਸਟਰਡ ਕਰਵਾ ਕੇ ਆਡੀਟਰ ਜਗਜੀਤ ਸਿੰਘ ਤੇ ਅਮਿਤ ਦਫਤਰ ਲੋਕਲ ਆਡਿਟ ਆਫਿਸਰ ਫਿਰੋਜ਼ਪੁਰ ਨੂੰ ਸਰਕਾਰੀ ਗਵਾਹ ਡਾ. ਨੀਰਜ ਗਰੋਵਰ, ਵੈਟਰਨਰੀ ਅਫਸਰ, ਡਾਇਰੈਕਟਰ ਪਸ਼ੂ ਪਾਲਣ ਫਿਰੋਜ਼ਪੁਰ, ਗੁਰਪ੍ਰੀਤਮ ਸਿੰਘ, ਉਪ ਮੰਡਲ ਅਫਸਰ ਪੰਚਾਇਤੀ ਰਾਜ ਫਿਰੋਜ਼ਪੁਰ ਤੇ ਰੇਡਿੰਗ ਪਾਰਟੀ ਦੀ ਹਾਜ਼ਰੀ ਵਿੱਚ ਮੁਦੱਈ ਪਾਸੋਂ 1 ਲੱਖ 30 ਹਜ਼ਾਰ ਰਿਸ਼ਵਤ ਹਾਸਲ ਕਰਦਿਆਂ ਰੇਡਿੰਗ ਪਾਰਟੀ ਏਐਸਆਈ ਕ੍ਰਿਸ਼ਨ ਦੇਵ ਨੰਬਰ, ਜਸਕਰਨ ਸਿੰਘ ਨੰਬਰ, ਹੌਲਦਾਰ ਨਵਜੀਤ ਕੁਮਾਰ ਨੰਬਰ, ਮੁੱਖ ਸਿਪਾਹੀ ਕੁਲਵੰਤ ਸਿੰਘ ਨੰਬਰ, ਮੁੱਖ ਸਿਪਾਹੀ ਗੁਰਬਾਜ ਸਿੰਘ ਨੰਬਰ ਤੇ ਸਿਪਾਹੀ ਜਤਿੰਦਰ ਸਿੰਘ ਵੱਲੋਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ ਹੈ।ਤਫਤੀਸ਼ੀ ਅਫਸਰ ਵੱਲੋਂ ਅਲਗੇਰੀ ਤਫਤੀਸ਼ ਆਰੰਭ ਦਿੱਤੀ ਗਈ ਹੈ।ਤਫਤੀਸ਼ ਦੌਰਾਨ ਹੋਰ ਅਧਿਕਾਰੀ/ਕਰਮਚਾਰੀਆਂ ਦਾ ਰੋਲ ਵਿਚਾਰਿਆ ਜਾਵੇਗਾ।

# ਕਿਰਚ ਦਾ ਵਾਰ ਕਰਕੇ ਨੌਜਵਾਨ ਨੂੰ ਕੀਤਾ ਜ਼ਖ਼ਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਸ਼ਹਿਰ ਦੇ ਖਾਈ ਅੱਡਾ ਵਿਖੇ ਇੱਕ ਨੌਜਵਾਨ ਨੂੰ ਕਿਰਚ ਮਾਰ ਕੇ ਜ਼ਖ਼ਮੀ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। [illegible] ਕਿ ਇਕ ਸਾਲ ਪਹਿਲਾਂ ਹਰਸ਼ ਹੁਰਾਂ ਦੀ ਦੋਸ਼ੀ ਬੱਬਲ ਨਾਲ ਪੈਸਿਆਂ ਪਿੱਛੇ ਬਹਿਸਬਾਜ਼ੀ ਹੋਈ ਸੀ। ਮੋਨੂੰ ਨੇ ਦੱਸਿਆ ਕਿ ਹਰਸ਼ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਹਰਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸ਼ੈਲਰ ਸਨਅਤ ਦੀਆਂ ਮੁਸ਼ਕਲਾਂ ਦਾ ਸਰਕਾਰ ਸਮਾਂ ਰਹਿੰਦੇ ਹੱਲ ਕਰੇ : ਰਾਣਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜੇਕਰ ਸਮਾਂ ਰਹਿੰਦਿਆਂ ਪੰਜਾਬ ਤੇ ਕੇਂਦਰ ਸਰਕਾਰ ਨੇ ਸੈਲਰਾਂ ਦੀਆਂ ਮੁਸ਼ਕਲਾਂ ਤੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸੀਜ਼ਨ ਦੌਰਾਨ ਮੰਡੀਆਂ ਵਿੱਚ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਰੁਲ ਜਾਵੇਗੀ, ਜਿਸ ਨਾਲ ਕਿਸਾਨਾਂ, ਆੜ੍ਹਤੀਆਂ, ਲੇਬਰਾਂ, ਟਰਾਂਸਪੋਰਟ ਦਾ ਬਹੁਤ ਭਾਰੀ ਨੁਕਸਾਨ ਹੋ ਜਾਵੇਗਾ, ਉਥੇ ਹੀ ਸਰਕਾਰ ਨੂੰ ਵੀ ਕਿਸਾਨਾਂ ਤੇ ਆੜ੍ਹਤੀਆਂ ਦੇ ਵੱਡੇ ਵੋਟ ਬੈਂਕ ਦੀ ਢਾਹ ਲੱਗੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਜਰਨਲ ਸਕੱਤਰ ਤੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਗੱਲਬਾਤ ਕਰਦਿਆਂ ਕੀਤਾ।ਜਸਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਪਿਛਲੇ 20 ਸਾਲਾਂ ਤੋਂ ਦੇਖ ਰਹੇ ਹਾਂ, ਜਿੰਨਾ ਨੁਕਸਾਨ ਮਿਲਰਾਂ ਦਾ ਇਸ ਵਾਰ ਹੋਇਆ ਹੈ, ਏਨਾ ਨੁਕਸਾਨ ਵੀਹ ਸਾਲਾਂ 'ਚ ਕਦੇ ਵੀ ਨਹੀਂ ਹੋਇਆ, ਜਿਸ ਦੀ ਭਰਭਾਈ ਕਰਨ ਦੀ ਬਜਾਏ ਸਰਕਾਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੀ ਨਹੀਂ ਸੁਣ ਰਹੀ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਲਦੀ ਤੋਂ ਜਲਦੀ ਸੈਲਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਇਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਕਰੇ ਤੇ ਸੀਜ਼ਨ ਤੋਂ ਪਹਿਲਾਂ ਇਨ੍ਹਾਂ ਮੁਸ਼ਕਲਾਂ ਦਾ ਹੱਲ ਕਰੇ ਤਾਂ ਜੋ ਸੀਜ਼ਨ ਦੌਰਾਨ ਕਿਸਾਨਾਂ ਦੀ ਖੱਜਲ ਖੁਆਰੀ ਤੇ ਮੰਡੀਆਂ 'ਚ ਜਾਮ ਲੱਗਣ ਦੀ ਸਥਿਤੀ ਪੈਦਾ ਨਾ ਹੋਵੇ।ਰਾਣਾ ਨੇ ਕਿਹਾ ਕਿ ਸੈਲਰਾਂ ਦੀਆਂ ਮੁੱਖ ਮੰਗਾਂ ਪੰਜਾਬ ਵਿੱਚ ਚਾਵਲ ਲਈ ਸਪੇਸ ਨਾ ਹੋਣਾ ਹੈ, ਜਿਸ 'ਤੇ ਪੰਜਾਬ ਸਰਕਾਰ ਨੂੰ ਤੁਰੰਤ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਇਸ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ ਤੇ ਜੋ ਮਸਲੇ ਪੰਜਾਬ ਸਰਕਾਰ ਨਾਲ ਸੰਬੰਧਤ ਹਨ, ਉਨ੍ਹਾਂ ਦਾ ਨਿਪਟਾਰਾ ਵੀ ਬਿਨਾਂ ਦੇਰੀ ਕਰਨਾ ਚਾਹੀਦਾ ਹੈ।ਉਨ੍ਹਾਂ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸੈਲਰ ਇੰਡਸਟਰੀ ਦੇ ਮਸਲੇ ਤੁਰੰਤ ਹੱਲ ਕਰਕੇ ਸ਼ੈਲਰ ਇੰਡਸਟਰੀ ਨਾਲ ਸੰਬੰਧਤ ਧੀਰਾਂ ਦੇ ਮਨ ਤੋਂ ਡਰ ਦਾ ਮਾਹੌਲ ਦੂਰ ਕੀਤਾ ਜਾਵੇ ਅਤੇ ਆਪਣਾ ਕਾਰੋਬਾਰ ਕਰਨ ਲਈ ਉਤਸ਼ਾਹਤ ਕੀਤਾ ਜਾਵੇ।

# ਪ ਸ ਸ ਫ ਵੱਲੋਂ ਮੁੱਖ ਮੰਤਰੀ ਦੇ ਲਾਰਿਆਂ ਦੀ ਪੰਡ ਫੂਕ ਕੇ ਰੋਸ ਰੈਲੀ

## ਮੁਲਾਜ਼ਮ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ : ਸਿੱਧੂ, ਭੁੱਟੋ, ਸੰਧੂ



**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406/22/ ਬੀ ਚੰਡੀਗੜ੍ਹ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਪ ਸ ਸ ਫ ਬਲਾਕ ਪ੍ਰਧਾਨ ਕੌਰ ਸਿੰਘ ਦੀ ਪ੍ਰਧਾਨਗੀ ਹੇਠ ਬਲਾਕ ਜ਼ੀਰਾ ਦੇ ਮੁੱਖ ਚੌਕ ਵਿਖੇ ਮੁੱਖ ਮੰਤਰੀ ਦੇ ਲਾਰਿਆਂ ਦੀ ਪੰਡ ਫੂਕ ਕੇ ਰੋਸ ਰੈਲੀ ਕੀਤੀ ਗਈ।ਇਸ ਮੌਕੇ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਗੁਰਦੇਵ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਪਸਸਫ ਫਿਰੋਜ਼ਪੁਰ, ਬਲਵਿੰਦਰ ਸਿੰਘ ਭੁੱਟੋ ਸੂਬਾ ਜੁਆਇੰਟ ਸਕੱਤਰ, ਬਲਵਿੰਦਰ ਸਿੰਘ ਸੰਧੂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਨਿਸ਼ਾਨ ਸਿੰਘ ਸਹਿਜ਼ਾਦੀ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਮੁਲਾਜ਼ਮਾਂ ਦੀਆਂ ਮੰਗਾਂ ਪੁਰਾਣੀ ਪੈਨਸ਼ਨ ਬਹਾਲੀ, ਕੱਟੇ ਗਏ ਭੱਤੇ ਲਾਗੂ ਕਰਨ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਨਿਗੁਣੀਆਂ ਤਨਖਾਹਾਂ ਤੇ ਭੱਤਿਆਂ ਉਪਰ ਕੰਮ ਕਰਦੀਆਂ ਆਂਗਣਵਾੜੀ, ਮਿਡ ਡੇ ਮੀਲ ਵਰਕਰ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ, ਖਜ਼ਾਨਿਆਂ ਵਿੱਚ ਮੁਲਾਜ਼ਮਾਂ ਦੇ ਰੁਲ ਰਹੇ ਮੈਡੀਕਲ ਬਿਲਾਂ ਦੀ ਅਦਾਇਗੀ ਕਰਨ ਆਦਿ ਮੰਗਾਂ ਸਬੰਧੀ ਮੀਟਿੰਗ ਦਾ ਸਮਾਂ ਦੇਣ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਭੱਜ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਪੰਜਾਬ ਅੰਦਰ ਬਲਾਕ, ਤਹਿਸੀਲ ਤੇ ਜ਼ਿਲ੍ਹਾ ਪੱਧਰੀ ਰੋਸ ਰੈਲੀਆਂ ਪੰਜਾਬ ਸਰਕਾਰ ਖਿਲਾਫ ਕੀਤੀਆਂ ਜਾ ਰਹੀਆਂ ਹਨ ਅਤੇ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 3 ਸਤੰਬਰ ਦੀ ਚੰਡੀਗੜ੍ਹ ਵਿਧਾਨ ਸਭਾ ਘੇਰਣ ਲਈ ਕੀਤੀ ਜਾ ਰਹੀ ਰੈਲੀ ਵਿੱਚ ਸ਼ਾਮਲ ਹੋਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜੋ ਸਰਕਾਰ ਦੀਆਂ ਜੜ੍ਹਾਂ ਹਲਾ ਕੇ ਰੱਖ ਦਿੱਤੀਆਂ ਜਾਣਗੀਆਂ। ਇਸ ਰੋਸ ਰੈਲੀ ਵਿੱਚ ਪ ਸ ਸ ਫ ਨਾਲ ਸਬੰਧਤ ਸਮੂਹ ਜੰਗਲਾਤ ਵਰਕਰਜ਼ ਯੂਨੀਅਨ, ਜੀ ਟੀ ਯੂ, ਪੀ ਡਬਲਿਊ ਡੀ ਫੀਲਡ ਵਰਕਸ਼ਾਪ ਵਰਕਰਜ਼ ਯੂਨੀਅਨ, ਪਨ ਬੱਸ ਯੂਨੀਅਨ, ਨਹਿਰੀ ਪਟਵਾਰ ਯੂਨੀਅਨ ਆਦਿ ਦੇ ਆਗੂ ਬਲਵਿੰਦਰ ਸਿੰਘ ਭੁੱਟੋ ਸਟੇਟ ਸਕੱਤਰ ਜੀਟੀਯੂ, ਹਰਪਾਲ ਸਿੰਘ ਸੰਧੂ, ਭੁਪਿੰਦਰ ਸਿੰਘ ਢਿੱਲੋਂ, ਨਿਸ਼ਾਨ ਸਿੰਘ ਢਿੱਲੋਂ, ਬਲਵਿੰਦਰ ਸਿੰਘ ਸੰਧੂ, ਪ੍ਰੇਮ ਸਿੰਘ, ਸੁਖਵਿੰਦਰ ਸਿੰਘ ਝੱਤਰੇ, ਜੰਗਲਾਤ ਵਰਕਰਜ਼ ਯੂਨੀਅਨ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਸਹਿਜ਼ਾਦੀ, ਗੁਰਬੀਰ ਸਿੰਘ ਸਹਿਜ਼ਾਦੀ ਸਰਕਲ ਸਕੱਤਰ, ਜਸਵਿੰਦਰ ਸਿੰਘ ਪੰਨੂੰ ਬਲਾਕ ਪ੍ਰਧਾਨ ਜ਼ੀਰਾ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ, ਹਰਮੇਸ਼ ਸਿੰਘ, ਪ੍ਰੀਤਮ, ਸਿਮਰਜੀਤ ਸਿੰਘ ਵਣ ਗਾਰਡ ਐਸੋਸੀਏਸ਼ਨ, ਰਾਮੇਸ਼ ਕੁਮਾਰ, ਜੋਗਿੰਦਰ ਸਿੰਘ ਸੜਕ ਵਿਭਾਗ, ਪਿੱਪਲ ਸਿੰਘ, ਸਤਪਾਲ ਸਿੰਘ, ਮੱਖਣ ਸਿੰਘ, ਦਮਨ ਸ਼ਰਮਾ ਨਗਰ ਕੌਂਸਲ ਜ਼ੀਰਾ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ ਹਾਜ਼ਰ ਸਨ।

# ਅਖਿਲ ਭਾਰਤੀ ਲੋਕਤਾਂਤਰਿਕ ਅਧਿਕਾਰ ਸਮਿਤੀ ਵੱਲੋਂ ਧਰਨਾ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਇਲਾਕੇ ਤੇ ਆਮ ਜਨਤਾ ਦੀਆਂ ਮੰਗਾਂ ਨੂੰ ਲੈ ਕੇ ਅਖਿਲ ਭਾਰਤੀ ਲੋਕਤਾਂਤਰਿਕ ਅਧਿਕਾਰ ਸਮਿਤੀ ਦੇ ਪ੍ਰਧਾਨ ਮਦਨ ਲਾਲ ਨਰੂਲਾ ਵੱਲੋਂ ਲਗਾਏ ਗਏ ਬੇਮਿਆਦੀ ਧਰਨੇ ਨੂੰ ਉਸ ਵੇਲੇ ਭਾਰੀ ਸਮਰਥਨ ਮਿਲਿਆ, ਜਦ ਗੁਰੂ ਨਾਨਕ ਟੈਕਸੀ ਯੂਨੀਅਨ ਤੇ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਦੇ ਧਰਨੇ ਵਿੱਚ ਸ਼ਿਰਕਤ ਕੀਤੀ ਤੇ ਪੂਰਾ ਸਹਿਯੋਗ ਕਰਨ ਦਾ ਦਾਅਵਾ ਕੀਤਾ।ਇੱਥੇ ਜ਼ਿਕਰਯੋਗ ਹੈ ਕਿ ਇਲਾਕੇ ਲਈ ਕੁਝ ਕਰ ਗੁਜ਼ਰਨ ਦਾ ਜਜ਼ਬਾ ਰੱਖਣ ਵਾਲੇ ਤੇ ਸਮਾਜ ਸੇਵੀ ਮਦਨ ਲਾਲ ਨਰੂਲਾ ਵੱਲੋਂ ਪਿਛਲੇ ਦਿਨੀਂ 15 ਅਗਸਤ ਤੋਂ ਰੇਲਵੇ ਚਿਲਡਰਨ ਪਾਰਕ ਗੁਰੂ ਹਰਸਹਾਏ ਵਿਖੇ ਇਲਾਕੇ ਤੇ ਆਮ ਲੋਕਾਂ ਦੀਆਂ 11 ਮੰਗਾਂ ਨੂੰ ਲੈ ਕੇ ਬੇਮਿਆਦੀ ਧਰਨਾ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਲੰਬੇ ਸਮੇਂ ਤੋਂ ਲਟਕਦੀ ਆ ਰਹੀਆਂ ਇਲਾਕਾ ਨਿਵਾਸੀਆਂ ਦੀ ਮੰਗ ਰੇਲਵੇ ਸਕਾਈ ਬ੍ਰਿਜ ਜੋ ਕਿ ਹੁਣ ਤੱਕ ਸਿਆਸਤ ਦੀ ਭੇਟ ਚੜ੍ਹਿਆ ਹੋਇਆ ਹੈ, ਲਈ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਰਾਸ਼ੀ 5,50,69103 ਕਰੋੜ ਰੁਪਏ ਜਲਦ ਤੋਂ ਜਲਦ ਜਮ੍ਹਾਂ ਕਰਵਾਏ ਜਾਣ ਤਾਂ ਕਿ ਆਮ ਜਨਤਾ ਨੂੰ ਇਸ ਦਾ ਲਾਭ ਮਿਲ ਸਕੇ। ਇਸ ਤੋਂ ਇਲਾਵਾ ਅਵਾਰਾ ਗਊ ਵੰਸ਼ ਨੂੰ ਕੈਟਲ ਪੌਂਡ ਵਿੱਚ ਭੇਜਣਾ, ਹੱਡਾ ਰੋੜੀ ਨੂੰ ਅਲਾਟ ਪੰਜ ਕਿੱਲਿਆਂ ਵਿੱਚ ਸ਼ਿਫਟ ਕੀਤਾ ਜਾਣਾ, ਨਗਰ ਕੌਂਸਲ ਦਾ ਦਫਤਰ ਮਾਡਰਨ ਪਬਲਿਕ ਸਕੂਲ ਵਾਲੀ ਖਾਲੀ ਜਗ੍ਹਾ 'ਤੇ ਬਣਾ ਕੇ ਲਾਇਬਰੇਰੀ ਨੂੰ ਪਬਲਿਕ ਵਾਸਤੇ ਖੋਲ੍ਹਿਆ ਜਾਣਾ, ਲੜਕੀਆਂ ਲਈ ਸਰਕਾਰੀ ਕਾਲਜ ਖੋਲ੍ਹਣ ਤੇ ਸੱਤ ਮਹੀਨਿਆਂ ਦੀ ਪੈਂਡਿੰਗ ਰਾਸ਼ੀ ਪੰਜਾਬ ਦੇ 25 ਲੱਖ ਲਾਭਪਾਤਰੀਆਂ ਦੇ ਅਕਾਊਂਟ ਵਿੱਚ ਤੁਰੰਤ ਪਾਇਆ ਜਾਣਾ, ਬੁਢਾਪਾ ਪੈਨਸ਼ਨ 1500 ਤੋਂ ਵਧਾ ਕੇ 2500 ਕੀਤੇ ਜਾਣਾ ਆਦਿ ਮੰਗਾਂ ਨੂੰ ਮੁੱਖ ਰੱਖਦਿਆਂ ਇਹ ਧਰਨਾ ਸ਼ੁਰੂ ਕੀਤਾ ਗਿਆ ਹੈ।ਇਸ ਵਿੱਚ ਪਹੁੰਚ ਕੇ ਗੁਰੂ ਨਾਨਕ ਟੈਕਸੀ ਯੂਨੀਅਨ ਦੇ ਅਹੁਦੇਦਾਰਾਂ ਤੇ ਲੋਕਾਂ ਵੱਲੋਂ ਭਰਪੂਰ ਸਮਰਥਨ ਦਿੱਤਾ ਗਿਆ। ਇਸ ਮੌਕੇ ਹਰਮੇਸ਼ ਲਾਲ, ਹਰਭਗਵਾਨ, ਮਲਕੀਤ ਸਿੰਘ, ਵਿਰਸਾ, ਰਿੰਕੂ ਬੱਬਰ, ਜਸਪਾਲ ਪ੍ਰਧਾਨ, ਬਿੱਟੂ, ਰਕੇਸ਼ ਕੁਮਾਰ, ਜੋਗਿੰਦਰ ਸਿੰਘ, ਮਨਜੀਤ ਸਿੰਘ, ਬੀਬੀ ਬਸ਼ੀਰਾ ਤੇ ਬੀਬੀ ਬਲਬੀਰੋ ਆਦਿ ਹਾਜ਼ਰ ਸਨ।


# ਦੇਸ਼ ਭਗਤ ਗਲੋਬਲ ਸਕੂਲ 'ਚ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਇਸ ਦਿਨ ਕਿੰਡਰਗਾਰਟਨ ਸੈਕਸ਼ਨ ਦੇ ਬੱਚੇ ਭਗਵਾਨ ਕ੍ਰਿਸ਼ਨ ਤੇ ਰਾਧਾ ਦੇ ਰੂਪ ਵਿੱਚ ਆਏ।ਸ੍ਰੀ ਕ੍ਰਿਸ਼ਨ ਜੀ ਦੇ ਬਚਪਨ ਦੀਆਂ ਤਸਵੀਰਾਂ ਇੱਕ ਪੰਘੂੜੇ ਵਿੱਚ ਰੱਖੀਆਂ ਗਈਆਂ ਸਨ।ਸਮਾਗਮ ਲਈ ਸਕੂਲ ਨੂੰ ਵਧੀਆ ਢੰਗ ਨਾਲ ਸਜਾਇਆ ਗਿਆ ਅਤੇ ਆਰਤੀ ਤੇ ਭਜਨ ਗਾਏ ਗਏ ਅਤੇ ਜਨਮ ਅਸ਼ਟਮੀ ਨਾਲ ਸਬੰਧਤ ਗੀਤ ਗਾਏ ਗਏ।ਸਕੂਲ ਸਟਾਫ਼ ਤੇ ਬੱਚਿਆਂ ਵੱਲੋਂ ਪੂਜਾ ਅਰਚਨਾ ਕੀਤੀ ਗਈ।ਫੁੱਲਾਂ ਦੀ ਮਹਿਕ, ਬਲਦੇ ਕਪੂਰ ਦੀ ਸੁਗੰਧੀ ਤੇ ਘੰਟੀਆਂ ਦੀ ਗੂੰਜ ਨੇ ਹਵਾ ਭਰ ਦਿੱਤੀ।ਪੂਜਾ ਉਪਰੰਤ ਸਾਰੇ ਬੱਚਿਆਂ ਨੂੰ ਪ੍ਰਸ਼ਾਦ ਵੰਡਿਆ ਗਿਆ।ਬੱਚਿਆਂ ਨੂੰ ਚੰਗੀ ਇੱਛਾ ਨੂੰ ਉਤਸ਼ਾਹਤ ਕਰਨ ਤੇ ਬੁਰੀ ਇੱਛਾ ਨੂੰ ਨਿਰਾਸ਼ ਕਰਨ ਦੇ ਜਨਮ ਅਸ਼ਟਮੀ ਦੇ ਸੰਦੇਸ਼ ਨੂੰ ਦਰਸਾਉਂਦਾ ਇੱਕ ਛੋਟਾ ਸਕਿੱਟ ਦਿਖਾਇਆ ਗਿਆ।ਬੱਚਿਆਂ ਵਿੱਚ ਹਾਊਸ ਅਨੁਸਾਰ ਹਾਂਡੀ ਤੋੜਨ ਦੇ ਮੁਕਾਬਲੇ ਵੀ ਕਰਵਾਏ ਗਏ।ਸਕੂਲ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਬੱਚਿਆਂ ਨੂੰ ਸੰਬੋਧਤ ਕਰਦੇ ਹੋਏ ਇਸ ਦਿਨ ਦੀ ਮਹੱਤਤਾ ਤੇ ਕ੍ਰਿਸ਼ਨਾ ਦੇ ਜਵਾਨੀ ਦੇ ਦਿਨਾਂ ਦੇ ਵੱਖ-ਵੱਖ ਪਹਿਲੂਆਂ, ਦਹੀਂ-ਹਾਂਡੀ ਮਨਾਉਣ ਤੇ ਉਸ ਦੇ ਚੰਚਲ ਅਤੇ ਸ਼ਰਾਰਤੀ ਪੱਖ ਬਾਰੇ ਦੱਸਿਆ।ਉਨ੍ਹਾਂ ਕਿਹਾ ਕਿ ਪਵਿੱਤਰ ਤਿਉਹਾਰ ਹਮੇਸ਼ਾ ਲੋਕਾਂ ਵਿੱਚ ਏਕਤਾ ਤੇ ਵਿਸ਼ਵਾਸ ਨੂੰ ਦਰਸਾਉਂਦੇ ਹਨ।ਉਨ੍ਹਾਂ ਕਿਹਾ ਕਿ ਸਕੂਲ ਵਿੱਚ ਗੁਰਪੁਰਬ, ਈਦ ਤੇ ਕ੍ਰਿਸਮਸ ਸਮੇਤ ਸਾਰੇ ਧਾਰਮਿਕ ਤਿਉਹਾਰ ਬੱਚਿਆਂ ਵਿੱਚ ਭਾਈਚਾਰਕ ਸਾਂਝ ਨੂੰ ਵਧਾਉਣ ਤੇ ਸਹੀ ਨੀਂਹ ਰੱਖਣ ਲਈ ਮਨਾਏ ਜਾਂਦੇ ਹਨ।ਸਕੂਲ ਦੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਨੇ ਬੱਚਿਆਂ ਨੂੰ ਭਗਵਾਨ ਕ੍ਰਿਸ਼ਨ ਦੇ ਅਵਤਾਰ ਤੇ ਉਨ੍ਹਾਂ ਨਾਲ ਜੁੜੀਆਂ ਕਹਾਣੀਆਂ ਬਾਰੇ ਦੱਸਿਆ।ਇੱਕ ਰਾਸ-ਲੀਲਾ ਨੇ ਬੱਚਿਆਂ ਨੂੰ ਕ੍ਰਿਸ਼ਨ ਦੀ ਜੀਵਨੀ ਦੇ ਮਹੱਤਵ ਨੂੰ ਸਮਝਣ ਵਿੱਚ ਮਦਦ ਕੀਤੀ, ਉਨ੍ਹਾਂ ਨੂੰ ਇੱਕ ਨੇਕ ਚਾਰਟਰ ਅਪਣਾਉਣ ਲਈ ਪ੍ਰਭਾਵਿਤ ਕੀਤਾ।ਚੋਟੀ 'ਤੇ ਮੋਰ ਦੇ ਖੰਭ ਨਾਲ ਕ੍ਰਿਸ਼ਨ ਦੀ ਝਾਕੀ ਨੇ ਨਿੱਕੇ-ਨਿੱਕੇ ਬੱਚਿਆਂ ਦੇ ਦਿਲਾਂ ਨੂੰ ਖੁਸ਼ੀ ਤੇ ਅਨੰਦ ਨਾਲ ਧੜਕਣ ਲਾ ਦਿੱਤਾ।ਬਾਅਦ ਵਿੱਚ ਬੱਚਿਆਂ ਨੇ ਕ੍ਰਿਸ਼ਨ ਦੇ ਮਨਮੋਹਕ ਗੀਤਾਂ 'ਤੇ ਡਾਂਸ ਕੀਤਾ।

# ਏ ਆਈ ਵਰਕਰ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਦਾ ਐਲਾਨ

## ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲੇ ਕਰਕੇ ਡੰਗ ਟਪਾਉਣ 'ਤੇ ਲੱਗੀ : ਬਣਵਾਲਾ




**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਵੈਟਰਨਰੀ ਏ ਆਈ ਵਰਕਰ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਸਰਬਜੀਤ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ।ਪੰਜਾਬ ਸਰਕਾਰ ਵੱਲੋਂ ਯੂਨੀਅਨ ਦੀਆਂ ਮੰਗਾਂ ਨਾ ਮੰਨਣ ਦੇ ਰੋਸ ਵਜੋਂ 6 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਕੋਠੀ ਦਾ ਘਿਰਾਓ ਕਰਨ ਦਾ ਫੈਸਲਾ ਲਿਆ ਗਿਆ।

ਜਾਣਕਾਰੀ ਦਿੰਦਿਆਂ ਸੂਬਾ ਪ੍ਰੈੱਸ ਸਕੱਤਰ ਨਿਸ਼ਾਨ ਸਿੰਘ ਬਣਵਾਲਾ ਨੇ ਦੱਸਿਆ ਕਿ ਏ ਆਈ ਵਰਕਰ ਲਗਭਗ ਪਿਛਲੇ 13 ਸਾਲਾਂ ਤੋਂ ਪਸ਼ੂ ਪਾਲਣ ਵਿਭਾਗ ਦੇ ਵਿੱਚ ਏ ਆਈ ਤੇ ਵੈਕਸੀਨ ਦਾ ਕੰਮ ਕਰਦੇ ਆ ਰਹੇ ਹਨ।ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਵੋਟਾਂ ਤੋਂ ਪਹਿਲਾਂ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ ਕਿ ਕੱਚੇ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਪੱਕੇ ਕੀਤਾ ਜਾਵੇਗਾ, ਪਰ ਇਹ ਸਿਰਫ ਲਾਰੇ ਹੀ ਬਣੇ ਰਹੇ।ਇਹ ਸਰਕਾਰ ਵੀ ਪਹਿਲਾਂ ਦੀ ਕਾਂਗਰਸ ਤੇ ਅਕਾਲੀਆਂ ਦੀ ਸਰਕਾਰ ਵਾਂਗ ਲਾਰੇ ਲਾ ਕੇ ਹੀ ਡੰਗ ਟਪਾ ਰਹੀ ਹੈ।ਜਿੱਥੇ ਪੰਜਾਬ ਸਰਕਾਰ ਵੱਲੋਂ ਬੇਰੁਜ਼ਗਾਰੀ ਨੂੰ ਖਤਮ ਕਰਨ ਦੇ ਵੱਡੇ ਵੱਡੇ ਐਲਾਨ ਕੀਤੇ ਜਾ ਰਹੇ ਹਨ, ਉੱਥੇ ਵਿਭਾਗਾਂ ਵਿੱਚ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਸਰਕਾਰ ਅੱਖੋਂ ਪਰੋਖੇ ਕਰ ਰਹੀ ਹੈ।ਜਨਰਲ ਸੈਕਟਰੀ ਕਾਲਾ ਸਿੰਘ ਛਾਜਲਾ, ਮੀਤ ਪ੍ਰਧਾਨ ਮਨਿੰਦਰ ਸਿੰਘ, ਸੂਬਾ ਖਜ਼ਾਨਚੀ ਗੁਰਮੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਨੇ ਦੱਸਿਆ ਕਿ ਏ ਆਈ ਵਰਕਰ ਲਗਭਗ ਦੋ ਸਾਲਾਂ ਤੋਂ ਮੁਹਾਲੀ ਸੈਕਟਰ 68 ਵਿੱਚ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਦਫਤਰ ਮੂਹਰੇ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਮੇਨ ਗੇਟ ਬੰਦ ਕਰਕੇ ਬੈਠੇ ਹਨ।ਪੰਜਾਬ ਸਰਕਾਰ ਦੁਆਰਾ ਬਣਾਈ ਗਈ ਸਬ ਕਮੇਟੀ ਨਾਲ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨਾਲ ਅਨੇਕਾਂ ਮੀਟਿੰਗਾਂ ਹੋ ਚੁੱਕੀਆਂ ਹਨ, ਜੋ ਬੇਸਿੱਟਾ ਰਹੀਆਂ।ਪੰਜਾਬ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਡਾਇਰੈਕਟਰ ਪਸ਼ੂ ਪਾਲਣ ਵਿਭਾਗ 'ਤੇ ਦੋਸ਼ ਲਗਾਏ ਜਾਂਦੇ ਹਨ ਕਿ ਸਰਕਾਰ ਦੇ ਨੁਮਾਇੰਦਿਆਂ ਦੇ ਕਹਿਣ ਦੇ ਬਾਵਜੂਦ ਵਿਭਾਗ ਵੱਲੋਂ ਕੋਈ ਵੀ ਪ੍ਰੋਪੋਜ਼ਲ ਬਣਾ ਕੇ ਸਰਕਾਰ ਸਾਹਮਣੇ ਪੇਸ਼ ਨਹੀਂ ਕੀਤੀ ਗਈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੇ ਵਿਰੋਧ ਵਿੱਚ 6 ਸਤੰਬਰ ਨੂੰ ਸਾਰੇ ਪੰਜਾਬ ਦੇ ਵਰਕਰ ਵੱਲੋਂ ਭਗਵੰਤ ਮਾਨ ਦੀ ਕੋਠੀ ਸੰਗਰੂਰ ਵਿੱਚ ਘਰਾਓ ਕੀਤਾ ਜਾਵੇਗਾ।ਇਸ ਮੌਕੇ ਮੁਕੰਦ ਸਿੰਘ, ਬਾਬਾ ਜਗਵਿੰਦਰ ਸਿੰਘ, ਆਸਾ ਰਾਮ ਢੰਡਿਆਲ, ਸੰਦੀਪ ਸਿੰਘ, ਗੁਰਜੰਟ ਸਿੰਘ, ਸੁਭਾਸ਼ ਸਿੰਘ, ਸੁਖਬੀਰ ਸਿੰਘ ਬਰਾੜ, ਸੰਦੀਪ ਕੁਮਾਰ, ਅਨਵਰ ਖਾਨ, ਰਸ਼ਪਾਲ ਸਿੰਘ ਫਾਜ਼ਿਲਕਾ, ਕਰਮ ਚੰਦ ਲੰਘ, ਗੁਰਵਿੰਦਰ ਸਿੰਘ, ਯਾਦਵਿੰਦਰ ਸਿੰਘ, ਨਰਿੰਦਰ ਸਿੰਘ ਆਦਿ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਝੂਠੇ ਲਾਰਿਆਂ ਦੀ ਪੰਡ ਫੂਕ ਕੇ ਸਰਕਾਰ ਵਿਰੁੱਧ ਰੋਸ ਰੈਲੀ

## 3 ਨੂੰ ਚੰਡੀਗੜ੍ਹ ਰਾਜ ਪੱਧਰੀ ਰੈਲੀ ਕਰਕੇ ਵਿਧਾਨ ਸਭਾ ਵੱਲ ਕਰਾਂਗੇ ਕੂਚ : ਬਨਭੌਰੀ, ਰਾਣਵਾਂ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਸ਼ਨੀਵਾਰ ਛੁੱਟੀ ਦੇ ਬਾਵਜੂਦ ਡੀ ਸੀ ਦਫਤਰ ਮਾਲੇਰਕੋਟਲਾ ਅੱਗੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਝੂਠੇ ਲਾਰਿਆਂ ਖਿਲਾਫ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ 'ਝੂਠੇ ਲਾਰਿਆਂ ਦੀ ਪੰਡ' ਫੂਕ ਕੇ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾਈ ਕਨਵੀਨਰ ਰਣਜੀਤ ਸਿੰਘ ਰਾਣਵਾਂ, ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਬਨਭੌਰੀ, ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਪਰਮਜੀਤ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਨਾਹਰ ਸਿੰਘ ਮੁਬਾਰਕਪੁਰੀ, ਪ੍ਰਿੰਸੀਪਲ ਜੱਗਾ ਸਿੰਘ ਮੰਡਿਆਲਾ ਤੇ ਵਿੱਤ ਸਕੱਤਰ ਨਿਰਮਲ ਸਿੰਘ ਫਲੌਂਡ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਅਪਣੇ ਪੱਧਰ 'ਤੇ ਸਾਂਝੇ ਫਰੰਟ ਨਾਲ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਦੇ ਨਿਪਟਾਰੇ ਲਈ ਖੁਦ 25 ਜੁਲਾਈ, 2 ਅਗਸਤ, 22 ਅਗਸਤ ਦੀਆਂ ਮੀਟਿੰਗਾਂ ਨੀਯਤ ਕਰਕੇ ਹੁਣ ਮੀਟਿੰਗ ਕਰਨ ਤੋਂ ਭੱਜ ਗਏ ਹਨ 12 ਸਤੰਬਰ ਨੂੰ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਦਾ ਲੈਟਰ ਭੇਜ ਦਿੱਤਾ ਹੈ ਜੋ ਸਾਂਝੇ ਫਰੰਟ ਵੱਲੋਂ ਰੱਦ ਕਰ ਦਿੱਤਾ ਹੈ। ਸੂਬਾਈ ਕਨਵੀਨਰ ਰਣਜੀਤ ਸਿੰਘ ਰਾਣਵਾਂ, ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਬਨਭੌਰੀ, ਕੁਲਵੰਤ ਸਿੰਘ ਸਰਵਰਪੁਰ ਜਨਰਲ ਸਕੱਤਰ ਤੇ ਨਿਰਮਲ ਸਿੰਘ ਫਲੌਂਡ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਭਗਵੰਤ ਮਾਨ ਸਰਕਾਰ ਦੇ ਅਜੰਡੇ 'ਤੇ ਨਹੀਂ ਹਨ। ਢਾਈ ਸਾਲ ਦੇ ਕਾਰਜਕਾਲ ਦੌਰਾਨ ਇੱਕ ਵੀ ਮੀਟਿੰਗ ਮੰਗਾਂ ਦੇ ਨਿਪਟਾਰੇ ਲਈ ਮੁੱਖ ਮੰਤਰੀ ਵੱਲੋਂ ਨਹੀਂ ਕੀਤੀ ਗਈ, ਜਿਸ ਕਾਰਨ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਗੁੱਸੇ ਦੀ ਲਹਿਰ ਫੈਲ ਗਈ ਗਈ। ਇਸ ਕਰਕੇ ਸੰਘਰਸ਼ ਦੀ ਅਗਲੀ ਕੜੀ ਵਜੋਂ 3 ਸਤੰਬਰ ਨੂੰ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਚੰਡੀਗੜ੍ਹ ਰਾਜ ਪੱਧਰੀ ਰੈਲੀ ਕਰਕੇ ਵਿਧਾਨ ਸਭਾ ਵੱਲ ਕੂਚ ਕੀਤਾ ਜਾਵੇਗਾ ਤੇ ਅਗਲੇ ਆਰ-ਪਾਰ ਦੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਇਸ ਮੌਕੇ ਕੁਲਵੰਤ ਸਿੰਘ ਸਰਵਰਪੁਰ ਜਨ. ਸਕੱਤਰ, ਗੁਲਜ਼ਾਰ ਖਾਂ ਨਾਰੋਮਾਜਰਾ, ਬਹਾਦਰ ਸਿੰਘ ਪ੍ਰਧਾਨ ਪੰਜਾਬ ਪੁਲਸ, ਬਲਵੰਤ ਸਿੰਘ ਪ੍ਰਿੰਸੀਪਲ, ਨਾਹਰ ਸਿੰਘ ਨੌਧਰਾਣੀ, ਹਰਬੰਸ ਸਿੰਘ ਦੌਦ ਤਹਿਸੀਲ ਪ੍ਰਧਾਨ, ਜਗਦੇਵ ਸਿੰਘ, ਜਗਬੀਰ ਸਿੰਘ, ਮਹਿੰਦਰ ਸਿੰਘ ਬੀੜ, ਨਰਿੰਦਰਜੀਤ ਸਿੰਘ ਸਲਾਰ, ਜਸਬੀਰ ਸਿੰਘ, ਦੇਵਰਾਜ ਸਿੰਘ, ਕਮਲੇਸ਼ ਕੁਮਾਰ, ਸਦੀਕ ਮੁਹੰਮਦ, ਤਾਰਾ ਸਿੰਘ ਚੰਦੜ੍ਹ, ਨਾਹਰ ਸਿੰਘ, ਗੁਰਮੇਜ਼ ਸਿੰਘ, ਮਜ਼ੀਦ ਖਾਂ, ਰਾਏ ਸਿਕੰਦਰ, ਗੁਰਦੇਵ ਸਿੰਘ ਬੀੜ ਤੇ ਹੋਰ ਮੈਂਬਰ ਹਾਜ਼ਰ ਸਨ।

# 26 ਨੂੰ ਥਾਣਾ ਖਾਲੜਾ ਅੱਗੇ ਲਗਾਵਾਂਗੇ ਧਰਨਾ : ਮਾਣੋਚਾਹਲ, ਪਹੂਵਿੰਡ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਪੂਹਲਾ ਜ਼ੋਨ ਭਿੱਖੀਵਿੰਡ ਵੱਲੋਂ ਬਾਬਾ ਦੀਪ ਸਿੰਘ ਦੇ ਜਨਮ ਅਸਥਾਨ ਪਹੂਵਿੰਡ ਸਾਹਿਬ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਤੇ ਸੂਬਾਈ ਆਗੂ ਸਤਨਾਮ ਸਿੰਘ ਮਾਣੋਚਾਹਲ,ਰੇਸ਼ਮ ਸਿੰਘ ਘੁਰਕਵਿੰਡ, ਦਿਲਬਾਗ ਸਿੰਘ ਪਹੂਵਿੰਡ, ਸੁੱਚਾ ਸਿੰਘ ਵੀਰਮ, ਨਿਸ਼ਾਨ ਸਿੰਘ ਮਾੜੀਮੇਘਾ, ਅਜਮੇਰ ਸਿੰਘ ਅਮੀਸ਼ਾਹ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖਾਲੜਾ ਪੁਲਸ ਵੱਲੋਂ ਨਿਰਦੋਸ਼ ਲੋਕਾਂ 'ਤੇ ਕੀਤੇ ਗਏ ਨਜਾਇਜ਼ ਪਰਚਿਆਂ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਕੱਲ੍ਹ 26 ਅਗਸਤ ਦਿਨ ਸੋਮਵਾਰ ਨੂੰ ਥਾਣਾ ਖਾਲੜਾ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ।ਉਪਰੋਕਤ ਆਗੂਆਂ ਨੇ ਕਿਹਾ ਕਿ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਤੇ ਬੀਬੀਆਂ ਹਾਜ਼ਰੀ ਭਰਨਗੇ ਤੇ ਧਰਨਾ ਇਨਸਾਫ਼ ਲੈਣ ਤੱਕ ਜਾਰੀ ਰਹੇਗਾ।ਇਸ ਮੌਕੇ ਪੂਰਨ ਸਿੰਘ ਮੱਦਰ, ਰਣਜੀਤ ਸਿੰਘ ਚੀਮਾ, ਸੁਖਦੇਵ ਸਿੰਘ ਚੀਮਾ, ਸੁਖਪਾਲ ਸਿੰਘ ਦੋਦੇ, ਸੁਬੇਗ ਸਿੰਘ ਮੱਖੀ ਕਲਾਂ, ਸਤਿਨਾਮ ਸਿੰਘ ਮਨਿਹਾਲਾ,ਨਿਰਵੈਲ ਸਿੰਘ ਚੇਲਾ, ਮਾਨ ਸਿੰਘ ਮਾੜੀਮੇਘਾ, ਪਾਲ ਸਿੰਘ ਮਨਾਵਾਂ ਕੁਲਦੀਪ ਸਿੰਘ ਮਨਾਵਾਂ, ਜੱਸਾ ਸਿੰਘ ਨਵਾਂ ਪਿੰਡ, ਹਰਪਾਲ ਸਿੰਘ ਨਵਾਂ ਪਿੰਡ, ਕੁਲਦੀਪ ਸਿੰਘ ਨਵਾਂ ਪਿੰਡ, ਹੀਰਾ ਸਿੰਘ ਮੱਦਰ, ਕੰਵਲਜੀਤ ਸਿੰਘ ਪਹੂਵਿੰਡ, ਜਗਜੀਤ ਸਿੰਘ ਪਹੂਵਿੰਡ, ਗੁਰਮੀਤ ਸਿੰਘ ਪਹੂਵਿੰਡ, ਬਘੇਲ ਸਿੰਘ ਖਾਲੜਾ, ਦਿਲਬਾਗ ਸਿੰਘ ਵੀਰਮ, ਕਾਰਜ ਸਿੰਘ ਅਮੀਸ਼ਾਹ, ਅਜਮੇਰ ਸਿੰਘ ਅਮੀਸ਼ਾਹ, ਮਨਜੀਤ ਸਿੰਘ ਅਮੀਸ਼ਾਹ, ਕਸ਼ਮੀਰ ਸਿੰਘ ਅਮੀਸ਼ਾਹ, ਬਲਵਿੰਦਰ ਸਿੰਘ ਦੋਦੇ, ਸੁਖਦੇਵ ਸਿੰਘ ਦੋਦੇ, ਸਵਰਨ ਸਿੰਘ ਡਲੀਰੀ, ਜਗਜੀਤ ਸਿੰਘ ਡਲੀਰੀ, ਬਿਕਰਮਜੀਤ ਸਿੰਘ ਡਲੀਰੀ, ਸੁਖਦੇਵ ਸਿੰਘ ਚੇਲਾ, ਨਿਰਵੈਲ ਸਿੰਘ ਚੇਲਾ, ਅੰਗਰੇਜ਼ ਸਿੰਘ ਵਾਂ,ਅਮਰਜੀਤ ਸਿੰਘ ਵਾਂ, ਜਗਤਾਰ ਸਿੰਘ ਕੱਚਾ ਪੱਕਾ, ਹਰਭਜਨ ਸਿੰਘ ਕੱਚਾ ਪੱਕਾ, ਸੁਖਜਿੰਦਰ ਸਿੰਘ ਕੱਚਾ ਪੱਕਾ, ਅਵਤਾਰ ਸਿੰਘ ਢੋਲਣ, ਹਰਜਿੰਦਰ ਸਿੰਘ ਮੱਦਰ, ਜਸਬੀਰ ਸਿੰਘ ਮੱਖੀ ਕਲ੍ਹਾ, ਅਰੂੜ ਸਿੰਘ ਥੇਹ ਨੌਸ਼ਹਿਰਾ, ਰੇਸ਼ਮ ਸਿੰਘ ਥੇਹ ਨੌਸ਼ਹਿਰਾ, ਰਣਜੀਤ ਸਿੰਘ ਥੇਹ ਨੌਸ਼ਹਿਰਾ,ਰਾਜਬੀਰ ਸਿੰਘ ਮਨਿਹਾਲਾ, ਸੁਖਦੇਵ ਸਿੰਘ ਭਿੱਖੀਵਿੰਡ, ਕਿਰਪਾ ਸਿੰਘ ਭਿੱਖੀਵਿੰਡ, ਸਤਨਾਮ ਸਿੰਘ ਭੈਣੀ, ਨਿਰਵੈਲ ਸਿੰਘ ਭੈਣੀ, ਗੁਰਦੇਵ ਸਿੰਘ ਮਰਗਿੰਦਪੁਰਾ, ਗੁਰਨਾਮ ਸਿੰਘ ਮੱਖੀ ਕਲ੍ਹਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਕੈਂਟਰ ਗੱਡੀ ਤੇ ਵੈਨਿਊ ਕਾਰ ਦੀ ਜ਼ਬਰਦਸਤ ਟੱਕਰ, ਜਾਨੀ ਨੁਕਸਾਨ ਤੋਂ ਬਚਾਅ

ਬਲਾਚੌਰ, ( ਜਸਵਿੰਦਰ ਬੈਂਸ)- ਬਲਾਚੌਰ ਬਾਈਪਾਸ ਸੁੱਜੋਵਾਲ ਦੇ ਕੱਟਾਂ ਦੇ ਨਜ਼ਦੀਕ ਇੱਕ ਕੈਂਟਰ ਗੱਡੀ ਅਤੇ ਵੈਨਿਊ ਕਾਰ ਦੀ ਜ਼ਬਰਦਸਤ ਟੱਕਰ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਨਵਪ੍ਰੀਤ ਸਿੰਘ ਆਪਣੀ ਵੈਨਿਊ ਕਾਰ ਨੰਬਰ ਪੀ ਬੀ 02 ਈ ਯੂ 7424 ਵਿਚ ਸਵਾਰ ਹੋ ਕੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾ ਰਿਹਾ ਸੀ ਕਿ ਬਲਾਚੌਰ ਬਾਈਪਾਸ ਸੁੱਜੋਵਾਲ ਦੇ ਕੱਟਾਂ ਦੇ ਨਜ਼ਦੀਕ ਇੱਕ ਕੈਂਟਰ ਪੀ ਬੀ 32 ਕੇ 8685 ਜਿਸ ਨੂੰ ਜਗਤਾਰ ਸਿੰਘ ਨਾਮੀ ਡਰਾਈਵਰ ਚਲਾ ਰਿਹਾ ਸੀ ਜੋ ਫਗਵਾੜੇ ਨੂੰ ਜਾ ਰਿਹਾ ਸੀ ਕਿ ਅਚਾਨਕ ਦੋਨਾਂ ਗੱਡੀਆਂ ਦੀ ਜ਼ਬਰਦਸਤ ਟੱਕਰ ਹੋ ਗਈ। ਜਿਸ ਦੇ ਫਲਸਰੂਪ ਦੋਨਾਂ ਗੱਡੀਆਂ ਦੇ ਅਗਲੇ ਪਾਸੇ ਬੁਰੀ ਤਰ੍ਹਾਂ ਨੁਕਸਾਨੇ ਗਏ ਜਦਕਿ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਬਲਾਚੌਰ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

# ਵਿਦੇਸ਼ ਭੇਜਣ ਦੇ ਨਾਂਅ 'ਤੇ ਲੱਖਾਂ ਦੀ ਠੱਗੀ ਮਾਰਨ ਵਾਲਾ ਏਜੰਟ ਗ੍ਰਿਫਤਾਰ



ਗੁਰਾਇਆ (ਬਿੰਦਰ ਸੁਮਨ): ਥਾਣਾ ਗੁਰਾਇਆ ਦੀ ਪੁਲਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਆਮ ਲੋਕਾਂ ਨਾਲ ਪੈਸਿਆਂ ਦੀ ਠੱਗੀ ਕਰਨ ਵਾਲੇ 1 ਵਿਅਕਤੀ ਨੂੰ ਗ੍ਰਿਫਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਥਾਣਾ ਗੁਰਾਇਆ ਦੇ ਐਸ.ਐਚ.ਓ ਸਬ ਇੰਸਪੈਕਟਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਬੀਤੇ ਦਿਨੀਂ ਹਰਦਵਿੰਦਰ ਨਗਰ ਰੁੜਕਾ ਰੋਡ ਗੁਰਾਇਆ ਥਾਣਾ ਗੁਰਾਇਆ ਦੇ ਰਹਿਣ ਵਾਲੇ ਜਗਦੀਸ਼ ਕੁਮਾਰ ਪੁੱਤਰ ਅਵਤਾਰ ਚੰਦ ਨੇ ਗੁਰਪ੍ਰੀਤ ਸਿੰਘ ਪੁੱਤਰ ਸ਼ਾਮ ਲਾਲ ਵਾਸੀ ਪੀਰ ਮਾਨਾ ਜ਼ਿਲ੍ਹਾ ਗੁਰਦਾਸਪੁਰ, ਸੰਦੀਪ ਦੱਤ ਪੁੱਤਰ ਜੋਗਿੰਦਰ ਪਾਲ, ਜੋਗਿੰਦਰ ਪਾਲ ਵਾਸੀਆਨ ਬੁਲੋਵਾਲ ਨਡਾਲਾ ਥਾਣਾ ਸੁਭਾਨਪੁਰ ਜ਼ਿਲ੍ਹਾ ਕਪੂਰਥਲਾ, ਜਸਨ ਪੁੱਤਰ ਰਣਜੀਤ ਸਿੰਘ ਵਾਸੀ ਰਾਮਗੜ੍ਹ ਲਿੰਟਾਂ ਬੁਲੰਡ, ਅੰਕਿਤ ਠੱਕਰ ਵਾਸੀ ਬੇਲਾਰੂਸ ਰਸ਼ੀਆ, ਐਡੀ ਵਾਸੀ ਗ੍ਰੀਸ, ਗੁਲਸ਼ਨ ਕੁਮਾਰ ਵਾਸੀ ਪਠਾਨਕੋਟ ਅਤੇ ਸੋਹਣ ਲਾਲ ਸੱਭਰਵਾਲ ਪੁੱਤਰ ਜੀਤ ਰਾਮ ਵਾਸੀ ਰਾਏਪੁਰ ਥਾਣਾ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਖਿਲਾਫ ਇੱਕ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀਆਂ ਨੇ ਉਸ ਦੇ ਭਰਾ ਮਨਦੀਪ ਕੁਮਾਰ ਅਤੇ ਉਸ ਦੇ ਹੋਰ ਦੋਸਤਾਂ ਨੂੰ ਵਿਦੇਸ਼ ਇਟਲੀ ਭੇਜਣ ਦੇ ਨਾਮ 'ਤੇ 31,56,000 ਰੁਪਏ ਦੀ ਠੱਗੀ ਮਾਰੀ ਸੀ, ਜਿਸ ਦੀ ਪੜਤਾਲ ਐਸ.ਪੀ ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਵੱਲੋਂ ਕੀਤੀ ਗਈ। ਜਿਸ 'ਤੇ ਡੀ.ਏ. ਲੀਗਲ ਦੀ ਰਾਏ ਲੈਣ ਤੋਂ ਬਾਅਦ ਰਿਪੋਰਟ ਤਿਆਰ ਕਰਕੇ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਨੂੰ ਭੇਜੀ ਗਈ। ਪੁਲਿਸ ਤਫਤੀਸ਼ ਅਮਲ 'ਚ ਲਿਆਂਦੀ ਗਈ ਅਤੇ ਵੱਖ ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ ਇਸ ਮਾਮਲੇ 'ਚ ਸੋਹਣ ਲਾਲ ਸੱਭਰਵਾਲ ਪੁੱਤਰ ਜੀਤ ਰਾਮ ਵਾਸੀ ਰਾਏਪੁਰ ਥਾਣਾ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਉਸ ਪਾਸੋਂ ਪੁੱਛਗਿੱਛ ਕਰਕੇ ਉਸ ਦੇ ਹੋਰ ਸਾਥੀਆਂ ਬਾਰੇ ਅਤੇ ਉਨ੍ਹਾਂ ਵੱਲੋਂ ਹੋਰ ਕਿਹੜੇ ਕਿਹੜੇ ਵਿਅਕਤੀਆਂ ਨਾਲ ਵਿਦੇਸ਼ ਭੇਜਣ ਦੇ ਨਾਮ 'ਤੇ ਠੱਗੀਆਂ ਮਾਰੀਆਂ ਹਨ, ਬਾਰੇ ਪਤਾ ਕੀਤਾ ਜਾ ਰਿਹਾ ਹੈ।

# ਖੇੜਾ ਵਿਖੇ ਸਲਾਨਾ ਛਿੰਝ ਮੇਲਾ 29 ਨੂੰ



ਬੰਗਾ (ਅਵਤਾਰ ਕਲੇਰ)- ਧੰਨ ਧੰਨ ਗੁੱਗਾ ਜ਼ਾਹਰ ਪੀਰ ਦੀ ਯਾਦ 'ਚ ਬਾਪੂ ਬੇਲੀ ਰਾਮ ਝੰਮਟ ਯਾਦਗਾਰੀ ਸਲਾਨਾ ਛਿੰਝ ਮੇਲਾ 29 ਅਗਸਤ ਨੂੰ ਪਿੰਡ ਖੇੜਾ (ਨੰਗਲ) ਫਗਵਾੜਾ ਵਿਖੇ ਕਰਵਾਇਆ ਜਾ ਰਿਹਾ ਹੈ।ਮੁੱਖ ਪ੍ਰਬੰਧਕ ਸੁਖਵਿੰਦਰ ਬਿੱਲੂ ਖੇੜਾ ਅਤੇ ਮੁੱਖ ਸੇਵਾਦਾਰ ਬਾਬਾ ਗੁਰਮੀਤ ਰਾਮ ਨੇ ਦੱਸਿਆ ਕਿ ਇਹ ਛਿੰਝ ਮੇਲਾ ਮਨੋਜ ਸਿੰਘ ਹੈਪੀ ਯੂ ਐਸ ਏ, ਰਾਜੇਸ਼ ਸਪੀਡ ਯੂ ਐਸ ਏ, ਹੈਰੀ ਯੂ ਐਸ ਏ, ਚਰਨਜੀਤ ਡੌਲੀ ਯੂ ਐਸ ਏ, ਡਾ. ਬੀ ਆਰ ਅੰਬੇਡਕਰ ਕਲੱਬ ਯੂ ਐਸ ਏ, ਏ ਆਰ ਹੈਲਪਿੰਗ ਹੈਂਡਜ਼ ਯੂ ਐਸ ਏ, ਗੁੱਗਾ ਜ਼ਾਹਰ ਪੀਰ ਛਿੰਝ ਕਮੇਟੀ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਛਿੰਝ ਮੇਲੇ 'ਚ ਮੁੱਖ ਮਹਿਮਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਮੈਂਬਰ ਪਾਰਲੀਮੈਂਟ ਲੁਧਿਆਣਾ, ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਫਗਵਾੜਾ, ਕੁਲਦੀਪ ਸਿੰਘ ਵੈਦ ਪਹੁੰਚਣਗੇ।

ਪਟਕੇ ਦੀ ਪਹਿਲੀ ਕੁਸ਼ਤੀ ਮਨਜੀਤ ਖੱਤਰੀ ਦਿੱਲੀ ਅਤੇ ਧਰਮਿੰਦਰ ਕੋਹਲੀ ਵਿਚਕਾਰ ਹੋਵੇਗੀ।

ਪਟਕੇ ਦੀ ਦੂਸਰੀ ਕੁਸ਼ਤੀ ਬਿਨੀਆ ਜੰਮੂ ਅਤੇ ਗਗਨ ਖਨਾਲਾ ਵਿਚਕਾਰ ਹੋਵੇਗੀ। ਭਲਵਾਨਾਂ ਨੂੰ ਨਗਦ ਇਨਾਮਾਂ ਨਾਲ ਸਨਮਾਨਤ ਕੀਤਾ ਜਾਵੇਗਾ।

ਸਕੂਲ ਪੜ੍ਹਦੇ ਬੱਚਿਆਂ ਨੂੰ ਕਾਪੀਆਂ, ਕਿਤਾਬਾਂ, ਵਰਦੀਆਂ ਅਤੇ ਸੂਜ਼ ਦਿੱਤੇ ਜਾਣਗੇ।ਸਕੂਲ ਪੜ੍ਹਦੀਆਂ ਬੱਚੀਆਂ ਨੂੰ ਸਾਈਕਲ, ਕੁੜੀਆਂ ਨੂੰ ਸਿਲਾਈ ਮਸ਼ੀਨਾਂ, ਅੰਗਹੀਣਾਂ ਨੂੰ ਟਰਾਈਸਾਈਕਲ ਅਤੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਜਾਵੇਗਾ।

## ਰੱਕੜਾਂ ਬੇਟ ਵਿਖੇ ਕੁਸ਼ਤੀ ਦੰਗਲ 30 ਨੂੰ

ਬਲਾਚੌਰ ( ਜਸਵਿੰਦਰ ਬੈਂਸ )- ਪਿੰਡ ਰੱਕੜਾਂ ਬੇਟ ਵਿਖੇ ਸਾਲਾਨਾ ਕੁਸ਼ਤੀ ਦੰਗਲ ਸਮੂਹ ਪਿੰਡ ਵਾਸੀਆਂ, ਐਨ ਆਰ ਆਈ ਵੀਰਾਂ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ 30 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਸਵੀਰ ਸਿੰਘ ਰੱਕੜ ਨੇ ਦੱਸਿਆ ਕਿ ਇਸ ਵਿੱਚ ਨਾਮਵਰ ਪਹਿਲਵਾਨ ਪਹੁੰਚ ਰਹੇ ਹਨ ਜਿਨ੍ਹਾਂ ਦੀ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਕੁਸ਼ਤੀ ਦੰਗਲ ਵਿਚ ਪਟਕਾ ਜੇਤੂ ਪਹਿਲਵਾਨ ਨੂੰ ਬੁਲਟ ਮੋਟਰਸਾਈਕਲ ਅਤੇ ਦੂਜੇ ਸਥਾਨ 'ਤੇ ਰਹਿਣ ਵਾਲੇ ਪਹਿਲਵਾਨ ਨੂੰ ਸਪਲੈਂਡਰ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬਾਕੀ ਜੇਤੂ ਪਹਿਲਵਾਨਾਂ ਨੂੰ ਵੀ ਸਨਮਾਨਜਨਕ ਨਕਦ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਇਸ ਮੌਕੇ ਜਸਵੀਰ ਸਿੰਘ ਰੱਕੜ, ਸਰਦਾਰ ਤ੍ਰਿਲੋਚਨ ਸਿੰਘ ਰੱਕੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ, ਪਰਮਜੀਤ ਸਿੰਘ ਰਾਏ, ਸੁਰਿੰਦਰ ਸਿੰਘ, ਜਸਵੰਤ ਸਿੰਘ ਰਾਏ, ਕੁਲਬੀਰ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।


HINDUJA LEYLAND FINANCE LIMITED

Corporate Office: No. 27A, Developed Industrial Estate, Guindy, Chennai – 600032
Registered Office: Plot No. C-21, Tower C (1-3 floors), G Block, Bandra Kurla Complex, Bandra (E), Mumbai – 400051.
Branch Office: 4TH Floor, Imperia Tower, Vishwakarma Chowk, Miller Ganj, Ludhiana-Punjab-14100
CIN: U65993MH2008PLC384221 Website: www.hindujaleylandfinance.com

**ਦਾ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਇੱਕ ਨੋਟਿਸ ਦਿੱਤਾ ਗਿਆ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ, ਸਕਿਉਰਡ ਕ੍ਰੈਡਿਟਰ ਤੋਂ ਲਈਆਂ ਕਰਜ਼ਾ ਸਹੂਲਤਾਂ ਦਾ ਮੂਲ ਅਤੇ ਵਿਆਜ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਕਰਜ਼ੇ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ-2002 ਦੇ ਸੈਕਸ਼ਨ 13 (2) ਤਹਿਤ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ, ਬੇਸ਼ੱਕ ਉਹ ਬਿਨਾਂ ਤਾਮੀਲ ਵਾਪਸ ਆ ਗਏ, ਇਸ ਲਈ ਉਨ੍ਹਾਂ ਨੂੰ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਗਈ ਹੈ।

**ਲੜੀ ਨੰਬਰ 1 :** ਸ਼ਾਖਾ : ਲੁਧਿਆਣਾ-ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ : 1 ਮੈਸ. ਉਮੰਗ ਪੈਕਰਜ਼ (ਰਾਹੀਂ ਇਸ ਦੇ ਪ੍ਰੋਪਰਾਈਟਰਾਂ)#980/2, ਪਿੰਡ-ਰਾਮਗੜ੍ਹ, ਰਾਮਗੜ੍ਹ ਤੋਂ ਸਾਹਨੇਵਾਲ ਰੋਡ, ਚੰਡੀਗੜ੍ਹ ਰੋਡ, ਲੁਧਿਆਣਾ, ਪੰਜਾਬ 141/123, ਨਾਲ ਹੀ ਮਕਾਨ ਨੰਬਰ 980/2, ਦੌਲਤ ਗਲੀ ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ-141001, ਨਾਲ ਹੀ : ਮਕਾਨ ਨੰਬਰ ਬੀ-1-981, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ ਪੰਜਾਬ-141001, 2 ਸ੍ਰੀ ਸੰਜੇ ਕੁਮਾਰ ਪੁੱਤਰ ਰੋਮੇਸ਼ ਗੁਪਤਾ, ਵਾਸੀ ਮਕਾਨ ਨੰਬਰ 980/2, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ 141001, ਨਾਲ ਹੀ ਮਕਾਨ ਨੰਬਰ ਬੀ-1-981, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ-14100, 3 ਸ੍ਰੀਮਤੀ ਸੋਨੀਆ ਅੱਗਰਵਾਲ ਪਤਨੀ ਸ੍ਰੀ ਸੰਜੇ ਕੁਮਾਰ, ਵਾਸੀ ਮਕਾਨ ਨੰਬਰ 980/2, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ 141001, ਨਾਲ ਹੀ ਮਕਾਨ ਨੰਬਰ ਬੀ-1-981, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ-141001, 4. ਗਰਾਫੋ ਪੈਕ (ਰਾਹੀਂ ਇਸ ਦੇ ਪ੍ਰੋਪਰਾਈਟਰਾਂ) 425/2, ਇੰਡਸਟ੍ਰੀਅਲ ਏਰੀਆ-ਏ, ਲੁਧਿਆਣਾ, ਪੰਜਾਬ-141123-ਨਾਲ ਹੀ ਵਾਸੀ ਮਕਾਨ ਨੰਬਰ 980/2, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ 141001, ਨਾਲ ਹੀ ਮਕਾਨ ਨੰਬਰ ਬੀ-1-981, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ-141001, 5 ਐੱਨ ਏ ਐੱਸ ਪੈਕ (ਰਾਹੀਂ ਇਸ ਦੇ ਪ੍ਰੋਪਰਾਈਟਰਾਂ), 425/2, ਇੰਡਸਟ੍ਰੀਅਲ ਏਰੀਆ-ਏ, ਲੁਧਿਆਣਾ, ਪੰਜਾਬ, 141001, ਵਾਸੀ ਮਕਾਨ ਨੰਬਰ 980/2, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ 141001, ਨਾਲ ਹੀ ਮਕਾਨ ਨੰਬਰ ਬੀ-1-981, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ-141001, ਕਰਜ਼ਾ ਖਾਤਾ ਨੰਬਰ ਪੀ ਜੇ ਪੀ ਬੀ ਐੱਲ ਡੀ 01008 ਅਤੇ ਕਰਜ਼ਾ ਖਾਤਾ ਨੰਬਰ ਪੀ ਜੇ ਪੀ ਬੀ ਐੱਲ ਡੀ ਸੀ 000018 ਅਤੇ ਕਰਜ਼ਾ ਖਾਤਾ ਨੰਬਰ ਟੀ ਐੱਨ ਸੀ ਪੀ ਓ ਸੀ 000115, ਡਿਮਾਂਡ ਨੋਟਿਸ ਮਿਤੀ 14-08-2024 ਬਕਾਇਆ 14-08-2024 ਨੂੰ ਰੁਪਏ 4,23,67,180.71/- (ਚਾਰ ਕਰੋੜ ਤੇਈ ਲੱਖ ਸਤਾਹਠ ਹਜ਼ਾਰ ਇੱਕ ਸੌ ਅੱਸੀ ਰੁਪਏ ਅਤੇ ਇਕੱਤਰ ਪੈਸੇ ਕੇਵਲ) ਐੱਨ ਪੀ ਏ ਮਿਤੀ -06-05-2024।

**ਸਕਿਉਰਡ ਜਾਇਦਾਦ ਦੇ ਵੇਰਵੇ** : ਤਬਾਦਲਾ ਬੈਨਾਮਾ ਮਿਤੀ 27-03-2018 ਵਸੀਕਾ ਨੰਬਰ 22624 ਅਨੁਸਾਰ ਸ੍ਰੀਮਤੀ ਸੋਨੀਆ ਪਤਨੀ ਸ੍ਰੀ ਸੰਜੇ ਕੁਮਾਰ ਦੇ ਨਾਂਅ 'ਤੇ ਅਚੱਲ ਜਾਇਦਾਦ ਮਕਾਨ ਨੰਬਰ ਬੀ-1-981 ਰਕਬਾ 891.66 ਵਰਗ ਗਜ਼, ਖਸਰਾ ਨੰਬਰ 3424/1914/899, ਖੇਵਟ ਨੰਬਰ 1555/1539, ਖਤੌਨੀ ਨੰਬਰ 2100, ਹਦਬਸਤ ਨੰਬਰ 164, ਜਮ੍ਹਾਂਬੰਦੀ ਸਾਲ 2014-15, ਪਿੰਡ ਮਹਾਲ ਭਗਤ, ਦੌਲਤ ਗਲੀ, ਸਾਹਮਣੇ ਪੁਲਸ ਲਾਈਨ, ਸਿਵਲ ਲਾਈਨਜ਼, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141001 ਨਾਲ ਸੰਬੰਧਤ ਸਭ ਕੁੱਝ। ਹੱਦਾਂ (ਸਾਈਟ ਅਨੁਸਾਰ) ਉੱਤਰ : ਸੰਜੇ ਕੁਮਾਰ ਦਾ ਮਕਾਨ, ਦੱਖਣ : ਖਾਲੀ ਪਲਾਟ, ਪੂਰਬ : ਸ੍ਰੀ ਖੋਸਲਾ ਦਾ ਮਕਾਨ, ਪੱਛਮ : ਗਲੀ 20'-04''

**ਲੜੀ ਨੰਬਰ 2 :** ਸ਼ਾਖਾ : ਲੁਧਿਆਣਾ, ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ : 1 ਮੈਸ: ਰਤਨ ਪਾਵਰ ਪ੍ਰੇਸਿਸ ਪ੍ਰਾਈਵੇਟ ਲਿਮਟਿਡ (ਕਰਜ਼ਦਾਰ) ਰਾਹੀਂ ਇਸ ਦੇ ਨਿਰਦੇਸ਼ਕਾਂ ਸ੍ਰੀ ਰਣਜੀਤ ਸਿੰਘ ਅਤੇ ਸ੍ਰੀਮਤੀ ਨਰਿੰਦਰ ਕੌਰ# ਮਾਲੇਰਕੋਟਲਾ ਰੋਡ, ਪਿੰਡ ਰਾਣੀਆਂ, ਜਸਪਾਲ ਬੰਗੜ, ਲੁਧਿਆਣਾ, ਪੰਜਾਬ-141122, ਨਾਲ ਹੀ : ਮਕਾਨ ਨੰਬਰ 764, ਗਲੀ ਨੰਬਰ 4, ਦਸ਼ਮੇਸ਼ ਨਗਰ, ਮਿਲਰਗੰਜ, ਗਿੱਲ ਰੋਡ, ਲੁਧਿਆਣਾ, ਪੰਜਾਬ-141003-ਨਾਲ ਹੀ ਫਲੈਟ# ਏ-ਪਹਿਲੀ ਮੰਜ਼ਲ, ਜਾਇਦਾਦ ਐੱਮ ਸੀ ਨੰਬਰ ਬੀ-XVIII-499 (ਪੁਰਾਣਾ) ਅਤੇ ਐੱਮ ਸੀ ਨੰਬਰ/ਬੀ-XVII-530 (ਨਵਾਂ) ਪਲਾਟ ਨੰਬਰ 379 ਆਰ ਅਤੇ ਐੱਲ, ਮਾਡਲ ਅਪਾਰਟਮੈਂਟ, ਸੈਂਟਰਲ ਪਾਰਕ, ਨੇੜੇ ਗੁਲਾਟੀ ਚੌਕ, ਮਾਡਲ ਟਾਊਨ, ਲੁਧਿਆਣਾ, ਪੰਜਾਬ, 141003. 2 ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਨਿਰਮਲ ਸਿੰਘ (ਸਹਿ-ਕਰਜ਼ਦਾਰ) ਫਲੈਟ# ਏ-ਪਹਿਲੀ ਮੰਜ਼ਲ, ਜਾਇਦਾਦ ਐੱਮ ਸੀ ਨੰਬਰ ਬੀ-XVIII-499 (ਪੁਰਾਣਾ) ਅਤੇ ਐੱਮ ਸੀ ਨੰਬਰ/ਬੀ-XVII-530 - (ਨਵਾਂ) ਪਲਾਟ ਨੰਬਰ 379 ਆਰ ਅਤੇ ਐੱਲ, ਮਾਡਲ ਅਪਾਰਟਮੈਂਟ, ਸੈਂਟਰਲ ਪਾਰਕ, ਨੇੜੇ ਗੁਲਾਟੀ ਚੌਕ, ਮਾਡਲ ਟਾਊਨ, ਲੁਧਿਆਣਾ, ਪੰਜਾਬ, 141003. ਮਕਾਨ ਨੰਬਰ 764, ਗਲੀ ਨੰਬਰ 4, ਦਸ਼ਮੇਸ਼ ਨਗਰ, ਮਿਲਰਗੰਜ, ਗਿੱਲ ਰੋਡ, ਲੁਧਿਆਣਾ, ਪੰਜਾਬ-141003- 3. ਸ੍ਰੀਮਤੀ ਨਰਿੰਦਰ ਕੌਰ ਪਤਨੀ ਸ੍ਰੀ ਰਣਜੀਤ ਸਿੰਘ (ਸਹਿ ਕਰਜ਼ਦਾਰ/ਰਹਿਣਕਾਰ) ਫਲੈਟ# ਏ-ਪਹਿਲੀ ਮੰਜ਼ਲ, ਜਾਇਦਾਦ ਐੱਮ ਸੀ ਨੰਬਰ ਬੀ-XVIII-499 (ਪੁਰਾਣਾ) ਅਤੇ ਐੱਮ ਸੀ ਨੰਬਰ/ਬੀ-XVII-530 - (ਨਵਾਂ) ਪਲਾਟ ਨੰਬਰ 379 ਆਰ ਅਤੇ ਐੱਲ, ਮਾਡਲ ਅਪਾਰਟਮੈਂਟ, ਸੈਂਟਰਲ ਪਾਰਕ, ਨੇੜੇ ਗੁਲਾਟੀ ਚੌਕ, ਮਾਡਲ ਟਾਊਨ, ਲੁਧਿਆਣਾ, ਪੰਜਾਬ, 141003. ਮਕਾਨ ਨੰਬਰ 764, ਗਲੀ ਨੰਬਰ 4, ਦਸ਼ਮੇਸ਼ ਨਗਰ, ਮਿਲਰਗੰਜ, ਗਿੱਲ ਰੋਡ, ਲੁਧਿਆਣਾ, ਪੰਜਾਬ-141003-ਕਰਜ਼ਾ ਖਾਤਾ ਨੰਬਰ ਪੀ ਜੇ ਪੀ ਬੀ ਐੱਲ ਡੀ 01008 ਅਤੇ ਕਰਜ਼ਾ ਖਾਤਾ ਨੰਬਰ ਪੀ ਜੇ ਪੀ ਬੀ ਐੱਫ ਡੀ 01011 ਅਤੇ ਕਰਜ਼ਾ ਖਾਤਾ ਨੰਬਰ ਟੀ ਐੱਨ ਸੀ ਪੀ ਸੀ ਓ ਸੀ 000191, 14-08-2024 ਨੂੰ ਬਕਾਇਆ ਰੁਪਏ 1,73,74,765.85/- (ਇੱਕ ਕਰੋੜ ਤਿਹੱਤਰ ਲੱਖ ਚੁਹੱਤਰ ਹਜ਼ਾਰ ਸੱਤ ਸੌ ਪੈਂਹਠ ਰੁਪਏ ਅਤੇ ਪਚਾਸੀ ਪੈਸੇ ਕੇਵਲ) ਐੱਨ ਪੀ ਏ ਮਿਤੀ 30-09-2023

**ਸਕਿਉਰਡ ਜਾਇਦਾਦ ਦੇ ਵੇਰਵੇ** : ਰਜਿਸਟਰਡ ਵਸੀਕਾ ਨੰਬਰ 10858 ਮਿਤੀ 27-11-2014 ਅਨੁਸਾਰ ਸ੍ਰੀਮਤੀ ਨਰਿੰਦਰ ਕੌਰ ਪਤਨੀ ਸ੍ਰੀ ਰਣਜੀਤ ਸਿੰਘ ਦੇ ਨਾਂਅ 'ਤੇ ਅਚੱਲ ਜਾਇਦਾਦ ਫਲੈਟ#ਏ, ਪਹਿਲੀ ਮੰਜ਼ਲ ਜਾਇਦਾਦ ਨੰਬਰ ਬੀ-18-520 ਅਤੇ ਬੀ-18-499, ਪਲਾਟ ਨੰਬਰ 379 ਆਰ ਅਤੇ ਐੱਲ, ਮਾਡਲ ਅਪਾਰਟਮੈਂਟ, ਸੈਂਟਰਲ ਪਾਰਕ, ਨੇੜੇ ਗੁਲਾਟੀ ਚੌਕ, ਮਾਡਲ ਟਾਊਨ, ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਉੱਤਰ : ਸੜਕ, ਦੱਖਣ : ਆਮ ਰਸਤਾ, ਪੂਰਬ : ਆਮ ਰਸਤਾ ਅਤੇ ਸ੍ਰੀ ਬਕਸ਼ੀ ਦਾ ਫਲੈਟ, ਪੱਛਮ : ਗੁਆਂਢੀ ਦਾ ਮਕਾਨ।

**ਲੜੀ ਨੰਬਰ 3** : ਸ਼ਾਖਾ : ਲੁਧਿਆਣਾ, ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ : 1 ਮੈਸ: ਧਰਮਿੰਦਰ ਸਕੂਲ ਬੱਸ ਸਰਵਿਸ (ਕਰਜ਼ਦਾਰ) ਰਾਹੀਂ ਇਸ ਦੇ ਪ੍ਰੋਪਰਾਈਟਰ-ਸ੍ਰੀ ਧਰਮਿੰਦਰ ਮੰਡਲ, ਵਾਸੀ ਮਕਾਨ ਨੰਬਰ 195/5/5, ਕਰਤਾਰ ਨਗਰ, ਨੇੜੇ ਧੂਰੀ ਲਾਈਨਜ਼, ਨੇੜੇ ਜਨਤਾ ਸੇਫ ਹਾਊਸ, ਮਾਡਲ ਟਾਊਨ, ਲੁਧਿਆਣਾ, ਪੰਜਾਬ-141003, 2 ਸ੍ਰੀ ਧਰਮਿੰਦਰ ਮੰਡਲ, ਪੁੱਤਰ ਸ੍ਰੀ ਝੱਲੂ ਮੰਡਲ (ਸਹਿ-ਕਰਜ਼ਦਾਰ) ਵਾਸੀ ਮਕਾਨ ਨੰਬਰ 195/5/5, ਕਰਤਾਰ ਨਗਰ, ਨੇੜੇ ਧੂਰੀ ਲਾਈਨਜ਼, ਨੇੜੇ ਜਨਤਾ ਸੇਫ ਹਾਊਸ, ਮਾਡਲ ਟਾਊਨ, ਲੁਧਿਆਣਾ, ਪੰਜਾਬ-141003, 3 ਸ੍ਰੀਮਤੀ ਅੰਜਲੀ ਦੇਵੀ ਪਤਨੀ ਸ੍ਰੀ ਧਰਮਿੰਦਰ ਮੰਡਲ, (ਸਹਿ ਕਰਜ਼ਦਾਰ) ਵਾਸੀ ਮਕਾਨ ਨੰਬਰ 195/5/5, ਕਰਤਾਰ ਨਗਰ, ਨੇੜੇ ਧੂਰੀ ਲਾਈਨਜ਼, ਨੇੜੇ ਜਨਤਾ ਸੇਫ ਹਾਊਸ, ਮਾਡਲ ਟਾਊਨ, ਲੁਧਿਆਣਾ, ਪੰਜਾਬ-141003, ਕਰਜ਼ਾ ਖਾਤਾ ਨੰਬਰ ਪੀ ਜੇ ਪੀ ਬੀ ਐੱਲ ਡੀ 00862 ਅਤੇ ਟੀ ਐੱਨ ਸੀ ਪੀ ਸੀ ਓ ਸੀ ਓ 000307 14-08-2024 ਨੂੰ ਬਕਾਇਆ ਰੁਪਏ 1,70,85,785.67/- (ਇੱਕ ਕਰੋੜ ਸੱਤਰ ਲੱਖ ਪਚਾਸੀ ਹਜ਼ਾਰ ਸੱਤ ਸੌ ਪਚਾਸੀ ਰੁਪਏ ਅਤੇ ਸਤਾਹਠ ਪੈਸੇ ਕੇਵਲ) ਐੱਨ ਪੀ ਏ ਮਿਤੀ : 31-03-2021

**ਸਕਿਉਰਡ ਜਾਇਦਾਦ ਦੇ ਵੇਰਵੇ** : ਬੈਨਾਮਾ ਮਿਤੀ 05-09-2016, ਵਸੀਕਾ ਨੰਬਰ 5566 ਅਨੁਸਾਰ ਅਚੱਲ ਜਾਇਦਾਦ ਮਕਾਨ ਨੰਬਰ 159/5/5, ਰਕਬਾ 202 ਵਰਗ ਗਜ਼, ਕਰਤਾਰ ਨਗਰ, ਲੁਧਿਆਣਾ ਖਸਰਾ ਨੰਬਰ 12, ਖੇਵਟ ਨੰਬਰ 1488, ਖਤੌਨੀ ਨੰਬਰ 2040, ਜਮ੍ਹਾਂਬੰਦੀ ਸਾਲ 2010-11, ਪਿੰਡ ਗਿੱਲ ਨੰਬਰ 1, ਹਦਬਸਤ ਨੰਬਰ 263, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਜਗਦੀਸ਼ ਬੋਲਾ ਅਤੇ ਰਾਮ ਭਜਨ-70', ਦੱਖਣ : ਪਲਾਟ-70', ਪੂਰਬ : ਰੇਲਵੇ ਲਾਈਨ ਅਤੇ ਸੜਕ-26', ਪੱਛਮ : ਸ੍ਰੀ ਮਲਿਕ ਦਾ ਮਕਾਨ-26'

ਬਦਲਵੀਂ ਨੋਟਿਸ ਸੇਵਾ ਲਈ ਕਦਮ ਉਠਾਏ ਜਾ ਰਹੇ ਹਨ। ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਜਮ੍ਹਾਂ ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ, ਅਸਫਲ ਰਹਿਣ 'ਤੇ 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੀਆਂ ਵਿਵਸਥਾਵਾਂ ਅਨੁਸਾਰ ਅਗਲੇ ਕਦਮ ਉਠਾਏ ਜਾਣਗੇ।

ਮਿਤੀ : 23.08.2024 ਵਾਸਤੇ ਹਿੰਦੂਜਾ ਲੇਲੈਂਡ ਫਾਇਨਾਂਸ ਲਿਮਟਿਡ
ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਚੱਲ/ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 {2002 ਦਾ 54} ਤਹਿਤ ਅਤੇ ਸਕਿਉਰਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀਮਤੀ ਸ਼ਸ਼ੀ ਬਾਲਾ ਪਤਨੀ ਸ੍ਰੀ ਰਵਿੰਦਰ ਕੁਮਾਰ, ਵਾਸੀ ਮਕਾਨ ਨੰ. 612, ਵਾਰਡ ਨੰ. 1, ਗਲੀ ਨੰ. 1, ਚਿੰਤਪੁਰਨੀ ਰੋਡ, ਨੇੜੇ ਪੈਟਰੋਲ ਪੰਪ, ਸ਼ਿਵਾਲਕ ਇਨਕਲੇਵ, ਹੁਸ਼ਿਆਰਪੁਰ, ਪੰਜਾਬ-146001 (2) ਸ੍ਰੀ ਰਾਹੁਲ ਕੁਮਾਰ ਪੁੱਤਰ ਸ੍ਰੀ ਰਵਿੰਦਰ ਕੁਮਾਰ, ਵਾਸੀ ਮਕਾਨ ਨੰ. 612, ਗਲੀ ਨੰ. 1, ਭਰਵਾਈ ਰੋਡ, ਨੇੜੇ ਪੈਟਰੋਲ ਪੰਪ, ਸ਼ਿਵਾਲਕ ਇਨਕਲੇਵ, ਹੁਸ਼ਿਆਰਪੁਰ, ਪੰਜਾਬ-146001 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਰਾਘਵ ਸ਼ਰਮਾ ਪੁੱਤਰ ਸ੍ਰੀ ਵਿਸ਼ਵਾਮਿੱਤਰ ਸ਼ਰਮਾ ਵਾਸੀ ਸੁਖੀਆਬਾਦ, ਹੁਸ਼ਿਆਰਪੁਰ, ਪੰਜਾਬ-146001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਲ ਏ ਪੀ/088602000016 'ਚ ਰੁਪਏ 8, 91,046.40/-ਡਿਮਾਂਡ ਨੋਟਿਸ ਦੀ ਮਿਤੀ 'ਤੇ ਬਕਾਇਆ, ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਬਕਾਇਆ ਰਕਮ ਐੱਲ ਏ ਪੀ/088602000016 'ਚ ਰੁਪਏ 8, 91,046.40/- ਸਮੇਤ 01.04.2024 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1061 ਮਿਤੀ 17.05.2000 ਅਨੁਸਾਰ ਸ੍ਰੀਮਤੀ ਸ਼ਸ਼ੀ ਬਾਲਾ ਪਤਨੀ ਸ੍ਰੀ ਰਵਿੰਦਰ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 4 ਮਰਲੇ 185 ਵਰਗ ਫੁੱਟ, ਪਿੰਡ ਕੋਟਲਾ, ਗੌਸਪੁਰ, ਹਦਬਸਤ ਨੰ. 369, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਸਭ ਕੁਝ।

ਮਿਤੀ : 22-08-2024 ਸਥਾਨ : ਹੁਸ਼ਿਆਰਪੁਰ (ਅਧਿਕਾਰਤ ਅਫਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਚੱਲ/ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 {2002 ਦਾ 54} ਤਹਿਤ ਅਤੇ ਸਕਿਉਰਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸੱਤਪਾਲ ਕੌਰ ਪਤਨੀ ਸਰੂਪ ਸਿੰਘ, ਵਾਸੀ ਮੁਹੱਲਾ ਰਾਮਗੜ੍ਹੀਆਂ, ਵਾਰਡ ਨੰ. 6, ਡਾਕਖਾਨਾ ਹਰਿਆਣਾ, ਹੁਸ਼ਿਆਰਪੁਰ, ਪੰਜਾਬ-144208 (2) ਸ੍ਰੀ ਬਲਜਿੰਦਰ ਸਿੰਘ ਪੁੱਤਰ ਸਰੂਪ ਸਿੰਘ, ਵਾਸੀ ਮੁਹੱਲਾ ਰਾਮਗੜ੍ਹੀਆਂ, ਵਾਰਡ ਨੰ. 6, ਡਾਕਖਾਨਾ ਹਰਿਆਣਾ, ਹੁਸ਼ਿਆਰਪੁਰ, ਪੰਜਾਬ-144208 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) [illegible] ਵਾਸੀ ਮੁਹੱਲਾ ਰਾਮਗੜ੍ਹੀਆਂ, ਵਾਰਡ ਨੰ. 6, ਡਾਕਖਾਨਾ ਹਰਿਆਣਾ, ਹੁਸ਼ਿਆਰਪੁਰ, ਪੰਜਾਬ-144208 (4) [illegible], ਪੰਜਾਬ-146104 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਲ ਏ ਪੀ/088602000022 'ਚ ਰੁਪਏ 1437421/- ਡਿਮਾਂਡ ਨੋਟਿਸ ਦੀ ਮਿਤੀ 'ਤੇ ਬਕਾਇਆ, ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਬਕਾਇਆ ਰਕਮ ਐੱਲ ਏ ਪੀ/088602000022 'ਚ ਰੁਪਏ 1437421/- ਸਮੇਤ 01.03.2024 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ ਬੈਨਾਮਾ ਦਸਤਾਵੇਜ਼ ਨੰ. 1544 ਮਿਤੀ 17.12.2008 ਅਨੁਸਾਰ ਸਤਪਾਲ ਕੌਰ ਪਤਨੀ ਸਰੂਪ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 8 ਮਰਲੇ, ਮੁਹੱਲਾ ਰਾਮਗੜ੍ਹੀਆਂ, ਹਰਿਆਣਾ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਸਭ ਕੁਝ।

ਮਿਤੀ : 22-08-2024 ਸਥਾਨ : ਹੁਸ਼ਿਆਰਪੁਰ (ਅਧਿਕਾਰਤ ਅਫਸਰ)



**PHF LEASING LIMITED**
Regd. & Corp. Off : 87, Radio Colony, BMC Chowk, Jalandhar – 144001, Punjab
E-Mail id : phf_leasingltd@yahoo.co.in Website : www.phfleasing.com
CIN : L65110PB1992PLC012488 Ph : +91 91151-00401

**ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ**

ਕੰਪਨੀਜ਼ ਐਕਟ, 2013 ਦੀਆਂ ਲਾਗੂ ਵਿਵਸਥਾਵਾਂ ਅਤੇ ਇਸ ਤਹਿਤ ਬਣੇ ਨਿਯਮਾਂ ਅਤੇ ਸਕਿਉਰਟੀਜ਼ ਐਂਡ ਐਕਸਚੇਂਜ਼ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2016, ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ (ਐੱਮ ਸੀ ਏ) ਅਤੇ ਸਕਿਉਰਟੀਜ਼ ਐਂਡ ਐਕਸਚੇਂਜ ਬਿਊਰੋ ਆਫ ਇੰਡੀਆ (ਸੇਬੀ) ਵੱਲੋਂ ਏ ਜੀ ਐੱਮ ਸੱਦਣ ਲਈ ਨੋਟਿਸ 'ਚ ਉਲੇਖ ਕੀਤੇ ਅਟੱਲ ਵਿਸ਼ੇਸ਼ ਕਾਰੋਬਾਰ ਅਤੇ ਆਮ ਕਾਰੋਬਾਰ ਦੇ ਮਾਮਲੇ 'ਚ ਜਾਰੀ ਲਾਗੂ ਸਰਕੂਲਰਾਂ ਦੀ ਪਾਲਣਾ 'ਚ ਨੋਟਿਸ ਦਿੱਤਾ ਜਾਂਦਾ ਹੈ ਕਿ 'ਪੀ ਐੱਚ ਐੱਫ ਲੀਜ਼ਿੰਗ ਲਿਮਟਿਡ' ਦੀ 32ਵੀਂ ਸਾਲਾਨਾ ਜਨਰਲ ਮੀਟਿੰਗ ਵੀਰਵਾਰ, 19 ਸਤੰਬਰ 2024 ਨੂੰ ਦੁਪਹਿਰ 12.00 ਵਜੇ ਆਈ ਐੱਸ ਟੀ ਨੂੰ ਵੀਡੀਓ ਕਾਨਫਰੈਂਸਿੰਗ (ਵੀ ਸੀ)/ਆਡੀਓ-ਵਿਜ਼ੁਅਲ ਮੀਨਜ਼ (ਓ ਏ ਵੀ ਐੱਮ) ਰਾਹੀਂ ਹੋਵੇਗੀ। ਏ ਜੀ ਐੱਮ ਦਾ ਨੋਟਿਸ ਸਮੇਤ ਵਿੱਤੀ ਵਰ੍ਹੇ 2023-2024 ਦੀ ਸਾਲਾਨਾ ਰਿਪੋਰਟ, ਉਹਨਾਂ ਸਾਰੇ ਮੈਂਬਰਾਂ ਨੂੰ ਜਿਨ੍ਹਾਂ ਦੇ ਈ ਮੇਲ ਪਤੇ ਕੰਪਨੀ ਜਾਂ ਰਜਿਸਟਰਾਰ ਐਂਡ ਸ਼ੇਅਰ ਟਰਾਂਸਫਰ ਏਜੰਟ (ਆਰ ਟੀ ਏ) ਕੋਲ ਰਜਿਸਟਰਡ ਹੋਣਗੇ, ਇਲੈਕਟ੍ਰਾਨੀਕਲੀ ਭੇਜੇ ਜਾਣਗੇ। ਏ ਜੀ ਐੱਮ ਦਾ ਨੋਟਿਸ ਅਤੇ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.phfleasing.com ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ MSEI Limited at www.msei.in 'ਤੇ ਵੀ ਉਪਲੱਬਧ ਹੋਣਗੇ।

**ਈ-ਵੋਟਿੰਗ ਰਾਹੀਂ ਵੋਟ ਪਾਉਣ ਵਾਸਤੇ ਈ-ਮੇਲ ਪਤੇ ਰਜਿਸਟਰ/ਅਪਡੇਟ ਕਰਨ ਦਾ ਢੰਗ**

(i) ਡੀਮਟਰੇਲਾਈਜ਼ਡ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈਮੇਲ ਪਤੇ ਸੰਬੰਧਤ ਡਿਪਾਜ਼ਟਰੀਜ਼ ਕੋਲ ਆਪਣੇ ਡਿਪਾਜ਼ਟਰੀ ਪਾਰਟੀਸੀਪੈਂਟਸ ਰਾਹੀਂ ਰਜਿਸਟਰ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਬੇਸ਼ੱਕ, ਇਸ ਨੋਟਿਸ ਦੀ ਪ੍ਰਾਪਤੀ ਦੇ ਮੰਤਵ ਲਈ ਆਰਜ਼ੀ ਰਜਿਸਟਰੇਸ਼ਨ ਵਾਸਤੇ ਸ਼ੇਅਰ ਹੋਲਡਰ ਆਪਣੇ ਈਮੇਲ ਪਤੇ ਕੁਮਾਰੀ ਸ਼ਿਖਾ ਕਪੂਰ, ਕੰਪਨੀ ਦੀ ਕੰਪਨੀ ਸੈਕਟਰੀ ਨੂੰ ਉਸਦੀ ਈਮੇਲ ਆਈ ਡੀ id compliance@phfleasing.com 'ਤੇ ਲਿਖ ਕੇ ਰਜਿਸਟਰ ਕਰਵਾ ਸਕਦੇ ਹਨ।

(ii) ਫਿਜੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈਮੇਲ ਪਤੇ ਕੰਪਨੀ ਕੋਲ ਰਜਿਸਟਰ ਕਰਵਾਉਣ ਲਈ ਕੁਮਾਰੀ ਸ਼ਿਖਾ ਕਪੂਰ, ਕੰਪਨੀ ਸੈਕਟਰੀ ਦੀ ਈਮੇਲ ਆਈ ਡੀ id compliance@phfleasing.com ਜਾਂ ਰਜਿਸਟਰਾਰ ਐਂਡ ਸ਼ੇਅਰ ਟਰਾਂਸਫਰ ਏਜੰਟ, ਮੈਸ:ਸ ਕਾਈਲਾਈਨ ਫਾਇਨੈਂਸ਼ੀਅਲ ਸਰਵਿਸਿਜ ਪ੍ਰਾਈਵੇਟ ਲਿਮ: ਦੀ ਈਮੇਲ ਆਈ ਡੀ admin@skylinerta.com 'ਤੇ ਤੁਹਾਡਾ ਫੋਲੀਓ ਨੰ:, ਪੈਨ, ਮੋਬਾਈਲ ਨੰ:, ਈ ਮੇਲ ਡੀ ਸਮੇਤ ਖੁਦ ਤਸਦੀਕਸ਼ੁਦਾ ਤੁਹਾਡੇ ਪੈਨ ਕਾਰਡ/ਆਧਾਰ ਕਾਰਡ ਅਤੇ ਸ਼ੇਅਰ ਸਰਟੀਫਿਕੇਟ (ਸਾਹਮਣੇ ਤੋਂ ਅਤੇ ਪਿੱਛੇ ਤੋਂ) ਦੀ ਕਾਪੀ ਦੇ ਨਾਲ ਲਿਖ ਕੇ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।

**ਈ-ਵੋਟਿੰਗ ਰਾਹੀਂ ਵੋਟ ਪਾਉਣ ਦਾ ਢੰਗ**

ਏ ਜੀ ਐੱਮ ਦੌਰਾਨ ਈ ਵੋਟਿੰਗ ਅਤੇ ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਹਿੱਸਾ ਲੈਣ ਵਾਸਤੇ ਕੰਪਨੀ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟਿੰਗ ਦੀ ਸਹੂਲਤ ਲਈ ਨੈਸ਼ਨਲ ਸਕਿਉਰਟੀਜ਼ ਡਿਪਾਜ਼ਟਰੀ ਲਿਮ: ਦੀਆਂ ਸੇਵਾਵਾਂ ਹਾਸਲ ਕੀਤੀਆਂ ਹਨ। ਵੋਟਿੰਗ ਦਾ ਢੰਗ ਸਮੇਤ ਡੀਮੀਟੀਰੇਲਾਈਜਡ ਮੋਡ 'ਚ ਫਿਜੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਅਤੇ ਜਿਨ੍ਹਾਂ ਮੈਂਬਰਾਂ ਨੇ ਆਪਣੇ ਈਮੇਲ ਪਤੇ ਰਜਿਸਟਰਡ ਨਹੀਂ ਕਰਵਾਏ ਹਨ, ਏ ਜੀ ਐੱਮ ਨੋਟਿਸ 'ਚ ਮੁਹੱਈਆ ਕਰਵਾਇਆ ਗਿਆ ਹੈ। ਏ ਜੀ ਐੱਮ 'ਚ ਸ਼ਾਮਲ ਮੈਂਬਰ ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਨਹੀਂ ਪਾਈ ਹੋਵੇਗੀ, ਏ ਜੀ ਐੱਮ ਵਿਖੇ ਇਲੈਕਟ੍ਰੋਨੀਕਲੀ ਵੋਟ ਪਾ ਸਕਣਗੇ।

**ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣਾ**

ਲਾਗਇਨ ਪ੍ਰਮਾਣ ਪੱਤਰ ਦੀ ਵਰਤੋਂ ਅਤੇ ਏ ਜੀ ਐੱਮ 'ਚ ਹਾਜ਼ਰ ਹੋਣ ਸੰਬੰਧੀ ਉਠਾਏ ਜਾਣ ਵਾਲੇ ਕਦਮਾਂ ਸੰਬੰਧੀ ਵੇਰਵੇ ਏ ਜੀ ਐੱਮ ਦੇ ਨੋਟਿਸ 'ਚ ਦੱਸੇ ਗਏ ਹਨ। ਵੀ ਸੀ ਜਾਂ ਓ ਏ ਵੀ ਐੱਮ ਰਾਹੀਂ ਮੀਟਿੰਗ 'ਚ ਹਾਜ਼ਰ ਹੋਣ ਸੰਬੰਧੀ ਵਿਸਥਾਰਤ ਹਦਾਇਤਾਂ ਲਈ ਮੈਂਬਰਾਂ ਨੂੰ ਏ ਜੀ ਐੱਮ ਦੇ ਨੋਟਿਸ ਦਾ ਹਵਾਲਾ ਲੈਣ ਦੀ ਬੇਨਤੀ ਕੀਤੀ ਜਾਂਦੀਹੈ।

ਵਾਸਤੇ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ
ਸਹੀ/-
ਸ਼ਿਖਾ ਕਪੂਰ
ਕੰਪਨੀ ਸੈਕਟਰੀ, ਐੱਮ ਨੰ: ਏ-19146

ਸਥਾਨ : ਜਲੰਧਰ
ਮਿਤੀ : 25 ਅਗਸਤ, 2024


## ਕਲਾਸੀਫਾਈਡ ਇਸ਼ਤਿਹਾਰ

### ਸੇਲਜ਼ਮੈਨ ਦੀ ਲੋੜ

ਕ੍ਰਿਸ਼ਨਾ ਆਇਲ ਮਿੱਲ, ਸ਼ਾਹਕੋਟ (ਜਲੰਧਰ), ਖਲ ਕਿੱਲਾ, ਕੈਟਲ ਫੀਡ ਲਈ ਤਜ਼ਰਬੇਕਾਰ ਸੇਲਜ਼ਮੈਨ ਦੀ ਲੋੜ। ਤਨਖਾਹ 25-35 ਹਜ਼ਾਰ ਮਹੀਨਾ ਅਤੇ ਭੱਤਾ ਅਲੱਗ। ਸੰਪਰਕ: 98153-27511, 98767-35337.

### Public Notice

I, Gurmit Singh S/o Balbir Singh R/o Village Dera Tung P.O.Saidowal Kalan, Tehsil & District Gurdaspur - Punjab solemnly declare that in my passport No. B2761919 my name has been wrongly written as Gurmeet Singh similarly my wife Surender Kaur's name has been wrongly written as Surinder Kaur. They need to be corrected as Gurmit Singh and Surender Kaur.

### ਆਮ ਸੂਚਨਾ

ਮੈਂ, ਮੋਹਣ ਸਿੰਘ ਸਪੁੱਤਰ ਸ: ਹਜ਼ਾਰਾ ਸਿੰਘ , ਵਾਸੀ ਗੋਇੰਦਵਾਲ ਸਾਹਿਬ (ਤਰਨ ਤਾਰਨ) ਨੇ ਆਪਣੇ ਪੁੱਤਰ ਦਲਜੀਤ ਸਿੰਘ ਅਤੇ ਨੂੰਹ ਵਰਿੰਦਰ ਕੌਰ ਨੂੰ, ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ, ਹੁਣ ਉਹ ਮੇਰੇ ਕਹਿਣੇ ਵਿੱਚ ਹਨ, ਇਸ ਲਈ ਹੁਣ ਮੈਂ ਉਕਤ ਬੇਦਖਲੀ ਵਾਪਿਸ ਲੈਂਦਾ ਹਾਂ, ਹੁਣ ਉਹ ਮੇਰੀ ਚੱਲ ਅਚੱਲ ਜਾਇਦਾਦ ਦੇ ਪੂਰੇ ਹੱਕਦਾਰ ਹੋਣਗੇ।

ਇਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ.ਏ ਪੀ.15-2187, ਸਾਢੇ ਸੱਤ ਹਾਰਸ ਪਾਵਰ ਜੋ ਪਰਮਜੀਤ ਕੌਰ ਪਤਨੀ ਗੁਰਮੁੱਖ ਸਿੰਘ ਪੁੱਤਰ ਪਰੀਤਮ ਸਿੰਘ ਵਾਸੀ ਵਾਕਿਆ ਰਕਬਾ ਪਿੰਡ ਕੱਥੂਨੰਗਲ ਖੁਰਦ( ਛੋਟਾ) ਤਹਿਸੀਲ ਮਜੀਠਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਚਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਰਮਨਦੀਪ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਕੱਥੂਨੰਗਲ ਤਹਿਸੀਲ ਮਜੀਠਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਮ ਦੇ ਤਬਦੀਲ ਹੋਣ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ 10 ਦਿਨਾਂ ਦੇ ਅੰਦਰ ਅੰਦਰ ਉਪ ਮੰਡਲ ਮਜੀਠਾ ਵਿਖੇ ਪੇਸ਼ ਕਰ ਸਕਦਾ ਹੈ।

ਇਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ.ਏ ਪੀ.15-2121, ਸਾਢੇ ਸੱਤ ਹਾਰਸ ਪਾਵਰ ਜੋ ਗੁਰਮੁੱਖ ਸਿੰਘ ਪੁੱਤਰ ਪਰੀਤਮ ਸਿੰਘ ਵਾਸੀ ਵਾਕਿਆ ਰਕਬਾ ਪਿੰਡ ਕੱਥੂਨੰਗਲ ਖੁਰਦ( ਛੋਟਾ) ਤਹਿਸੀਲ ਮਜੀਠਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਚਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਮਨਜਿੰਦਰ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਕੱਥੂਨੰਗਲ ਤਹਿਸੀਲ ਮਜੀਠਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਮ ਦੇ ਤਬਦੀਲ ਹੋਣ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ 10 ਦਿਨਾਂ ਦੇ ਅੰਦਰ ਅੰਦਰ ਉਪ ਮੰਡਲ ਮਜੀਠਾ ਵਿਖੇ ਪੇਸ਼ ਕਰ ਸਕਦਾ ਹੈ।

ਟਿਊਵੈੱਲ ਕੁਨੈਕਸ਼ਨ ਖਾਤਾ ਨੰਬਰ.3004521072 ਲੋਡ 12.5 ਬੀ.ਐਚ.ਪੀ. ਨਾਮ ਬਲਦੇਵ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਬੁੱਢਣਵਾਲ ਨੂੰ ਹੁਣ ਸੁਖਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਬੁੱਢਣਵਾਲ ਨੇ ਆਪਣੇ ਨਾਮ ਤੇ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾ 15 ਦਿਨਾਂ ਦੇ ਅੰਦਰ ਐਸ. ਡੀ. ਓ.(ਪੀ.ਐਸ.ਪੀ.ਸੀ.ਐਲ) ਸ਼ਾਹਕੋਟ ਵਿਖੇ ਸੰਪਰਕ ਕਰੇ।

### ਬੇਦਖਲੀ ਨੋਟਿਸ

ਮੈਂ, ਸ਼ੀਤਲ ਸਿੰਘ ਪੁੱਤਰ ਦੀਦਾਰ ਸਿੰਘ, ਪੱਤੀ ਧੁੰਨੀ ਕੀ, ਨਵੀਂ ਕਾਲੋਨੀ, ਜੰਡਿਆਲਾ ਤਹਿਸੀਲ ਫਿਲੌਰ (ਜਲੰਧਰ), ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਨੂੰਹ ਪਰਮਜੀਤ ਕੌਰ ਮੇਰੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਮੈਂ ਆਪਣੇ ਲੜਕੇ ਹਰਪ੍ਰੀਤ ਸਿੰਘ ਅਤੇ ਉਸ ਦੇ ਪਰਵਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਗੁਰਮੇਲ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਬੁਰਜ ਹਮੀਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਅਤੇ ਨੂੰਹ ਗਗਨਦੀਪ ਕੌਰ ਪਤਨੀ ਹਰਦੀਪ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਠਾਣਾ ਸਿੰਘ ਪੁੱਤਰ ਸ੍ਰੀ ਮੁਖਤਿਆਰ ਸਿੰਘ ਵਾਸੀ ਪਿੰਡ ਡਗਰੂ, ਪੱਤੀ ਕਮਾਲ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ ਅਤੇ ਉਸ ਦੀ ਪਤਨੀ ਵੀਰਪਾਲ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਮਿੰਦਰ ਪਾਲ ਪੁੱਤਰ ਮਿਹਰ ਚੰਦ ਵਾਸੀ ਤੁਗੋਪਤੀ ਸ਼ੁਤਰਾਣਾ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਲੀ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਸੰਬੰਧ ਨਹੀਂ। ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਵਰਨ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੱਲ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਜਸਨੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਉਭੀ ਪਤਨੀ ਅਮਰਜੀਤ ਸਿੰਘ ਉਭੀ ਵਾਸੀ ਕਲਪਨਾ ਬਿਊਟੀ ਸਾਲੂਨ ਖਲਿਆਣਾ ਰੋਡ, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਪਤੀ ਅਮਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦਾ ਕੋਈ ਜ਼ਿੰਮੇਵਾਰ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਜਿੰਦਰ ਕੁਮਾਰ ਪੁੱਤਰ ਦੂੰਨੀ ਚੰਦ ਵਾਸੀ ਪਿੰਡ ਟਾਂਡੀ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰੁਣ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਲੜਕੇ ਅਰੁਣ ਕੁਮਾਰ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਜੇਕਰ ਕੋਈ ਵਿਅਕਤੀ ਮੇਰੇ ਲੜਕੇ ਅਰੁਣ ਕੁਮਾਰ ਨਾਲ ਕਿਸੇ ਕਿਸਮ ਦਾ ਕੋਈ ਲੈਣ ਦੇਣ ਕਰੇਗਾ ਜਾਂ ਇਸ ਤੇ ਕੋਈ ਪੁਲਿਸ ਕਾਰਵਾਈ ਹੋਵੇਗੀ ਤਾਂ ਉਸਦਾ ਜ਼ਿੰਮੇਵਾਰ ਮੇਰਾ ਲੜਕਾ ਅਰੁਣ ਕੁਮਾਰ ਖੁਦ ਹੋਵੇਗਾ ਅਤੇ ਮੇਰੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਮੈਂ ਰਣਜੀਤ ਕੌਰ ਪਤਨੀ ਬਲਬੀਰ ਸਿੰਘ ਵਾਸੀ ਪਿੰਡ ਅਲੀਵਾਲ ਅਰਾਈਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਦਵਿੰਦਰ ਸਿੰਘ ਅਤੇ ਇਸਦੀ ਪਤਨੀ ਜੈਸਮੀਨ ਕੌਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜ਼ਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਲੈਣ ਦੇਣ ਕਰਨ ਵਾਲ਼ੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਰਾਜੇਸ਼ ਕੁਮਾਰ ਪੁੱਤਰ ਧਰਮ ਪਾਲ ਵਾਸੀ ਗਲੀ ਨੰਬਰ 2, ਸੰਤਪੁਰਾ, ਜ਼ਿਲ੍ਹਾ ਕਪੂਰਥਲਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਤੇ ਨੂੰਹ ਮੇਰੇ ਕਹਿਣ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇ ਕੋਈ ਵੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਮਨਿੰਦਰ ਸਿੰਘ ਖੰਗੂੜਾ ਪੁੱਤਰ ਬਹਾਦਰ ਸਿੰਘ, ਪਿੰਡ ਪੁੰਨਾਂਵਾਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਮਨਿੰਦਰ ਸਿੰਘ ਰੱਖ ਲਿਆ ਹੈ।

ਮੈਂ, ਰਾਜੀਵ ਕੁਮਾਰ ਸਿਗਲਾ ਪੁੱਤਰ ਪ੍ਰੇਮ ਸਾਗਰ, ਵਾਸੀ ਮਕਾਨ ਨੰਬਰ 62, ਵਾਰ ਡਨੰਬਰ 7-ਏ, ਪਾਠਸ਼ਾਲਾ ਮੁਹੱਲਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਰਾਜੀਵ ਕੁਮਾਰ ਰੱਖ ਲਿਆ ਹੈ।

### Change of Name

I, Sonia W/o Balvir Singh H.No.B-1/560, Mohalla Bohar Wala, Nagra Road, Maqsudan, Jalandhar, Punjab, have changed my name Sonia to Sonia Bhatti. Please note all concerned.

I, Balvir Singh S/o Jeena Ram R/o Vill Garhi Baksha post office Pachranga District Jalandhar Punjab India have changed my name Balvir Singh to Balbir Singh that hence in future I shall be known as Balbir Singh. All note.

I, Paramjit Kaur W/o Gurdial Singh R/o Village Jajja Kalan, P.O. Bir Bansian, Distt. Jalandhar, declare that on my Daughter's Passport No. M 8435617 issued on 17-04-2015 by Regional Passport Office, Jalandhar, my name wrongly written as Parmjit Kaur. But my correct name spellings as mentioned on my passport Number K5391880 is Paramjit Kaur. All note. (10557)

I, Rahul S/o Sh. Rajinder Kumar R/o H.No. 21, Street No. 6/3, Shaheed Babu Labh Singh Nagar, Jalandhar, have changed my name from Rahul to Rahul Malhotra. All note.

I, Somay S/o Ajay Duggal R/o 58, Shaheed Udham Singh Colony O/S Gate Khazana, Near Mandir Bhadhar Kali, Amritsar presently residing at H.No.10,Gali No.7, Pawan Nagar, Batala Road, Amritsar, Punjab have changed my name from Somay to Sujaan Duggal.Please correct my name Sujaan Duggal in my LIC Policies No.471676022 and 473133326.

I, Shiva W/o Rajat Agarwal R/o 157,A-Block, New Amritsar, Amritsar, Punjab have changed my name from Shiva to Shiva Agarwal.Concerned note.

I, Sukhwinder Singh S/o Nirmal Singh R/o Near Gurudwara, VPO Manawala Amritsar have changed my name Sukhwinder is my Given name and Singh is my Surname

I, Jashpal Singh S/o Charan Singh R/o Village Thahtian, Distt Amritsar have changed my name from Jashpal Singh to Jaspal Singh

I Tejinderpal Kaur Luthra W/o Harinder Singh R/o H.No.7 Baba Budha Ji Avenue Diamond City Amritsar have changed my name to Tejinderpal Kaur

I, Ranjeet Kaur W/o Jagmohan Singh R/o VILL Devi Dasspura District Amritsar have changed my name from Ranjeet Kaur to Ranjit Kaur

I, Devinder Kaur W/o Sukhwinder Singh R/o Shiv Nagar Colony, Police Line Road, Batala, Gurdaspur have changed my name from Devinder Kaur to Davinder Kaur

I Vestern Masih S/o Niamat Masih R/o Addarsh Nagar Gali No.2 Ward No 5 Ajnala Amritsar have changed my name to Western Masih

I, Rajbir Kaur Alias Amrik Kaur W/o Baljit Singh R/o VPO Guru Ki Wadali, Pati Randhawa Di, Chheharta, Amritsar have changed my name from Rajbir Kaur Alias Amrik Kaur to Rajbir Kaur

I, Harjinder Kaur alias Rajinder Kaur W/o Maninder Singh R/o H.No. 18, Gali No. 1, Tej Nagar, Sultanwind Road, Amritsar, Punjab- 143001 have changed my name from Harjinder Kaur alias Rajinder Kaur to Harjinder Kaur.

I, Neeru w/o Naresh Kumar resident of Near Mahia Shah Dera, H. No. 475/16, Mohalla Raika, Kapurthala, Punjab have declare that some document my name is wrongly written Neeru Nahar instead of Neeru. My correct name is Neeru. Concerned please note.

I, Jaswinder Pal S/o Des Raj R/o H.No.ES-487/6 , Abadpura, Jalandhar-144001, Punjab have added my surname to Jaswinder Pal Nar . All concerned please note.

I, Baljeet Singh S/o Lakha Singh R/o Pind Mannan, Aima Kalan, Tarn Taran, Punjab-143301 have changed my name from Baljeet Singh to Baljit Singh.

I, Navlesh Rahni S/o Ramesh Kumar R/o H.No. 316/A, W/No. 10 , Street 3L/3, Haridarbar Colony Gurdaspur, Tehsil/Distt. Gurdaspur (Punjab), India, Declare that changed my daughter name from Gauhar to Gauhar Sharma.

I, Mandeep Kaur W/o Prabhdeep Singh R/o Ward No. 6/537, Tibri Road, Gurdaspur, Punjab, India, have changed my name from Mandeep Kaur to Veenu

# ਕੇਂਦਰੀ ਸਰਕਾਰ ਦੀ ਉੱਚ ਪੱਧਰੀ ਟੀਮ ਨੇ ਰੁੜਕਾ ਕਲਾਂ ਦੇ ਵਿਕਾਸ ਕੰਮਾਂ ਦਾ ਕੀਤਾ ਵਿਸ਼ੇਸ਼ ਦੌਰਾ



ਗੁਰਾਇਆ (ਬਿੰਦਰ ਸੁਮਨ)- ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਵਿੱਤੀ ਸੇਵਾਵਾਂ ਦੇ ਵਿਭਾਗ ਦਿੱਲੀ ਤੋਂ ਵਿਵੇਕ ਗੁਪਤਾ ਡਾਇਰੈਕਟਰ ਸੈਂਟਰਲ ਨੋਡਲ ਅਫ਼ਸਰ ਅਤੇ ਮਿਸ. ਨਾਇਮਾ ਅਖਤਰ ਵਿਗਿਆਨੀ ਕੇਂਦਰੀ ਭੂਮੀ ਜਲ ਬੋਰਡ ਭਾਰਤ ਸਰਕਾਰ ਵੱਲੋਂ ਜਲ ਸ਼ਕਤੀ ਅਭਿਆਨ : ਕੈਚ ਦਾ ਰੇਨ-2024 ਨਾਰੀ ਸ਼ਕਤੀ ਸੇ ਜਲ ਸ਼ਕਤੀ ਅਧੀਨ ਪਿੰਡ ਰੁੜਕਾ ਕਲਾਂ ਵਿਖੇ ਗ੍ਰਾਮ ਪੰਚਾਇਤ ਰੁੜਕਾ ਕਲਾਂ ਅਤੇ ਵਾਈ.ਐਫ.ਸੀ. ਰੁੜਕਾ ਕਲਾਂ ਦੁਆਰਾ ਜਲ ਸੰਭਾਲ ਲਈ ਕੀਤੇ ਕੰਮਾਂ ਦੀ ਇੰਸਪੈਕਸ਼ਨ ਕਰਨ ਲਈ ਆਏ। ਇਸ ਵਿਸ਼ੇਸ਼ ਦੌਰੇ ਤਹਿਤ ਉਹਨਾਂ ਪਿੰਡ ਵਿੱਚ ਗ੍ਰਾਮ ਪੰਚਾਇਤ ਦੁਆਰਾ ਕੀਤੇ ਗਏ ਵੱਖ-ਵੱਖ ਜਲ ਸੰਭਾਲ ਪ੍ਰੋਜੈਕਟਾਂ ਦਾ ਦੌਰਾ ਕੀਤਾ ਜਿਸ ਤਹਿਤ ਪਿੰਡ ਵਿੱਚ 5 ਛੱਪੜਾਂ ਨੂੰ ਥਾਪਰ ਮਾਡਲ ਨਾਲ ਵਿਕਸਤ ਕਰਨਾ, ਛੱਪੜਾਂ ਦਾ ਪਾਣੀ ਸੋਲਰ ਮੋਟਰਾਂ ਅਤੇ ਜ਼ਮੀਨਦੋਜ਼ ਪਾਇਪਾਂ ਰਾਹੀ 400 ਏਕੜ ਦੀ ਖੇਤੀ ਲਈ ਪਹੁੰਚਾਉਣਾ, ਪਿੰਡ ਵਿੱਚ ਪਾਣੀ ਨੂੰ ਬਚਾਉਣ ਲਈ ਰੇਨ ਵਾਟਰ ਹਾਰਵੈਟਿੰਗ ਸਿਸਟਮ, ਸੋਕ ਪਿੱਟ ਅਤੇ ਫਾਰਮ ਪਾਉਂਡ ਬਣਾਉਣਾ, ਹਰ ਸਾਲ 2000 ਤੋ ਵੱਧ ਰੁੱਖ ਲਗਾਉਣਾ, ਪਿੰਡ ਵਿੱਚ ਆਪਣੀ ਪੌਦਾ ਨਰਸਰੀ ਤਿਆਰ ਕਰਨਾ ਸ਼ਾਮਲ ਹੈ ਨਾਲ ਹੀ ਵਾਈ.ਐਫ.ਸੀ. ਰੁੜਕਾ ਕਲਾਂ ਵੱਲੋਂ ਜਲ ਸ਼ਕਤੀ ਅਭਿਆਨ : ਕੈਚ ਦਾ ਰੇਨ-2024 ਨਾਰੀ ਸ਼ਕਤੀ ਸੇ ਜਲ ਸ਼ਕਤੀ ਅਧੀਨ ਕੀਤੇ ਗਏ ਉਪਰਾਲੇ ਜਿਵੇਂ ਸੈਮੀਨਾਰ, ਨੁੱਕੜ ਨਾਟਕ, ਰੈਲੀਆਂ, ਕੁਇਜ਼ ਕੰਪੀਟੀਸ਼ਨ ਬਾਰੇ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ। ਉਹਨਾਂ ਦੇ ਨਾਲ ਵੱਖ-ਵੱਖ ਵਿਭਾਗਾਂ ਤੋਂ ਅਫ਼ਸਰ ਸ਼ਾਮਲ ਸਨ। ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਨੇ ਦੱਸਿਆ ਕਿ ਕੇਂਦਰ ਤੋਂ ਆਈ ਹੋਈ ਟੀਮ ਵੱਲੋਂ ਕੰਮਾਂ ਦਾ ਨਿਰੀਖਣ ਕਰਨ ਉਪਰੰਤ ਇੱਕ ਰਿਪੋਰਟ ਬਣਾ ਕੇ ਭਾਰਤ ਸਰਕਾਰ ਨੂੰ ਭੇਜੀ ਜਾਂਦੀ ਹੈ ਅਤੇ ਉਸ ਤੋਂ ਉਪਰੰਤ ਵਧੀਆ ਕੰਮ ਕਰਨ ਵਾਲੇ ਪਿੰਡਾਂ ਦੇ ਨੁਮਾਇੰਦਿਆਂ ਨੂੰ ਸਰਕਾਰ ਵੱਲੋਂ ਸਨਮਾਨਿਤ ਕੀਤਾ ਜਾਂਦਾ ਹੈ।ਅੰਤ ਵਿੱਚ ਵਾਈ.ਐਫ.ਸੀ ਰੁੜਕਾ ਕਲਾਂ ਦੇ ਅਹੁਦੇਦਾਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਪਿੰਡ ਠੱਕਰਵਾਲ 'ਚ ਦਰਖ਼ਤ ਡਿੱਗਣ ਨਾਲ ਮੰਦਰ ਹੋਇਆ ਢਹਿ ਢੇਰੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਠੱਕਰਵਾਲ ਵਿਖੇ ਡੇਰਾ ਬਾਬਾ ਔਗੜ ਨਾਥ ਦੇ ਅਸਥਾਨ 'ਤੇ ਬੀਤੀ ਦਿਨੀਂ ਮੀਂਹ ਝੱਖੜ ਤੇਜ਼ ਹਵਾਵਾਂ ਕਾਰਨ ਪਿੱਪਲ ਦਾ ਭਾਰੀ ਦਰਖ਼ਤ ਡਿੱਗਣ ਨਾਲ ਬਾਬਾ ਔਗੜ ਨਾਥ ਦੀ ਇਮਾਰਤ ਮੰਦਰ ਢਾਹ ਢੇਰੀ ਹੋ ਗਈ। ਇਸ ਮੌਕੇ ਡੇਰਾ ਬਾਬਾ ਔਗੜ ਨਾਥ ਦੇ ਮੁੱਖ ਸੇਵਾਦਾਰ ਸੁਆਮੀ ਪ੍ਰੇਮਾ ਨੰਦ ਠੱਕਰਵਾਲ ਨੇ ਦੱਸਿਆ ਕਿ ਬੀਤੀ ਦਿਨੀਂ ਤੇਜ਼ ਹਵਾਵਾਂ, ਭਾਰੀ ਬਰਸਾਤ ਹੋਣ ਕਾਰਨ ਪਿੱਪਲ ਦਾ ਭਾਰੀ ਦਰਖ਼ਤ ਡਿੱਗਣ ਨਾਲ ਬਾਬਾ ਔਗੜ ਨਾਥ ਦਾ ਮੰਦਰ ਅਤੇ ਸ੍ਰੀ ਨਿਸ਼ਾਨ ਸਾਹਿਬ ਬੁਰੀ ਤਰ੍ਹਾਂ ਨੁਕਸਾਨੇ ਗਏ। ਉਨ੍ਹਾਂ ਦੱਸਿਆ ਕਿ ਰਾਤ ਨੂੰ ਦਰਖਤ ਕਰਕੇ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚ ਗਿਆ। ਉਨ੍ਹਾਂ ਦੱਸਿਆ ਕਿ ਬਾਬਾ ਔਗੜ ਨਾਥ ਜੀ ਦੇ ਮੰਦਰ ਦੀ ਪੂਰੀ ਬਿਲਡਿੰਗ ਅਤੇ ਸ੍ਰੀ ਨਿਸ਼ਾਨ ਸਾਹਿਬ ਜੀ ਬੁਰੀ ਤਰ੍ਹਾਂ ਟੁੱਟ ਗਏ। ਇਸ ਮੌਕੇ ਮੰਦਰ ਦੇ ਮਹੰਤ ਸੁਆਮੀ ਪ੍ਰੇਮਾ ਨੰਦ ਠੱਕਰਵਾਲ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਮੰਦਰ ਬਣਾਉਣ ਲਈ ਮਦਦ ਦੀ ਅਪੀਲ ਕੀਤੀ। ਇਸ ਮੌਕੇ ਵਰਿੰਦਰ ਸਿੰਘ ਜਸਵਾਲ, ਜਸਵੀਰ ਸਿੰਘ ਜੱਸਾ ਭਾਮ, ਮਦਨ ਲਾਲ ਜਸਵਾਲ, ਸੰਜੀਵ ਕੁਮਾਰ ਜਸਵਾਲ, ਗੁਰਬਖਸ਼ ਸਿੰਘ ਆਦਿ ਹਾਜ਼ਰ ਸਨ।


**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2024-25-01A ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 20.09.2024 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| | | | |
|---|---|---|---|
| ਟੈਂਡਰ ਸੰਖਿਆ | 2024-25-01A | | |
| ਕੰਮਾਂ ਦਾ ਵੇਰਵਾ | ਐਨਏਬੀਐਲ ਦੁਆਰਾ ਈਐਲਐਸ/ਐਲਡੀਐਚ ਦੀ ਰਸਾਇਣਕ ਅਤੇ ਧਾਤੂਕਰਮ ਪ੍ਰਯੋਗਸ਼ਾਲਾ ਦਾ ਪ੍ਰਤਯਾਪਨ | | |
| ਅੰਦਾਜਨ ਲਾਗਤ (₹) | ₹9,77,040/- | ਟੈਂਡਰ ਦੀ ਕੀਮਤ (₹) | ₹NIL |
| ਬਿਆਨਾ ਰਾਸ਼ੀ (₹) | ₹19,600/- | ਕੰਮ ਦੀ ਅਵਧੀ | 24 ਮਹੀਨੇ |
| ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | | 20.09.2024 ਨੂੰ 15:00 ਵਜੇ ਤਕ | |
| ਨਿਵਿਦਾ ਖੁਲਣ ਦੀ ਮਿਤੀ | | 20.09.2024 ਨੂੰ 15:00 ਵਜੇ ਦੇ ਬਾਅਦ | |
| ਵੈਬਸਾਈਟ | | www.ireps.gov.in | |

ਨਿਵਿਦਾ ਸੂਚਨਾ ਨੰ.: 230- Elect/TRS/LDH/WC/NABL/OT/2024-25/01A
ਤਾਰੀਕ : 23.08.2024 2642/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2023-24-08C ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 20.09.2024 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| | | | |
|---|---|---|---|
| ਟੈਂਡਰ ਸੰਖਿਆ | 2023-24-08C | | |
| ਕੰਮਾਂ ਦਾ ਵੇਰਵਾ | ਇਲੈਕਟ੍ਰਿਕ ਲੋਕੋ ਸ਼ੇਡ, ਲੁਧਿਆਣਾ ਵਿਚ ਗ੍ਰੀਨ ਨੂੰ ਸਰਟੀਫਿਕੇਸ਼ਨ ਦੇ ਲਈ ਰੇਟਿੰਗ ਪ੍ਰਾਪਤ ਕਰਨ ਦੇ ਲਈ ਪੰਜੀਕਰਨ, ਲਾਗੂ ਕਰਨ ਅਤੇ ਤਿਆਰੀ। | | |
| ਅੰਦਾਜਨ ਲਾਗਤ (₹) | ₹6,74,666.58/- | ਟੈਂਡਰ ਦੀ ਕੀਮਤ (₹) | ₹NIL |
| ਬਿਆਨਾ ਰਾਸ਼ੀ (₹) | ₹13,500/- | ਕੰਮ ਦੀ ਅਵਧੀ | 36 ਮਹੀਨੇ |
| ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | | 20.09.2024 ਨੂੰ 15:00 ਵਜੇ ਤਕ | |
| ਨਿਵਿਦਾ ਖੁਲਣ ਦੀ ਮਿਤੀ | | 20.09.2024 ਨੂੰ 15:00 ਵਜੇ ਦੇ ਬਾਅਦ | |
| ਵੈਬਸਾਈਟ | | www.ireps.gov.in | |

ਨਿਵਿਦਾ ਸੂਚਨਾ ਨੰ.:230-/TRS/LDH/WC/Green Co Certification/ OT/2023-24/08C ਤਾਰੀਕ : 24.08.2024 2648/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

25-AUG-PAGE-7.qxd 8/24/2024 11:09 PM Page 1



# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**—ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਨਾ ਕਰਨ ਅਤੇ ਮੁੱਖ ਮੰਤਰੀ ਵਲੋਂ ਲਗਾਤਾਰ ਚੌਥੀ ਵਾਰ ਸਮਾਂ ਦੇ ਕੇ ਮੀਟਿੰਗ ਤੋਂ ਭੱਜਣ ਦੇ ਵਿਰੋਧ ਵਿੱਚ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਵਲੋਂ ਮੱਖਣ ਸਿੰਘ ਵਾਹਿਦ ਪੁਰੀ , ਮੁਕੇਸ਼ ਕੁਮਾਰ, ਅਮਰੀਕ ਸਿੰਘ,ਸ਼ਾਮ ਸੁੰਦਰ ਕਪੂਰ,ਸਰੂਪ ਚੰਦ, ਸੁਖਦੇਵ ਡਾਨਸੀਵਾਲ,ਅਸ਼ਵਨੀ ਰਾਣਾ ਤੇ ਸੰਦੀਪ ਗਿੱਲ ਦੀ ਅਗਵਾਈ ਵਿੱਚ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਰੋਹ ਭਰਪੂਰ ਰੈਲੀ ਕੀਤੀ ਤੇ ਸਰਕਾਰ ਵਿਰੁੱਧ ਨਾਅਰੇ ਬਾਜ਼ੀ ਕਰਦਿਆਂ ਬਜ਼ਾਰਾਂ ਵਿਚ ਰੋਸ ਮਾਰਚ ਕੀਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਝੂਠੇ ਲਾਰਿਆਂ ਦੀ ਪੰਡ ਫੂਕੀ ਗਈ।ਇਸ ਸਮੇਂ ਬੁਲਾਰਿਆਂ ਨੇ ਕਿ ਹੈ ਮੁੱਖ ਮੰਤਰੀ ਭਗਵੰਤ ਮਾਨ ਨੇ ਚੌਥੀ ਵਾਰ ਮੀਟਿੰਗ ਅਤੇ ਗੱਲਬਾਤ ਤੋਂ ਭੱਜ ਕੇ ਪੰਜਾਬ ਦਾ ਸਭ ਤੋਂ ਝੂਠਾ ਅਤੇ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਮੁੱਖ ਮੰਤਰੀ ਹੋਣ ਦਾ ਸਬੂਤ ਦੇ ਦਿੱਤਾ ਹੈ। ਸੱਤਾ ਵਿਚ ਆਉਣ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਉਸਦੇ ਸਾਥੀ ਮੁਲਾਜ਼ਮ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸਦੇ ਸਨ ਤੇ ਸੱਤਾ ਵਿਚ ਆਉਣ ਸਾਰ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦਾ ਦਾਅਵਾ ਵੀ ਕਰਦੇ ਸਨ ਪਰ ਸੱਤਾ ਪ੍ਰਾਪਤ ਹੁੰਦੇ ਹੀ ਮੁੱਖ ਮੰਤਰੀ ਅਤੇ ਉਸਦੇ ਸਾਥੀਆਂ ਨੂੰ ਇਹ ਮੰਗ ਵਿਸਰ ਗਈਆਂ ਅਤੇ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਸ਼ੁਰੂ ਕਰ ਦਿੱਤਾ ਜਿਸ ਨੂੰ ਮੁਲਾਜ਼ਮ ਤੇ ਪੈਨਸ਼ਨਰ ਫਰੰਟ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ। ਫਰੰਟ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖੇਗਾ ਅਤੇ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਘਰ ਘਰ ਜਾ ਕੇ ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਭਾਂਡਾ ਭੰਨਣਗੇ।ਇਸ ਸਮੇਂ ਜੀਤ ਸਿੰਘ ਬਾਗਵਾਈ, ਰਾਜ ਕੁਮਾਰ,ਹਰਦੀਪ ਕੁਮਾਰ, ਦਵਿੰਦਰ ਕੁਮਾਰ,ਰਾਮਜੀ ਦਾਸ ਚੌਹਾਨ, ਨਰੇਸ਼ ਕੁਮਾਰ ਧੀਮਾਨ, ਅਜੇ ਰਾਣਾ,ਮਨੋਜ ਕੁਮਾਰ, ਰਾਕੇਸ਼ ਚੱਢਾ,ਹੋਸ਼ਿਆਰ ਸਿੰਘ,ਬਲਵਿੰਦਰ ਸਿੰਘ,ਹੈਡਮਾਸਟਰ ਸੰਦੀਪ ਕੁਮਾਰ,ਨਿਤਿਨ ਸੁਮਨ, ਪਰਜਿੰਦਰ ਸਿੰਘ ,ਕਮਲ ਦੇਵ ,ਹੰਸ ਰਾਜ,ਜਗਦੀਸ਼ ਰਾਏ, ਜੋਗਾ ਰਾਮ,ਪਰਮਾ ਨੰਦ, ਗੋਪਾਲ ਦਾਸ,ਵਿਨੋਦ ਕੁਮਾਰ,ਜਗਦੀਸ਼ ਲਾਲ,ਗੁਰਨਾਮ ਸਿੰਘ ਹਾਜੀਪੁਰ,ਜੋਗਿੰਦਰ ਸਿੰਘ, ਰਮਨ ਕੁਮਾਰ , ਸਤੀਸ਼ ਕੁਮਾਰ ,ਪਰਦੀਪ ਗੁਰੂ,ਰੂਪ ਲਾਲ, ਨਰੇਸ਼ ਬੱਗਾ, ਹਰਜਿੰਦਰ ਸੁਨੀ, ਪਵਨ ਕੁਮਾਰ ਗੜ੍ਹੀ ,ਪਰਮਜੀਤ ਕੌਰ,ਆਰਤੀ ਚੰਦੇਲ,ਸੁਖਪ੍ਰੀਤ ਕੌਰ,ਭਾਗ ਸਿੰਘ,ਬਲਕਾਰ ਸਿੰਘ,ਜਗਦੀਪ ਕੁਮਾਰ,ਦਲਵਿੰਦਰ ਸਿੰਘ,ਗੋਪਾਲ ਦਾਸ, ਰਤਨ ਸਿੰਘ,ਸੁਰਿੰਦਰ ਮਹਿੰਦਵਾਨੀ,ਬਲਪ੍ਰੀਤ ਸਿੰਘ,ਜਰਨੈਲ ਡਘਾਮ, ਜੋਗਿੰਦਰ ਸਿੰਘ, ਨਿਰੰਜਨ ਜੋਤ ਸਿੰਘ,ਗੁਰਨੀਤ ਵਾਹਿਦਪੁਰੀ , ਸਤਪਾਲ ਸਮੇਤ ਸੈਂਕੜੇ ਸਾਥੀ ਹਾਜ਼ਰ ਸਨ।

## ਸੀਟੂ ਨਾਲ ਸੰਬੰਧਤ ਵੱਖ-ਵੱਖ ਜਥੇਬੰਦੀਆਂ ਵੱਲੋਂ ਕੋਲਕਾਤਾ ਘਟਨਾ ਵਿਰੁੱਧ ਰੋਸ ਪ੍ਰਦਰਸ਼ਨ

**ਮੋਹਾਲੀ (ਗੁਰਜੀਤ ਬਿੱਲਾ)** ਸੀਟੂ ਦੀ ਮੋਹਾਲੀ ਇਕਾਈ ਵੱਲੋਂ ਇੱਥੇ ਕੋਲਕਾਤਾ ਵਿਖੇ ਹੋਈ ਘਟਨਾ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਗਿਆ।ਸੀਟੂ ਨਾਲ ਸੰਬਧਤ ਵੱਖ-ਵੱਖ ਜਥੇਬੰਦੀਆ ਦੇ ਵਰਕਰ ਸਿਵਲ ਹਸਪਤਾਲ ਮੋਹਾਲੀ ਵਿਖੇ ਇਕੱਠੇ ਹੋਏ ਤੇ ਕੋਲਕਾਤਾ ਵਿਖੇ ਹੋਈ ਮਹਿਲਾ ਡਾਕਟਰ ਦੇ ਰੇਪ ਤੋਂ ਬਾਅਦ ਕੀਤੀ ਹੱਤਿਆ ਵਿਰੁੱਧ ਆਪਣਾ ਰੋਸ ਪ੍ਰਗਟ ਕੀਤਾ।ਇਸ ਰੋਸ ਪ੍ਰਦਰਸ਼ਨ 'ਚ ਔਰਤਾਂ ਦੀ ਵੱਡੀ ਗਿਣਤੀ ਸ਼ਾਮਲ ਹੋਈ ਜਿਹਨਾ ਵਿੱਚ ਆਸ਼ਾ ਤੇ ਆਂਗਨਵਾੜੀ ਵਰਕਰ ਪ੍ਰਮੁੱਖ ਸਨ।ਇਸ ਤੋਂ ਇਲਾਵਾ ਪੀ ਐਸ ਆਈ ਈ ਸੀ, ਸਿੱਖਿਆ ਬੋਰਡ ਤੇ ਬੋਰਡ ਕਾਰਪੋਰੇਸ਼ਨ ਤੇ ਸਹਿਕਾਰੀ ਸੰਸਥਾਵਾਂ ਦੇ ਰਿਟਾਇਰ ਕਰਮਚਾਰੀ ਵੀ ਸ਼ਾਮਲ ਹੋਏ।ਰੋਸ ਮੁਜ਼ਾਹਰੇ ਨੂੰ ਆਸ਼ਾ ਵਰਕਰ ਦੀ ਜ਼ਿਲਾ ਪ੍ਰਧਾਨ ਭੁਪਿੰਦਰ ਕੌਰ, ਜ਼ਿਲ੍ਹਾ ਆਗੂ ਕਮਲ ਲਾਂਡਰਾ, ਆਂਗਨਵਾੜੀ ਦੀ ਜ਼ਿਲ੍ਹਾ ਆਗੂ ਭਿੰਦਰ ਕੌਰ, ਸੂਬਾ ਆਗੂ ਗੁਰਦੀਪ ਕੌਰ, ਬੋਰਡ ਕਾਰਪੋਰੇਸ਼ਨ ਮਹਾਂਸੰਘ ਦੇ ਸੂਬਾ ਪ੍ਰਧਾਨ ਤਾਰਾ ਸਿੰਘ, ਸੀਟੂ ਤਾਲਮੇਲ ਕਮੇਟੀ ਦੇ ਕਨਵੀਨਰ ਹਰਕੇਸ਼ ਕੁਮਾਰ ਰਾਣਾ, ਸੀਟੂ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਮੋਹਾਲੀ ਤੇ ਸੀਟੂ ਦੇ ਸੂਬਾ ਜਰਨਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਸੰਬੋਧਨ ਕੀਤਾ।ਵੱਖ ਵੱਖ ਬੁਲਾਰਿਆਂ ਨੇ ਇਸ ਘਟਨਾ ਦੀ ਸਖ਼ਤ ਨਿੰਦਿਆ ਕੀਤੀ।ਇਹ ਘਟਨਾ ਸਮਾਜ ਦੇ ਮੱਥੇ 'ਤੇ ਕਲੰਕ ਹੈ।ਜੇ ਮਾਨਵਤਾ ਦੀ ਸੇਵਾ ਕਰਨ ਵਾਲੇ ਡਾਕਟਰ ਸ਼ਹਿਰਾਂ ਦੇ ਹਸਪਤਾਲ ਵਿੱਚ ਵਿੱਚ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦੀ ਸੁਰੱਖਿਆ ਦੀ ਉਮੀਦ ਕਿਥੋਂ ਕੀਤੀ ਜਾ ਸਕਦੀ ਹੈ। ਆਗੂਆਂ ਨੇ ਇਸ ਘਟਨਾ ਉਪਰੰਤ ਪੱਛਮੀ ਬੰਗਾਲ ਦੀ ਸਰਕਾਰ ਵਲੋਂ ਨਿਭਾਏ ਰੋਲ ਦੀ ਵੀਸ਼ਖਤ ਨਿਖੇਧੀ ਕੀਤੀ ਜਿਸ ਨੇ ਇਸ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਥਾਂ ਇਸ ਤੇ ਪਰਦਾ ਪਾਉਣ ਦਾ ਯਤਨ ਕੀਤਾ।ਮੋਦੀ ਸਰਕਾਰ ਵਲੋਂ ਇਸ ਘਟਨਾ ਨੂੰ ਰਾਜਨੀਤਕ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।ਆਗੂਆਂ ਨੇ ਸੁਪਰੀਮ ਕੋਰਟ ਵੱਲੋਂ ਨਿਭਾਏ ਰੋਲ ਦੀ ਸ਼ਲਾਘਾ ਕੀਤੀ।ਇਹ ਮੰਗ ਕੀਤੀ ਗਈ ਕਿ ਇਸ ਘਟਨਾ ਦੇ ਦੋਸ਼ੀਆਂ ਨੂੰ ਮਿਸਾਲੀ ਸਜਾਵਾਂ ਦਿੱਤੀਆਂ ਜਾਣ ਤਾਂ ਜੋ ਅੱਗੇ ਲਈ ਕੋਈ ਇਸ ਨੂੰ ਦੁਹਰਾਉਣ ਦੀ ਜੁਰਅੱਤ ਨਾ ਕਰ ਸਕੇ।ਇਸ ਮੌਕੇ ਤੇ ਸੀਟੂ ਨਾਲ ਸੰਬਧਤ ਜਥੇਬੰਦੀਆ ਦੇ ਸੀਨੀਅਰ ਆਗੂ ਬਲਵੰਤ ਸਿੰਘ, ਸੀਨਾ ਮੋਹਾਲੀ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਹਾਈਵੇ ਪ੍ਰੋਜੈਕਟਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼

**ਜਲੰਧਰ (ਸ਼ੈਲੀ ਐਲਬਰਟ)**-ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਵਲੋਂ ਜਲੰਧਰ ਜ਼ਿਲ੍ਹੇ ਵਿਚੋਂ ਲੰਘਣ ਵਾਲੇ ਕੌਮੀ ਹਾਈਵੇ ਪ੍ਰੋਜੈਕਟਾਂ ਦਿੱਲੀ-ਅੰਮ੍ਰਿਤਸਰ-ਕਟੜਾ, ਜਲੰਧਰ ਬਾਈਪਾਸ, ਅੰਮ੍ਰਿਤਸਰ-ਬਠਿੰਡਾ ਪ੍ਰੋਜੈਕਟਾਂ ਦੇ ਕੰਮ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੌਮੀ ਮਹੱਤਤਾ ਵਾਲੇ ਇਨ੍ਹਾਂ ਪ੍ਰੋਜੈਕਟਾਂ ਦਾ ਕੰਮ ਜੰਗੀ ਪੱਧਰ 'ਤੇ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਐਸ.ਐਸ.ਪੀ. ਜਲੰਧਰ ਦਿਹਾਤੀ ਹਰਕਮਲਪ੍ਰੀਤ ਸਿੰਘ ਖੱਖ ਦੇ ਨਾਲ ਸਮੂਹ ਐਸ.ਡੀ.ਐਮਜ਼ ਅਤੇ ਕੌਮੀ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਵਿੱਚ ਕਿਸੇ ਵੀ ਰੁਕਾਵਟ ਨੂੰ ਆਪਸੀ ਸਹਿਮਤੀ ਨਾਲ ਪਹਿਲ ਦੇ ਅਧਾਰ 'ਤੇ ਦੂਰ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਸਮੂਹ ਐਸ.ਡੀ.ਐਮਜ਼ ਅਤੇ ਕੌਮੀ ਹਾਈਵੇ ਅਥਾਰਟੀ ਦੇ ਅਧਿਕਾਰੀ ਆਪਸ ਵਿੱਚ ਬਿਹਤਰੀਨ ਤਾਲਮੇਲ ਨਾਲ ਕੰਮ ਕਰਨ ਤਾਂ ਜੋ ਪ੍ਰੋਜੈਕਟਾਂ ਵਿੱਚ ਆ ਰਹੀ ਕਿਸੇ ਵੀ ਦਿੱਕਤ ਨੂੰ ਜਲਦ ਤੋਂ ਜਲਦ ਦੂਰ ਕਰਕੇ ਕੰਮ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਸਮੂਹ ਐਸ.ਡੀ.ਐਮਜ਼ ਆਪੋ-ਆਪਣੇ ਅਧਿਕਾਰ ਖੇਤਰ ਅੰਦਰ ਇਨ੍ਹਾਂ ਪ੍ਰੋਜੈਕਟਾਂ ਦੀ ਪ੍ਰਗਤੀ ਬਾਰੇ ਨਿੱਜੀ ਤੌਰ 'ਤੇ ਰੋਜ਼ਾਨਾ ਨਿਗਰਾਨੀ ਰੱਖਣ।

## ਬਲਾਕ ਪੱਧਰੀ ਟਾਈਪਿੰਗ ਮੁਕਾਬਲਿਆਂ 'ਚ ਕਰਨ ਤੇ ਸਿਮਰਨ ਜੇਤੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**-ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਸੈਕਟਰ-3 ਵਿਖੇ ਬਲਾਕ ਪੱਧਰੀ ਕੰਪਿਊਟਰ ਟਾਈਪਿੰਗ ਮੁਕਾਬਲੇ ਕਰਵਾਏ ਗਏ।ਬਲਾਕ ਨੋਡਲ ਅਧਿਕਾਰੀ ਪ੍ਰਿੰਸੀਪਲ ਵੀਨਾ ਬੱਧਣ ਦੀ ਅਗਵਾਈ ਹੇਠ ਕਰਵਾਏ ਮੁਕਾਬਲਿਆਂ 'ਚ ਬਲਾਕ ਤਲਵਾੜਾ ਅਧੀਨ ਆਉਂਦੇ ਹਾਈ ਅਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਆਪਣੇ ਉਦਘਾਟਨੀ ਭਾਸ਼ਣ 'ਚ ਬੋਲਦਿਆਂ ਪ੍ਰਿੰਸੀਪਲ ਵੀਨਾ ਬੱਧਣ ਨੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੀ ਪ੍ਰਤੀਭਾ 'ਚ ਨਿਖਾਰ ਲਿਆਉਂਦੇ ਹਨ। ਲੈਕਚਰਾਰ ਸਰਮਜੀਤ ਸਿੰਘ ਅਤੇ ਬਲਾਕ ਕੈਰਿਅਰ ਮਾਰਗਦਰਸ਼ਨ ਸੀਜੀਆਰਪੀ ਟਾਈਪਿੰਗ ਮੁਕਾਬਲੇ ਪੰਜਾਬੀ ਅਤੇ ਅੰਗਰੇਜ਼ੀ ਦੇ ਕਰਵਾਏ ਗਏ। ਪੰਜਾਬੀ ਭਾਸ਼ਾ ਦੇ ਮੁਕਾਬਲੇ 'ਚ ਸਸਸ ਸਕੂਲ ਰਾਮਗੜ੍ਹ ਸੀਕਰੀ ਦੇ ਕਰਨ ਨੇ ਪਹਿਲਾ ਪ੍ਰਾਪਤ ਕੀਤਾ, ਜਦਕਿ ਸਸਸ ਸਕੂਲ ਸੈਕਟਰ-ਇੱਕ ਦੇ ਮਾਨਵ ਨੇ ਦੂਜਾ ਅਤੇ ਸਰਕਾਰੀ ਹਾਈ ਸਕੂਲ ਅਮਰੋਹ ਦੇ ਜੋਬਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਗਰੇਜ਼ੀ ਟਾਈਪਿੰਗ ਮੁਕਾਬਲੇ 'ਚ ਸਸਸ ਸਕੂਲ ਪਲਾਹੜ ਦੀ ਸਿਮਰਨ ਨੇ ਪਹਿਲਾ, ਸਸਸ ਸਕੂਲ ਸੈਕਟਰ-ਇੱਕ ਦੇ ਮਨਦੀਪ ਸਿੰਘ ਨ ਦੂਜਾ ਅਤੇ ਸਰਕਾਰੀ ਹਾਈ ਸਕੂਲ ਬੇਡਿੰਗ ਦੇ ਸੌਰਵ ਠਾਕੁਰ ਨੇ ਤੀਜਾ ਸਥਾਨ ਹਾਸਲ ਕੀਤਾ।

## ਬੰਗੜ ਨੇ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵਰਕਰਾਂ ਨਾਲ ਕੀਤੀਆਂ ਮੀਟਿੰਗਾਂ



**ਫਗਵਾੜਾ ( ਡਾ. ਰਮਨ, ਢੱਡਾ )** ਚੱਬੇਵਾਲ ਵਿਧਾਨ ਸਭਾ ਹਲਕੇ ਦੀ ਜਿਮਨੀ ਚੋਣ ਨੂੰ ਮੁੱਖ ਰੱਖਦੇ ਹੋ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਬਲਾਕ ਪ੍ਰਧਾਨ ਵਰੁਣ ਬੰਗੜ ਚੱਕ ਹਕੀਮ ਨੇ ਸਾਥੀਆਂ ਸਮੇਤ ਚੱਬੇਵਾਲ ਖੇਤਰ ਦਾ ਦੌਰਾ ਕੀਤਾ। ਇਸ ਦੌਰਾਨ ਉਹਨਾਂ ਨੇ ਟੋਡਰਪੁਰ, ਈਸਪੁਰ, ਮਕਸੂਸਪੁਰ ਆਦਿ ਪਿੰਡਾਂ 'ਚ ਪਾਰਟੀ ਵਰਕਰਾਂ ਅਤੇ ਆਪ ਪਾਰਟੀ ਦੇ ਸਮਰਥਕਾਂ ਨਾਲ ਮੀਟਿੰਗਾਂ ਕੀਤੀਆਂ। ਵਰੁਣ ਬੰਗੜ ਨੇ ਜਿੱਥੇ ਵੋਟਰਾਂ ਨੂੰ ਸੂਬੇ ਦੀ ਭਗਵੰਤ ਮਾਨ ਸਰਕਾਰ ਦੀਆਂ ਪਿਛਲੇ ਢਾਈ ਸਾਲ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਦੱਸਿਆ ਉੱਥੇ ਹੀ ਪਾਰਟੀ ਵਰਕਰਾਂ ਨੂੰ ਵੀ ਜਿਮਨੀ ਚੋਣ ਲਈ ਤਿਆਰ ਹੋਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਹੀ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਤੋਰ ਸਕਦੀ ਹੈ ਇਸ ਲਈ ਜਰੂਰੀ ਹੈ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਇਕ ਵਾਰ ਫਿਰ ਆਪ ਪਾਰਟੀ ਦੀ ਭਾਰੀ ਅੰਤਰ ਨਾਲ ਜਿੱਤ ਯਕੀਨੀ ਬਣਾਈ ਜਾਵੇ। ਜਿਕਰਯੋਗ ਹੈ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਚੱਬੇਵਾਲ ਸੀਟ ਤੋਂ ਆਪ ਪਾਰਟੀ ਦੀ ਟਿਕਟ 'ਤੇ ਜੇਤੂ ਰਹੇ ਡਾ. ਰਾਜਕੁਮਾਰ ਚੱਬੇਵਾਲ ਪਿਛਲੀਆਂ ਲੋਕ ਸਭਾ ਚੋਣਾਂ 'ਚ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਆਪ ਪਾਰਟੀ ਦੇ ਮੈਂਬਰ ਪਾਰਲੀਮੈਂਟ ਬਣ ਚੁੱਕੇ ਹਨ, ਜਿਸ ਕਰਕੇ ਇਸ ਵਿਧਾਨ ਸਭਾ ਹਲਕੇ 'ਚ ਜਿਮਨੀ ਚੋਣ ਹੋਣੀ ਹੈ ਅਤੇ ਆਪ ਪਾਰਟੀ ਇਸ ਸੀਟ 'ਤੇ ਮੁੜ ਕਬਜਾ ਕਰਨ ਲਈ ਕਮਰ ਕੱਸੇ ਕਰ ਚੁੱਕੀ ਹੈ। ਇਸ ਦੌਰਾਨ ਉਹਨਾਂ ਦੇ ਨਾਲ ਨਵੀਨ ਫਗਵਾੜਾ, ਬੱਬਲੂ, ਬਲਵੀਰ ਸਿੰਘ, ਰਾਜਾ ਟੋਡਰਪੁਰ, ਜਸਵੀਰ ਸਿੰਘ, ਸੁਰਿੰਦਰ ਸਿੰਘ, ਸੁਖਵਿੰਦਰ ਸਿੰਘ ਆਦਿ ਵੀ ਹਾਜਰ ਸਨ।

## ਸਵਾਮੀ ਰਿਸ਼ੀ ਠਾਕੁਰ ਦਾਸ ਦੇ 79ਵੇਂ ਬਰਸੀ ਸਮਾਗਮ ਸ਼ਰਧਾ ਪੂਰਵਕ ਮਨਾਏ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੰਤ ਸਵਾਮੀ ਰਿਸ਼ੀ ਠਾਕੁਰ ਦਾਸ ਜੀ ਮਹਾਰਾਜ ਦੇ 79ਵੇਂ ਬਰਸੀ ਸਮਾਗਮ ਡੇਰਾ ਠਾਕੁਰ ਰਿਸ਼ੀ ਦਾਸ ਹਰੀਪੁਰ ਖਾਲਸਾ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਰਾਮ ਸੇਵਕ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਮਨਾਏ ਗਏ। ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ, ਢਾਡੀ, ਕਥਾਵਾਚਕ ਅਤੇ ਵੱਖ ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਸੰਗਤਾਂ ਨੂੰ ਦੱਸਿਆ ਗਿਆ ਕਿ ਉਹ ਸਰਬੱਤ ਦੇ ਭਲੇ ਅਤੇ ਸੰਗਤਾਂ ਦੀਆਂ ਸਮਾਜਿਕ, ਧਾਰਮਿਕ ਅਤੇ ਆਰਥਿਕ ਮੁਸ਼ਕਲਾਂ ਨੂੰ ਹੱਲ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਸਨ। ਸਮਾਜ ਦੇ ਬੱਚਿਆਂ ਨੂੰ ਸਿੱਖਿਅਤ ਅਤੇ ਸਿਹਤਮੰਦ ਬਣਾਉਣ ਲਈ ਉਹ ਉਪਰਾਲੇ ਕਰਦੇ ਰਹਿੰਦੇ ਸਨ ਅਤੇ ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿਕੇ ਪ੍ਰਭੂ ਦੀ ਬੰਦਗੀ ਲਈ ਪ੍ਰੇਰਿਤ ਕਰਦੇ ਸਨ।ਇਸ ਮੌਕੇ [illegible] ਸੰਤ [illegible] ਪਿੰਡਾਂ ਵਾਲਿਆਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

## ਗੁਰੂ ਨਾਨਕ ਦੇਵ 'ਵਰਸਿਟੀ ਕਾਲਜ ਵਿਖੇ ਮਨਾਇਆ 'ਰਾਸ਼ਟਰੀ ਪੁਲਾੜ ਦਿਵਸ'




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ, ਨਿਰਮਲ )**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ ਨੈਸ਼ਨਲ ਪੁਲਾੜ ਦਿਵਸ ਮਨਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ, ਰਾਸ਼ਟਰੀ ਸਪੇਸ ਦਿਵਸ ਦੀ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਨੂੰ ਦੱਸਿਆ ਕਿ ਸਪੇਸ ਵਿੱਚ ਹੋਰ ਖੋਜਾਂ ਨਿਕਲਣ ਲਈ ਕਿਵੇਂ ਹਰ ਦੇਸ਼ ਜੱਦੋ-ਜਹਿਦ ਕਰ ਰਿਹਾ ਹੈ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਪਿਛਲੇ ਸਾਲ 23 ਅਗਸਤ 2023 ਨੂੰ ਭਾਰਤ ਨੇ ਪਹਿਲੀ ਵਾਰ ਚੰਦ ਦੇ ਦੱਖਣੀ ਧਰੁਵ 'ਤੇ ਲੈਂਡ ਕੀਤਾ ਸੀ, ਜਿਸ ਦੇ ਸੰਬੰਧ ਵਿੱਚ ਹੀ ਇਹ ਦਿਵਸ ਮਨਾਇਆ ਜਾਣਾ ਸ਼ੁਰੂ ਹੋਇਆ ਹੈ। ਇਸ ਮੌਕੇ ਕਾਲਜ ਦੇ ਪ੍ਰੋਫੈਸਰ ਡਾ. [illegible] ਅਤੇ ਸ੍ਰੀਮਤੀ [illegible] ਨੇ ਵਿਦਿਆਰਥੀਆਂ ਨੂੰ ਵਿਚਾਰ ਪੇਸ਼ ਕੀਤੇ। [illegible] ਜੇ ਕਿ ਪਿਛਲੇ ਸਾਲ ਇਸੇ ਦਿਨ ਸ਼ੁਰੂ ਕੀਤਾ ਗਿਆ ਸੀ, ਦੀ ਮਹੱਤਤਾ ਨੂੰ ਬਿਆਨ ਕੀਤਾ। ਰਾਸ਼ਟਰੀ ਪੁਲਾੜ ਦਿਵਸ ਦੇ ਸੰਬੰਧ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ [illegible] ਇਸ ਮੌਕੇ [illegible] ਕਾਲਜ ਦੇ ਸਟਾਫ਼ ਮੈਂਬਰ ਵੀ ਹਾਜ਼ਰ ਸਨ। [illegible] ਨੇ ਆਪਣੀ ਹਾਜ਼ਰੀ ਲਗਵਾਈ।

## ਰਿੱਕੀ ਨੂੰ ਬਣਾਇਆ ਮਿਡ-ਡੇ-ਮੀਲ ਕੁੱਕ ਯੂਨੀਅਨ ਦਾ ਮੀਤ ਪ੍ਰਧਾਨ



**ਬਲਾਚੌਰ (ਜਸਵਿੰਦਰ ਬੈਂਸ)**—ਮਿਡ-ਡੇ-ਮੀਲ ਕੁੱਕ ਯੂਨੀਅਨ ਪੰਜਾਬ ਚਿਰਾਂਦੀ ਗਰੁੱਪ ਨੇ ਰੁਕਸਾਨਾ ਬੇਗਮ ਵੱਲੋਂ ਮੀਤ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ 'ਤੇ ਰਿੱਕੀ ਨਵਾਂਸ਼ਹਿਰ ਨੂੰ ਸਰਬ ਸਹਿਮਤੀ ਨਾਲ ਮੀਤ ਪ੍ਰਧਾਨ ਪੰਜਾਬ ਚੁਣਿਆ ਗਿਆ ਹੈ।ਇਸ ਮੌਕੇ ਜਨਰਲ ਸਕੱਤਰ ਮੁਮਤਾਜ਼ ਬੇਗ਼ਮ, ਕਮਲਜੀਤ ਕੌਰ ਕਲਿਆਣ, ਕਾਰਜਕਾਰੀ ਪ੍ਰਧਾਨ ਪੰਜਾਬ ਪਰਮਜੀਤ ਕੌਰ ਕੈਸ਼ੀਅਰ ਪੰਜਾਬ, ਜਸਵਿੰਦਰ ਕੌਰ ਪ੍ਰਧਾਨ ਜ਼ਿਲ੍ਹਾ ਰੋਪੜ, ਸੁਰਿੰਦਰ ਕੌਰ ਕਮਲਜੀਤ ਕੌਰ ਮੱਦੋਕੇ ਸੈਕਟਰੀ ਪੰਜਾਬ, ਜ਼ਿਲ੍ਹਾ ਪ੍ਰਧਾਨ ਸੰਧਿਆ ਘਾਰੂ ਫਿਰੋਜ਼ਪੁਰ, ਸੰਤਰੋ ਦੇਵੀ ਜ਼ਿਲ੍ਹਾ ਫ਼ਾਜਿਲਕਾ, ਨਿੰਦਰ ਕੌਰ ਜ਼ਿਲ੍ਹਾ ਮੋਹਾਲੀ, ਜ਼ਿਲ੍ਹਾ ਬਠਿੰਡਾ ਮੁਕੇਸ਼ ਰਾਣੀ, ਨਵਾਂਸ਼ਹਿਰ ਤੋਂ ਮਨਜੀਤ ਕੌਰ, ਲੱਛਮੀ ਦੇਵੀ, ਸੁਮਨ ਰਾਣੀ ਖੂਹੀਆਂ ਸਰਵਰ, ਰਾਮ ਕਿਸ਼ਨ ਜਲਾਲਾਬਾਦ, ਸਵਰਨ ਕੌਰ ਜਲਾਲਾਬਾਦ, ਜਸਵੀਰ ਕੌਰ ਬਾਘਾਪੁਰਾਣਾ ਤੋਂ ਇਲਾਵਾ ਇਸ ਇਕੱਠ ਵਿੱਚ ਵੱਖ-ਵੱਖ ਜ਼ਿਲ੍ਹਿਆਂ ਅਤੇ ਆਗੂਆਂ ਨੇ ਭਾਗ ਲਿਆ।

## ਬ੍ਰਹਮਲੀਨ ਸੰਤ ਬਾਬਾ ਮੇਲਾ ਰਾਮ ਦੀ ਬਰਸੀ ਮੌਕੇ ਖ਼ੂਨਦਾਨ ਕੈਂਪ 28 ਨੂੰ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**—ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਪਿੰਡ ਭਰੋਮਜ਼ਾਰਾ ਵਿਖੇ 28 ਅਗਸਤ ਨੂੰ ਉਨ੍ਹਾਂ ਦੀ 71ਵੀਂ ਬਰਸੀ ਸਮਾਗਮ ਮੌਕੇ ਸ਼ਿਵਾਲਿਕ ਨਿਊਜ਼ ਵਲੋਂ ਸਵੈ ਇੱਛਕ ਖ਼ੂਨਦਾਨ ਕੈਂਪ ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਈ ਸੋਸਾਇਟੀ ਰਜਿ ਪੰਜਾਬ ਦੇ ਅਸ਼ੀਰਵਾਦ ਸਦਕਾ ਤੇ ਸੰਤ ਗੁਰਮੇਲ ਸਿੰਘ ਬਲੱਡ ਸੈਂਟਰ ਬਲਾਚੌਰ ਦੇ ਤਕਨੀਕੀ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਖ਼ੂਨਦਾਨ ਹੀ ਮਹਾਦਾਨ ਹੈ, ਸਾਰਿਆਂ ਨੂੰ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ।ਕਿਉਂਕਿ ਖ਼ੂਨਦਾਨ ਕਰਨ ਨਾਲ ਹੀ ਕਿਸੇ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕਦਾ ਹੈ ਅਤੇ ਤੰਦਰੁਸਤ ਜ਼ਿੰਦਗੀ ਜਿਉਣ ਲਈ ਖ਼ੂਨਦਾਨ ਕਰਨਾ ਵੀ ਜਰੂਰੀ ਹੈ।

## ਸਰਕਾਰੀ ਕਾਲਜ ਵਿਖੇ 'ਰਾਸ਼ਟਰੀ ਸਪੇਸ ਦਿਵਸ' ਮਨਾਇਆ


**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਵਾਈਸ ਪ੍ਰਿੰਸੀਪਲ ਪ੍ਰੋ. ਵਿਜੇ ਕੁਮਾਰ ਦੀ ਅਗਵਾਈ ਵਿੱਚ ਫਿਜ਼ਿਕਸ ਵਿਭਾਗ ਦੇ ਸਟਾਫ ਮੈਂਬਰਾਂ ਦੇ ਸਹਿਯੋਗ ਨਾਲ 'ਰਾਸ਼ਟਰੀ ਸਪੇਸ ਦਿਵਸ' ਮਨਾਇਆ ਗਿਆ। ਜਿਸ ਵਿੱਚ ਵਾਈਸ ਪ੍ਰਿੰਸੀਪਲ ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਦਿਵਸ ਚੰਦਰਯਾਨ-3 ਦੇ ਚੰਦ 'ਤੇ ਸਫਲਤਾਪੂਰਵਕ ਪਹੁੰਚਣ 'ਤੇ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਭਾਰਤ ਵਿਗਿਆਨ ਦੇ ਖੇਤਰ ਵਿੱਚ ਲਗਾਤਾਰ ਤਰੱਕੀ ਕਰ ਰਿਹਾ ਹੈ। ਜਿਸ ਵਿੱਚ ਆਉਣ ਵਾਲੇ ਸਮੇਂ ਵਿੱਚ ਤੁਸੀਂ ਵੀ ਮਹੱਤਵਪੂਰਨ ਭੂਮਿਕਾ ਨਿਭਾਉਣੀ ਹੈ। ਉਨ੍ਹਾਂ ਇਸ ਦਿਵਸ ਦੀ ਸਭ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਵੱਲੋਂ ਵਿਸ਼ੇ ਅਨੁਸਾਰ ਪੋਸਟਰ ਵੀ ਬਣਾਏ ਗਏ ਅਤੇ ਇਸ ਦਿਵਸ ਸੰਬੰਧੀ ਪ੍ਰਕਾਸ਼ ਵੀ ਪਾਇਆ ਗਿਆ। ਫਿਜ਼ਿਕਸ ਵਿਭਾਗ ਦੇ ਮੁਖੀ ਪ੍ਰੋ. ਧਰਮਪਾਲ, ਪ੍ਰੋ. ਦਿਨੇਸ਼ ਪੁਰੀ, ਪ੍ਰੋ. ਸ਼ਰੂਤੀ ਸੂਦ, ਪ੍ਰੋ. ਸੋਨੀਆ ਵੀ ਹਾਜ਼ਰ ਸਨ।

## ਆਸਟ੍ਰੇਲੀਆ 'ਚ ਕੌਂਸਲ ਚੋਣਾਂ ਲੜ ਰਿਹੈ ਰਾਹੋਂ ਦਾ ਸ਼ਸ਼ੀ ਪਾਲ ਬੰਗੜ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਰਾਹੋਂ ਸ਼ਹਿਰ ਦਾ ਜੰਮਪਲ ਸ਼ਸ਼ੀ ਪਾਲ ਬੰਗੜ ਆਸਟ੍ਰੇਲੀਆ ਵਿੱਚ ਹੋ ਰਹੀਆਂ ਕੌਂਸਲ ਚੋਣਾਂ ਲੜਨ ਦੀ ਤਿਆਰੀ ਕਰ ਰਿਹਾ ਹੈ। ਇਹ ਸੂਚਨਾ ਸਸ਼ੀ ਪਾਲ ਦੇ ਪਿਤਾ ਧਰਮਪਾਲ ਬੰਗੜ ਸਾਬਕਾ ਨਗਰ ਕੌਂਸਲ ਪ੍ਰਧਾਨ ਰਾਹੋਂ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਉਹਨਾਂ ਕਿਹਾ ਕਿ ਸ਼ਸ਼ੀ ਪਾਲ ਬੰਗੜ +2 ਦੀ ਪੜ੍ਹਾਈ ਕਰਨ ਉਪਰੰਤ ਡੀ.ਏ.ਵੀ ਕਾਲਜ ਜਲੰਧਰ ਤੋਂ ਬੈਚੁਲਰ ਦੀ ਡਿਗਰੀ ਕਰਨ ਉਪਰੰਤ ਆਸਟ੍ਰੇਲੀਆ ਜਾ ਕੇ ਸੈਟ ਹੋ ਗਿਆ। ਆਸਟ੍ਰੇਲੀਆ ਦੇ ਮਲੈਬੋਰਨ ਸ਼ਹਿਰ ਵਿੱਚ ਸ਼ਸ਼ੀ ਪਾਲ ਬੰਗੜ ਨੇ ਸਖਤ ਮਿਹਨਤ ਦੇ ਨਾਲ ਨਾਲ ਸੋਸ਼ਲ ਕੰਮਾਂ ਵਿੱਚ ਵੀ ਆਪਣਾ ਨਾਂਅ ਕਮਾਇਆ। ਮੈਲਬੋਰਨ ਸ਼ਹਿਰ ਨਾਰਥ ਵਾਰਡ ਵਿਟਲੇਸ਼ੀਆ ਕੌਂਸਲ ਇਲੈਕਸ਼ਨ 2024 ਦੀਆਂ ਚੋਣਾਂ ਵਿੱਚ ਸ਼ਸ਼ੀ ਪਾਲ ਬੰਗੜ ਪੂਰੀ ਤਿਆਰੀ ਕਰ ਰਿਹਾ ਹੈ। ਕੌਂਸਲ ਚੋਣਾਂ ਦੀ 9 ਸਤੰਬਰ ਨੂੰ ਨੋਮੀਨੇਸ਼ਨ ਹੋ ਰਹੀ ਹੈ ਤੇ ਉਹ ਆਪਣੇ ਵਾਰਡ ਦੇ ਨਾਗਰਿਕਾਂ ਤੋਂ ਵੋਟ ਮੰਗ ਰਹੇ ਹਨ। ਉਹਨਾਂ ਨੂੰ ਪੂਰਾ ਯਕੀਨ ਹੈ ਕਿ ਉਹ ਕੌਂਸਲ ਚੋਣਾਂ 'ਚ ਜਿੱਤ ਪ੍ਰਾਪਤ ਕਰਕੇ ਆਪਣੇ ਵਾਰਡ ਦੇ ਲੋਕਾਂ ਦੀ ਸੇਵਾ ਕਰਨਗੇ।

## ਇਕ ਰੁੱਖ ਮਾਂ ਦੇ ਨਾਂਅ ਮੁਹਿੰਮ ਤਹਿਤ ਪਿੰਡ ਪੁਰੀਕਾ 'ਚ ਲਗਾਏ ਪੌਦੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਹਰਦੀਪ ਕੌਰ ਦੀ ਅਗਵਾਈ ਹੇਠ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਮੁਕੇਰੀਆਂ ਮੰਜੂ ਬਾਲਾ ਵੱਲੋਂ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਅਤੇ 'ਇਕ ਰੁੱਖ ਮਾਂ ਦੇ ਨਾਂਅ' ਮੁਹਿੰਮ ਅਧੀਨ ਪਿੰਡ ਪੁਰੀਕਾ ਵਿਖੇ ਨਵਜੰਮੀਆਂ ਬੱਚੀਆਂ ਦੇ ਨਾਂਅ ਅਤੇ ਬਜ਼ੁਰਗ ਮਾਵਾਂ ਦੇ ਨਾਂਅ ਬੂਟੇ ਲਗਾਏ ਗਏ। ਸੀ.ਡੀ.ਪੀ.ਓ ਮੁਕੇਰੀਆਂ ਮੰਜੂ ਬਾਲਾ ਨੇ ਆਏ ਪਿੰਡ ਵਾਸੀਆਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਬਲਾਕ ਅਧੀਨ ਆਉਂਦੇ 184 ਆਂਗਨਵਾੜੀ ਸੈਂਟਰਾਂ ਵਿਚ ਨਵਜੰਮੀਆਂ ਬੱਚੀਆਂ ਦੇ ਨਾਂਅ 'ਤੇ ਬੂਟੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਵੀ ਬਲਾਕ ਵਿਚ ਵੱਖ-ਵੱਖ ਆਂਗਨਵਾੜੀ ਸੈਂਟਰਾਂ ਵਿਚ ਤਕਰੀਬਨ 200 ਦੇ ਕਰੀਬ ਪੌਦੇ ਲਗਾਏ ਗਏ। ਉਨ੍ਹਾਂ ਪਿੰਡ ਵਾਸੀਆਂ ਤੇ ਖਾਸ ਕਰਕੇ ਮਾਵਾਂ ਨੂੰ ਲੜਕੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਵਧੀਆ ਪੌਸ਼ਟਿਕ ਖ਼ੁਰਾਕ ਦੇਣ ਬਾਰੇ ਸਮਝਾਇਆ। ਉਨ੍ਹਾਂ ਮਾਵਾਂ ਨੂੰ ਆਪਣੇ ਲੜਕਿਆਂ ਨੂੰ ਵੀ ਚੰਗੀ ਸਿੱਖਿਆ ਦੇਣ ਲਈ ਕਿਹਾ ਗਿਆ ਤਾਂ ਜੋ ਉਨ੍ਹਾਂ ਅੰਦਰ ਔਰਤ ਦੀ ਇੱਜ਼ਤ ਤੇ ਸੁਰੱਖਿਆ ਦੀ ਭਾਵਨਾ ਪੈਦਾ ਹੋ ਸਕੇ। ਇਸ ਮੌਕੇ ਸੁਪਰਵਾਈਜ਼ਰ ਰਵਿੰਦਰ ਕੌਰ, ਸੁਪਰਵਾਈਜ਼ਰ ਸੀਮਾ ਦੇਵੀ, ਸੁਪਰਵਾਈਜ਼ਰ ਰਾਜਿੰਦਰ ਕੌਰ ਤੋਂ ਇਲਾਵਾ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੀ ਮੌਜੂਦ ਸਨ।

## ਲਾਰਡ ਕ੍ਰਿਸ਼ਨਾ ਕਾਲਜ ਦਾ ਬੀ ਐੱਡ ਦਾ ਨਤੀਜਾ 100 ਫੀਸਦੀ



**ਸੁਲਤਾਨਪੁਰ ਲੋਧੀ ( ਹਨੀ )** ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਦਾ ਬੀ ਐੱਡ ਭਾਗ ਚੌਥਾ ਸੈਸ਼ਨ 2022 - 24 ਦਾ ਨਤੀਜਾ ਸ਼ਾਨਦਾਰ ਰਿਹਾ । ਪ੍ਰਿੰਸੀਪਲ ਸੁੰਮੀ ਧੀਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿਚ ਪਾਸ ਹੋਣ 'ਚ ਸਫਲ ਰਹੇ । ਉਨ੍ਹਾਂ ਦੱਸਿਆ ਕਿ ਤਾਨੀਆ 76.41 ਫੀਸਦੀ ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੀ । ਸ਼ਵੇਤਾ ਅਰੋੜਾ 74.94 ਫੀਸਦੀ ਅੰਕਾਂ ਨਾਲ ਦੂਜੇ ਅਤੇ ਜਸਪ੍ਰੀਤ ਕੌਰ 73 ਫੀਸਦੀ ਅੰਕਾਂ ਨਾਲ ਤੀਜੇ ਸਥਾਨ 'ਤੇ ਰਹੀ । ਕਾਲਜ ਦੇ ਚੇਅਰਮੈਨ ਰਕੇਸ਼ ਕੁਮਾਰ ਧੀਰ ਅਤੇ ਡਾਇਰੈਕਟਰ ਕਰਨ ਧੀਰ ਇਸ ਉਪਲੱਬਧੀ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ।

# ਉੱਗੀ ਪਿੰਡ ਦੀ ਹਿੰਸਕ ਝੜਪ 'ਚ ਸ਼ਾਮਲ ਤਿੰਨ ਵਿਅਕਤੀ ਗ੍ਰਿਫ਼ਤਾਰ



**ਜਲੰਧਰ, (ਸ਼ੈਲੀ ਐਲਬਰਟ)**-ਦਿਹਾਤੀ ਪੁਲਸ ਨੇ ਪਿੰਡ ਉੱਗੀ ਵਿੱਚ ਦੋ ਧੜਿਆਂ ਵਿਚਕਾਰ ਹੋਈ ਹਿੰਸਕ ਝੜਪ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਘਟਨਾ ਬੀਤੀ ਦੇਰ ਰਾਤ ਜਲੰਧਰ-ਕਪੂਰਥਲਾ ਬਾਰਡਰ ਨੇੜੇ ਵਾਪਰੀ ਸੀ। ਫੜੇ ਗਏ ਵਿਅਕਤੀਆਂ ਦੀ ਪਛਾਣ ਗੁਰਪਾਲ ਸਿੰਘ ਪੁੱਤਰ ਮਨਜੀਤ ਸਿੰਘ ਤੇ ਬਲਕਾਰ ਸਿੰਘ ਪੁੱਤਰ ਜਸਪਾਲ ਸਿੰਘ, ਦੋਵੇਂ ਵਾਸੀ ਸਿੱਧਵਾਂ ਦੋਨਾ, ਕਪੂਰਥਲਾ; ਅਤੇ ਨਜ਼ੀਰ ਗੁੱਜਰ, ਵਾਸੀ ਅਵਾਦਾਨ, ਜਲੰਧਰ ਵਜੋਂ ਹੋਈ ਹੈ। ਪੰਜ ਹੋਰ ਵਿਅਕਤੀ ਇਸ ਕੇਸ ਵਿੱਚ ਨਾਮਜ਼ਦ ਕੀਤੇ ਗਏ ਹਨ।ਝੜਪ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ ਸਨ। ਕੁਲਵਿੰਦਰ ਸਿੰਘ, ਜੋ ਕਿ ਕਿੰਦੀ ਵਜੋਂ ਜਾਣਿਆ ਜਾਂਦਾ ਹੈ, ਪੁੱਤਰ ਚਰਨ ਦਾਸ, ਵਾਸੀ ਕਾਲਾ ਸੰਘਿਆਂ, ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਬਦਕਿਸਮਤੀ ਨਾਲ ਉਸ ਦੀ ਮੌਤ ਹੋ ਗਈ। ਇੱਕ ਹੋਰ ਵਿਅਕਤੀ, ਜਤਿੰਦਰ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਕੁਲਾਰ, ਕਪੂਰਥਲਾ, ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਅਤੇ ਇਸ ਸਮੇਂ ਜਲੰਧਰ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।ਐਸ ਐਸ ਪੀ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵਾਂ ਗਰੁੱਪਾਂ ਵਿਚਾਲੇ ਲੰਬੇ ਸਮੇਂ ਤੋਂ ਦੁਸ਼ਮਣੀ ਚਲੀ ਆ ਰਹੀ ਹੈ। ਜਿਸ ਦੇ ਸਬੰਧ ਵਿੱਚ ਆਈਪੀਸੀ ਦੀ ਧਾਰਾ 324 ਅਤੇ 326 ਦੇ ਤਹਿਤ ਐਫਆਈਆਰ ਨੰਬਰ 122/22 ਦੀ ਸੁਣਵਾਈ ਚੱਲ ਰਹੀ ਹੈ, ਜਦੋਂ ਕਿ ਆਈਪੀਸੀ ਦੀ ਧਾਰਾ 323 ਅਤੇ 324 ਦੇ ਤਹਿਤ ਇੱਕ ਨਵੀਂ ਐਫਆਈਆਰ ਨੰਬਰ 79/24 ਦਰਜ ਕੀਤੀ ਗਈ ਹੈ।ਤਫ਼ਤੀਸ਼ ਦੌਰਾਨ ਪੁਲਸ ਨੇ ਇੱਕ ਸਵਿਫ਼ਟ ਕਾਰ, ਦੋ ਮੌਜ਼ਰ (.32 ਬੋਰ) ਅਤੇ ਅੱਠ ਰੌਂਦ ਬਰਾਮਦ ਕੀਤੇ ਹਨ।

# ਉਲੰਪੀਅਨ ਸੁਖਜੀਤ ਸਿੰਘ ਦਾ ਨਾਨਕੇ ਪਿੰਡ ਉੱਗੀ ਪਹੁੰਚਣ 'ਤੇ ਸਨਮਾਨ

**ਕਾਲਾ ਸੰਘਿਆਂ (ਮਨਜੀਤ ਮਾਨ)**—ਹਾਲ ਹੀ ਵਿੱਚ ਪੈਰਿਸ ਵਿਖੇ ਸੰਪੰਨ ਹੋਈਆਂ ਓਲੰਪਿਕ ਖੇਡਾਂ 2024 ਵਿੱਚ ਭਾਰਤ ਦੀ ਝੋਲੀ ਵਿੱਚ ਕਾਂਸੇ ਦਾ ਤਮਗਾ ਪਾਉਣ ਵਾਲੀ ਹਾਕੀ ਟੀਮ ਦੇ ਜੁਝਾਰੂ ਖਿਡਾਰੀ ਸੁਖਜੀਤ ਸਿੰਘ ਦਾ ਨਾਨਕੇ ਪਿੰਡ ਉੱਗੀ ਪਹੁੰਚਣ 'ਤੇ ਜ਼ੋਰਦਾਰ ਸਵਾਗਤ ਕੀਤਾ ਗਿਆ। ਪਟਾਖੇ ਅਤੇ ਢੋਲ ਢਮੱਕੇ ਦੀ ਗੂੰਜ ਵਿੱਚ ਮਰਹੂਮ ਸਵਰਨ ਸਿੰਘ ਸਪੁੱਤਰ ਸਾਧੂ ਸਿੰਘ ਦੇ ਸਮੂਹ ਪਰਵਾਰ ਵੱਲੋਂ ਕੇਕ ਕੱਟਣ ਉਪਰੰਤ ਲੱਡੂ ਵੰਡੇ ਗਏ। ਇਸ ਮੌਕੇ ਮਾਸਟਰ ਮਹਿੰਦਰਪਾਲ ਉੱਗੀ, ਪ੍ਰਧਾਨ ਭਾਰਤੀਆ ਵਾਲਮੀਕਿ ਸਭਾ (ਰਜਿ ) ਪੰਜਾਬ ਅਤੇ ਉੱਘੇ ਖੇਡ ਪ੍ਰੇਮੀ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦੇ ਕਿਹਾ ਕਿ ਇਸ ਬੱਚੇ ਦੀ ਮਿਹਨਤ ਨਾਲ ਜਿਥੇ ਉਸਦੇ ਮਾਤਾ ਪਿਤਾ ਅਜੀਤ ਸਿੰਘ, ਐਸ.ਆਈ, ਸ਼੍ਰੀਮਤੀ ਕੁਲਦੀਪ ਕੌਰ ਅਤੇ ਪਿੰਡ ਮੀਆਂ ਵਿੰਡ (ਤਰਨਤਾਰਨ) ਦਾ ਸਿਰ ਫ਼ਖ਼ਰ ਨਾਲ ਉੱਚਾ ਹੋਇਆ ਹੈ ਓਥੇ ਹੀ ਨਾਨਕੇ ਪਿੰਡ ਉੱਗੀ ਵਿੱਚ ਵੀ ਜਸ਼ਨ ਦਾ ਮਾਹੌਲ ਹੈ। ਸੁਖਜੀਤ ਸਿੰਘ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਨੋਦ ਸੰਗਰ ਡੀ.ਐਸ.ਪੀ (ਰਿਟਾ:), ਸੁਧੀਰ ਸੰਗਰ, ਡਾਇਰੈਕਟਰ, ਦਿਸ਼ਾ ਹਸਪਤਾਲ, ਗੁਰਿੰਦਰ ਕਾਕਾ, ਸਾਬਕਾ ਸਰਪੰਚ ਤੇ ਉੱਘੇ ਸਮਾਜ ਸੇਵੀ, ਦੇਵ ਰਾਜ ਛੋਟਰਾ ਸੰਸਥਾਪਕ ਰਾਧੇ ਕ੍ਰਿਸ਼ਨਾ ਮਾਲ, ਹਰਪਾਲ ਸਿੰਘ ਗਿੱਲ, ਜ਼ਿਲ੍ਹਾ ਭਲਾਈ ਅਫ਼ਸਰ, ਬਲਵੀਰ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ ਕੰਗ, ਹੈਪੀ ਮਦਾਨ, ਬੀਬੀ ਰਤਨ ਕੌਰ, ਸਵਰਨ ਕੌਰ, ਸਾਬਕਾ ਬਲਾਕ ਸਿੱਖਿਆ ਅਫ਼ਸਰ, ਮਨਰਾਜ ਸਿੰਘ ਕੰਗ, ਰਣਜੀਤ ਸਿੰਘ ਰਾਣਾ ਅਤੇ ਸਮੂਹ ਰਿਸ਼ਤੇਦਾਰ ਆਦਿ ਹਾਜ਼ਰ ਸਨ। ਇਹ ਜਾਣਕਾਰੀ ਮਾਸਟਰ ਮਹਿੰਦਰਪਾਲ ਨੇ ਪ੍ਰੈਸ ਨੂੰ ਦਿੱਤੀ।



## ਅਵਾਰਾ ਪਸ਼ੂਆਂ ਦੇ ਘੁੰਮਣ- ਫਿਰਨ ਤੇ ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾਈ

**ਨਵਾਂਸ਼ਹਿਰ (ਮਨੋਜ ਲਾਡੀ)**-ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ, ਆਈ.ਏ.ਐਸ., ਸ਼ਹੀਦ ਭਗਤ ਸਿੰਘ ਨਗਰ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇੱਕ ਹੁਕਮ ਰਾਹੀਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸੜਕਾਂ 'ਤੇ ਅਵਾਰਾ ਪਸ਼ੂਆਂ ਨੂੰ ਘੁੰਮਣ ਫਿਰਨ ਅਤੇ ਸ਼ਹਿਰਾਂ/ਕਸਬਿਆਂ/ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ।ਉਨ੍ਹਾਂ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਗੁਜਰਾਂ/ਵਿਅਕਤੀਆਂ ਵੱਲੋਂ ਭਾਰੀ ਮਾਤਰਾ ਵਿਚ ਗਾਵਾਂ/ਮੱਝਾਂ ਆਦਿ ਲੈ ਕੇ ਉਨ੍ਹਾਂ ਦੇ ਚਾਰੇ ਦੀ ਖਾਤਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰਾਂ/ਕਸਬਿਆਂ ਅਤੇ ਪਿੰਡਾਂ ਵਿੱਚ ਘੁੰਮਦੇ/ਫਿਰਦੇ ਹਨ ਜੋ ਕਿ ਲੋਕਾਂ ਦੀਆਂ ਫਸਲਾਂ ਅਤੇ ਸੜਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਿਸ ਨਾਲ ਕਿਸਾਨਾਂ ਅਤੇ ਦਰਵਾਹਿਆਂ (ਗੁਜਰਾਂ) ਦਾ ਆਪਸ ਵਿਚ ਤਕਰਾਰ ਹੋਣ ਦਾ ਖਦਸ਼ਾ ਬਣ ਜਾਂਦਾ ਹੈ। ਇਸ ਤੋਂ ਇਲਾਵਾ ਟਰੈਫਿਕ ਵਿੱਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਕਈ ਵਾਰ ਐਕਸੀਡੈਂਟ ਹੋਣ ਕਾਰਨ ਵਹੀਕਲ/ਪਸ਼ੂਆਂ ਦਾ ਨੁਕਸਾਨ ਹੋ ਜਾਂਦਾ ਹੈ।


ਇਸ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ, ਸੜਕਾਂ ਤੇ ਅਵਾਰਾ ਪਸ਼ੂਆਂ ਦੇ ਘੁੰਮਣ ਫਿਰਨ/ਚਰਾਉਣ ਅਤੇ ਪਸ਼ੂਆਂ ਵਿਚ ਮੂੰਹ-ਖੁਰ/ਲੰਪੀ ਸਕਿਨ ਦੀ ਬਿਮਾਰੀ ਫੈਲਣ ਤੇ ਰੋਕਣ ਦਾ ਉਪਰਾਲਾ ਕਰਨ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਉਕਤ ਹੁਕਮ ਜਾਰੀ ਕੀਤਾ ਗਿਆ ਹੈ। ਇਹ ਹੁਕਮ 21 ਅਕਤੂਬਰ 2024 ਤੱਕ ਲਾਗੂ ਰਹੇਗਾ।

## ਬਜ਼ੁਰਗਾਂ ਨਾਲ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਮਨਾਇਆ



**ਨਵਾਂਸ਼ਹਿਰ, (ਮਨੋਜ ਲਾਡੀ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ.ਨਗਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਵੱਲੋ ਸ੍ਰੀ ਨਾਵ ਕੰਵਲ ਰਾਜਾ ਸਾਹਿਬ, ਬਿਰਧ ਆਸ਼ਰਮ ਫਤੋਆਣਾ ਸਾਹਿਬ, ਪਿੰਡ ਭਰੋਮਜਾਰਾ ਵਿਖੇ ਰਹਿ ਰਹੇ ਬਜ਼ੁਰਗਾਂ ਨਾਲ ਅੰਤਰਰਾਸ਼ਟਰੀ ਸੀਨੀਅਰ ਸੀਟੀਜਨ ਦਿਵਸ ਮਨਾਇਆ ਗਿਆ। ਇਸ ਮੌਕੇ ਦਫਤਰ ਵੱਲੋ ਬਜ਼ੁਰਗਾਂ ਨੂੰ ਫਲ ਫਰੂਟ ਵੀ ਵੰਡੇ ਗਏ।ਇਸ ਮੌਕੇ 'ਤੇ ਸਿਵਲ ਜੱਜ (ਸੀਨੀਅਰ ਡੀਵੀਜ਼ਨ)/ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ. ਅਮਨਦੀਪ ਵੱਲੋਂ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਦੀਆ ਸਮੱਸਿਆਵਾਂ ਸੁਣੀਆ ਗਈਆ। ਇਸ ਤੋਂ ਇਲਾਵਾ ਸੀਨੀਅਰ ਸੀਟੀਜ਼ਨ ਐਕਟ ਤਹਿਤ ਉਹਨਾਂ ਦੇ ਹੱਕਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਤੋ ਇਲਾਵਾ ਸਿਵਲ ਜੱਜ (ਸੀਨੀਅਰ ਡੀਵੀਜ਼ਨ)/ ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ. ਅਮਨਦੀਪ ਜੀਆਂ ਵੱਲੋ ਬਜ਼ੁਰਗਾਂ ਨੂੰ ਆਧਾਰ ਕਾਰਡ, ਬੁਢਾਪਾ ਪੈਨਸ਼ਨ ਅਤੇ ਹੋਰਨਾਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਉਹਨਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਮੁਫਤ ਕਾਨੂੰਨੀ ਸਹਾਇਤਾ ਦੀ ਜ਼ਰੂਰਤ ਪੈਦੀ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਦੇ ਦਫਤਰ ਦੇ ਨੰਬਰ 01823- 223511 'ਤੇ ਕਾਲ ਕਰਕੇ ਮੁਫਤ ਕਾਨੂੰਨੀ ਸਹਾਇਤਾ ਦੀ ਜਾਣਕਾਰੀ ਲੈ ਸਕਦਾ ਹੈ

## ਆਂਗਣਵਾੜੀ ਸੈਂਟਰ ਬੀੜ ਢੰਡੋਲੀ ਨੂੰ ਕੁਰਸੀਆਂ, ਮੇਜ਼ ਤੇ ਪੱਖਾ ਦਿੱਤਾ



**ਫਗਵਾੜਾ (ਡਾ. ਰਮਨ )** ਨਜ਼ਦੀਕੀ ਪਿੰਡ ਬੀੜ ਢੰਡੋਲੀ ਦੇ ਆਂਗਣਵਾੜੀ ਸੈਂਟਰ ਵਿੱਚ ਬੱਚਿਆਂ ਦੇ ਬੈਠਨ ਵਾਸਤੇ ਕੁਰਸੀਆਂ, ਸੈਂਟਰ ਦਾ ਕੰਮ ਕਰਨ ਲਈ ਮੇਜ ਨਹੀਂ ਸੀ। ਆਂਗਣਵਾੜੀ ਵਰਕਰ ਨੇ ਸਮਾਜ ਸੇਵਕ ਜਸਵਿੰਦਰ ਢੱਡਾ ਨੂੰ ਆਪਣੀਆਂ ਜਰੂਰੀ ਲੋੜਾਂ ਬਾਰੇ ਜਾਣੂ ਕਰਵਾਇਆ ਜਿਨ੍ਹਾਂ ਨੇ ਬਲਵੀਰ ਸਿੰਘ ਯੂ ਕੇ ਪਿੰਡ ਡਾਕਟਰ ਅੰਬੇਡਕਰ ਨਗਰ ਢੱਡੇ ਵਿਖੇ ਲਾਇਬ੍ਰੇਰੀ ਖੋਲੀ ਹੋਈ ਹੈ, ਰਾਹੀਂ ਆਂਗਣਵਾੜੀ ਸੈਂਟਰ ਨੇ ਬੱਚਿਆਂ ਦੇ ਬੈਠਨ ਵਾਸਤੇ ਕੁਰਸੀਆਂ ਤੇ ਮੇਜ ਦਿੱਤਾ।ਪਹਿਲਾਂ ਆਂਗਣਵਾੜੀ ਸੈਂਟਰ ਵਿੱਚ ਛੱਤ ਵਾਲਾ ਪੱਖਾ ਵੀ ਲਗਾ ਕੇ ਦਿੱਤਾ ਗਿਆ ਸੀ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਤੇ ਬੱਚਿਆਂ ਦੀਆਂ ਮਾਵਾਂ ਹਾਜ਼ਰ ਸਨ।

## ਸਰਕਾਰੀ, ਪ੍ਰਾਈਵੇਟ ਬਿਲਡਿੰਗਾਂ/ਨੈਸ਼ਨਲ ਹਾਈਵੇ/ਲਿੰਕ ਸੜਕਾਂ/ਦਰੱਖਤਾਂ 'ਤੇ ਇਸ਼ਤਿਹਾਰਬਾਜੀ 'ਤੇ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ)**-ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਇੱਕ ਹੁਕਮ ਰਾਹੀਂ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਿਸੇ ਵੀ ਵਿਅਕਤੀ ਵੱਲੋਂ ਸਰਕਾਰੀ ਬਿਲਡਿੰਗਾਂ ਤੇ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ ਅਤੇ ਪ੍ਰਾਈਵੇਟ ਬਿਲਡਿੰਗਾਂ/ਨੈਸ਼ਨਲ ਹਾਈਵੇ/ ਲਿੰਕ ਸੜਕਾਂ/ ਦਰੱਖਤਾਂ ਤੇ ਬਿਨ੍ਹਾਂ ਸਬੰਧਤ ਵਿਭਾਗਾਂ ਅਤੇ ਮਾਲਕਾਂ ਦੀ ਪ੍ਰਵਾਨਗੀ ਤੋਂ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 20 ਅਕਤੂਬਰ, 2024 ਤੱਕ ਲਾਗੂ ਰਹੇਗਾ।

## ਜਮਹੂਰੀ ਕਿਸਾਨ ਸਭਾ ਵੱਲੋਂ 28 ਨੂੰ ਦਿੱਤੇ ਜਾਣਗੇ ਮੰਗ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੀ ਕਾਰਜਕਾਰਨੀ ਦੀ ਇੱਕ ਮੀਟਿੰਗ ਸੂਬਾ ਪ੍ਰਧਾਨ ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਹੋਈ। ਇਸ ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਮੁਕੇਰੀਆਂ, ਜ਼ਿਲ੍ਹਾ ਜਨਰਲ ਸਕੱਤਰ ਦਵਿੰਦਰ ਸਿੰਘ ਕੱਕੋਂ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਖੇਤੀ ਬਜਟ ਵਿੱਚ ਵਾਧਾ ਨਾ ਕਰਕੇ ਦੇਸ਼ ਅਤੇ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ ਹੈ, ਕਿਉਂਕਿ ਖੇਤੀ ਹੀ ਅਜਿਹਾ ਖੇਤਰ ਹੈ ਜਿਹੜਾ 50% ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਕੇਂਦਰ ਸਰਕਾਰ ਖੇਤੀ ਖੇਤਰ ਵਿੱਚ ਕਾਰਪੋਰੇਟਾਂ ਦੀ ਸਿੱਧੇ ਅਸਿੱਧੇ ਢੰਗ ਨਾਲ ਦਖਲ ਕਰਾਉਣਾ ਚਾਹੁੰਦੀ ਹੈ। ਦੇਸ਼ ਵਿੱਚ ਚੱਲ ਰਹੇ ਕੋ ਆਪਰੇਟਿਵ ਪ੍ਰਬੰਧ ਨੂੰ ਕਾਰਪੋਰੇਸ਼ਨਾਂ ਵਿੱਚ ਤਬਦੀਲ ਕਰਕੇ ਕਾਰਪੋਰੇਟਸ ਦੇ ਹਵਾਲੇ ਕਰਨਾ ਚਾਹੁੰਦੀ ਹੈ। ਜਥੇਬੰਦੀ ਨੇ ਮੰਗ ਕੀਤੀ ਕਿ ਐਮਐਸਪੀ ਤੇ ਖਰੀਦ ਦੀ ਗਰਾਂਟ ਦਾ ਕਾਨੂੰਨ ਬਣਾਇਆ ਜਾਵੇ, ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੋਆਪਰੇਟਿਵ ਸਿਸਟਮ ਨੂੰ ਬਚਾਉਣ ਲਈ ਪਹਿਲ ਦੇ ਆਧਾਰ 'ਤੇ ਉਪਰਾਲੇ ਕੀਤੇ ਜਾਣ, ਪੰਜਾਬ ਦੀਆਂ ਕੋਆਪਰੇਟਿਵ ਖੇਤਰ ਦੀਆਂ 9 ਗੰਨਾਂ ਮਿਲਾਂ ਅਤੇ ਮਾਰਕਫੈਡ, ਮਿਲਕਫੈੱਡ ਵੇਰਕਾ ਵਰਗੇ ਅਦਾਰਿਆਂ ਨੂੰ ਮਜ਼ਬੂਤ ਕੀਤਾ ਜਾਵੇ, ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਦੱਸਿਆ ਕਿ 28 ਅਗਸਤ ਨੂੰ ਏ.ਆਰ. ਨੂੰ ਮੰਗ ਪੱਤਰ ਦਿੱਤੇ ਜਾਣਗੇ। ਮੀਟਿੰਗ ਵਿੱਚ ਅਮਰਜੀਤ ਕਾਨੂੰਨਗੋ, ਮਨਜੀਤ ਸਿੰਘ ਬਾਜਵਾ, ਮਲਕੀਤ ਸਿੰਘ ਸਲੇਮਪੁਰ, ਮਲਕੀਤ ਸਿੰਘ ਬਾਹੋਵਾਲ, ਪ੍ਰਦੁਮਣ ਸਿੰਘ, ਸੱਤਪਾਲ ਚੱਬੇਵਾਲ, ਰਾਮਜੀ ਦਾਸ ਚੌਹਾਨ ਅਤੇ ਹੋਰ ਸ਼ਾਮਲ ਸਨ।

# ਸਿਹਤ ਵਿਭਾਗ ਵੱਲੋਂ ਅੱਖਾਂ ਦਾਨ ਪੰਦਰਵਾੜਾ ਅੱਜ ਤੋਂ

**ਮੋਹਾਲੀ (ਗੁਰਜੀਤ ਬਿੱਲਾ)**— ਜ਼ਿਲ੍ਹਾ ਸਿਹਤ ਵਿਭਾਗ ਵਲੋਂ ਅੱਖਾਂ ਦਾਨ ਪੰਦਰਵਾੜਾ 25 ਅਗਸਤ ਤੋਂ 8 ਸਤੰਬਰ ਤਕ ਮਨਾਇਆ ਜਾ ਰਿਹਾ ਹੈ।ਕਾਰਜਕਾਰੀ ਸਿਵਲ ਸਰਜਨ ਡਾ. ਰੇਨੂੰ ਸਿੰਘ ਨੇ ਦਸਿਆ ਕਿ ਇਸ ਪੰਦਰਵਾੜੇ ਦਾ ਮੁੱਖ ਉਦੇਸ਼ ਲੋਕਾਂ ਨੂੰ ਅੱਖਾਂ ਦੇ ਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਦਸਿਆ ਕਿ ਪੰਦਰਵਾੜੇ ਦੌਰਾਨ ਲੋਕਾਂ ਨੂੰ ਪ੍ਰੇਰਿਤ ਕਰ ਕੇ ਅੱਖਾਂ ਦਾਨ ਕਰਨ ਸਬੰਧੀ ਸਹਿਮਤੀ ਫ਼ਾਰਮ ਭਰਵਾਏ ਜਾਣਗੇ। ਇਹ ਫ਼ਾਰਮ ਸਰਕਾਰੀ ਸਿਹਤ ਸੰਸਥਾਵਾਂ ਵਿਚ ਉਪਲਭਧ ਹਨ ਅਤੇ ਕੋਈ ਵੀ ਚਾਹਵਾਨ ਵਿਅਕਤੀ ਉਥੇ ਜਾ ਕੇ ਫ਼ਾਰਮ ਭਰ ਸਕਦਾ ਹੈ। ਅੱਖਾਂ ਦਾਨ ਕਰਨ ਲਈ www.nhm.punjab.gov.in/eye_donation ਉਤੇ ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ।ਸੀਨੀਅਰ ਸਿਹਤ ਅਧਿਕਾਰੀ ਨੇ ਕਿਹਾ ਕਿ ਭਾਰਤ ਵਿਚ ਲੱਖਾਂ ਲੋਕ ਨੇਤਰਹੀਣਤਾ ਦਾ ਸ਼ਿਕਾਰ ਹਨ ਅਤੇ ਇਨ੍ਹਾਂ ਵਿਚੋਂ ਬਹੁਤੇ ਲੋਕ ਦਾਨ ਕੀਤੀਆਂ ਅੱਖਾਂ ਰਾਹੀਂ ਵੇਖ ਸਕਦੇ ਹਨ ਪਰ ਦੁੱਖ ਦੀ ਗੱਲ ਹੈ ਕਿ ਸਾਡੇ ਦੇਸ਼ ਵਿਚ ਅੱਖਾਂ ਦਾਨ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਡਾ. ਰੇਨੂੰ ਸਿੰਘ ਨੇ ਅੱਗੇ ਕਿਹਾ ਕਿ ਅੱਖਾਂ ਸਾਡੇ ਸਰੀਰ ਦਾ ਅਤਿ ਅਹਿਮ ਅੰਗ ਹਨ, ਇਸ ਲਈ ਇਨ੍ਹਾਂ ਦੀ ਜਾਂਚ ਹਰ ਛੇ ਮਹੀਨੇ ਮਗਰੋਂ ਘੱਟੋ-ਘੱਟ ਇਕ ਵਾਰ ਜ਼ਰੂਰ ਕਰਾਉਣੀ ਚਾਹੀਦੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅੱਖਾਂ ਦੇ ਦਾਨ ਦੀ ਮੁਹਿੰਮ ਵਿਚ ਅੱਗੇ ਹੋ ਕੇ ਯੋਗਦਾਨ ਪਾਉਣ ਅਤੇ ਅਪਣੇ ਪਰਵਾਰ ਜੀਆਂ, ਰਿਸ਼ਤੇਦਾਰਾਂ, ਦੋਸਤਾਂ ਨੂੰ ਵੀ ਇਸ ਨੇਕ ਕੰਮ ਲਈ ਪ੍ਰੇਰਿਤ ਕਰਨ। ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਪੁਤਲੀ ਬਦਲਣ ਦੇ ਮੁਫ਼ਤ ਆਪਰੇਸ਼ਨ ਕੀਤੇ ਜਾਂਦੇ ਹਨ।

# ਜਿਨਸੀ ਸ਼ੋਸ਼ਣ ਤੇ ਰਾਜਨੀਤਕ ਅਪਰਾਧੀਕਰਨ ਚਿੰਤਾ ਦਾ ਵਿਸ਼ਾ : ਜੱਗੀ, ਅਰੋੜਾ, ਮਾਰਸ਼ਲ



**ਟਾਂਡਾ ਉੜਮੁੜ( ਉਂਕਾਰ ਸਿੰਘ, ਜਸਵਿੰਦਰ ਸੰਧੂ )** ਬੀਤੇ ਕੁਝ ਦਿਨਾਂ ਤੋਂ ਦੇਸ਼ ਤੇ ਵੱਖ-ਵੱਖ ਰਾਜਾਂ ਤੋਂ ਜਿਨਸੀ ਸ਼ੋਸ਼ਣ ਦੀਆਂ ਆ ਰਹੀਆਂ ਖਬਰਾਂ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਅੱਜ ਹਰ ਵਿਅਕਤੀ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸਿਰਕੱਢ ਆਗੂ ਜਗਜੀਵਨ ਜੱਗੀ, ਰਜਿੰਦਰ ਸਿੰਘ ਮਾਰਸ਼ਲ ਅਤੇ ਸੁਖਵਿੰਦਰ ਸਿੰਘ ਅਰੋੜਾ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਸਾਰੇ ਵਰਤਾਰੇ ਲਈ ਕੇਂਦਰ ਵਿੱਚ ਬੈਠੀ ਭਾਜਪਾ ਸਰਕਾਰ ਦੋਸ਼ੀ ਹੈ ਜਿਸ ਨੇ ਭ੍ਰਿਸ਼ਟ ਆਗੂਆਂ ਨੂੰ ਆਪਣੀ ਰਾਜਨੀਤਿਕ ਸੱਤਾ ਬਚਾਉਣ ਲਈ ਕਾਨੂੰਨ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਿਆ ਹੋਇਆ ਹੈ। ਇਹਨਾਂ ਆਗੂਆਂ ਦੇ ਕਾਰਨਾਮਿਆਂ ਨੂੰ ਦੇਖ ਕੇ ਹੀ ਦੂਸਰੇ ਅਪਰਾਧੀਆਂ ਦੇ ਹੌਸਲੇ ਵਧਦੇ ਹਨ ਅਤੇ ਦੇਸ਼ ਅੰਦਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਇਹਨਾਂ ਆਗੂਆਂ ਨੇ ਕਿਹਾ ਕਿ ਜੇ ਦੇਸ਼ ਅੰਦਰ ਸੱਤਾਧਾਰੀ ਆਗੂਆਂ ਲਈ ਢਿੱਲੀ ਕਾਨੂੰਨ ਵਿਵਸਥਾ ਕਾਇਮ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਣਾ ਕੁਦਰਤੀ ਹੈ। ਦੂਜੇ ਪਾਸੇ ਸੱਤਾਧਾਰੀ ਪਾਰਟੀ ਵਿਰੋਧੀਆਂ ਲਈ ਸਖਤ ਕਾਨੂੰਨੀ ਵਿਵਸਥਾ ਨੂੰ ਅਪਨਾ ਕੇ ਉਹਨਾਂ ਨੂੰ ਜੇਲ੍ਹਾਂ ਅੰਦਰ ਡੱਕ ਕੇ ਮਨ ਮਰਜ਼ੀ ਕਰਨਾ ਚਾਹੁੰਦੀ ਹੈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਜੇ ਉਹ ਅੱਜ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਨਹੀਂ ਕਰਦੇ ਤਾਂ ਆਉਣ ਵਾਲੇ ਸਮੇਂ ਵਿੱਚ ਉਹਨਾਂ ਨੂੰ ਹੋਰ ਵੀ ਮਾੜੇ ਨਤੀਜੇ ਭੁਗਤਣੇ ਪੈਣਗੇ। ਇਹਨਾਂ ਆਗੂਆਂ ਨੇ ਜਿਸ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਪਰੀਆਂ ਜਿਨਸੀ ਸ਼ੋਸ਼ਣ ਘਟਨਾਵਾਂ ਦੀ ਭਰਪੂਰ ਨਿੰਦਾ ਕਰਦੇ ਹੋਏ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਲਹਿਰਾਂ ਇਸ ਮੌਕੇ ਉਨਾਂ ਨਾਲ ਆਪ ਆਗੂ ਅਵਤਾਰ ਸਿੰਘ ਤਾਰੀ, ਸੋਨੂ ਮਾਰਸਲ, ਸੰਜੀਵ ਕੁਮਾਰ, ਦਲਵੀਰ ਸਿੰਘ, ਲਖਵਿੰਦਰ ਸਿੰਘ, ਰਜੇਸ਼ ਕੁਮਾਰ ਅਤੇ ਹੋਰ ਹਾਜ਼ਰ ਸਨ ।

## ਲੁਟੇਰਿਆਂ ਦੀ ਛਿੱਤਰ ਪਰੇਡ ਕਰਨ ਉਪਰੰਤ ਕੀਤਾ ਪੁਲਸ ਹਵਾਲੇ



**ਕਾਲਾ ਸੰਘਿਆਂ (ਮਨਜੀਤ ਮਾਨ)**— ਜਹਾਂਗੀਰ ਦੇ ਉੱਦਮੀ ਨੌਜਵਾਨਾਂ ਨੇ ਦੱਖਣੀ ਸਰਾਂ ਜਹਾਂਗੀਰ ਦੇ ਨਜ਼ਦੀਕ ਲੁੱਟ ਖੋਹ ਦੀ ਝਾਕ ਵਿੱਚ ਘੁੰਮ ਰਹੇ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਵਿਅਕਤੀਆਂ ਨੂੰ ਸ਼ੱਕ ਦੇ ਅਧਾਰ 'ਤੇ ਘੇਰ ਲਿਆ। ਉਹਨਾਂ ਵਿੱਚੋਂ ਦੋ ਵਿਅਕਤੀ ਮੋਟਰਸਾਈਕਲ ਛੱਡ ਕੇ ਕਮਾਦ ਦੇ ਖੇਤ ਵਿੱਚੋਂ ਦੀ ਹੁੰਦੇ ਹੋਏ ਫਰਾਰ ਹੋ ਗਏ ਤੇ ਦੋ ਵਿਅਕਤੀ ਪਿੰਡ ਵਾਸੀਆਂ ਦੇ ਅੜਿੱਕੇ ਚੜ੍ਹ ਗਏ। ਪਿੰਡ ਵਾਸੀਆਂ ਨੇ ਉਹਨਾਂ ਦੋ ਨੌਜਵਾਨਾਂ ਦੀ ਦੱਬ ਕੇ ਛਿੱਤਰ ਪਰੇਡ ਕੀਤੀ ਤੇ ਇਸ ਉਪਰੰਤ ਪੁਲਸ ਚੌਂਕੀ ਉੱਗੀ ਦੇ ਹਵਾਲੇ ਕਰ ਦਿੱਤਾ। ਉਹਨਾਂ ਕੋਲੋਂ ਦੋ ਮੋਟਰਸਾਈਕਲ ਇਕ ਬਿਨਾਂ ਨੰਬਰੀ ਪਲਟੀਨਾਂ ਤੇ ਦੂਜਾ ਹੀਰੋ ਹਾਂਡਾ ਨੰਬਰ ਪੀਬੀ 10 ਜੀ ਵਾਈ 74 12 ਤੇ ਨਾਲ ਹੀ ਇੱਕ ਦਾਤਰ ਵੀ ਬਰਾਮਦ ਕੀਤਾ ਹੈ। ਫੜੇ ਗਏ ਨੌਜਵਾਨਾਂ ਦੀ ਪਛਾਣ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਜਗਤਾਰ ਸਿੰਘ (24) ਤੇ ਲਵਪ੍ਰੀਤ ਉਰਫ ਲਵ ਪੁੱਤਰ ਦੇਵਰਾਜ (23) ਵਾਸੀ ਹਰੀਪੁਰ ਬਾਠਾਂ ਥਾਣਾ ਮਹਿਤਪੁਰ ਵਜੋਂ ਹੋਈ ਹੈ।

# ਕੋਰਟ ਕੰਪਲੈਕਸ ਵਿਖੇ ਕੀਤੀ ਡੇਂਗੂ ਸੰਬੰਧੀ ਐਕਟੀਵਿਟੀ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**—ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਡੇਂਗੂ ਬੁਖਾਰ ਸਬੰਧੀ ਸ਼੍ਰੀ ਅਨੰਦਪੁਰ ਸਾਹਿਬ ਦੇ ਸ਼ਹਿਰੀ ਖੇਤਰ ਮੁਹੱਲਾ ਬੜੀ ਸਰਕਾਰ, ਮੁਹੱਲਾ ਫਤਿਹਗੜ੍ਹ ਸਾਹਿਬ ਅਤੇ ਕੋਰਟ ਕੰਪਲੈਕਸ ਵਿੱਚ ਸਿਹਤ ਵਿਭਾਗ ਕੀਰਤਪੁਰ ਸਾਹਿਬ ਦੇ ਸੈਕਟਰ-2 ਦੀ ਟੀਮ ਵਲੋਂ ਸਰਵੇ ਕੀਤਾ ਗਿਆ ਅਤੇ ਪਾਣੀ ਨਾਲ਼ ਭਰੇ ਹੋਏ ਸੈਕੜੇ ਕੰਨਟੇਨਰ ਖਾਲੀ ਕਰਵਾਏ ਗਏ।ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਦੱਸਿਆ ਕਿ ਸਿਵਲ ਸਰਜਨ ਰੂਪਨਗਰ ਡਾ.ਤਰਸੇਮ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਡਾ.ਦਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੀਰਤਪੁਰ ਸਾਹਿਬ, ਸ਼੍ਰੀ ਅਨੰਦਪੁਰ ਸਾਹਿਬ ਅਤੇ ਨੰਗਲ਼ ਦੇ ਸ਼ਹਿਰੀ ਖੇਤਰ ਵਿੱਚ ਸਰਕਾਰੀ ਇਮਾਰਤਾਂ/ਦਫਤਰਾਂ, ਰੇਲਵੇ ਸਟੇਸ਼ਨਾਂ, ਪੁਲਿਸ ਥਾਣੇ, ਬਿਜਲੀ ਘਰਾਂ ਅਤੇ ਹੋਰ ਰਿਹਾਇਸ਼ੀ ਅਤੇ ਨਾਨ ਰਿਹਾਇਸ਼ੀ ਇਮਾਰਤਾਂ ਦਾ ਸਿਹਤ ਵਿਭਾਗ ਦੇ ਕਰਮਚਾਰੀਆਂ ਦੁਆਰਾ ਨਿਰੀਖਣ ਕੀਤਾ ਜਾ ਰਿਹਾ ਹੈ, ਉਨ੍ਹਾਂ ਦੱਸਿਆ ਕਿ ਕੂਲਰਾਂ, ਫਰਿੱਜ਼ ਦੀਆਂ ਟ੍ਰੇਆਂ, ਗਮਲਿਆਂ, ਛੱਤਾਂ ਉੱਤੇ ਸੁੱਟੇ ਖਾਲੀ ਨਾ-ਵਰਤਣਯੋਗ ਭਾਂਡਿਆਂ ਅਤੇ ਟਾਇਰਾਂ ਨੂੰ ਚੈੱਕ ਕੀਤਾ ਜਾ ਰਿਹਾ ਹੈ, ਇੱਕ ਹਫਤੇ ਤੋਂ ਜਿਆਦਾ ਖੜ੍ਹੇ ਪਾਣੀ ਵਾਲ਼ੇ ਕੰਟੇਨਰਾਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ ਤਾਂ ਜੋ ਡੇਂਗੂ ਦਾ ਲਾਰਵਾ ਨਸ਼ਟ ਕੀਤਾ ਜਾ ਸਕੇ ਅਤੇ ਡੇਂਗੂ ਵਾਇਰਸ ਦੇ ਏਡੀਜ਼ ਮੱਛਰ ਦਾ ਸਰਕਲ ਤੋੜਿਆ ਜਾ ਸਕੇ ਤਾਂ ਜੋ ਡੇਂਗੂ ਬੁਖਾਰ ਦੇ ਕੇਸਾਂ ਨੂੰ ਰੋਕਿਆ ਜਾ ਸਕੇ। ਬਲਵੰਤ ਰਾਏ ਦੀ ਟੀਮ ਵਲ਼ੋਂ ਘਰ-ਘਰ ਜਾ ਕੇ ਡੇਂਗੂ ਬੁਖਾਰ ਸਬੰਧੀ ਲੋਕਾਂ ਨੂੰ ਜਾਣੂ ਕਰਵਾਇਆ ਗਿਆ ਅਤੇ ਬਚਾਓ ਸਬੰਧੀ ਜਾਣਕਾਰੀ ਦਿੱਤੀ ਗਈ। ਉਹਨਾਂ ਕਿਹਾ ਕਿ ਖਾਲੀ ਪਲਾਟਾਂ ਦੇ ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਬਰਸਾਤ ਦੇ ਮੌਸਮ ਵਿੱਚ ਖੁੱਦ ਇਸ ਗੱਲ ਦਾ ਧਿਆਨ ਰੱਖਣ ਕਿ ਉੱਥੇ ਕੋਈ ਅਜਿਹਾ ਵਰਤਨ ਨਾ ਪਿਆ ਹੋਵੇ ਜਿਸ ਵਿੱਚ ਮੀਂਹ ਦਾ ਪਾਣੀ ਇਕੱਠਾ ਹੋ ਕੇ ਡੇਂਗੂ ਬੁਖਾਰ ਫੈਲਾਉਣ ਵਾਲ਼ੇ ਮੱਛਰ ਨੂੰ ਅੰਡੇ ਦੇਣ ਲਈ ਘਰ ਬਣਾ ਕੇ ਦੇਵੇ। ਉਨ੍ਹਾਂ ਦੱਸਿਆ ਕਿ ਇਸ ਸਾਡੀ ਸਾਰਿਆਂ ਦੀ ਨਿੱਜੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣਾ ਅਤੇ ਆਪਣੇ ਸਮਾਜ ਦਾ ਧਿਆਨ ਰੱਖੀਏ ਅਤੇ ਇਹਨਾਂ ਬਿਮਾਰੀਆਂ ਤੋਂ ਬਚੇ ਰਹੀਏ ਕਿਉਂਕਿ ਡੇਂਗੂ ਬਹੁਤ ਹੀ ਖਤਰਨਾਕ ਬੁਖਾਰ ਹੈ। ਜਿਸ ਨਾਲ ਸਾਡੇ ਖੂਨ ਦੇ ਪਲੇਟਲੈਟਸ ਬੜੀ ਜਲਦੀ ਨਾਲ਼ ਘੱਟਦੇ ਹਨ ਅਤੇ ਥੋੜ੍ਹੀ ਜਿਹੀ ਲਾਪਰਵਾਹੀ ਜਾਨਵੇਲਾ ਹੋ ਸਕਦੀ ਹੈ। ਉਹਨਾਂ ਇਹ ਵੀ ਦੱਸਿਆ ਕਿ ਸ਼੍ਰੀ ਅਨੰਦਪੁਰ ਸਾਹਿਬ ਅਤੇ ਹੋਰ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਟੈਸਟ ਅਤੇ ਇਲਾਜ਼ ਬਿਲਕੁਲ ਮੁਫਤ ਹਨ। ਇਸ ਲਈ ਬੁਖਾਰ ਹੋਣ ਦੀ ਸੂਰਤ ਵਿੱਚ ਸਰਕਾਰੀ ਹਸਪਤਾਲ਼ ਵਿੱਚ ਡਾਕਟਰੀ ਇਲਾਜ਼ ਕਰਵਾਓ ਤਾਂ ਜੋ ਸਮੇਂ ਸਿਰ ਸਿਹਤ ਦੀ ਸੰਭਾਲ਼ ਹੋ ਸਕੇ। ਇਸ ਮੌਕੇ ਟੀਮ ਵਿੱਚ ਨਰੇਸ਼ ਕੁਮਾਰ, ਸੁੱਚਾ ਸਿੰਘ, ਬਰਿੰਦਰ ਕੁਮਾਰ ਅਤੇ ਅਸ਼ੋਕ ਕੁਮਾਰ ਹਾਜ਼ਰ ਸਨ।

## ਮਹਿਸਮਪੁਰ ਹਾਈ ਸਕੂਲ ਨੇ ਖੋ-ਖੋ ਤੇ ਵਾਲੀਬਾਲ 'ਚ ਮਾਰੀਆਂ ਮੱਲਾਂ



**ਮਹਿਤਪੁਰ (ਰਾਜਾ)** ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਚੱਲ ਰਹੇ ਟੂਰਨਾਮੈਂਟ ਵਿੱਚ ਸਰਕਾਰੀ ਹਾਈ ਸਕੂਲ ਮਹਿਸਮਪੁਰ ਦੀਆਂ ਖਿਡਾਰਨਾਂ ਨੇ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹੋਏ ਖੋ-ਖੋ 14 ਸਾਲ ਅਤੇ 17 ਸਾਲ ਵਿੱਚ ਪਹਿਲਾ ਸਥਾਨ ਅਤੇ ਵਾਲੀਬਾਲ 17 ਸਾਲ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਮੁੱਖ ਅਧਿਆਪਕ ਰਕੇਸ਼ ਕੁਮਾਰ ਨੇ ਸਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ ਅਤੇ ਸਾਰੇ ਹੀ ਮਿਹਨਤੀ ਸਟਾਫ ਦਾ ਵੀ ਧੰਨਵਾਦ ਕੀਤਾ।

## ਰਾਸ਼ਟਰੀ ਲਾਇਬ੍ਰੇਰੀਅਨ ਦਿਵਸ ਮਨਾਇਆ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਵਿਖੇ ਲਾਇਬ੍ਰੇਰੀਅਨ ਸ਼੍ਰੀਮਤੀ ਸੋਨੀਆ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਇਸ ਦਿਨ ਦੇ ਪਿੱਛੇ ਦੇ ਇਤਿਹਾਸ ਅਤੇ ਸਿੱਖਿਆ ਅਤੇ ਸਮਾਜ ਦੇ ਖੇਤਰ ਵਿੱਚ ਇਸਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਸਮਾਗਮ ਦਾ ਆਯੋਜਨ ਕਰਨ ਦਾ ਉਦੇਸ਼ ਵਿਦਿਆਰਥੀਆਂ ਨੂੰ ਕਾਲਜ ਦੀ ਲਾਇਬ੍ਰੇਰੀ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਪੜ੍ਹਨ ਦੀਆਂ ਆਦਤਾਂ ਨੂੰ ਕਿਵੇਂ ਵਿਕਸਿਤ ਕਰਨਾ ਹੈ, ਉਨ੍ਹਾਂ ਦੇ ਜੀਵਨ ਨੂੰ ਆਕਾਰ ਦੇਣ ਵਿੱਚ ਲਾਇਬ੍ਰੇਰੀਆਂ ਦੀ ਮਹੱਤਤਾ ਨੂੰ ਸਮਝਣਾ ਸੀ। ਉਹਨਾਂ ਨੇ ਕਿਹਾ ਕਿ ਇਹ ਦਿਨ ਲਾਇਬ੍ਰੇਰੀਅਨਾਂ ਨੂੰ ਉੱਚ ਗੁਣਵੱਤਾ ਵਾਲੀ ਸੂਚਨਾ ਪ੍ਰਣਾਲੀ ਪ੍ਰਦਾਨ ਕਰਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਸੂਚਨਾ ਲੋੜਾਂ ਨੂੰ ਪੂਰਾ ਕਰਨ ਲਈ ਕੰਮ ਕਰਨ ਦੇ ਉਨ੍ਹਾਂ ਦੇ ਮਿਸ਼ਨ ਦੀ ਯਾਦ ਦਿਵਾਉਂਦਾ ਹੈ। ਪ੍ਰਿੰਸੀਪਲ ਸ਼੍ਰੀਮਤੀ (ਡਾ.) ਪੂਜਾ ਪਰਾਸ਼ਰ ਨੇ ਲਾਇਬ੍ਰੇਰੀ ਦੀ ਮਹੱਤਤਾ ਅਤੇ ਨੌਜਵਾਨ ਮਨਾਂ ਨੂੰ ਢਾਲਣ ਅਤੇ ਆਕਾਰ ਦੇਣ ਲਈ ਲਾਇਬ੍ਰੇਰੀਆਂ ਦੀ ਅਹਿਮ ਭੂਮਿਕਾ ਬਾਰੇ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਗਿਆਨ ਹਾਸਲ ਕਰਨ ਲਈ ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਦੀ ਸਲਾਹ ਦਿੱਤੀ।

25-AUG-PAGE-8.qxd 8/24/2024 11:08 PM Page 1



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਭੁਲੱਥ 'ਚ ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ 'ਚ ਸੂਬਾ ਕਮੇਟੀ ਪੰਜਾਬ, ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਵਲੋਂ ਆਪਣੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਐਸ.ਡੀ.ਐਮ ਦਫ਼ਤਰ ਭੁਲੱਥ ਸਾਹਮਣੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਆਗੂਆਂ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ, ਕੱਚੇ ਵਰਕਰਾਂ, ਮਾਣ ਭੱਤਾ ਵਰਕਰਾਂ ਤੇ ਆਊਟ ਸੋਰਸ ਮੁਲਾਜ਼ਮਾਂ ਦੀਆਂ ਪੈਂਡਿੰਗ ਪਈਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਵੱਲੋਂ ਅਪਣਾਏ ਜਾ ਰਹੇ ਅਵੇਸਲੇਪਣ ਨੇ ਸਭ ਹੱਦਾਂ ਮੁਕਾ ਦਿੱਤੀਆਂ ਹਨ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਂਝੇ ਫਰੰਟ ਨਾਲ ਮੀਟਿੰਗ ਕਰਨ ਤੋਂ ਵਾਰ-ਵਾਰ ਮੁੱਕਰਿਆ ਜਾ ਰਿਹਾ ਹੈ ਤੇ 22 ਅਗਸਤ ਨੂੰ ਦਿੱਤੀ ਗਈ ਮੀਟਿੰਗ ਨੂੰ ਵੀ 12 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ, ਜਿਸ ਕਰਕੇ ਸਾਂਝੇ ਫਰੰਟ ਵਾਲੇ ਇਸਦਾ ਮੂੰਹ ਤੋੜ ਜਵਾਬ ਦੇਣ ਲਈ ਮੁਲਾਜ਼ਮ, ਪੈਨਸ਼ਨਰਾਂ ਨੇ 22 ਅਗਸਤ ਤੋਂ ਲੈ ਕੇ 24 ਅਗਸਤ ਤੱਕ ਸਮੁੱਚੇ ਪੰਜਾਬ ਅੰਦਰ ਤਹਿਸੀਲ ਤੇ ਜਿਲਾ ਪੱਧਰ ਤੇ ਮੁੱਖ ਮੰਤਰੀ ਦੇ ਪੁਤਲੇ ਤੇ ਝੂਠ ਦੀਆਂ ਪੰਡਾਂ ਫੂਕਣ ਦਾ ਜ਼ੋਰਦਾਰ ਸੰਘਰਸ਼ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਗੱਲਬਾਤ ਦਾ ਲਿਖਤੀ ਭਰੋਸਾ ਦੇ ਕੇ ਮੀਟਿੰਗ ਤੋਂ ਭੱਜ ਜਾਂਦੇ ਹਨ, ਦੇ ਵਿਰੋਧ ਵਿੱਚ ਮੁਲਾਜ਼ਮ ਤੇ ਪੈਨਸ਼ਨਰਜ਼ ਸੰਘਰਸ਼ ਕਮੇਟੀ ਵੱਲੋਂ ਆਪਣਾ ਸੰਘਰਸ਼ ਹੋਰ ਵਧੇਰੇ ਤੇਜ਼ ਕੀਤਾ ਜਾਵੇਗਾ। ਜਿਸ ਕਰਕੇ ਫਰੰਟ ਦੇ ਸੱਦੇ 'ਤੇ ਪੂਰੇ ਪੰਜਾਬ ਅੰਦਰ ਭਰਵਾਂ ਹੁੰਗਾਰਾ ਮਿਲਿਆ ਤੇ ਅੱਜ ਆਗੂਆਂ ਵੱਲੋਂ ਇਕੱਠੇ ਹੋਕੇ ਭੁਲੱਥ ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਰੇ ਲਗਾਏ ਗਏ ਤੇ ਆਪਣੀਆਂ ਮੰਗਾਂ ਨੂੰ ਤੁਰੰਤ ਪੂਰੇ ਕੀਤੇ ਜਾਣ ਸਬੰਧੀ ਮੰਗ ਕੀਤੀ ਗਈ। ਇਸ ਮੌਕੇ ਹੋਰਾਂ ਤੋਂ ਇਲਾਵਾ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂ ਜਸਵੰਤ ਵਿਰਲੀ, ਸਰਕਲ ਮੀਤ ਪ੍ਰਧਾਨ ਜਗਮੋਹਨ ਸਿੰਘ ਬਾਗੜੀਆਂ, ਰਾਜ ਕੁਮਾਰ ਸਕੱਤਰ ਡਵੀਜ਼ਨ, ਕਸ਼ਮੀਰ ਲਾਲ, ਕਸ਼ਮੀਰ ਸਿੰਘ ਘੁੱਗਸ਼ੋਰ, ਪੇਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ, ਗੁਰਬਚਨ ਸਿੰਘ ਚੀਮਾ, ਮੱਖਣ ਸਿੰਘ, ਖੇਮ ਸਿੰਘ ਰਾਮਗੜ੍ਹ, ਗੁਰਮੀਤ ਸਿੰਘ, ਬਿਸ਼ਨ ਲਾਲ, ਮੁਸ਼ਤਾਕ, ਮਾਸਟਰ ਗੌਰੀ ਸ਼ੰਕਰ, ਕਿਸ਼ਨ ਲਾਲ, ਜੀਵਨ ਕੁਮਾਰ, ਬੀਰ ਲਾਲ, ਬਲਕਾਰ ਸਿੰਘ, ਇੰਸਪੈਕਟਰ ਜਨਕ ਰਾਜ, ਮਾਸਟਰ ਬੀਰ ਸਿੰਘ, ਕਰਮਜੀਤ, ਗੁਰਜੀਤ ਸਿੰਘ ਬਾਗੜੀਆਂ, ਹਰਜੀਤ ਸਿੰਘ, ਜਸਵੰਤ ਸਿੰਘ, ਭੁਪਿੰਦਰ ਸਿੰਘ, ਹਰਪਨ ਹਰੀ, ਬਲਵੀਰ ਭੱਟੀ, ਹਰਨੀਤ ਸਿੰਘ, ਮਲਕੀਤ ਸਿੰਘ, ਗੁਰਬਚਨ ਸਿੰਘ, ਨਾਨਕ ਚੰਦ, ਸੁਰਿੰਦਰ ਸਿੰਘ, ਕਰਮ ਸਿੰਘ ਤੇ ਹੋਰ ਹਾਜ਼ਰ ਸਨ।

# ਅੱਡਾ ਸਰਾਂ ਤੋਂ ਚੋਲਾਂਗ ਵਾਲੀ ਸੜਕ ਦੀ ਖਸਤਾ ਹਾਲਤ ਤੋਂ ਲੋਕ ਪ੍ਰੇਸ਼ਾਨ



**ਅੱਡਾ ਸਰਾਂ (ਜਸਵੀਰ ਕਾਜਲ)**- ਅੱਡਾ ਸਰਾਂ ਤੋਂ ਚੋਲਾਂਗ ਵੱਲ ਜਾਂਦੀ ਸੜਕ ਥਾਂ ਥਾਂ 'ਤੇ ਖੱਡੇ ਹੋਣ ਕਰਕੇ ਕਾਫੀ ਖਸਤਾ ਹਾਲਤ ਵਿੱਚ ਹੋ ਚੁੱਕੀ ਹੈ। ਸੜਕ ਦੀ ਹਾਲਤ ਕਈ ਜਗ੍ਹਾ ਤੋਂ ਇੰਨੀ ਨਾਜ਼ੁਕ ਹੈ ਕਿ ਦੋ ਪਹੀਆ ਵਾਹਨ ਉੱਪਰ ਹਰ ਸਮੇਂ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਸੜਕ ਵਿੱਚ ਟੋਏ ਇੰਨੇ ਵੱਡੇ ਹਨ ਕੀ ਮੀਂਹ ਦੇ ਦਿਨਾਂ ਵਿੱਚ ਪਾਣੀ ਭਰਨ ਨਾਲ ਆਉਣ ਜਾਣ ਵਾਲੇ ਰਾਹੀ ਕਈ ਵਾਰ ਵਿੱਚ ਡਿੱਗੇ ਵੀ ਹਨ। ਪਿਛਲੇ ਕੁਝ ਦਿਨਾਂ ਪਹਿਲਾਂ ਕੰਧਾਲਾ ਜੱਟਾਂ ਵਾਸੀਆਂ ਨੇ ਰਲ ਕੇ ਕੁਝ ਸੜਕ ਉੱਪਰ ਖੱਡੇ ਇੱਟਾਂ ਰੋੜੇ ਪਾ ਕੇ ਅਤੇ ਮਿੱਟੀ ਨਾਲ ਪੂਰੇ ਸਨ ਜਿਸ ਨਾਲ ਕੁਝ ਸੜਕ ਦੀ ਹਾਲਤ ਸੁਧਰੀ ਹੈ ਪਰ ਪਿੰਡ ਕੰਧਾਲਾ 'ਚ ਕਾਫੀ ਟੋਏ ਬੂਰ ਹੋ ਜਾਂਦੇ ਹਨ। ਉਸ ਤੋਂ ਬਾਅਦ ਅਗਲਾ ਪਿੰਡ ਘੋੜੇਵਾਹਾ ਸਰਕਾਰੀ ਸਕੂਲ ਅੱਗੇ ਵੀ ਕਾਫੀ ਖੱਡੇ ਹਨ। ਇਸ ਤਰ੍ਹਾਂ ਗਰਮੀ ਨੰਗਲ ਪਿੰਡ ਦੇ ਪੈਟਰੋਲ ਪੰਪ ਸਾਹਮਣੇ ਵੀ ਕਾਫੀ ਸੜਕ ਦੀ ਹਾਲਤ ਖਰਾਬ ਹੈ। ਇਸ ਤਰ੍ਹਾਂ ਪਿੰਡ [illegible] ਸਾਰ ਹੀ ਖੱਡੇ ਸ਼ੁਰੂ ਹੋ ਜਾਂਦੇ ਹਨ ਅਤੇ ਸਾਰਾ ਪਿੰਡ ਲੰਘਣ ਸਾਰ ਵੀ ਟੋਏ ਖਤਮ ਨਹੀਂ ਹੁੰਦੇ, ਜੇੜ੍ਹੇ ਪਿੰਡ ਤੋਂ ਅੱਗੇ ਖਰਲਾਂ ਨੂੰ ਜਾਣ ਵਾਲੀ ਸੜਕ ਵੀ ਬਹੁਤ ਜ਼ਿਆਦਾ ਖਰਾਬ ਹੈ। ਪਿਛਲੇ ਕੁਝ ਸਮੇਂ ਭਾਵ ਇੱਕ ਸਾਲ ਤੋਂ ਇਸ ਵੱਲ ਧਿਆਨ ਨਹੀਂ ਦਿੱਤਾ ਗਿਆ ਜਿਸ ਨਾਲ ਸੜਕ ਟੁੱਟਦੀ ਟੁੱਟਦੀ ਕਾਫੀ ਜਗ੍ਹਾ ਤੋਂ ਖਰਾਬ ਹੋ ਚੁੱਕੀ ਹੈ। ਪੰਜਾਬ ਸਰਕਾਰ ਅੱਗੇ ਸਮੂਹ ਪਿੰਡਾਂ ਦੇ ਲੋਕਾਂ ਵੱਲੋਂ ਬੇਨਤੀ ਹੈ ਕਿ ਜਲਦ ਤੋਂ ਜਲਦ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ, ਜਿਸ ਨਾਲ ਲੋਕ ਇਸ ਪਰੇਸ਼ਾਨੀ ਤੋਂ ਨਿਜਾਤ ਪਾ ਸਕਣ।

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਵਾਤਾਵਰਣ ਪ੍ਰੇਮੀ ਸਨ ਬਲਕਾਰ ਸਿੰਘ



ਬਲਕਾਰ ਸਿੰਘ ਦਾ ਜਨਮ 01-02-1951 ਨੂੰ ਉਹਨਾ ਦੇ ਨਾਨਕੇ ਪਿੰਡ ਬੋਹੜੂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਂਅ ਹਜਾਰਾ ਸਿੰਘ ਅਤੇ ਮਾਤਾ ਦਾ ਨਾਂਅ ਸ੍ਰੀਮਤੀ ਅਮਰ ਕੌਰ ਹੈ। ਆਪ ਜੀ ਦਾ ਜੱਦੀ ਪਿੰਡ ਬਾਗਪੁਰ, ਤਹਿਸੀਲ ਨਕੋਦਰ (ਜਲੰਧਰ) ਹੈ। ਬਲਕਾਰ ਸਿੰਘ ਨੇ ਡੀ ਪੀ ਐੱਡ ਕਰਨ ਉਪਰੰਤ ਸਰਕਾਰੀ ਹਾਈ ਸਕੂਲ ਨੂਰਪੁਰ, ਤਹਿਸੀਲ ਨਕੋਦਰ (ਜਲੰਧਰ) ਵਿਖੇ ਬਤੌਰ ਡੀ ਪੀ ਈ ਆਪਣੀ ਅਧਿਆਪਨ ਸੇਵਾ ਸ਼ੁਰੂ ਕੀਤੀ। ਇਹਨਾਂ ਵਾਲੀਬਾਲ ਅਤੇ ਕਬੱਡੀ ਦੇ ਕਈ ਪੰਜਾਬ ਪੱਧਰ ਦੇ ਖਿਡਾਰੀ ਤਿਆਰ ਕੀਤੇ। ਉਹਨਾ ਦਾ ਵਿਆਹ ਸਰਦਾਰਨੀ ਨਿਰਮਲਜੀਤ ਵਾਸੀ ਪਿੰਡ ਫਤਿਹਪੁਰ (ਅੰਮ੍ਰਿਤਸਰ) ਨਾਲ ਹੋਇਆ। ਸ੍ਰੀਮਤੀ ਨਿਰਮਲਜੀਤ ਬਤੌਰ ਪੀ ਟੀ ਆਈ ਸਰਕਾਰੀ ਅਧਿਆਪਕ ਕੰਮ ਕਰਦੇ ਸਨ। ਉਹਨਾ ਦੀ ਬਦਲੀ ਸਰਕਾਰੀ ਹਾਈ ਸਕੂਲ ਨਕੋਦਰ ਵਿਖੇ ਹੋ ਗਈ ਅਤੇ ਉਹਨਾ ਆਪਣੀ ਰਿਹਾਇਸ਼ ਨਕੋਦਰ ਵਿਖੇ ਕਰ ਲਈ। ਆਪ ਦੇ ਘਰ ਦੋ ਬੱਚਿਆਂ ਦਿਲਸ਼ਾਦ ਸਿੰਘ ਅਤੇ ਸੰਦੀਪ ਸਿੰਘ ਨੇ ਜਨਮ ਲਿਆ। ਦੋਵੇਂ ਲੜਕੇ ਉੱਚ ਯੋਗਤਾ ਪ੍ਰਾਪਤ ਹਨ। ਇੱਕ ਲੜਕਾ ਆਸਟ੍ਰੇਲੀਆ ਵਿੱਚ ਅਤੇ ਦੂਸਰਾ ਲੜਕਾ ਕੈਨੇਡਾ ਵਿਖੇ ਪਰਵਾਰ ਸਮੇਤ ਸੈਟਲ ਹੈ।

ਉਹਨਾ ਆਪਣੀ ਸਰਕਾਰੀ ਸੇਵਾ ਦੌਰਾਨ ਐੱਮ ਪੀ ਐੱਡ ਅਤੇ ਐੱਮ ਏ. ਹਿਸਟਰੀ ਉੱਚ ਯੋਗਤਾ ਪ੍ਰਾਪਤ ਕੀਤੀ। ਆਪ ਦੀ ਬਤੌਰ ਲੈਕਚਰਾਰ ਤਰੱਕੀ ਸ ਸ ਸ ਸ ਚੱਕ ਕਲਾਂ (ਜਲੰਧਰ) ਵਿਖੇ ਹੋਈ। ਇਸ ਸਕੂਲ ਵਿੱਚ ਆਪ ਨੇ ਨੈਸ਼ਨਲ ਪੱਧਰ ਦੇ ਬਹੁਤ ਨਾਮੀ ਕਬੱਡੀ ਖਿਡਾਰੀ ਆਪਣੀ ਕੋਚਿੰਗ ਨਾਲ ਤਿਆਰ ਕੀਤੇ। ਆਪ ਟਰੇਡ ਯੂਨੀਅਨ ਆਗੂ ਪਰਮਜੀਤ ਸਿੰਘ ਗਾਂਧਰੀ ਦੇ ਸੰਪਰਕ ਵਿੱਚ ਆ ਗਏ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨਾਲ ਜੁੜ ਗਏ। ਆਪ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਬਲਾਕ ਨਕੋਦਰ-2 ਦੇ ਪ੍ਰਧਾਨ ਰਹੇ ਅਤੇ ਜ਼ਿਲ੍ਹਾ ਜਲੰਧਰ ਦੇ ਸੀਨੀਅਰ ਮੀਤ ਪ੍ਰਧਾਨ ਵੀ ਰਹੇ। 31-01-2009 ਨੂੰ ਸ ਸ ਸ ਸ ਭੁੱਲਰ ਤੋਂ ਆਪ ਸੇਵਾ-ਮੁਕਤ ਹੋਏ। ਆਪ ਪੰਜਾਬ ਕਬੱਡੀ ਐਸੋਸੀਏਸ਼ਨ ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਵੀ ਰਹੇ। ਆਪ ਵਾਤਾਵਰਣ ਪ੍ਰੇਮੀ ਵੀ ਸਨ। ਆਪ ਨੇ ਕਈ ਸਕੂਲਾਂ ਅਤੇ ਹੋਰ ਸੰਸਥਾਵਾਂ 'ਤੇ ਹਜ਼ਾਰਾਂ ਬੂਟੇ ਲਗਾਏ। ਸਰਕਾਰੀ ਮਿਡਲ ਸਕੂਲ ਮਾਲੜੀ (ਜਲੰਧਰ) ਵਿਖੇ ਸਤੰਬਰ 2018 ਨੂੰ ਬੂਟੇ ਲਗਾਉਂਦਿਆਂ ਇਹਨਾ ਦੇ ਪੈਰ ਉੱਪਰ ਸੱਪ ਲੜ ਗਿਆ। ਸੱਪ ਦੀ ਜ਼ਹਿਰ ਦੇ ਅਸਰ ਕਾਰਨ ਆਪ ਦੀ ਲੱਤ ਕੱਟਣੀ ਪਈ।ਲੱਤ ਕੱਟਣ ਦੇ ਬਾਵਜੂਦ ਇਹਨਾਂ ਦੀਆਂ ਕਿਡਨੀਆਂ 'ਤੇ ਸੱਪ ਦੇ ਜ਼ਹਿਰ ਦਾ ਅਸਰ ਹੋ ਗਿਆ, ਜਿਸ ਕਰਕੇ ਕਿਡਨੀਆਂ ਖਰਾਬ ਹੋ ਗਈਆਂ। ਆਪ ਜੀ ਦਾ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਡਾਇਲਿਸਿਸ ਕਰਵਾਇਆ ਜਾ ਰਿਹਾ ਸੀ। ਇਹ ਜੁਝਾਰੂ ਸਾਥੀ ਬਿਮਾਰੀ ਦਾ ਹੌਂਸਲੇ ਨਾਲ ਲਗਾਤਾਰ ਟਾਕਰਾ ਕਰਦਾ ਹੋਇਆ 15 ਅਗਸਤ ਨੂੰ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ।

ਆਪ ਜੀ ਦੀ ਆਤਮਿਕ ਸ਼ਾਂਤੀ ਨਮਿਤ 25 ਅਗਸਤ (ਐਤਵਾਰ) ਨੂੰ ਅਮਰ ਮਾਡਲ ਕਲੋਨੀ, ਨਕੋਦਰ ਵਿਖੇ ਸ੍ਰੀ ਅਖੰਡ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਹੋਵੇਗੀ। ਉਪਰੰਤ 12 ਵਜੇ ਤੋਂ 1:30 ਵਜੇ ਤੱਕ ਗੁਰਦੁਆਰਾ ਸਿੰਘ ਸਭਾ, ਨਕੋਦਰ ਜ਼ਿਲ੍ਹਾ ਜਲੰਧਰ ਵਿਖੇ ਕੀਰਤਨ ਅਤੇ ਸ਼ਰਧਾਂਜਲੀ ਸਮਾਗਮ ਹੋਵੇਗਾ।

**—ਰਾਜਾ ਮਹਿਤਪੁਰ**

# ਸਨੈਚਰ ਕੋਲੋਂ ਲੱਖਾਂ ਰੁਪਏ ਦੀ ਚੋਰੀ ਦਾ ਸਮਾਨ ਬਰਾਮਦ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਜਲੰਧਰ ਦਿਹਾਤੀ ਪੁਲਸ ਨੇ ਸਟਰੀਟ ਕ੍ਰਾਈਮ ਦੇ ਖਿਲਾਫ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਇੱਕ ਨਾਮੀ ਚੋਰ ਨੂੰ ਕਾਬੂ ਕੀਤਾ ਹੈ। ਥਾਣਾ ਭੋਗਪੁਰ ਦੀ ਟੀਮ ਵੱਲੋਂ ਕੀਤੀ ਛਾਪੇਮਾਰੀ ਦੌਰਾਨ ਮੁਲਜ਼ਮ ਦੀ ਪਛਾਣ ਪਿੰਡ ਕਾਹਲਵਾਂ ਵਾਸੀ ਅਜੇ ਕੁਮਾਰ ਵਜੋਂ ਹੋਈ ਹੈ।ਸੀਨੀਅਰ ਕਪਤਾਨ ਪੁਲਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਡੀ.ਐਸ.ਪੀ ਆਦਮਪੁਰ ਸੁਮਿਤ ਸੂਦ ਦੀ ਅਗਵਾਈ 'ਚ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ। ਐਸ ਐਚ ਓ ਭੋਗਪੁਰ ਸਿਕੰਦਰ ਸਿੰਘ ਦੀ ਅਗਵਾਈ ਹੇਠਲੀ ਪੁਲਸ ਟੀਮ ਨੇ ਮੁਲਜ਼ਮ ਨੂੰ ਫੜਨ ਅਤੇ ਉਸ ਦੀਆਂ ਅਪਰਾਧਕ ਗਤੀਵਿਧੀਆਂ ਨਾਲ ਸਬੰਧਤ ਅਹਿਮ ਸਬੂਤ ਜ਼ਬਤ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।ਐਸ ਐਸ ਪੀ ਖੱਖ ਨੇ ਦੱਸਿਆ, ਪੁਲਸ ਟੀਮ ਨੇ ਸ਼ੱਕੀ ਵਿਅਕਤੀ ਨੂੰ ਐਕਟਿਵਾ ਸਕੂਟਰ 'ਤੇ ਦੇਖਿਆ। ਜਦੋਂ ਰੁਕਣ ਦਾ ਇਸ਼ਾਰਾ ਕੀਤਾ ਗਿਆ, ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਉਸ ਦਾ ਪਿੱਛਾ ਕੀਤਾ ਗਿਆ। ਟੀਮ ਨੇ ਥੋੜ੍ਹੇ ਸਮੇਂ ਦੇ ਪਿੱਛਾ ਕਰਨ ਤੋਂ ਬਾਅਦ ਮੁਲਜ਼ਮ ਨੂੰ ਸਫਲਤਾਪੂਰਵਕ ਕਾਬੂ ਕਰ ਲਿਆ।ਬਰਾਮਦ ਕੀਤੀਆਂ ਗਈਆਂ ਵਸਤੂਆਂ ਵਿੱਚ ਅਪਰਾਧਾਂ ਵਿੱਚ ਵਰਤੀ ਗਈ ਇੱਕ ਐਕਟਿਵਾ ਸਕੂਟੀ, 25,000 ਰੁਪਏ ਦੀ ਇੱਕ ਸਮਾਰਟ ਵਾਚ, ਇੱਕ ਵਨਪਲੱਸ ਟੱਚ ਮੋਬਾਈਲ ਸਮੇਤ ਪੰਜ ਉੱਚ ਪੱਧਰੀ ਮੋਬਾਈਲ, ਨਕਦੀ ਵਾਲਾ ਇੱਕ ਬਟੂਆ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਜੁੜੇ ਹੋਣ ਦਾ ਸ਼ੱਕੀ ਇੱਕ ਡਾਟਾ ਕਾਰਡ ਸ਼ਾਮਲ ਹੈ।ਕਾਬੂ ਕੀਤੇ ਵਿਅਕਤੀ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# 6 ਸਤੰਬਰ ਨੂੰ ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਵਿਚਾਰ-ਚਰਚਾ

**ਜਲੰਧਰ (ਕੇਸਰ)** ਲੋਕ ਜਾਗਰਤੀ ਮੰਚ ਪੰਜਾਬ ਦੇ ਪ੍ਰੈਸ ਸਕੱਤਰ ਡਾ ਤਜਿੰਦਰ ਵਿਰਲੀ ਨੇ ਇੱਕ ਲਿਖਤੀ ਪ੍ਰੈਸ ਨੋਟ ਵਿੱਚ ਦੱਸਿਆ ਕਿ 6 ਸਤੰਬਰ ਨੂੰ 11:30 ਵਜੇ ਲਾਇਲਪੁਰ ਖਾਲਸਾ ਕਾਲਜ ਲੜਕੀਆਂ ਦੇ ਸਹਿਯੋਗ ਨਾਲ ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਵਿਚਾਰ ਚਰਚਾ ਰੱਖੀ ਗਈ ਹੈ। ਇਸ ਵਿਚਾਰ ਚਰਚਾ ਦੇ ਮੁੱਖ ਵਕਤਾ ਵਿਸ਼ੇ ਸੰਬੰਧੀ ਜੋਹਰੀਆਂ ਹੋਣਗੇ।ਮੰਚ ਦੇ ਪ੍ਰਧਾਨ ਤੇ ਜਨਰਲ ਸਕੱਤਰ ਡਾ. ਗੋਪਾਲ ਬੁੱਟਰ ਤੇ ਡਾ. ਨਵਜੋਤ ਕੌਰ ਨੇ ਕਿਹਾ ਕਿ ਪੰਜਾਬ ਦੀ ਧਰਤੀ ਜਿਹੜੀ ਪੰਜਾਂ ਦਰਿਆਵਾਂ ਦੀ ਧਰਤੀ ਸੀ ਅੱਜ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਰਹੀ ਹੈ ਇਸ ਦੇ ਕਾਰਨ ਦਾ ਡੂੰਘਾ ਵਿਸ਼ਲੇਸ਼ਣ ਕਰਨ ਲਈ ਲੋਕ ਜਾਗਰਤੀ ਮੰਚ ਪੰਜਾਬ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ ਕਿ ਪੰਜਾਬ ਦੇ ਪਾਣੀਆਂ ਦੇ ਸੰਕਟ ਤੇ ਇਸ ਦੇ ਹੱਲ ਲਈ ਇਸ ਵਿਸ਼ੇ ਬਾਰੇ ਵਿਚਾਰ ਚਰਚਾ ਆਰੰਭ ਕੀਤੀ ਜਾਵੇ ਜੋ ਇਸ ਦੀ ਪਹਿਲੀ ਲੜੀ ਦੀ ਕੜੀ ਵਜੋਂ ਲਾਇਲਪੁਰ ਖਾਲਸਾ ਕਾਲਜ ਵਿੱਚ ਇਹ ਵਿਚਾਰ ਚਰਚਾ ਦਾ ਆਰੰਭ ਹੋਵੇਗਾ। ਲੋਕ ਜਾਗਰਤੀ ਮੰਚ ਚ ਪੰਜਾਬ ਦੇ ਪ੍ਰਧਾਨ ਡਾ ਗੋਪਾਲ ਬੁੱਟਰ ਨੇ ਕਿਹਾ ਕਿ ਮਾਹਰ ਵਿਦਵਾਨਾਂ ਰਾਹੀਂ ਵਿਚਾਰ ਚਰਚਾ ਕੀਤੀ ਜਾਵੇਗੀ ਤਾਂ ਕਿ ਸੰਕਟਾਂ ਵਿੱਚ ਘਿਰਦੇ ਜਾ ਰਹੇ ਪੰਜਾਬ ਦੇ ਮਸਲਿਆਂ ਦੇ ਹੱਲ ਬਾਰੇ ਸਾਂਝੀ ਵਿਚਾਰਧਾਰਾ ਪਹੁੰਚ ਬਣਾਈ ਜਾ ਸਕੇ।6 ਸਤੰਬਰ ਦੇ ਪ੍ਰੋਗਰਾਮ ਵਿੱਚ ਜਮਹੂਰੀ ਕਿਸਾਨ ਸਭਾ ਦੇ ਆਗੂ ਕਾਮਰੇਡ ਕੁਲਵੰਤ ਸਿੰਘ ਸੰਧੂ ਮੁੱਖ ਮਹਿਮਾਨ ਵਜੋਂ ਪਹੁੰਚਣਗੇ। ਲੋਕ ਜਾਗਰਤੀ ਮੰਚ ਦੀ ਸਰਪ੍ਰਸਤ ਡਾ. ਰਘਬੀਰ ਕੌਰ ਨੇ ਕਿਹਾ ਕਿ ਅਸੀਂ ਲਾਇਲਪੁਰ ਖਾਲਸਾ ਕਾਲਜ ਲੜਕੀਆਂ ਦੀ ਮੈਨੇਜਮੈਂਟ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਸਾਨੂੰ ਇਹ ਪ੍ਰੋਗਰਾਮ ਕਰਵਾਉਣ ਲਈ ਆਪਣੇ ਕਾਲਜ ਦੀ ਸਟੇਜ ਮੁਹੱਈਆ ਕੀਤੀ ਹੈ। ਡਾ. ਤਜਿੰਦਰ ਵਿਰਲੀ ਨੇ ਪੰਜਾਬ ਦੇ ਬੁੱਧੀਜੀਵੀ ਚਿੰਤਕਾਂ ਪੱਤਰਕਾਰਾਂ ਤੇ ਲੇਖਕਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੇ ਪੰਜਾਬ ਦੇ ਪਾਣੀਆਂ ਦੇ ਸੰਕਟ ਬਾਰੇ ਸ਼ੁਰੂ ਹੋਣ ਵਾਲੀ ਚਰਚਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ।

# ਵੇਦ ਪ੍ਰਕਾਸ਼ ਸਸਕੌਰ ਸਦੀਵੀ ਵਿਛੋੜਾ ਦੇ ਗਏ



**ਜਲੰਧਰ (ਰਾਜੇਸ਼ ਥਾਪਾ)**-ਪੰਜਾਬ ਦੀ ਮੁਲਾਜ਼ਮ ਲਹਿਰ ਦੇ ਸਿਰਮੌਰ ਆਗੂ, ਮਿਸਾਲੀ ਟਰੇਡ ਯੂਨੀਅਨਿਸਟ ਸਾਥੀ ਵੇਦ ਪ੍ਰਕਾਸ਼ ਸ਼ਰਮਾ ਸਸਕੌਰ ਦੇ ਅਸਹਿ ਵਿਛੋੜੇ ਦੀ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ। ਮਰਹੂਮ ਸਾਥੀ ਵੇਦ ਪ੍ਰਕਾਸ਼ ਲੰਮਾ ਸਮਾਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1406-22ਬੀ ਚੰਡੀਗੜ੍ਹ) ਦੇ ਜਨਰਲ ਸਕੱਤਰ ਅਤੇ ਕੁਲ ਹਿੰਦ ਰਾਜ ਸਰਕਾਰ ਕਰਮਚਾਰੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਰਹੇ। ਆਪ ਨੇ ਸੈਂਕੜੇ ਮੁਲਾਜ਼ਮਾਂ ਨੂੰ ਪੱਕੇ ਕਰਾਉਣ ਸਮੇਤ ਗਿਨਣਯੋਗ ਪ੍ਰਾਪਤੀਆਂ ਵਾਲੇ ਅਨੇਕਾਂ ਜੇਤੂ ਘੋਲਾਂ ਦੀ ਸ਼ਾਨਾਮੱਤੀ ਅਗਵਾਈ ਕੀਤੀ ਸੀ।ਸੇਵਾ ਮੁਕਤੀ ਉਪਰੰਤ ਆਪ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸਤਿਕਾਰਤ ਆਗੂ ਵਜੋਂ ਸਰਗਰਮ ਸਨ। ਇਸ ਵੇਲੇ ਆਪ ਪਾਰਟੀ ਦੀ ਰਾਜ ਕਮੇਟੀ ਦੇ ਸਕੱਤਰੇਤ ਦੇ ਮੈਂਬਰ ਸਨ।ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ, ਰੋਪੜ ਜ਼ਿਲ੍ਹਾ ਕਮੇਟੀ ਦੇ ਸਕੱਤਰ ਸਾਥੀ ਮੋਹਨ ਸਿੰਘ ਧਮਾਣਾ ਅਤੇ ਪਸਸਫ ਦੇ ਪ੍ਰਧਾਨ ਸਤੀਸ਼ ਰਾਣਾ ਨੇ ਸਾਥੀ ਵੇਦ ਪ੍ਰਕਾਸ਼ ਸ਼ਰਮਾ ਦੇ ਬੇਵਕਤ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਆਪਣੇ ਵਿਛੜੇ ਯੁੱਧ ਸਾਥੀ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕੀਤੀ ਹੈ। ਸਾਥੀ ਵੇਦ ਪ੍ਰਕਾਸ਼ ਜੀ ਦਾ ਅੰਤਮ ਸੰਸਕਾਰ 25 ਅਗਸਤ ਨੂੰ ਉਨ੍ਹਾਂ ਦੇ ਪਿੰਡ ਸਸਕੌਰ ਵਿਖੇ ਕੀਤਾ ਜਾਵੇਗਾ।

# ਕਮਾਂਡਿੰਗ ਅਫਸਰ ਨੇ ਕੀਤਾ ਮੇਹਰਚੰਦ ਪੌਲੀਟੈਕਨਿਕ ਦਾ ਦੌਰਾ



**ਜਲੰਧਰ (ਅਲੈਬਰਟ ਸ਼ੈਲੀ)**-ਐਨ.ਸੀ.ਸੀ ਪੰਜਾਬ 2 ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਵਿਨੋਦ ਜੋਸ਼ੀ ਨੇ ਮੇਹਰਚੰਦ ਪੌਲੀਟੈਕਨਿਕ ਦਾ ਅਚਨਚੇਤ ਦੌਰਾ ਕੀਤਾ। ਉਹਨਾਂ ਦੇ ਨਾਲ ਕੈਪਟਨ ਹਰਭਜਨ ਸਿੰਘ ਵੀ ਸਨ। ਮੇਹਰਚੰਦ ਪੌਲੀਟੈਕਨਿਕ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੇ ਐਨ.ਸੀ.ਸੀ ਅਫ਼ਸਰ ਮੇਜਰ ਪੰਕਜ ਗੁਪਤਾ ਨੇ ਉਹਨਾਂ ਦਾ ਸਵਾਗਤ ਕੀਤਾ। ਕਰਨਲ ਜੋਸ਼ੀ ਨੇ ਸਮੁੱਚੀ ਐਨ.ਸੀ.ਸੀ ਯੂਨਿਟ ਦਾ ਨਿਰੀਖਣ ਕੀਤਾ, ਨਵੀਂ ਐਨਰੋਲਮੈਂਟ ਯੂਨਿਟ ਕੈਂਪ ਦਾ ਦੌਰਾ ਕੀਤਾ ਤੇ ਕੈਡੇਟਸ ਨਾਲ ਗੱਲਬਾਤ ਕੀਤੀ। ਉਹਨਾਂ ਕਿਹਾ ਕਿ ਉਹ ਇੱਥੇ ਆ ਕੇ ਵਧੀਆ ਪੜ੍ਹਾਈ ਦੇ ਮਾਹੌਲ ਤੇ ਵਿਦਿਆਰਥੀਆਂ ਦੇ ਹੋ ਰਹੇ ਸਰਬਪੱਖੀ ਵਿਕਾਸ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ। ਉਹਨਾਂ ਕਿਹਾ ਕਿ ਉਹ ਖੁਦ ਵੀ ਡੀ.ਏ.ਵੀ ਰੁੜਕੀ ਤੋਂ ਪੜ੍ਹੇ ਹਨ ਤੇ ਡੀ.ਏ.ਵੀ ਕਲਚਰ ਨੂੰ ਬਾਖੂਬੀ ਜਾਣਦੇ ਹਨ। ਉਹਨਾਂ ਕਾਲਜ ਦੇ ਐਨ.ਸੀ.ਸੀ ਵਿਦਿਆਰਥੀਆਂ ਦੇ ਪੰਦਰਾਂ ਅਗਸਤ ਨੂੰ ਸੀ.ਐਮ ਭਗਵੰਤ ਮਾਨ ਦੀ ਹਾਜ਼ਰੀ ਮੌਕੇ ਪਰੇਡ ਵਿੱਚ ਸ਼ਾਮਲ ਹੋਣ ਤੇ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਉਹਨਾਂ ਨੂੰ ਕਾਲਜ ਦੀਆਂ ਗਤਿਵਿਧੀਆਂ ਤੇ ਹੋਰ ਪ੍ਰਾਪਤੀਆਂ ਦੀ ਜਾਣਕਾਰੀ ਦਿੱਤੀ।

# ਸਰਕਾਰ ਵੱਲੋਂ ਵਿਕਾਸ ਦੇ ਕੰਮ ਨਾ ਕਰਾਉਣ 'ਤੇ ਗੋਗੀ ਨੇ ਨੀਂਹ ਪੱਥਰ ਨੂੰ ਤੋੜਿਆ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਸੰਘਰਸ਼ ਕਮੇਟੀ ਦੇ ਪ੍ਰਧਾਨ ਨੇ ਮੀਟਿੰਗ ਕਰਦੇ ਹੋਏ ਕਿਹਾ ਕਿ ਲੁਧਿਆਣਾ ਪੱਛਮ ਸੀਟ ਦੇ ਵਿਧਾਇਕ ਆਮ ਆਦਮੀ ਪਾਰਟੀ ਦੇ ਗੁਰਪ੍ਰੀਤ ਗੋਗੀ ਨੇ ਬੁੱਢਾ ਦਰਿਆ ਪ੍ਰੋਜੈਕਟ ਦੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਨੀਂਹ ਪੱਥਰ ਖੁਦ ਆਪਣੇ ਹੱਥਾਂ ਨਾਲ ਤੋੜ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਵਿਕਾਸ ਦੀ ਹਾਲਤ ਕਿਸ ਤਰ੍ਹਾਂ ਦੀ ਹੈ। ਵਿਧਾਇਕ ਗੋਗੀ ਨੇ ਕਿਹਾ ਕਿ ਅਗਰ ਅਸੀਂ ਜਨਤਾ ਦਾ ਕੰਮ ਨਹੀਂ ਕਰਵਾ ਸਕਦੇ ਤਾਂ ਇਸ ਤਰ੍ਹਾਂ ਦੇ ਨੀਂਹ ਪੱਥਰ ਦਾ ਕੀ ਫਾਇਦਾ, ਉਹ ਜਨਤਾ ਨੂੰ ਜਵਾਬਦੇਹ ਹੈ। ਸਮਾਂ ਆ ਗਿਆ ਹੈ ਕਿ ਜਨਤਾ ਨੂੰ ਜ਼ਿਆਦਾ ਦੇਰ ਤੱਕ ਬੇਵਕੂਫ ਨਹੀਂ ਬਣਾਇਆ ਜਾ ਸਕਦਾ। ਨੀਂਹ ਪੱਥਰਾਂ ਨਾਲ ਵਿਕਾਸ ਨਹੀਂ ਹੁੰਦੇ, ਕੰਮ ਕਰਨ ਨਾਲ ਵਿਕਾਸ ਹੁੰਦੇ ਹਨ। ਇਸ ਤਰ੍ਹਾਂ ਦੇ ਨੀਂਹ ਪੱਥਰ ਨੂੰ ਤੋੜ ਕੇ ਵਿਧਾਇਕ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਵਿਕਾਸ ਲਈ ਫੰਡਾਂ ਵਿਚ ਕਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਦੂਜੇ ਪਾਸੇ ਵਿਧਾਇਕ ਨੀਂਹ ਵਿਧਾਇਕ ਨੀਂਹ ਪੱਥਰ ਤੋੜ ਰਹੇ ਹਨ।ਇੱਕ ਪਾਸੇ ਗਰੀਬਾਂ ਨੂੰ ਮਕਾਨ ਬਣਾਉਣ ਦੇ ਵਾਅਦੇ ਕਰਨ ਵਾਲੀ ਸਰਕਾਰ ਦੂਜੇ ਪਾਸੇ ਜ਼ਮੀਨਾਂ ਦੇ ਕਲੈਕਟਰ ਰੇਟ ਵਧਾ ਰਹੀ ਹੈ ਜਿਸ ਨਾਲ ਮਕਾਨ ਬਣਾਉਣਾ ਸਪਨਾ ਨਜ਼ਰ ਆ ਰਿਹਾ ਹੈ।ਸਰਕਾਰ ਆਪਣਾ ਖਜ਼ਾਨਾ ਭਰਨ ਲਈ ਵਹੀਕਲ ਟੈਕਸ ਵਧਾ ਰਹੀ ਹੈ ਜੋ ਜਨਤਾ ਤੇ ਬੋਝ ਹੈ।

ਇਸ ਨੂੰ ਵਾਪਸ ਲਿਆ ਜਾਵੇ। ਜਨਤਾ ਨੂੰ ਹੁਣ ਸਰਕਾਰ ਆਪਣਾ ਅਸਲੀ ਰੂਪ ਦਿਖਾ ਰਹੀ ਹੈ ਜੋ ਇਸ ਦੇ ਪਤਨ ਦਾ ਕਾਰਨ ਬਣੇਗਾ।ਇਸ ਮੌਕੇ ਨਵਲ ਕਿਸ਼ੋਰ ਕਾਲੀਆ, ਨਰਿੰਦਰ ਸਿੰਘ, ਪਾਲ ਚੰਦਰ, ਨੀਰਜ ਸ਼ਰਮਾ, ਮਦਨ ਦੱਤਾ, ਰੁਸਤਮ, ਪ੍ਰਵੀਨ ਕੁਮਾਰੀ, ਬਲਵੀਰ ਕੌਰ, ਚਮਨ ਲਾਲ ਆਦਿ ਸ਼ਾਮਿਲ ਸਨ।

# ਦੇਵ ਫਿਲੌਰ ਦੀ ਦੂਸਰੀ ਬਰਸੀ ਮੌਕੇ ਵਿਸ਼ਾਲ ਸ਼ਰਧਾਂਜਲੀ ਸਮਾਗਮ



**ਫਿਲੌਰ (ਨਿਰਮਲ)**- ਲੋਕ ਆਗੂ ਕਾਮਰੇਡ ਦੇਵ ਫਿਲੌਰ ਦੀ ਦੂਸਰੀ ਬਰਸੀ ਮੌਕੇ ਵਿਸ਼ਾਲ ਸ਼ਰਧਾਂਜਲੀ ਸਮਾਗਮ ਡਾਕਟਰ ਅੰਬੇਦਕਰ ਕਮਿਊਨਟੀ ਹਾਲ ਫਿਲੌਰ ਵਿਖੇ ਕੀਤਾ ਗਿਆ। ਇਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਪ੍ਰਧਾਨ ਦਰਸ਼ਨ ਨਾਹਰ ਨੇ ਕਿਹਾ ਕਿ ਕਾਮਰੇਡ ਦੇਵ ਫਿਲੌਰ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਮਿਲ ਕੇ ਸਾਂਝੀਵਾਲਤਾ ਦਾ ਸਮਾਜ ਸਿਰਜਣ ਲਈ ਸਿਰੜੀ ਸੰਘਰਸ਼ ਲੜੀਏ।ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰੇ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਾਨੂੰ ਕਾਮਰੇਡ ਦੇਵ ਵਾਂਗ ਸੰਘਰਸ਼ ਕਰਨ ਦੀ ਲੋੜ ਹੈ। ਇਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਪ੍ਰੈਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਕਿਹਾ ਕਿ ਕਾਮਰੇਡ ਦੇਵ ਦੇ ਲੋਕ ਲਹਿਰਾਂ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਤਹਿਸੀਲ ਫਿਲੌਰ ਦੇ ਸਕੱਤਰ ਸਰਬਜੀਤ ਮੁਠੱਡਾ ਨੇ ਕਿਹਾ ਕਿ ਸਾਨੂੰ ਜਨਤਕ ਜਥੇਬੰਦੀਆਂ ਨੂੰ ਮਜ਼ਬੂਤ ਕਰਕੇ ਸੰਘਰਸ਼ ਕਰਨ ਦੀ ਲੋੜ ਹੈ। ਇਸ ਸ਼ਰਧਾਂਜਲੀ ਸਮਾਗਮ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਸਕੱਤਰ ਤੀਰਥ ਸਿੰਘ ਬਾਸੀ, ਜ਼ਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਕੁਲਦੀਪ ਫਿਲੌਰ, ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਚੁੰਬਰ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਕਮਲਜੀਤ ਸਿੰਘ, ਅਧਿਆਪਕ ਆਗੂ ਅਮਰਜੀਤ ਮਹਿਮੀ, ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ, ਸਾਬਕਾ ਬਲਾਕ ਸਿੱਖਿਆ ਅਫ਼ਸਰ ਹਰਮੇਸ਼ ਰਾਹੀ, ਨਸ਼ਾ ਵਿਰੋਧੀ ਸੰਘਰਸ਼ ਕਮੇਟੀ ਦੇ ਹੰਸ ਰਾਜ, ਨੌਜਾਵਨ ਆਗੂ ਪਰਸ਼ੋਤਮ ਫਿਲੌਰ, ਤੇ ਹਰਪਾਲ ਸਿੰਘ ਜਗਤਪੁਰ ਨੇ ਸੰਬੋਧਨ ਕੀਤਾ।ਇਸ ਮੌਕੇ ਕਾਮਰੇਡ ਜਰਨੈਲ ਫਿਲੌਰ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੀ ਪ੍ਰਧਾਨਗੀ ਬੀਬੀ ਮੁਹਿੰਦਰ ਕੌਰ, ਬੀਬੀ ਹੰਸ ਕੌਰ, ਗਰੀਬ ਦਾਸ ਨੀਹਰ, ਦਰਸ਼ਨ ਨਾਹਰ, ਬਲਦੇਵ ਨੂਰਪੁਰੀ, ਜਰਨੈਲ ਫਿਲੌਰ, ਤੀਰਥ ਸਿੰਘ ਬਾਸੀ, ਸਰਬਜੀਤ ਮੁਠੱਡਾ, ਮਾਸਟਰ ਹੰਸ ਰਾਜ, ਮਹਿੰਦਰ ਚੁੰਬਰ ਆਦਿ ਨੇ ਕੀਤੀ। ਇਸ ਸਮੇਂ ਕੁਲਦੀਪ ਵਾਲੀਆ, ਸੁਦੇਸ਼ ਗੁਪਤਾ, ਤਿਲਕ ਰਾਜ ਲੰਬਰਦਾਰ, ਡਾਕਟਰ ਸੰਦੀਪ ਕੁਮਾਰ, ਡਾਕਟਰ ਅਸ਼ੋਕ ਕੁਮਾਰ, ਬੁੱਧ ਪ੍ਰਕਾਸ਼, ਸੁੰਦਰ ਪਾਲ ਬਾਬੂ, ਕੁਲਦੀਪ ਸਿੰਘ, ਕਾਮਰੇਡ ਜਗੀਰ ਸਿੰਘ, ਬਲਵਿੰਦਰ ਸਿੰਘ, ਰਤਨ ਸਿੰਘ, ਰਾਜਿੰਦਰ ਸ਼ਰਮਾ, ਕਵਿਸ ਵਾਲੀਆ, ਸੁਸ਼ੀਲ ਕੁਮਾਰ, ਰੋਹਿਤ ਸੋਬਤੀ, ਅੰਗਰੇਜ ਸਿੰਘ, ਗੋਪਾਲ ਸਿੰਘ, ਗੁਰਚਰਨ ਸਿੰਘ, ਮੰਗਤ ਰਾਮ ਸਮਰਾ, ਜਗਜੀਤ ਔਜਲਾ, ਮਨਜੀਤ ਸੂਰਜਾ, ਕੁਲਜੀਤ ਸਿੰਘ ਫਿਲੌਰ, ਕੁਲਜਿੰਦਰ ਧਾਲੀਵਾਲ, ਸਰਬਜੀਤ ਸਿੰਘ ਢੇਸੀ, ਰਮ ਲੁਭਾਇਆ ਸਰਪੰਚ ਭੈਣੀ, ਪ੍ਰਿਥੀ ਪਾਲ ਰਾਣਾ,ਦੀਪਕ ਰੇਰੂ, ਅੰਮ੍ਰਿਤ ਨੰਗਲ, ਪਰਸ ਰਾਮ, ਰਾਮਗੜ੍ਹ , ਸੁਨੀਲ ਕੁਮਾਰ , ਰਾਮ ਲੁਭਾਇਆ ਸੁਮਨ, ਸਤਨਾਮ ਸੁਮਨ, ਛਿੰਦਾ (ਅਮਰੀਕਾ) ਸੁਰਿੰਦਰ ਪਾਲ ਪੱਦੀ ਜਗੀਰ, ਸਾਂਭੀ ਜਗਤਪੁਰ, ਮਦਨ ਲਾਲ ਸਰਪੰਚ ਕੰਗ ਅਰਾਈਆਂ, ਅਵਤਾਰ ਖੈਰਾ ਬੇਟ, ਰਾਮੂ ਦੋਸਾਂਝ ਕਲਾਂ, ਕੁਲਵੰਤ ਔਜਲਾ, ਸੁਖਵਿੰਦਰ ਕੁਮਾਰ, ਲੇਖ ਰਾਜ ਪੰਜਾਬੀ, ਦਮਨ ਪਾਲ, ਅਕਾਸ਼, ਕੁਲਵੰਤ ਰੁੜਕਾ, ਮਾਸਟਰ ਬਖਸ਼ੀ ਰਾਮ, ਕਮਲਜੀਤ ਕੌਰ, ਸੁਰਜੀਤ ਕੌਰ, ਕਮਲਜੀਤ, ਸੁਨੀਤਾ ਫਿਲੌਰ, ਕਮਲਾ ਦੇਵੀ, ਅੰਜੂ ਵਿਰਦੀ, ਹਰਪ੍ਰੀਤ ਰੇਰੂ, ਨੀਲਮ ਆਦਿ ਹਾਜ਼ਰ ਸਨ।

# ਕੌਮੀ ਅੱਖਾਂ ਦਾਨ ਪੰਦਰਵਾੜਾ 8 ਸਤੰਬਰ ਤੱਕ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸਿਵਲ ਸਰਜਨ ਡਾ. ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਦੀ ਯੋਗ ਅਗਵਾਈ ਹੇਠ ਕੌਮੀ ਅੱਖਾਂ ਦਾਨ ਪੰਦਰਵਾੜਾ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ। ਡਾ. ਸੈਣੀ ਨੇ ਦੱਸਿਆ ਕਿ ਅੱਖਾਂ ਦਾਨ ਇੱਕ ਮਹਾਂ ਦਾਨ ਹੈ ਜਿਸ ਨਾਲ ਇੱਕੋ ਸਮੇਂ ਦੋ ਵਿਅਕਤੀਆਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਲਿਆਂਦੀ ਜਾ ਸਕਦੀ ਹੈ। ਇਸ ਲਈ ਸਾਨੂੰ ਲੋਕਾਂ ਨੂੰ ਵੱਧ ਤੋਂ ਵੱਧ ਨੇਤਰਦਾਨ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਨੇਤਰਦਾਨ ਕਰਨ ਦੇ ਫਾਰਮ ਭਰੇ ਜਾਂਦੇ ਹਨ। ਇਸ ਮੌਕੇ ਪਰਮਿੰਦਰ ਕੌਰ ਅੱਖਾਂ ਦੀ ਮਾਹਰ, ਭਾਈ ਵਰਿੰਦਰ ਸਿੰਘ ਮਸੀਤੀ, ਓਂਕਾਰ ਸਿੰਘ ਧਾਮੀ, ਅਵਤਾਰ ਸਿੰਘ ਬੀ.ਈ.ਈ ਗੁਰਜੀਤ ਸਿੰਘ, ਜਤਿੰਦਰ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ, ਰੁਪਿੰਦਰ ਸਿੰਘ, ਕਮਲਜੀਤ ਕੌਰ, ਦਵਿੰਦਰ ਕੌਰ ਆਦਿ ਹਾਜ਼ਰ ਸਨ।

## ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**- ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਇਕ ਵਿਅਕਤੀ ਨੂੰ ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਜਾਣਕਾਰੀ ਦਿੰਦਿਆਂ ਐੱਸ.ਐੱਚ.ਓ. ਸਬ- ਇੰਸਪੈਕਟਰ ਮਹਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਏ.ਐੱਸ.ਆਈ. ਰਾਮਸ਼ਾਹ ਦੀ ਪੁਲਸ ਪਾਰਟੀ ਪਿੰਡ ਗੁੱਜਰਪੁਰ ਵੱਲ ਜਾ ਰਹੀ ਸੀ ਕਿ ਸਾਹਮਣੇ ਤੋਂ ਇਕ ਵਿਅਕਤੀ ਨੂੰ ਆਉਂਦਾ ਦੇਖਿਆ ਜਿਸ ਨੇ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਜੋ ਆਪਣੇ ਹੱਥ ਵਿੱਚ ਫੜੇ ਪਾਰਦਰਸ਼ੀ ਲਿਫਾਫੇ ਨੂੰ ਸੜਕ ਉਤੇ ਸੁੱਟ ਦਿੱਤਾ ।ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਵਿਅਕਤੀ ਨੂੰ ਕਾਬੂ ਕਰ ਕੇ ਜਦੋਂ ਲਿਫ਼ਾਫ਼ੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 40 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ।ਕਾਬੂ ਵਿਅਕਤੀ ਦੀ ਪਛਾਣ ਅੰਕੁਸ਼ ਕੰਡਾ ਵਾਸੀ ਨਵਾਂਸ਼ਹਿਰ ਵਜੋਂ ਹੋਈ ਹੈ। ਐੱਸ.ਐੱਚ.ਓ. ਨੇ ਦੱਸਿਆ ਕਿ ਕਾਬੂ ਕੀਤੇ ਦੋਸ਼ੀ ਖਿਲਾਫ ਥਾਣਾ ਸਿਟੀ ਨਵਾਂਸ਼ਹਿਰ ਵਿਚ ਕੇਸ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਹੈਰੋਇਨ ਸਮੇਤ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**- ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਵਲੋਂ ਇਕ ਵਿਅਕਤੀ ਨੂੰ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਥਾਣਾ ਸਦਰ ਦੇ ਐੱਸ.ਐੱਚ.ਓ. ਸਬ ਇੰਸਪੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਸ਼ਿੰਦਰਪਾਲ ਦੀ ਪੁਲਸ ਪਾਰਟੀ ਥਾਣਾ ਸਦਰ ਤੋਂ ਪਿੰਡ ਹਿਆਲਾ ਤੋਂ ਕਰਿਆਮ ਵੱਲ ਨੂੰ ਜਾ ਰਹੀ ਸੀ ਤਾਂ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ੀ ਲਈ ਪੋਲਟਰੀ ਫਾਰਮ ਨੇੜੇ ਸਾਹਮਣੇ ਵਾਲੇ ਪਾਸਿਓਂ ਇਕ ਵਿਅਕਤੀ ਪੈਦਲ ਆ ਰਿਹਾ ਸੀ ਤਾਂ ਪੁਲਸ ਨੂੰ ਦੇਖ ਕੇ ਘਬਰਾ ਗਿਆ ਅਤੇ ਆਪਣੀ ਜੇਬ 'ਚੋਂ ਪਾਰਦਰਸ਼ੀ ਲਿਫਾਫਾ ਕੱਢ ਕੇ ਸੜਕ ਉੱਤੇ ਸੁੱਟ ਦਿੱਤਾ।ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਨੌਜਵਾਨ ਨੂੰ ਕਾਬੂ ਕਰ ਕੇ ਜਦੋਂ ਪਾਰਦਰਸ਼ੀ ਲਿਫ਼ਾਫ਼ੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਐੱਸ.ਐੱਚ.ਓ. ਨੇ ਦੱਸਿਆ ਕਿ ਫੜੇ ਗਏ ਮੁਲਜ਼ਮ ਦੀ ਪਛਾਣ ਰਾਕੇਸ਼ ਕੁਮਾਰ ਉਰਫ਼ ਬੱਬੀ ਵਾਸੀ ਬੈਰਸੀਆਂ ਕਾਲੋਨੀ ਵਜੋਂ ਹੋਈ ਹੈ। ਐੱਸ.ਐੱਚ.ਓ. ਨੇ ਦੱਸਿਆ ਕਿ ਕਾਬੂ ਕੀਤੇ ਨੌਜਵਾਨ ਖਿਲਾਫ ਐੱਨ.ਡੀ.ਪੀ.ਐੱਸ. ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਭਗਤਪੁਰਾ ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾਂਉਤਸਵ ਭਲਕੇ

**ਫਗਵਾੜਾ (ਡਾ. ਰਮਨ)**-ਸ੍ਰੀ ਸਨਾਤਨ ਧਰਮ ਮੰਦਰ ਕਮੇਟੀ ਰਜਿ. ਅਤੇ ਸ੍ਰੀ ਸਰਸਵਤੀ ਸੰਕ੍ਰੀਰਤਨ ਮੰਡਲੀ ਭਗਤਪੁਰਾ ਵਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾਂਉਤਸਵ ਸ੍ਰੀ ਸਨਾਤਨ ਧਰਮ ਮੰਦਰ ਕਮੇਟੀ ਰਜਿ. ਭਗਤਪੁਰਾ ਗਲੀ ਨੰਬਰ 3 ਵੱਲੋਂ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਮੰਦਰ ਕਮੇਟੀ ਪ੍ਰਧਾਨ ਰਾਜੀਵ ਸ਼ਰਮਾ ਨੇ ਇੱਕ ਮੀਟਿੰਗ ਦੌਰਾਨ ਦੱਸਿਆ ਕਿ 26 ਅਗਸਤ ਨੂੰ ਮੰਦਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾਂਉਤਸਵ ਮਨਾਇਆ ਜਾਵੇਗਾ ਅਤੇ ਸ਼ਾਮ 9.00 ਵਜੇ ਤੋਂ ਰਾਤ 12.00 ਵਜੇ ਤੱਕ ਸ੍ਰੀ ਕ੍ਰਿਸ਼ਨ ਭਗਵਾਨ ਦੀਆ ਲੀਲਾਵਾਂ ਦਾ ਵਰਨਣ ਕੀਰਤਨ ਕਰ ਕੀਤਾ ਜਾਵੇਗਾ। ਲੰਗਰ ਵੀ ਲਗਾਇਆ ਜਾਵੇਗਾ। ਇਸ ਮੌਕੇ ਸਮੂਹ ਮੰਦਰ ਕਮੇਟੀ ਦੇ ਅਹੁਦੇਦਾਰ ਸਹਿਬਾਨ ਅਤੇ ਸ੍ਰੀ ਸਰਸਵਤੀ ਸੰਕ੍ਰੀਰਤਨ ਮੰਡਲੀ ਦੇ ਮੈਂਬਰ ਆਦਿ ਮੌਜੂਦ ਸਨ।

## ਵਧੀਆ ਕਿਸਮ ਦੇ ਫੁੱਲਦਾਰ ਬੂਟੇ ਗਮਲਿਆਂ ਸਮੇਤ ਦਿੱਤੇ



**ਫਗਵਾੜਾ (ਡਾ. ਰਮਨ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਟਿੱਬੀ ਫਗਵਾੜਾ -1 ਕਪੂਰਥਲਾ ਵਿਖੇ ਕਵੀ ਸੁਖਦੇਵ ਸਿੰਘ ਗੰਢਵਾਂ ਵਲੋਂ ਵਾਤਾਵਰਣ ਨੂੰ ਹਰਿਆਵਲਾ ਸੁੰਦਰ ਬਣਾਉਣ ਲਈ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਟਿੱਬੀ ਫਗਵਾੜਾ -1 ਕਪੂਰਥਲਾ ਵਿਖੇ ਕਵੀ ਸੁਖਦੇਵ ਸਿੰਘ ਗੰਢਵਾਂ ਵਲੋਂ ਵਾਤਾਵਰਣ ਨੂੰ ਹਰਿਆਵਲਾ ਸੁੰਦਰ ਬਣਾਉਣ ਲਈ ਵਧੀਆ ਕਿਸਮ ਦੇ ਫੁੱਲਦਾਰ ਬੂਟੇ ਗਮਲਿਆਂ ਸਮੇਤ ਦਿੱਤੇ ਗਏ ਅਤੇ ਵਾਤਾਵਰਣ ਦੀ ਸੰਭਾਲ ਕਰਨ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸੁਰਜੀਤ ਕੌਰ, ਸਕੂਲ ਸਟਾਫ਼ ਦੇ ਰਜਨੀ ਸ਼ਰਮਾ, ਊਸ਼ਾ ਰਾਣੀ, ਕੁਮਾਰੀ ਕੁਲਵਿੰਦਰ ਕੌਰ, ਰੂਬੀ ਵਿਰਦੀ, ਅਧਿਆਪਕ ਅਨੂਪ ਸਿੰਘ ਅਤੇ ਗੁਰਜੀਤ ਸਿੰਘ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਸਾਂਝਾ ਸੰਘਰਸ਼ ਵਿੱਢਣ ਦੀ ਲੋੜ : ਸੰਤ ਸਰਵਣ ਦਾਸ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਭਾਰਤ ਦਾ 85 ਫੀਸਦੀ ਬਹੁਜਨ ਸਮਾਜ ਸਦੀਆਂ ਤੋਂ ਜਾਤਾਂ,ਗੋਤਾਂ, ਫਿਰਕਿਆਂ ਅਤੇ ਵੱਖ ਵੱਖ ਗਰੁੱਪਾਂ ਵਿਚ ਵੰਡਿਆ ਹੋਇਆ ਹੈ। ਇਸੇ ਕਰਕੇ ਕੌਮ ਦੇ ਮਹਾਨ ਰਹਿਬਰਾਂ ਬਾਬੂ ਮੰਗੂ ਰਾਮ ਮੁਗੋਵਾਲੀਆ, ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ,. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਵਲੋਂ ਸਮੇਂ ਸਮੇਂ 'ਤੇ ਸ਼ੁਰੂ ਕੀਤੇ ਅੰਦੋਲਨ ਮੰਜਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਵਿਖਰਦੇ ਰਹੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ(ਰਜਿ.) ਪੰਜਾਬ ਨੇ ਕਿਹਾ ਕਿ ਇਸ ਵਿੱਚ ਕੋਈ ਨਿਰਸੰਦੇਹ ਜਾਂ ਸ਼ੱਕ ਨਹੀਂ ਹੈ ਕਿ ਕੌਮ ਦੇ ਰਹਿਬਰਾਂ ਵਲੋਂ ਵਿੱਢੇ ਵੱਡੇ ਵੱਡੇ ਸ਼ੰਘਰਸ਼ਾਂ ਨੂੰ ਖੇਰੂ ਖੇਰੂ ਕਰਨ ਲਈ ਆਪਣੇ ਹੀ ਸਮਾਜ ਦੇ ਕੁੱਝ ਕੁ ਲਾਲਚੀ ਤੇ ਸਵਾਰਥੀ ਲੋਕਾਂ ਦਾ ਵੱਡਾ ਯੋਗਦਾਨ ਰਿਹਾ ਹੈ ਪਰ ਅੱਜ ਵੀ ਸਮਾਜ ਦੇ ਹਿਤਾਂ ਲਈ ਲੜਨ ਵਾਲੇ ਪੜੇ ਲਿਖੇ ਬੁੱਧੀਜੀਵੀ ਯੋਧੇ ਆਪਣਾ ਫਰਜ ਨਿਭਾ ਰਹੇ ਹਨ। ਉਨ੍ਹਾਂ ਕਿਹਾ ਆਉਣ ਵਾਲਾ ਸਮਾਂ ਬਹੁਜਨ ਸਮਾਜ ਲਈ ਬਹੁਤ ਚੁਣੌਤੀਆਂ ਭਰਪੂਰ ਹੋਵੇਗਾ ,ਬੱਚਿਆਂ ਦੀ ਮੁੱਢਲੀ ਪੜ੍ਹਾਈ ਤੋਂ ਉਚੇਰੀ ਸਿੱਖਿਆ ਤਕ ਖੋਹਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਜਿਸ ਲਈ ਸਾਰੇ ਬਹੁਜਨ ਸਮਾਜ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਅਤੇ ਸੰਵਿਧਾਨ ਦੀ ਰੱਖਿਆ ਲਈ ਇਕ ਸਾਂਝਾ ਸੰਘਰਸ਼ ਆਰੰਭ ਕਰਨਾ ਚਾਹੀਦਾ ਹੈ।ਰਾਖਵੇਂਕਰਨ ਦੇ ਮੁੱਦੇ ਤੇ ਵਿਚਾਰ ਸਾਂਝੇ ਕਰਦਿਆਂ ਸੰਤ ਸਰਵਣ ਦਾਸ ਨੇ ਕਿਹਾ ਕਿ ਜਿਨ੍ਹਾਂ ਐਮ ਐਲ ਏ, ਮੈਂਬਰ ਪਾਰਲੀਮੈਂਟ ਜਾਂ ਉੱਚੇ ਉੱਚੇ ਅਹੁਦਿਆਂ 'ਤੇ ਬੇਠੈ ਅਨੁਸੂਚਿਤ ਜਾਤੀ,ਪੱਛੜੇ ਵਰਗ ਦੇ ਮੁਲਾਜ਼ਮਾਂ ਨੇ ਰਾਖਵੇਂਕਰਨ ਦਾ ਬਾਰ ਬਾਰ ਲਾਭ ਲਿਆ ਉਹ ਰਾਖਵੇਂਕਰਨ ਲਈ ਅੰਦੋਲਨ ਵਾਸਤੇ ਸੜਕਾਂ 'ਤੇ ਨਹੀਂ ਉਤਰਦੇ ਬਲਕਿ ਬੇਰੁਜ਼ਗਾਰ ਨੌਜਵਾਨ ਜਾਂ ਦਿਹਾੜੀਦਾਰ ਮਜਦੂਰ ਹੀ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ ਅਤੇ ਪੁਲਸ ਦੀਆਂ ਲਾਠੀਆਂ ਖਾ ਰਹੇ ਹਨ। ਕਿਉਂਕਿ ਅੰਦੋਲਨ ਚਲਾਉਣ ਲਈ ਸੰਘਰਸ਼ ਹਮੇਸ਼ਾਂ ਝੁੱਗੀ ਝੌਂਪੜੀ ਵਿਚੋਂ ਨਿਕਲਦੇ ਹਨ। ਸੰਤ ਸਰਵਣ ਦਾਸ ਨੇ ਕਿਹਾ ਕਿ ਅਨੁਸੂਚਿਤ ਜਾਤੀ,ਪੱਛੜੇ ਵਰਗਾਂ ਨੂੰ ਇਕ ਦੂਜੇ ਦਾ ਵਿਰੋਧ ਛੱਡ ਕੇ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸਮਾਜ ਦੇ ਹਿੱਤਾਂ ਲਈ ਸਾਂਝੀ ਲੜਾਈ ਲੜਨੀ ਚਾਹੀਦੀ ਹੈ ਤਾਂ ਕਿ ਪੜ੍ਹਾਈ ਦੇ ਨਾਲ ਨਾਲ ਨੌਕਰੀਆਂ ਵਿਚ ਵੀ ਆਉਣ ਵਾਲੀਆਂ ਨਸਲਾਂ ਨੂੰ ਬਣਦਾ ਹੱਕ ਮਿਲ ਸਕੇ।

# ਬਲਾਤਕਾਰ ਰੋਕਣ ਲਈ 'ਸਰੇਆਮ ਸਜ਼ਾ-ਏ-ਮੌਤ' ਦਾ ਕਾਨੂੰਨ ਬਣਾਏ ਭਾਰਤ ਸਰਕਾਰ : ਲਾਇਨਜ਼ ਕਲੱਬ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਦੀ ਪ੍ਰਧਾਨਗੀ ਹੇਠ ਕੋਲਕਾਤਾ ਰੇਪ-ਮਰਡਰ ਕਾਂਡ ਤੋਂ ਇਲਾਵਾ ਨਿੱਤ ਪੂਰੇ ਹਿੰਦੁਸਤਾਨ ਵਿੱਚ ਬਾਲੜੀਆਂ, ਬਾਲਗ-ਨਾਬਾਲਗ ਲੜਕੀਆਂ ਅਤੇ ਬਿਰਧ ਔਰਤਾਂ ਨਾਲ ਹੋ ਰਹੇ ਰੇਪ ਦੀਆਂ ਦਰਦਨਾਕ ਘਟਨਾਵਾਂ ਦੇ ਖਿਲਾਫ ਪ੍ਰਦਰਸ਼ਨ ਵਜੋਂ ਕੈਂਡਲ ਰੋਸ ਮਾਰਚ ਕੀਤਾ ਗਿਆ। ਇਸ ਰਾਸ਼ਟਰ ਵਿਆਪੀ ਵੱਡੇ ਕਾਂਡ ਵਿੱਚ ਡਿਸਟ੍ਰਿਕਟ 321-ਡੀ ਦੇ ਜ਼ਿਲ੍ਹਾ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਉਚੇਚੇ ਤੌਰ ਇਸ ਮਿਸ਼ਨ ਦਾ ਹਿੱਸਾ ਬਣਨ ਪਹੁੰਚੇ। ਉਹਨਾਂ ਸੰਬੋਧਤ ਕਰਦਿਆਂ ਇਸ ਘਟਨਾ ਸਮੇਤ ਹਿੰਦੁਸਤਾਨ ਦੇ ਪੂਰੇ ਮਾੜੇ ਸਿਸਟਮ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ। ਜ਼ਿਲ੍ਹਾ ਗਵਰਨਰ ਨੇ ਆਪਣੇ ਡਿਸਟ੍ਰਿਕਟ ਦੀਆਂ 157 ਕਲੱਬਾਂ ਨੂੰ ਵੀ ਆਦੇਸ਼ ਦਿੱਤੇ ਕਿ ਕਲੱਬ ਨੂਰਮਹਿਲ ਡ੍ਰੀਮ ਦੀ ਤਰਾਂ ਜ਼ੋਰਦਾਰ ਹੰਬਲਾ ਮਾਰਨ ਅਤੇ ਨਿੱਤ ਹੋ ਰਹੇ ਘਿਨਾਉਣੇ ਜੁਰਮ ਦੇ ਖਿਲਾਫ਼ ਡੱਟ ਕੇ ਆਵਾਜ਼ ਬੁਲੰਦ ਕਰਨ ਕਿਉਂਕਿ ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਡਿਸਟ੍ਰਿਕਟ 321-ਡੀ ਦੀ ਰੀਜਨ ਚੇਅਰਪਰਸਨ ਲਾਇਨ ਸੁਮਨ ਲਤਾ ਪਾਠਕ ਅਤੇ ਜੋਨ ਚੇਅਰਪਰਸਨ ਲਾਇਨ ਜਤਿੰਦਰ ਸੇਖੜੀ ਨੇ ਵੀ ਧੀਆਂ ਦੀ ਰਾਖੀ ਲਈ ਸਖ਼ਤ ਕਾਨੂੰਨ ਵਿਵਸਥਾ ਦੀ ਗੱਲ ਕੀਤੀ।ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਤੇ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਡਾਇਰੈਕਟਰ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਭਰਿਸ਼ਟ ਆਗੂਆਂ ਅਤੇ ਅਫਸਰਾਂ ਖਿਲਾਫ਼ ਸਖਤ ਤੇਵਰ ਦਿਖਾਉਂਦਿਆਂ ਕਿਹਾ ਕਿ ਜਿੰਨਾਂ ਚਿਰ ਕੁਰੱਪਸ਼ਨ ਨੂੰ ਨੱਥ ਨਹੀਂ ਪਾਈ ਜਾਂਦੀ ਉਹਨਾਂ ਚਿਰ ਰੇਪ, ਕਤਲੇਆਮ, ਲੁੱਟਾਂ ਖੋਹਾਂ, ਨਸ਼ੀਲੇ ਪਦਾਰਥ ਵਰਗੇ ਘਿਨਾਉਣੇ ਅਤੇ ਵੱਡੇ ਅਪਰਾਧ ਕਿਸੇ ਵੀ ਕੀਮਤ 'ਤੇ ਰੁੱਕ ਨਹੀਂ ਸਕਦੇ। ਕਲੱਬ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਇਮੀਡੇਟ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਸਮੇਤ ਕਲੱਬ ਅਫਸਰਾਂ ਲਾਇਨ ਦਿਨਕਰ ਸੰਧੂ ਟਰੈਜਰਰ, ਲਾਇਨ ਜਸਪ੍ਰੀਤ ਕੌਰ ਸੰਧੂ ਮੈਂਬਰਸ਼ਿਪ ਚੇਅਰਪਰਸਨ, ਕਲੱਬ ਡਾਇਰੈਕਟਰ ਲਾਇਨ ਬਬਿਤਾ ਸੰਧੂ ਨੇ ਜ਼ੋਰਦਾਰ ਆਵਾਜ਼ ਵਿੱਚ ਦੇਸ਼ ਦੀ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਸ ਮੰਗ ਕੀਤੀ ਕਿ ਰੇਪ ਕਰਨ ਉਪਰੰਤ ਮਰਡਰ ਵਰਗੇ ਖੌਫਨਾਕ ਅਪਰਾਧ ਖਿਲਾਫ ਚੰਦ ਦਿਨਾਂ 'ਚ 'ਸਰੇਆਮ ਸਜ਼ਾ-ਏ-ਮੌਤ' ਦਾ ਕਾਨੂੰਨ ਬਣਾਇਆ ਜਾਵੇ ਤਾਂਕਿ ਅਪਰਾਧੀ ਅਪਰਾਧ ਤੋਂ ਪਹਿਲਾਂ ਸੌ ਵਾਰ ਸੋਚੇ। ਇਹਨਾਂ ਕਥਨਾਂ ਦੀ ਲਾਇਨਜ਼ ਕਲੱਬ ਨੂਰਮਹਿਲ ਗੌਰਵ ਦੇ ਪ੍ਰਧਾਨ ਭਜਨ ਲਾਲ ਨੰਬਰਦਾਰ ਪਬਮਾਂ, ਸੈਕਟਰੀ ਰਾਜਿੰਦਰ ਕੁਮਾਰ, ਬਿਲਗਾ ਆਸਥਾ ਦੇ ਪ੍ਰਧਾਨ ਸੁੱਖ ਰਾਮ ਨੇ ਤਾਇਦ ਕੀਤੀ। ਵੱਖ ਵੱਖ ਕਲੱਬਾਂ ਦੇ ਅਫਸਰਾਂ ਨੇ ਹੱਥਾਂ ਵਿੱਚ ਸਲੋਗਨ ਫੜਕੇ ਰੇਪ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ। ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੇ ਨੌਜਵਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ 'ਵੀ ਵਾਂਟ ਜਸਟਿਸ', 'ਸਟਾਪ ਰੇਪ', 'ਨੋ ਮਰਸੀ ਟੂ ਰੇਪਿਸਟ' ਦੇ ਪੂਰੇ ਸ਼ਹਿਰ 'ਚ ਨਾਅਰੇ ਲਗਾਕੇ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ। ਐੱਨ.ਆਰ.ਆਈ ਸੁਨੀਤਾ ਧੁੱਤੀ, ਸੀਤਾ ਰਾਮ ਸੋਖਲ, ਕੌਂਸਲਰ ਬਲਬੀਰ ਕੌਲਧਰ ਨੇ ਕਿਹਾ ਕੋਲਕਾਤਾ ਕਾਂਡ ਨੇ ਸਾਡੇ ਦੇਸ਼ ਦਾ ਸਿਰ ਪੂਰੀ ਦੁਨੀਆਂ ਵਿੱਚ ਨੀਵਾਂ ਕਰ ਦਿੱਤਾ ਹੈ। ਨਤੀਜਨ ਦੇਸ਼ ਦੇ ਸ਼ਾਸਕਾਂ ਨੂੰ ਅਸਤੀਫੇ ਦੇਣੇ ਚਾਹੀਦੇ ਹਨ।ਥਾਣਾ ਨੂਰਮਹਿਲ ਦੇ ਐਸ.ਐੱਚ.ਓ ਪੰਕਜ ਭਨੋਟ ਅਤੇ ਮੁੱਖ ਮੁਨਸ਼ੀ ਗਗਨਦੀਪ ਸਿੰਘ ਨੇ ਰੋਸ ਰੈਲੀ ਦੀ ਸੁਰੱਖਿਆ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ। ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰੈਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ, ਪੀ.ਆਰ.ਓ ਜਗਨ ਨਾਥ ਚਾਹਲ ਅਤੇ ਪ੍ਰਮੁੱਖ ਸਲਾਹਕਾਰ ਅਨਿਲ ਕੁਮਾਰ ਸੂਦ ਘੁੜਕਾ ਤੋਂ ਇਲਾਵਾ ਹੋਰ ਪਤਵੰਤਿਆਂ ਨੇ ਦੇਸ਼ ਦੀਆਂ ਧੀਆਂ ਦੀਆਂ ਇੱਜਤਾਂ ਰਾਖੀ ਲਈ ਪ੍ਰਮੁੱਖ ਤੌਰ 'ਤੇ ਯੋਗਦਾਨ ਪਾਇਆ।

# ਡੇਂਗੂ ਦਾ ਲਾਰਵਾ ਮੌਕੇ 'ਤੇ ਹੀ ਨਸ਼ਟ ਕੀਤਾ

**ਨਵਾਂਸ਼ਹਿਰ (ਮਨੋਜ ਲਾਡੀ)**- ਅੱਜ ਪ੍ਰਾਇਮਰੀ ਹੈਲਥ ਸੈਂਟਰ ਮੁਜ਼ੱਫਰਪੁਰ ਦੀ ਡੇਂਗੂ ਵਿਰੋਧੀ ਟੀਮ ਨੇ ਪਿੰਡ ਉਸਮਾਨਪੁਰ ਦੇ ਹਰ ਘਰ ਵਿੱਚ ਡੇਂਗੂ ਦਾ ਲਾਰਵਾ ਲੱਭ ਕੇ ਮੌਕੇ ਉਤੇ ਹੀ ਨਸ਼ਟ ਕਰ ਦਿੱਤਾ।ਸੀਨੀਅਰ ਮੈਡੀਕਲ ਅਫ਼ਸਰ ਡਾ. ਗੀਤਾਂਜਲੀ ਸਿੰਘ ਦੇ ਨਿਰਦੇਸ਼ਾਂ ਤਹਿਤ ਸੇਵਾ ਕਰ ਰਹੀ ਟੀਮ ਦੇ ਮੈਂਬਰ ਮਨਦੀਪ ਨੇ ਦੱਸਿਆ ਕਿ ਮੱਛਰ ਦੇ ਲਾਰਵੇ ਦੇ ਹਾਟਸਪਾਟਸ ਸਮੇਤ ਪਿੰਡ ਦੇ ਹਰ ਘਰ ਵਿਚ ਡੇਂਗੂ ਦਾ ਲਾਰਵਾ ਪਾਇਆ ਗਿਆ।ਉਨ੍ਹਾਂ ਦੱਸਿਆ ਕਿ ਸਰਵੇ ਦੌਰਾਨ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਅ ਬਾਰੇ ਵੀ ਜਾਣਕਾਰੀ ਦਿੱਤੀ ਗਈ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਅਤੇ ਗਮਲਿਆਂ, ਪੁਰਾਣੇ ਟਾਇਰਾਂ, ਛੱਤਾਂ ਉਤੇ ਪਏ ਕਬਾੜ ਆਦਿ ਵਿਚ ਪਾਣੀ ਇਕੱਠਾ ਨਾ ਹੋਣ ਦੇਣ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਇਜਿਪਟੀ ਮੱਛਰ ਦੇ ਕੱਟਣ ਨਾਲ ਹੁੰਦਾ ਹੈ।ਇਸ ਤੋਂ ਬਚਾਅ ਲਈ ਸਰੀਰ ਨੂੰ ਚੰਗੀ ਤਰ੍ਹਾਂ ਢਕ ਕੇ. ਰੱਖਣਾ ਚਾਹੀਦਾ ਹੈ ਅਤੇ ਰਾਤ ਨੂੰ ਸੌਂਦੇ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

# ਮਾਇਆ ਨੇ ਸਾਥ ਨਹੀਂ ਜਾਣਾ : ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਦੁਨੀਆ ਦਾ ਹਰ ਇਨਸਾਨ ਮੋਹ ਮਾਇਆ ਹੀ ਇਕੱਠੀ ਕਰਨ ਵਿੱਚ ਲੱਗਿਆ ਹੋਇਆ ਹੈ ਜਦਕਿ ਇਹ ਮਾਇਆ ਨਾਸ਼ਵਾਨ ਹੈ ਅਤੇ ਪਰਮ ਪਿਤਾ ਪਰਮੇਸ਼ਵਰ ਦਾ ਹੀ ਇੱਕ ਨਾਮ ਅਜਿਹਾ ਹੈ ਜਿਹੜਾ ਨਾਸ਼ਵਾਨ ਨਹੀਂ ਹੈ, ਉਹ ਤੁਹਾਡੇ ਨਾਲ ਇਸ ਸੰਸਾਰ ਵਿੱਚ ਵੀ ਹੈ ਅਤੇ ਮਰਨ ਉਪਰੰਤ ਵੀ ਤੁਹਾਡੇ ਨਾਲ ਹੀ ਰਹੇਗਾ। ਹਰ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਹਰ ਸਮੇਂ ਸਤਿਗੁਰੂ ਵੱਲੋਂ ਬਖਸ਼ੇ ਗਏ ਨਾਮ ਸਿਮਰਨ ਦਾ ਜਾਪ ਕਰਦਾ ਰਹੇ ਤਾਂ ਜੋ ਇਸ 84 ਦੇ ਗੇੜ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਅੱਜ ਸਾਵਰ ਪਾਕ ਸੱਚੀ ਦਰਗਾਹ ਅਹਿਆਪੁਰ ਵਿਖੇ ਸਜਾਏ ਗਏ ਦਰਬਾਰ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੂੰ ਨਾਮ ਸਿਮਰਨ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਕਿਹਾ ਕਿ ਜਿਹੜੇ ਇਨਸਾਨ ਆਪਣੇ ਅੰਦਰੋਂ ਅਹੰਕਾਰ, ਕ੍ਰੋਧ, ਮੈਂ-ਮੇਰੀ ਦਾ ਤਿਆਗ ਕਰਕੇ ਮਨ ਸਾਫ ਨਹੀਂ ਕਰਦੇ ਉਹ ਕਦੇ ਵੀ ਪ੍ਰਭੂ ਸਿਮਰਨ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਮਨ ਨੂੰ ਸ਼ੁੱਧ ਕਰਕੇ ਹੀ ਪ੍ਰਭੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ।ਮਾਇਆ ਨੇ ਸਾਥ ਨਹੀਂ ਜਾਣਾ ਜੇਕਰ ਸਾਥ ਜਾਣਾ ਹੈ ਤਾਂ ਸਾਡੇ ਵੱਲੋਂ ਕੀਤੇ ਗਏ ਚੰਗੇ ਕਰਮ ਅਤੇ ਪ੍ਰਭੂ ਦਾ ਜਪਿਆ ਹੋਇਆ ਨਾਮ ਸਿਮਰਨ ਇਸ ਲਈ ਸਾਨੂੰ ਸਾਰਿਆਂ ਨੂੰ ਸਵੇਰੇ ਸ਼ਾਮ ਪ੍ਰਭੂ ਦਾ ਨਾਮ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਦਰਗਾਹ 'ਤੇ ਲੱਗੇ ਕ੍ਰਿਸ਼ਮਈ ਨਲਕੇ ਦਾ ਜਲ ਲੈਣ ਵਾਸਤੇ ਸਾਰਾ ਦਿਨ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਦਾ ਤਾਂਤਾ ਲੱਗਿਆ ਰਿਹਾ। ਸਾਰਾ ਦਿਨ ਅਤੁੱਟ ਲੰਗਰ ਚਲਦਾ ਰਿਹਾ। ਇਸ ਮੌਕੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵੀਕਾ, ਰਾਜੇਸ਼ ਜਸਰਾ, ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਸੁਰਜੀਤ ਕੌਰ, ਮਲਕੀਤ ਸਿੰਘ ਅਤੇ ਹੋਰ ਸੰਗਤ ਨੇ ਬਾਬਾ ਜੀ ਦੀ ਦਰਗਾਹ ਤੇ ਮੱਥਾ ਟੇਕ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਕੋਲਕਾਤਾ ਜਬਰ ਜ਼ਨਾਹ ਪੀੜਤਾ ਨੂੰ ਇਨਸਾਫ ਦਿਵਾਉਣ ਲਈ ਕੀਤਾ ਰੋਸ ਪ੍ਰਦਰਸ਼ਨ




**ਕਾਲਾ ਸੰਘਿਆਂ (ਮਨਜੀਤ ਮਾਨ)** - ਕੋਲਕਾਤਾ ਵਿਖੇ ਡਾ. ਹੋਏ ਦੇ ਰੇਪ ਅਤੇ ਕਤਲ ਨੇ ਪੂਰੇ ਦੇਸ਼ ਨੂੰ ਝਿੰਜੋੜ ਕੇ ਰੱਖ ਦਿੱਤਾ ਹੈ। ਹਰ ਸੁਹਿਰਦ ਨਾਗਰਿਕ ਦੀ ਅੱਖ ਵਿੱਚ ਹੰਝੂ ਹਨ। ਇਹ ਘਟਨਾ ਪਹਿਲੀ ਨਹੀਂ ਹੈ, ਇਸ ਤੋਂ ਪਹਿਲਾਂ ਵੀ ਨਿਰਭੈਆ, ਦਾਮਿਨੀ, ਆਸਿਫਾ ਵਰਗੇ ਅਨੇਕਾਂ ਕਾਂਡ ਹੋ ਚੁੱਕੇ ਹਨ। ਪਰ ਅੰਨ੍ਹੀਆਂ ਤੇ ਬੋਲੀਆਂ ਸਰਕਾਰਾਂ ਖਾਮੋਸ਼ ਹਨ। ਕਾਲਾ ਸੰਘਿਆਂ ਦੇ ਮੁੱਖ ਚੌਕ ਵਿਖੇ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਗੁਰੂ ਕਾ ਲੰਗਰ ਟੀਮ ਦੇ ਮੁਖ ਸੇਵਾਦਾਰ ਡਾ. ਸੁਰਜੀਤ ਸਿੰਘ ਖੁਸਰੋਪੁਰ ਨੇ ਕਿਹਾ ਕਿ ਦੋਸ਼ੀਆਂ ਨੂੰ ਚੁਰਾਹੇ 'ਚ ਫਾਂਸੀ ਦੇ ਦੇਣੀ ਚਾਹੀਦੀ ਹੈ। ਦੋਨਾ ਪੱਤਰਕਾਰ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਸੰਘਾ, ਫਰਜ ਸੇਵਾ ਸੁਸਾਇਟੀ ਦੇ ਆਗੂ ਗੁਰਪ੍ਰੀਤ ਸਿੰਘ ਮਿੱਠਾ ਅਤੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਕੁਲਦੀਪ ਸਿੰਘ ਕੇਸਰਪੁਰ ਨੇ ਕਿਹਾ ਕਿ ਗੁੰਡਾ ਰਾਜ ਦਾ ਅੰਤ ਹੋਣਾ ਚਾਹੀਦਾ ਹੈ।

ਸਾਹਿਬਜ਼ਾਦਾ ਅਜੀਤ ਸਿੰਘ ਗੱਤਕਾ ਅਖਾੜਾ ਦੇ ਪ੍ਰਧਾਨ ਗੁਰਦਾਵਰ ਸਿੰਘ ਸੰਘਾ ਅਤੇ ਗੱਤਕਾ ਉਸਤਾਦ ਨਰਿੰਦਰ ਸਿੰਘ ਸੰਘਾ ਨੇ ਹਾਅ ਦਾ ਨਾਅਰਾ ਮਾਰਨ ਲਈ ਦੋਆਬਾ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ.) ਅਤੇ ਸਮੂੰਹ ਨੌਜਵਾਨਾਂ ਦਾ ਧੰਨਵਾਦ ਕੀਤਾ। ਕਿਸਾਨ ਆਗੂ ਹਰਵਿੰਦਰ ਸਿੰਘ ਬਿੱਲੂ ਸੰਘਾ, ਸਰਬਣ ਸਿੰਘ ਸੰਘਾ, ਗੁਰਦੇਵ ਸਿੰਘ ਸੰਧੂ ਚੱਠਾ, ਕੁਲਦੀਪ ਸਿੰਘ ਸੰਧੂ, ਪਰਮਜੀਤ ਸਿੰਘ ਖਾਲਸਾ, ਦੋਆਬਾ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ.) ਦੇ ਆਗੂ ਮਦਨ ਲਾਲ, ਬਲਵੀਰ ਸਿੰਘ, ਡਾ. ਭਗਵਾਨ ਦਾਸ ਲਾਲਕਾ, ਬਲਵੀਰ ਥਾਪਰ, ਸੁਸ਼ੀਲ ਵਰਮਾ, ਡਾ. ਜਸਵਿੰਦਰ ਸਿੰਘ, ਡਾ. ਬਲੌਰ ਖਾਨ, ਡਾ. ਸਤਪਾਲ, ਡਾ. ਸੋਮਨਾਥ, ਬਲਵਿੰਦਰ ਢਿੱਲੋਂ, ਪਲਵਿੰਦਰ ਸਿੰਘ, ਮਨੀਸ਼ ਕੁਮਾਰ, ਬੀਬੀ ਰਜਨੀ, ਬੀਬੀ ਪੂਜਾ, ਬੀਬੀ ਸੁਰਿੰਦਰ ਕੌਰ ਅਤੇ ਹੋਰ ਜਥੇਬੰਦੀ ਦੇ ਆਗੂ ਅਤੇ ਮੈਂਬਰ ਹਾਜ਼ਰ ਸਨ।

25-Aug-Sunday.qxd 8/24/2024 10:40 PM Page 1



ਫ਼ਾਸ਼ੀਵਾਦ ਦੀ ਪਰਿਭਾਸ਼ਾ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 25 ਅਗਸਤ 2024

www.nawanzamana.in

ਕੀਮਤ 5.00 ਰੁਪਏ



ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538


# ਰਾਖਵਾਂਕਰਨ ਮਾਡਲ ਕਿਹੋ ਜਿਹਾ ਹੋਵੇ

## ਜਾਤੀ ਦੀ ਸਮੱਸਿਆ ਨੂੰ ਹੱਲ ਕਰਨ ਵਾਲਾ ਜਾਂ ਇਸ ਨੂੰ ਕਾਇਮ ਰੱਖਣ ਵਾਲਾ ?

ਡਾ. ਆਨੰਦ ਤੇਲਤੁੰਬੜੇ

ਰਾਖਵੇਂਕਰਨ ਦੇ ਉਦੇਸ਼ ਨਾਲ ਅਨੁਸੂਚਿਤ ਜਾਤੀਆਂ (ਐੱਸ ਸੀ) ਅਤੇ ਅਨੁਸੂਚਿਤ ਕਬੀਲਿਆਂ (ਐੱਸ ਟੀ) ਦੇ ਉਪ-ਵਰਗੀਕਰਨ ਦੀ ਕਾਨੂੰਨੀ ਵਾਜਬੀਅਤ ਨੂੰ ਬਰਕਰਾਰ ਰੱਖਣ ਵਾਲੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਤਾਜ਼ਾ ਫ਼ੈਸਲੇ ਨੇ ਪਹਿਲਾਂ ਹੀ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਤਰ੍ਹਾਂ ਦੇ ਪ੍ਰਤੀਕਰਮਾਂ ਦਾ ਤੂਫ਼ਾਨ ਲਿਆ ਦਿੱਤਾ ਹੈ, ਜ਼ਿਆਦਾਤਰ ਹਾਥੀ ਦਾ ਕੱਦਕਾਠ ਦੱਸਣ ਦੀ ਕੋਸ਼ਿਸ਼ ਕਰ ਰਹੇ ਅੰਨ੍ਹਿਆਂ ਵਾਂਗ ਟੱਕਰਾਂ ਮਾਰ ਰਹੇ ਹਨ।

ਸਕਾਰਾਤਮਕ ਪ੍ਰਤੀਕਰਮ ਸਖ਼ਤ, ਸਵੈ-ਸਜੇ ਅਗਾਂਹਵਧੂ ਲੋਕਾਂ ਵੱਲੋਂ ਆ ਰਹੇ ਹਨ, ਜੋ ਦੱਬੇ-ਕੁਚਲੇ ਲੋਕਾਂ ਦੇ ਪੱਖ ਵਿਚ ਜਾਪਦੇ ਕਿਸੇ ਵੀ ਵਾਕਾਂਸ਼ ਨਾਲ ਮੋਹਿਤ ਹੋ ਜਾਂਦੇ ਹਨ, ਚਾਹੇ ਉਸ ਵਾਕਾਂਸ਼ ਵਿਚ ਲਏ ਗਏ ਫ਼ੈਸਲਿਆਂ ਦਾ ਚਿਰਕਾਲੀ ਪ੍ਰਭਾਵ ਕੁਝ ਵੀ ਹੋਵੇ।

ਨਕਾਰਾਤਮਕ ਪ੍ਰਤੀਕਰਮ ਅਨੁਸੂਚਿਤ ਜਾਤੀਆਂ ਦੇ ਆਬਾਦੀ ਵਾਲੇ ਹਿੱਸਿਆਂ ਵੱਲੋਂ ਆ ਰਹੇ ਹਨ, ਜਿਨ੍ਹਾਂ ਉੱਤੇ ਰਾਖਵੇਂਕਰਨ ਦਾ ਅਣਉਚਿਤ ਹਿੱਸਾ ਹੜੱਪਣ ਦਾ ਦੋਸ਼ ਹੈ।

ਇਨ੍ਹਾਂ ਵਧੇਰੇ ਆਬਾਦੀ ਵਾਲੇ ਹਿੱਸਿਆਂ ਦੀ ਮੁੱਖ ਦਲੀਲ ਇਹ ਹੈ ਕਿ ਉੱਪ-ਵਰਗੀਕਰਨ ਦੀ ਸੰਵਿਧਾਨਕ ਤੌਰ 'ਤੇ ਇਜਾਜ਼ਤ ਨਹੀਂ ਹੈ। ਹਾਲਾਂਕਿ ਉਹ ਤਕਨੀਕੀ ਤੌਰ 'ਤੇ ਸਹੀ ਹਨ (ਸੁਪਰੀਮ ਕੋਰਟ ਦੀ ਉਲਟ ਰਾਏ ਦੇ ਬਾਵਜੂਦ), ਜਦੋਂ ਕਿ ਹੱਥਲੇ ਮੁੱਦੇ ਦੇ ਸੰਬੰਧ ਵਿਚ ਇਹ ਲੰਗੜੀ ਦਲੀਲ ਹੈ।

ਫ਼ੈਸਲੇ ਦੇ ਨਾਲ-ਨਾਲ ਵਿਚਾਰ-ਚਰਚਾਵਾਂ ਜਾਤੀ ਦੀ ਅਤੇ ਰਾਖਵੇਂਕਰਨ ਦੀ ਸਮਝ ਦੀ ਘਾਟ ਨੂੰ ਦਰਸਾਉਂਦੀਆਂ ਹਨ ਅਤੇ ਇਸ ਮੁੱਦੇ ਦੇ ਦੁਆਲੇ ਘੁੰਮਦੀਆਂ ਹਨ।

### ਰਾਜਨੀਤਕ ਗੱਠਜੋੜ

ਰਾਖਵਾਂਕਰਨ ਆਪਣੇ ਸ਼ੁਰੂਆਤੀ ਰੂਪ 'ਚ ਵੀ ਇਕ ਜ਼ਾਹਰਾ ਰਾਜਨੀਤਕ ਉਦੇਸ਼ ਸੀ, ਜਦੋਂ ਕੋਲਹਾਪੁਰ ਦੇ ਸਾਹੂ ਮਹਾਰਾਜ ਨੇ 1902 ਵਿਚ ਇਸ ਨੂੰ ਲਿਆਂਦਾ ਸੀ।

ਉਨ੍ਹਾ ਮੰਨਿਆ ਕਿ ਬ੍ਰਾਹਮਣਾਂ ਦਾ ਨਾ ਸਿਰਫ਼ ਸਮਾਜਿਕ, ਧਾਰਮਿਕ ਅਤੇ ਆਰਥਿਕ ਖੇਤਰਾਂ ਉੱਪਰ ਦਬਦਬਾ ਸੀ, ਬਲਕਿ ਉਹ ਆਪਣੇ ਮਜ਼ਬੂਤ ਗੰਢ ਚਿਤਰਾਵੇ ਰਾਹੀਂ ਰਾਜ ਪ੍ਰਸ਼ਾਸਨ ਨੂੰ ਵੀ ਮਜ਼ਬੂਤੀ ਨਾਲ ਕੰਟਰੋਲ ਕਰਦੇ ਸਨ।

ਸਾਹੂ ਮਹਾਰਾਜ ਨੇ ਸਮਝ ਲਿਆ ਸੀ ਕਿ ਜਦੋਂ ਤੱਕ ਉਹ ਇਸ ਬ੍ਰਾਹਮਣ ਦਬਦਬੇ ਨੂੰ ਖ਼ਤਮ ਕਰਨ ਲਈ ਕਦਮ ਨਹੀਂ ਚੁੱਕਦੇ, ਉਦੋਂ ਤੱਕ ਉਨ੍ਹਾਂ ਵੱਲੋਂ ਕਲਪਨਾ ਕੀਤੇ ਸੁਧਾਰਾਂ ਨੂੰ ਲਾਗੂ ਕਰਨਾ ਮੁਸ਼ਕਲ ਹੋਵੇਗਾ। ਇਸ ਅਹਿਸਾਸ ਨੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਗੈਰ-ਬ੍ਰਾਹਮਣਾਂ ਲਈ 50 ਪ੍ਰਤੀਸ਼ਤ ਰਾਖਵਾਂਕਰਨ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਬਾਅਦ ਵਿਚ ਲਾਗੂ ਕੀਤੀਆਂ ਰਾਖਵਾਂਕਰਨ ਨੀਤੀਆਂ 'ਚ ਵੀ ਇਸੇ ਤਰ੍ਹਾਂ ਦੇ ਉਦੇਸ਼ ਦੇਖੇ ਜਾ ਸਕਦੇ ਹਨ।

ਰਾਖਵੇਂਕਰਨ ਦੇ ਮੌਜੂਦਾ ਰੂਪ ਦੀ ਉਤਪਤੀ ਦਲਿਤਾਂ (ਐੱਸ ਸੀ) ਵੱਲੋਂ ਅੰਗਰੇਜ਼ਾਂ ਦੀ ਅਗਵਾਈ ਹੇਠ ਸੁਧਾਰਾਂ ਦੌਰਾਨ ਬਸਤੀਵਾਦੀ ਸੱਤਾ ਢਾਂਚੇ ਵਿਚ ਢੁਕਵੀਂ ਨੁਮਾਇੰਦਗੀ ਦੀ ਮੰਗ ਵਿਚ ਨਿਹਿਤ ਹੈ, ਜਿਸ ਦਾ ਉਦੇਸ਼ ਸਥਾਨਕ ਨਿਵਾਸੀਆਂ ਨੂੰ ਸੱਤਾ ਸੌਂਪਣਾ ਸੀ।

ਡਾ. ਬੀ.ਆਰ. ਅੰਬੇਡਕਰ, ਜੋ ਦਲਿਤ ਅਧਿਕਾਰਾਂ ਦੇ ਜ਼ੋਰਦਾਰ ਹਮਾਇਤੀ ਸਨ, ਨੇ ਗੋਲਮੇਜ ਕਾਨਫਰੰਸਾਂ ਦੌਰਾਨ ਇਸ ਮੰਗ ਨੂੰ ਅੱਗੇ ਵਧਾਇਆ ਅਤੇ ਰੈਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਰਾਹੀਂ ਇਹ ਹਾਸਲ ਕੀਤੀ।

ਇਸ ਐਵਾਰਡ ਨੇ ਅਛੂਤਾਂ ਦੀਆਂ ਖ਼ਾਸ ਸਥਿਤੀਆਂ ਅਤੇ ਵੱਖ-ਵੱਖ ਚੋਣ ਹਲਕਿਆਂ ਅਤੇ ਰਾਖਵੀਂਆਂ ਸੀਟਾਂ ਵਰਗੇ ਖ਼ਾਸ ਉਪਾਵਾਂ ਦੀ ਜ਼ਰੂਰਤ ਨੂੰ ਸਪੱਸ਼ਟ ਤੌਰ 'ਤੇ ਮਾਨਤਾ ਦਿੱਤੀ। ਇਸ ਨੇ ਸਰਕਾਰ ਦੁਆਰਾ ਕੀਤੇ ਗਏ ਇੱਕ ਭਰਵੇਂ ਸਰਵੇਖਣ ਦੇ ਅਧਾਰ 'ਤੇ ਛੂਆਛਾਤ ਤੋਂ ਪੀੜਤ ਲੋਕਾਂ ਨੂੰ ਲੈ ਕੇ 'ਅਨੁਸੂਚਿਤ ਜਾਤੀਆਂ' ਦੀ ਇਕ ਪ੍ਰਸ਼ਾਸਨਿਕ ਸ਼੍ਰੇਣੀ ਬਣਾਈ।

ਅੰਗਰੇਜ਼ਾਂ ਨੂੰ ਕੀ ਪਤਾ ਸੀ ਕਿ ਵਿਧਾਨਕ ਸੰਸਥਾਵਾਂ ਵਿਚ ਅਛੂਤ ਜਾਤੀਆਂ ਨੂੰ ਦਿੱਤੇ ਗਏ ਰਾਖਵੇਂਕਰਨ ਨੂੰ ਲਾਗੂ ਕਰਨ ਦੇ ਉਦੇਸ਼ ਨਾਲ ਬਣਾਈ ਗਈ 'ਅਨੁਸੂਚਿਤ ਜਾਤੀਆਂ' ਦੀ ਇਹ ਸ਼੍ਰੇਣੀ, ਧਾਰਮਿਕ ਸੰਸਕਾਰੀ ਪਛਾਣ ਵਾਲੀਆਂ ਸੈਂਕੜੇ ਜਾਤੀਆਂ ਨੂੰ ਮਿਲਾ ਕੇ ਇਕ ਪ੍ਰਸ਼ਾਸਨਿਕ ਜਾਤੀ ਬਣ ਸਕਦੀ ਸੀ।

ਇਸ ਨੇ ਧਰਮ-ਨਿਰਧਾਰਤ ਹਿੰਦੂ ਜਾਤੀ ਪ੍ਰਣਾਲੀ ਤੋਂ ਇਸ ਦਾ ਸਭ ਤੋਂ ਹੇਠਲਾ ਦਰਜਾ ਖੋਹ ਲਿਆ, ਜਿਸ ਨਾਲ ਇਸ ਦਾ ਢਾਂਚਾ ਬਣਿਆ ਹੋਇਆ ਸੀ ਅਤੇ ਇਸ ਤਰ੍ਹਾਂ ਸੰਭਾਵਤ ਤੌਰ 'ਤੇ ਜਾਤੀ ਪ੍ਰਣਾਲੀ ਨੂੰ ਢਾਹੁਣ ਦਾ ਰਾਹ ਪੱਧਰਾ ਕੀਤਾ।

ਜਦੋਂ ਸੰਵਿਧਾਨ ਸਭਾ ਨੇ ਸਰਬਸੰਮਤੀ ਨਾਲ ਛੂਆਛੂਤ ਨੂੰ ਖ਼ਤਮ ਕਰਨ ਦਾ ਸੰਕਲਪ ਲਿਆ, ਤਾਂ ਇਹ ਦਲਿਤਾਂ ਦੇ ਰਾਖਵੇਂਕਰਨ ਨੂੰ ਪ੍ਰਭਾਵਤ ਕੀਤੇ ਬਿਨਾਂ ਜਾਤੀਆਂ ਨੂੰ ਵੀ ਖ਼ਤਮ ਕਰ ਸਕਦੀ ਸੀ।

ਆਖ਼ਿਰਕਾਰ, ਜਾਤੀਆਂ ਦੇ ਖ਼ਾਤਮੇ ਤੋਂ ਬਿਨਾਂ ਛੂਆਛੂਤ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਸੀ, ਪਰ ਜਾਤੀਆਂ ਨੂੰ




ਰਾਖਵੇਂਕਰਨ ਦੇ ਬਹਾਨੇ ਬਿਨਾਂ ਛੂਹੇ ਛੱਡ ਦਿੱਤਾ ਗਿਆ ਸੀ। ਅਸਲੀ ਇਰਾਦਾ ਜਨਤਾ ਨੂੰ ਠੱਗਣ ਲਈ ਜਾਤੀਆਂ ਨੂੰ ਸੰਭਾਵਿਤ ਸੰਦਾਂ ਵਜੋਂ ਸੁਰੱਖਿਅਤ ਰੱਖਣਾ ਸੀ।

ਗੁੱਝੇ ਇਰਾਦੇ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਅਤੇ ਅੱਜ ਵੀ ਅਜਿਹਾ ਹੀ ਹੈ। ਇਸ ਲਈ ਆਜ਼ਾਦ ਭਾਰਤ ਵਿਚ 'ਅਨੁਸੂਚਿਤ ਜਾਤੀਆਂ' ਦੇ ਨਾਲ-ਨਾਲ ਰਾਖਵੇਂਕਰਨ ਵਿਚ ਆਈਆਂ ਤਬਦੀਲੀਆਂ ਵੱਲ ਵੀ ਕਿਸੇ ਦਾ ਧਿਆਨ ਨਹੀਂ ਗਿਆ।

ਇਨ੍ਹਾਂ ਬੁਨਿਆਦੀ ਚੀਜ਼ਾਂ ਨੂੰ ਸਮਝੇ ਬਿਨਾਂ ਇਹ ਸਮਝ ਨਹੀਂ ਆ ਸਕਦਾ ਕਿ ਅੱਜ ਜਾਤੀਆਂ ਜਾਂ ਰਾਖਵੇਂਕਰਨ ਨਾਲ ਕੀ ਵਾਪਰ ਰਿਹਾ ਹੈ।

### ਸਮਕਾਲੀ ਰਾਖਵਾਂਕਰਨ

ਸ਼ੁਰੂ 'ਚ ਵਿਧਾਨਕ ਸੰਸਥਾਵਾਂ ਵਿਚ ਰਾਜਨੀਤਕ ਨੁਮਾਇੰਦਗੀ ਲਈ ਰਾਖਵਾਂਕਰਨ ਦੀ ਮੰਗ ਕੀਤੀ ਗਈ ਸੀ ਅਤੇ ਇਹ ਮੰਨੀ ਗਈ ਸੀ ਅਤੇ ਬਾਅਦ ਵਿਚ ਨੁਮਾਇੰਦਗੀ ਦੇ ਉਸੇ ਤਰਕ ਦੀ ਵਰਤੋਂ ਕਰਦਿਆਂ ਇਸ ਨੂੰ ਨੌਕਰਸ਼ਾਹੀ ਤੱਕ ਵਧਾਇਆ ਗਿਆ ਸੀ। ਡਾ. ਬੀ.ਆਰ. ਅੰਬੇਡਕਰ, ਜਿਸ ਨੇ ਸਾਬਕਾ ਅਛੂਤਾਂ ਲਈ ਰਾਖਵਾਂਕਰਨ ਹਾਸਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦਲਿਤ ਜਨਤਾ ਦੇ ਹਿੱਤਾਂ ਦੀ ਰਾਖੀ ਲਈ ਉਨ੍ਹਾਂ ਦਾ ਨੌਕਰਸ਼ਾਹੀ ਵਿਚ ਮਹੱਤਵਪੂਰਨ ਅਹੁਦਿਆਂ 'ਤੇ ਹੋਣਾ ਜ਼ਰੂਰੀ ਹੈ।

ਇਸ ਲਈ ਅੰਬੇਡਕਰ ਨੇ ਉਨ੍ਹਾਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਕਿਹਾ ਤਾਂ ਜੋ ਉਹ ਸਰਕਾਰੀ ਸੇਵਾ ਵਿਚ ਆ ਸਕਣ। ਰਾਖਵਾਂਕਰਨ ਦਾ ਉਦੇਸ਼ ਨੌਕਰਸ਼ਾਹੀ ਅੰਦਰਲੇ ਮਜ਼ਬੂਤ ਵਰਗਾਂ (ਯਾਨੀ ਜਾਤੀਆਂ) ਵਿਚ ਦਲਿਤਾਂ ਵਿਰੁੱਧ ਪ੍ਰਚਲਤ ਸਮਾਜਿਕ ਪੱਖਪਾਤ ਦਾ ਮੁਕਾਬਲਾ ਕਰਨਾ ਸੀ, ਜੋ ਉਂਝ ਕਾਨੂੰਨੀ ਮਜਬੂਰੀ ਤੋਂ ਬਿਨਾਂ ਕਿਸੇ ਦਲਿਤ ਦੀ ਭਰਤੀ ਨਹੀਂ ਹੋਣ ਦੇਣਗੇ।

ਇਸ ਤਰ੍ਹਾਂ ਰਾਖਵਾਂਕਰਨ ਦੀ ਕਲਪਨਾ ਰਾਜ ਦੁਆਰਾ ਸਮਾਜਿਕ ਪੱਖਪਾਤ ਦੇ ਵਿਰੁੱਧ ਇਕ ਵਿਰੋਧੀ ਸ਼ਕਤੀ ਵਜੋਂ ਕੀਤੀ ਗਈ ਸੀ। ਸ਼ੁਰੂ 'ਚ ਜਨਤਕ ਰੋਜ਼ਗਾਰ ਵਿਚ ਰਾਖਵਾਂਕਰਨ ਇਕ ਤਰਜੀਹੀ ਪ੍ਰਣਾਲੀ ਦੇ ਰੂਪ ਵਿਚ ਲਾਗੂ ਕੀਤਾ ਗਿਆ ਸੀ, ਕਿਉਂਕਿ ਕੋਟੇ ਨੂੰ ਜਾਇਜ਼ ਠਹਿਰਾਉਣ ਲਈ ਪੜ੍ਹੇ-ਲਿਖੇ ਦਲਿਤ ਕਾਫ਼ੀ ਨਹੀਂ ਸਨ।

ਬਸਤੀਵਾਦੀ ਸਰਕਾਰ ਯੋਗ ਦਲਿਤਾਂ ਦੀ ਭਰਤੀ ਨੂੰ ਤਰਜੀਹ ਦੇਣਾ ਮੰਨ ਗਈ। ਹਾਲਾਂਕਿ ਜਦੋਂ ਅੰਬੇਡਕਰ ਵਾਇਸਰਾਏ ਦੀ ਕਾਰਜਕਾਰੀ ਕੌਂਸਲ ਦੇ ਮੈਂਬਰ ਬਣੇ, ਤਾਂ ਉਨ੍ਹਾਂ ਨੇ ਐਡਹਾਕ ਤਰਜੀਹੀ ਪ੍ਰਣਾਲੀ ਨੂੰ ਬਦਲਣ ਲਈ ਕੋਟਾ ਪ੍ਰਣਾਲੀ 'ਤੇ ਜ਼ੋਰ ਦਿੱਤਾ, ਜਿਸ ਕਾਰਨ 1943 ਵਿਚ ਦਲਿਤਾਂ ਲਈ 8.33 ਪ੍ਰਤੀਸ਼ਤ ਰਾਖਵਾਂਕਰਨ ਦੀ ਸ਼ੁਰੂਆਤ ਹੋਈ।

ਆਜ਼ਾਦੀ ਤੋਂ ਬਾਅਦ ਬਸਤੀਵਾਦੀ ਰਾਖਵਾਂਕਰਨ ਪ੍ਰਣਾਲੀ ਅਪਣਾਈ ਗਈ ਅਤੇ ਇਸੇ ਤਰ੍ਹਾਂ ਦੀ ਅਨੁਸੂਚੀ ਬਣਾ ਕੇ ਅਨੁਸੂਚਿਤ ਜਨਜਾਤੀਆਂ/ਕਬੀਲਿਆਂ ਤੱਕ ਇਸ ਦਾ ਵਿਸਤਾਰ ਕੀਤਾ ਗਿਆ। ਹਾਲਾਂਕਿ ਬਸਤੀਵਾਦੀ ਕਾਲ ਦੌਰਾਨ ਅਨੁਸੂਚਿਤ ਜਾਤੀਆਂ ਲਈ ਸਥਿਰ ਅਨੁਸੂਚੀ ਦੇ ਉਲਟ, ਜਿਸ ਵਿਚ ਤਬਦੀਲੀ ਦੀ ਕੋਈ ਵਿਵਸਥਾ ਨਹੀਂ ਸੀ, ਨਵੀਂਆਂ ਅਨੁਸੂਚੀਆਂ ਨੇ ਰਾਸ਼ਟਰਪਤੀ ਨੂੰ ਉਨ੍ਹਾਂ ਦੀਆਂ ਸੰਬੰਧਤ ਸੂਚੀਆਂ ਵਿੱਚੋਂ ਜਾਤੀਆਂ ਅਤੇ ਕਬੀਲਿਆਂ ਨੂੰ ਜੋੜਨ ਜਾਂ ਹਟਾਉਣ ਦੀ ਆਗਿਆ ਦੇ ਦਿੱਤੀ। ਇਸ ਤਬਦੀਲੀ ਨੇ ਹੇਰਾਫੇਰੀ ਲਈ ਰਾਜਨੀਤਿਕ ਜਗ੍ਹਾ ਖੋਲ੍ਹ ਦਿੱਤੀ, ਇਹ ਸਮਾਜਿਕ ਨਿਆਂ ਦੀ ਆੜ ਵਿਚ ਜਾਤੀ ਅਤੇ ਕਬਾਇਲੀ ਪਛਾਣਾਂ ਨੂੰ ਸੁਰੱਖਿਅਤ ਰੱਖਣ ਵੱਲ ਇਕ ਤਬਦੀਲੀ ਨੂੰ ਦਰਸਾਉਂਦਾ ਹੈ।

ਅਨੁਸੂਚਿਤ ਜਨਜਾਤੀਆਂ ਲਈ ਰਾਖਵਾਂਕਰਨ ਦਾ ਵਿਸਤਾਰ ਚੁਣੌਤੀਆਂ ਭਰਿਆ ਸੀ, ਕਿਉਂਕਿ ਅਨੁਸੂਚਿਤ ਜਨਜਾਤੀਆਂ ਲਈ ਛੂਆਛੂਤ ਦੇ ਸਪੱਸ਼ਟ ਮਾਪਦੰਡ ਦੇ ਉਲਟ, ਸੂਚੀ 'ਚ ਸ਼ਾਮਲ ਕਰਨ ਜਾਂ ਹਟਾਉਣ ਲਈ ਕਬੀਲਿਆਂ ਦੀ ਪਛਾਣ ਕਰਨ ਲਈ ਕੋਈ ਪੱਕਾ ਮਾਪਦੰਡ ਨਹੀਂ ਸੀ।

ਐੱਸ ਟੀ ਦੇ ਕਿਸੇ ਮੈਂਬਰ ਨੂੰ ਰਾਖਵੇਂਕਰਨ ਵਿਚ ਸ਼ਾਮਲ ਕਰਨ ਜਾਂ ਬਾਹਰ ਰੱਖਣ ਦੇ ਮਾਪਦੰਡਾਂ ਵਿਚ ਅਸਪੱਸ਼ਟਤਾ ਨੇ ਅਖ਼ੀਰ ਵਿਚ ਰਾਖਵੇਂਕਰਨ ਦੀ ਮੂਲ ਧਾਰਨਾ ਨੂੰ ਕਮਜ਼ੋਰ ਕਰ ਦਿੱਤਾ।

ਹਾਲਾਂਕਿ ਇਨ੍ਹਾਂ ਸਮਾਜਿਕ ਤੌਰ 'ਤੇ ਬਾਹਰ ਰੱਖੇ ਗਏ ਸਮੂਹਾਂ ਲਈ ਰਾਜ ਦੀ ਹਮਾਇਤ ਜ਼ਰੂਰੀ ਸੀ, ਪਰ ਰਾਖਵਾਂਕਰਨ ਇਸ ਨੂੰ ਮੁਹੱਈਆ ਕਰਨ ਦਾ ਇੱਕੋ-ਇਕ ਸਾਧਨ ਨਹੀਂ ਸੀ। ਐੱਸ ਸੀ ਵਾਂਗ ਐੱਸ ਟੀ ਲਈ ਰਾਖਵੇਂਕਰਨ ਦੇ ਵਿਸਤਾਰ ਨੇ ਸੰਭਾਵਤ ਤੌਰ 'ਤੇ ਇਕ ਯੁੱਧਨੀਤਕ ਉਦੇਸ਼ ਦੀ ਪੂਰਤੀ ਕੀਤੀ-ਰਾਖਵੇਂਕਰਨ ਦੀ ਧਾਰਨਾ ਨੂੰ ਖ਼ਾਸ ਲੋਕਾਂ ਲਈ ਇਕ ਖ਼ਾਸ ਨੀਤੀ ਵਜੋਂ ਕਮਜ਼ੋਰ ਕਰਨਾ।

ਜੇ ਕਬਾਇਲੀ ਲੋਕਾਂ ਨੂੰ ਰਾਖਵਾਂਕਰਨ ਦੇਣ ਦਾ ਟੀਚਾ ਸਮਾਜਿਕ ਪੱਖਪਾਤ ਨੂੰ ਦੂਰ ਕਰਨਾ ਸੀ, ਤਾਂ ਉਨ੍ਹਾਂ ਨੂੰ ਰਾਖਵਾਂਕਰਨ ਵਿਚ ਇਸੇ ਅਨੁਸਾਰੀ ਵਾਧੇ ਨਾਲ ਅਨੁਸੂਚਿਤ ਜਾਤੀਆਂ ਦੇ ਰੂਪ ਵਿਚ ਉਸੇ ਅਨੁਸੂਚੀ ਵਿਚ ਏਕੀਕ੍ਰਿਤ ਕੀਤਾ ਜਾ ਸਕਦਾ ਸੀ। ਇਸ ਪਹੁੰਚ ਨੇ ਐੱਸ ਸੀ ਨਾਲ ਜੁੜੇ ਜਾਤੀ ਕਲੰਕ ਨੂੰ ਕਮਜ਼ੋਰ ਕਰ ਦੇਣਾ ਸੀ, ਕਿਉਂਕਿ ਐੱਸ ਟੀ ਅਛੂਤ ਨਹੀਂ ਸਨ।

ਆਖ਼ਿਰਕਾਰ, ਇਹ ਅਨੁਸੂਚੀਆਂ ਛੇਕੇ ਹੋਣ ਦੀ ਬੁਨਿਆਦੀ ਮਾਨਤਾ ਉੱਪਰ ਬਣਾਈਆਂ ਗਈਆਂ ਸਨ। ਐੱਸ ਸੀ ਅਤੇ ਐੱਸ ਟੀ ਦਰਮਿਆਨ ਵਿਦਿਅਕ ਅਤੇ ਸਮਾਜਿਕ ਰੁਤਬੇ ਵਿਚ ਅੰਤਰ ਦੇ ਅਧਾਰ 'ਤੇ ਇਕ ਏਕੀਕ੍ਰਿਤ ਅਨੁਸੂਚੀ ਦੇ ਵਿਰੁੱਧ ਦਲੀਲਾਂ ਦੋਹਾਂ ਸਮੂਹਾਂ ਉੱਪਰ ਬਰਾਬਰ ਲਾਗੂ ਹੁੰਦੀਆਂ ਹਨ। ਸਮਾਜਿਕ ਬੇਦਖ਼ਲੀ ਤੋਂ ਸਿਵਾਏ, ਕਿਸੇ ਵੀ ਲਿਹਾਜ਼ ਨਾਲ ਨਾ ਐੱਸ ਸੀ ਅਨੁਸੂਚੀ ਇਕੋ ਜਿਹੀ ਹੈ ਅਤੇ ਨਾ ਹੀ ਐੱਸ ਟੀ।

ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ ਇਨ੍ਹਾਂ ਸ਼੍ਰੇਣੀਆਂ ਲਈ ਰਾਖਵਾਂਕਰਨ ਦਾ ਇੱਕੋ-ਇਕ ਮਾਪਦੰਡ ਸਾਬਕਾ ਅਛੂਤ ਜਾਂ ਕਬੀਲਿਆਂ ਵਜੋਂ ਉਨ੍ਹਾਂ ਦੀ ਸਮਾਜਿਕ ਪਛਾਣ ਸੀ, ਜਿਸ ਨੇ ਉਨ੍ਹਾਂ ਨੂੰ ਮੁੱਖ ਧਾਰਾ ਤੋਂ ਬਾਹਰ ਕਰ ਦਿੱਤਾ ਸੀ।

ਇਨ੍ਹਾਂ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਇੱਕੋ-ਇਕ ਅੰਤਰ ਨਿਹਿਤ ਸ਼ਰਤ ਇਸ ਗੱਲ ਦਾ ਵਾਜਬ ਸਬੂਤ ਸੀ ਕਿ ਉਹ ਹੁਣ ਆਪਣੀ ਪਛਾਣ ਦੇ ਕਾਰਨ ਸਮਾਜਿਕ ਪੱਖਪਾਤ ਤੋਂ ਪੀੜਤ ਨਹੀਂ ਸਨ ਜਾਂ ਕਿ ਇਨ੍ਹਾਂ ਪਛਾਣਾਂ ਨੇ ਆਪਣੀ ਸਮਾਜਿਕ ਪ੍ਰਮੁੱਖਤਾ ਗੁਆ ਦਿੱਤੀ ਸੀ। ਪੱਛੜੀਆਂ ਸ਼੍ਰੇਣੀਆਂ (ਡਾ. ਅੰਬੇਡਕਰ ਅਨੁਸਾਰ ਜਿਨ੍ਹਾਂ ਨੂੰ ਜਾਤੀਆਂ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ) ਤੱਕ ਰਾਖਵਾਂਕਰਨ ਦਾ ਹੋਰ ਵਿਸਤਾਰ,



ਰਾਖਵਾਂਕਰਨ ਦੇ ਜਾਤੀਕਰਨ, ਰਾਜਨੀਤੀਕਰਨ ਅਤੇ ਇਸ ਨੂੰ ਹਥਿਆਰ ਬਣਾਏ ਜਾਣ ਵੱਲ ਸਿਰੇ ਦਾ ਕਦਮ ਸੀ।

ਇਨ੍ਹਾਂ ਜਾਤੀਆਂ ਦੀ ਪਛਾਣ ਕਰਨ ਲਈ 'ਸਮਾਜਿਕ ਅਤੇ ਵਿਦਿਅਕ ਪੱਛੜੇਪਣ' ਦਾ ਮਾਪਦੰਡ ਦਰਜੇਬੰਦੀ ਵਾਲੀ ਜਾਤੀ ਪ੍ਰਣਾਲੀ ਅਤੇ ਮੁਲਕ ਦੇ ਸਮੁੱਚੇ ਵਿਦਿਅਕ ਪੱਛੜੇਪਣ ਦੇ ਪ੍ਰਸੰਗ 'ਚ ਨੁਕਸਦਾਰ ਸੀ। ਪੱਛੜੇਪਣ ਪ੍ਰਤੀ ਇਸ ਜਾਤੀ-ਕੇਂਦਰਿਤ ਪਹੁੰਚ ਦਾ ਨਤੀਜਾ ਲਾਜ਼ਮੀ ਤੌਰ 'ਤੇ ਸਾਰੇ ਭਾਈਚਾਰਿਆਂ ਦੁਆਰਾ ਮੁਕਾਬਲੇਬਾਜ਼ ਦਾਅਵਿਆਂ 'ਚ ਨਿਕਲਿਆ, ਜਿਸ ਦੇ ਨਤੀਜੇ ਵਜੋਂ ਸਮਾਜ ਦਾ ਜਾਤੀਕਰਨ ਹੋਇਆ-ਇਕ ਅਜਿਹੀ ਸਥਿਤੀ ਜਿਸ ਦਾ ਸਾਹਮਣਾ ਅਸੀਂ ਅੱਜ ਕਰ ਰਹੇ ਹਾਂ।

ਹਾਲਾਂਕਿ ਮੈਂ ਕਮਜ਼ੋਰ ਭਾਈਚਾਰਿਆਂ ਲਈ ਰਾਜ ਦੀ ਮਦਦ ਦੇ ਖ਼ਿਲਾਫ਼ ਨਹੀਂ ਹਾਂ ਜਾਂ ਇਸ ਤੋਂ ਇਨਕਾਰ ਨਹੀਂ ਕਰਦਾ ਕਿ ਪੱਛੜੀਆਂ ਸ਼੍ਰੇਣੀਆਂ ਸਹਾਇਤਾ ਦੀਆਂ ਹੱਕਦਾਰ ਹਨ, ਪੱਛੜਿਆਪਣ ਰਾਖਵੇਂਕਰਨ ਵਰਗੇ ਅਸਧਾਰਨ ਉਪਾਵਾਂ ਨੂੰ ਜਾਇਜ਼ ਨਹੀਂ ਠਹਿਰਾ ਸਕਦਾ।

ਰਾਖਵਾਂਕਰਨ ਇਕ ਗੁੰਝਲਦਾਰ, ਬਹੁ-ਧਾਰੀ ਸੰਦ ਹੈ, ਜਿਸ ਨੂੰ ਲਾਗੂ ਕਰਨ ਵਿਚ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਹੈ। ਇਹ ਕਦੇ ਵੀ ਸਮਾਜਿਕ ਨਿਆਂ ਪ੍ਰਾਪਤ ਕਰਨ ਦਾ ਇੱਕੋ-ਇਕ ਸਾਧਨ ਨਹੀਂ ਸੀ। ਹਾਂ-ਪੱਖੀ ਸਮਾਜਿਕ ਨਿਆਂ ਸਿਰਫ਼ ਵਿਆਪਕ ਨਿਆਂ ਦੇ ਵਾਤਾਵਰਣ ਵਿਚ ਮੌਜੂਦ ਹੋ ਸਕਦਾ ਹੈ, ਜਿਸ ਨੂੰ ਸਸ਼ਕਤੀਕਰਨ ਦੇ ਮੁੱਖ ਤੱਤਾਂ ਸਿਹਤ ਸੰਭਾਲ, ਸਿੱਖਿਆ ਅਤੇ ਜ਼ਮੀਨੀ ਸੁਧਾਰਾਂ ਨੂੰ ਸਰਵਵਿਆਪਕ ਬਣਾ ਕੇ ਪੈਦਾ ਕੀਤਾ ਜਾ ਸਕਦਾ ਹੈ-ਉਹ ਖੇਤਰ ਜਿਨ੍ਹਾਂ ਨੂੰ ਸਰਕਾਰਾਂ ਇਨ੍ਹਾਂ ਸਾਰੇ ਸਾਲਾਂ ਵਿਚ ਲਗਾਤਾਰ ਨਜ਼ਰਅੰਦਾਜ਼ ਕਰਦੀਆਂ ਰਹੀਆਂ ਹਨ।

ਇਨ੍ਹਾਂ ਜ਼ਰੂਰੀ ਚੀਜ਼ਾਂ ਤੱਕ ਸਰਵ-ਵਿਆਪਕ ਰਸਾਈ ਹਾਸਲ ਕਰਨ ਤੋਂ ਬਾਅਦ ਹੀ ਸਸ਼ਕਤੀਕਰਨ ਦੀਆਂ ਖ਼ਾਸ ਰੁਕਾਵਟਾਂ ਨੂੰ ਦੂਰ ਕਰਨ ਲਈ ਸਮਾਜਿਕ ਨਿਆਂ ਦੇ ਹੋਰ ਉਪਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਜੇਕਰ ਸਰਕਾਰ ਨੇ ਈਮਾਨਦਾਰੀ ਨਾਲ ਇਨ੍ਹਾਂ ਬੁਨਿਆਦੀ ਜ਼ਰੂਰਤਾਂ ਨੂੰ ਸਰਬਵਿਆਪੀ ਬਣਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਰਾਖਵਾਂਕਰਨ ਦੀ ਜ਼ਰੂਰਤ, ਇੱਥੋਂ ਤੱਕ ਕਿ ਅਨੁਸੂਚਿਤ ਜਾਤੀਆਂ ਲਈ ਵੀ ਖ਼ਤਮ ਹੋ ਸਕਦੀ ਸੀ। ਸਾਰੇ ਉੱਨਤ ਮੁਲਕਾਂ ਨੇ ਜ਼ਮੀਨੀ ਸੁਧਾਰਾਂ, ਮਜ਼ਬੂਤ ਜਨਤਕ ਸਿਹਤ ਸੰਭਾਲ ਪ੍ਰਣਾਲੀਆਂ ਅਤੇ ਮੁਫ਼ਤ, ਉੱਚ-ਗੁਣਵੱਤਾ ਵਾਲੀ ਸਰਵਵਿਆਪਕ ਸਿੱਖਿਆ ਰਾਹੀਂ ਆਪਣੀ ਆਬਾਦੀ ਨੂੰ ਸਸ਼ਕਤ ਬਣਾ ਕੇ ਤਰੱਕੀ ਕੀਤੀ ਹੈ।

ਇਸ ਸਾਬਤ ਹੋ ਚੁੱਕੇ ਰਸਤੇ ਉੱਪਰ ਚੱਲਣ ਦੀ ਬਜਾਏ ਸਰਕਾਰਾਂ ਨੇ ਜਾਣਬੁੱਝ ਕੇ ਅਜਿਹੇ ਤਰੀਕੇ ਚੁਣੇ ਹਨ, ਜੋ ਜਾਤੀ ਅਤੇ ਫਿਰਕੂ ਪਛਾਣਾਂ ਨੂੰ ਬਣਾਈ ਰੱਖਦੇ ਹਨ, ਸਮਾਜਿਕ ਨਿਆਂ ਦੀ ਆੜ ਵਿਚ ਉਨ੍ਹਾਂ ਨੂੰ ਇਕ-ਦੂਜੇ ਦੇ ਵਿਰੁੱਧ ਖੜ੍ਹਾ ਕਰਦੇ ਹਨ।

ਰਾਖਵਾਂਕਰਨ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਲਈ ਸਮਾਜ ਦੀ ਅਪੰਗਤਾ ਵਿਰੁੱਧ ਰਾਜ ਦੁਆਰਾ ਇਕ ਜਵਾਬੀ ਉਪਾਅ ਹੈ। ਇਕ ਵਾਰ ਜਦੋਂ ਸਮਾਜ ਆਪਣੀ ਅਪੰਗਤਾ ਉੱਪਰ ਕਾਬੂ ਪਾ ਲਵੇਗਾ ਤਾਂ ਇਹ ਉਪਾਅ ਨਹੀਂ ਰਹੇਗਾ।

ਇਸ ਤਰ੍ਹਾਂ ਦੇ ਸਪੱਸ਼ਟ ਅਧਾਰ ਨੇ ਅਨੁਸੂਚਿਤ ਜਾਤੀਆਂ ਦਾ ਧਿਆਨ ਸਮਾਜ ਦੀ ਅਪੰਗਤਾ ਵੱਲ ਕਰ ਦੇਣਾ ਸੀ, ਜਿਸ ਦੀਆਂ ਜੜ੍ਹਾਂ ਇਸ ਦੀ ਜਾਤੀ ਚੇਤਨਾ ਵਿਚ ਸਨ। ਇਸ ਪਹੁੰਚ ਨੇ ਜਾਤੀ ਅਧਾਰਤ ਵਿਤਕਰੇ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਸਹੀ ਢੰਗ ਨਾਲ ਸਮਾਜ ਉੱਪਰ ਪਾ ਦੇਣੀ ਸੀ, ਜਿਸ ਨਾਲ ਰਾਖਵਾਂਕਰਨ ਦੀ ਪ੍ਰਚੱਲਤ ਧਾਰਨਾ ਉਲਟ ਹੋ ਜਾਣੀ ਸੀ।

ਰਾਖਵੇਂਕਰਨ ਨੂੰ ਖ਼ਤਮ ਕਰਨ ਲਈ ਅਜਿਹੇ ਸਪੱਸ਼ਟ ਅਧਾਰ ਦੀ ਅਣਹੋਂਦ ਵਿਚ ਜਦੋਂ ਸਮਾਜ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੰਦਾ ਹੈ ਤਾਂ ਅਨੁਸੂਚਿਤ ਜਾਤੀਆਂ ਨੂੰ ਸਮਾਜ ਦੇ ਸਰੋਤਾਂ ਤੋਂ ਨਹੱਕ ਲਾਭ ਲੈਣ ਵਾਲੇ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਰਾਖਵੇਂਕਰਨ ਨੇ ਦਲਿਤਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ, ਜਿਨ੍ਹਾਂ ਨੂੰ ਜਾਤੀ ਵਿਤਕਰੇ ਦਾ ਸਾਹਮਣਾ ਕਰਨ ਤੋਂ ਇਲਾਵਾ ਸਮਾਜਿਕ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਜੇਕਰ ਨੀਤੀ ਨੂੰ ਸਹੀ ਢੰਗ ਨਾਲ ਤਿਆਰ ਕੀਤਾ ਜਾਂਦਾ ਅਤੇ ਅਸਰਦਾਰ ਢੰਗ ਨਾਲ ਇਸ ਦਾ ਸੰਚਾਰ ਕੀਤਾ ਜਾਂਦਾ ਤਾਂ ਅਨੁਸੂਚਿਤ ਜਾਤੀਆਂ ਵਿਰੁੱਧ ਇਹ ਸਮਾਜਿਕ ਨਾਰਾਜ਼ਗੀ ਸਮਾਜਿਕ ਅਪੰਗਤਾ ਦੀ ਪ੍ਰਵਾਨਗੀ ਬਣ ਜਾਣੀ ਸੀ-ਸ਼ਿਕਾਇਤ ਦੀ ਬਜਾਏ ਸ਼ਰਮਿੰਦਗੀ ਦਾ ਸਰੋਤ।

ਇਸ ਦੇ ਉਲਟ ਮੌਜੂਦਾ ਨੀਤੀ ਅਨੁਸੂਚਿਤ ਜਾਤੀਆਂ ਨੂੰ ਕਿਸੇ ਅਪੰਗਤਾ ਤੋਂ ਪੀੜਤ ਦੇ ਰੂਪ 'ਚ ਦਰਸਾਉਂਦੀ ਹੈ, ਜਿਸ ਨੂੰ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਰਾਜ ਦੀ ਮਦਦ ਦੀ ਲੋੜ ਸੀ। ਇਹ ਉਨ੍ਹਾਂ ਵਿਚ ਹੀਣਤਾ ਦੀ ਭਾਵਨਾ ਪੈਦਾ ਕਰਦਾ ਹੈ, ਜਿਸ ਨਾਲ ਇਕ ਖ਼ੁਦ ਹੀ ਪੂਰੀ ਹੋ ਜਾਣ ਵਾਲੀ ਭਵਿੱਖਬਾਣੀ ਹੋ ਜਾਂਦੀ ਹੈ, ਜਿੱਥੇ ਉਨ੍ਹਾਂ ਦੀ ਕਾਰਗੁਜ਼ਾਰੀ ਊਣੀ ਰਹਿੰਦੀ ਹੈ, ਇਸ ਤਰ੍ਹਾਂ ਰਾਖਵੇਂਕਰਨ ਦੀ ਜ਼ਰੂਰਤ ਬਣੀ ਰਹਿੰਦੀ ਹੈ।

ਵਧੇਰੇ ਸੋਚ-ਵਿਚਾਰ ਕੇ ਤਿਆਰ ਕੀਤੀ ਗਈ ਨੀਤੀ ਅਨੁਸੂਚਿਤ ਜਾਤੀਆਂ ਉੱਪਰ ਇਹ ਮਨੋਵਿਗਿਆਨਕ ਬੋਝ ਪਾਏ ਜਾਣ ਤੋਂ ਬਚ ਸਕਦੀ ਸੀ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਦਾ ਹਿੱਸਾ ਬਣ ਕੇ ਰਾਖਵੇਂਕਰਨ ਦੁਆਰਾ ਲਗਾਈਆਂ ਗਈਆਂ ਸੀਮਾਵਾਂ ਨੂੰ ਪਾਰ ਕਰਨ ਲਈ ਪ੍ਰੇਰਿਤ ਕਰ ਸਕਦੀ ਸੀ।

ਅਜਿਹੀ ਨੀਤੀ ਬਹੁਤ ਸੰਭਵ ਸੀ, ਜੋ ਅਨੁਸੂਚਿਤ ਜਾਤੀਆਂ ਅਤੇ ਵਡੇਰੇ ਸਮਾਜ ਦਰਮਿਆਨ ਵਿਰੋਧੀ ਸੰਬੰਧਾਂ ਤੋਂ ਬਚ ਸਕਦੀ ਸੀ ਅਤੇ ਉਨ੍ਹਾਂ ਨੂੰ, ਜੇ ਜਾਤੀਆਂ ਨੂੰ ਨਹੀਂ ਤਾਂ ਜਾਤੀ ਪੱਖਪਾਤ ਨੂੰ ਖ਼ਤਮ ਕਰਨ ਦੀ ਦਿਸ਼ਾ ਵਿਚ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਸੀ ਅਤੇ ਇਸ ਦੁਆਰਾ ਰਾਖਵੇਂਕਰਨ ਦੀ ਜ਼ਰੂਰਤ ਨੂੰ ਜਲਦੀ ਤੋਂ ਜਲਦੀ ਖ਼ਤਮ ਕਰ ਸਕਦੀ ਸੀ।

ਅਨੁਸੂਚਿਤ ਜਾਤੀਆਂ ਨਾਲ ਸਮਾਜਿਕ ਅਨਿਆਂ ਨੂੰ ਦੂਰ ਕਰਨ ਵਾਲੀ ਰਾਖਵਾਂਕਰਨ ਨੀਤੀ ਦਾ ਖਰੜਾ ਤਿਆਰ ਕਰਨ 'ਚ ਉਕਾਈ ਅਚਾਨਕ ਨਹੀਂ ਸੀ, ਬਲਕਿ ਹਾਕਮ ਜਮਾਤਾਂ ਦੀ ਜਨਤਾ ਨੂੰ ਠੱਗਣ ਲਈ ਜਾਤੀ ਨੂੰ ਇਕ ਤਾਕਤਵਰ ਸੰਦ ਵਜੋਂ ਕਾਇਮ ਰੱਖਣ ਦੀ ਇਕ ਸੋਚੀ-ਸਮਝੀ ਨੀਤੀ ਸੀ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਵਰਤਾਰਾ

# ਹੇ ਜੰਗਲ ! ਤੂੰ ਐਵੇਂ ਨਾ ਝੂਰ, ਬੜੇ ਅਕ੍ਰਿਤਘਣ ਹਾਂ ਅਸੀਂ

ਵਿਜੇ ਬੰਬੇਲੀ

ਹੇ ਜੰਗਲ! ਅਸੀਂ ਭਾਰਤੀ ਲੋਕ ਇਤਿਹਾਸ ਤੋਂ ਸਬਕ ਨਹੀਂ ਸਿਖਦੇ। ਦਰ-ਹਕੀਕਤ ਅਸੀਂ ਇਤਿਹਾਸ ਨੂੰ ਗੂੜ੍ਹਦੇ ਨਹੀ, 'ਡੰਡੋਤ-ਬੰਦਨਾ' ਕਰਦੇ ਹਾਂ। ਸੁਣਦੇ ਹਾਂ, ਪਰ ਅਮਲ ਨਹੀਂ ਕਰਦੇ। ਪੜ੍ਹਦੇ ਹਾਂ ਤਾਂ ਮਹਿਜ਼ ਤੋਤਾ ਰਟਨ। ਯਾਦ ਕਰਦੇ ਹਾਂ, ਸਿਰਫ ਡਿਗਰੀਆਂ-ਰੁਤਬੇ ਲਈ। ਕੁਦਰਤ ਨਾਲ ਸੰਬੰਧਤ ਤਾਂ ਕਿ ਅਸੀਂ ਤਾਂ ਸਮਾਜੀ ਤੇ ਸਿਆਸੀ ਇਤਿਹਾਸ ਦੀ ਵੀ ਪੁਣ-ਛਾਣ ਨਹੀਂ ਕਰਦੇ। ਅਖੌਤੀ ਇਤਿਹਾਸ ਵੇਤਾ ਹਨ ਬਹੁਤੇ।

ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਵਿੱਚ ਬਦਲ ਗਿਆ, ਜਦ ਜੰਗਲ ਰੁਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਮਾਰੂਥਲ ਦੇ ਜਨਮ ਨਾਲ ਹੋਇਆ। ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ। ਮੈਸੋਪਟਾਮੀਆ, ਫ਼ਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆ, ਬੈਬੋਲੀਨ ਅਤੇ ਸੀਰੀਆ ਕਈ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖ਼ਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿੰਕਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ ? ਇਨ੍ਹਾਂ ਜੰਗਲਾਂ ਦੀ ਅਸਮਤ ਜੋ ਲੀਰੋ-ਲੀਰ ਕਰ ਦਿੱਤੀ ਸੀ। ਭਲਾ! ਸਾਡੇ ਆਪਣੇ ਮੋਹੰਜਾਦੜੋ ਤੇ ਹੜੱਪਾ ਵਰਗੇ ਸੱਭਿਅਕ ਖਿੱਤਿਆ ਦਾ ਕੀ ਬਣਿਆ ?

ਅਸੀਂ ਨਹੀਂ ਜਾਣਦੇ ਕਿ ਬਰਤਾਨਵੀ, ਫਰਾਂਸੀਸੀ ਅਤੇ ਡੱਚ ਸ਼ਹਿਨਸ਼ਾਹੀਆਂ ਨੇ ਆਪਣੇ ਖਿੱਤਿਆਂ ਵਿਚ ਤਾਂ ਰੇਗਿਸਤਾਨ ਨਹੀਂ ਸਨ ਬਣਨ ਦਿੱਤੇ, ਪਰ ਇਨ੍ਹਾਂ ਏਸ਼ੀਆ, ਅਫਰੀਕਾ,ਆਸਟ੍ਰੇਲੀਆ, ਨਿਊ ਜ਼ੀਲੈਂਡ ਅਤੇ ਉਤਰੀ ਅਮਰੀਕਾ ਦੀਆਂ ਨੌ-ਆਬਾਦੀਆਂ ਵਿੱਚ ਕੁਦਰਤੀ ਸੋਮਿਆਂ ਦਾ ਬੜਾ ਮਾਂਜਾ ਲਾਹਿਆ। ਕੀਨੀਆ,ਯੂਗਾਂਡਾ ਅਤੇ ਇਥੋਪੀਆ ਵਿਚ ਰੁੱਖ ਅਤੇ ਕੁਦਰਤੀ ਘਾਹ ਦੀ ਏਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਗਈ ਕਿ ਨੀਲ ਨਦੀ ਦੇ ਸਹਿਜ ਵਹਿਣ ਨੂੰ ਵੀ ਖਤਰਾ ਪੈਦਾ ਹੋ ਗਿਆ। ਕਦੇ ਦਜਲਾ ਅਤੇ ਫਰਾਤ ਜਿਹੀਆਂ ਨਦੀਆਂ ਨਾਲ ਸਿੰਜੇ ਜਾਣ ਵਾਲੇ ਇਰਾਕ ਅਤੇ ਸੀਰੀਆ, ਜੋ ਮੈਸੋਪੋਟਾਮੀਆਂ ਦੇ ਨਾਂਅ ਨਾਲ ਸਭ ਤੋਂ ਹਰੇ-ਭਰੇ ਪ੍ਰਦੇਸ ਸਨ, ਜੰਗਲਾਂ ਤੇ ਪਾਣੀ ਉਜਾੜੇ ਕਾਰਨ ਮਾਰੂਥਲ ਬਣੇ ਹੋਏ ਹਨ।

ਇਵੇਂ ਹੀ ਅਯਾਸ਼ ਬੇਸਮਝੀ ਨਾਲ ਰਾਜਪੂਤੀ ਸ਼ਹਿਨਸ਼ਾਹੀਆਂ ਥਾਰ ਵਿਚ ਖਤਮ ਹੋ ਗਈਆਂ। ਅੱਜ ਰਾਜਸਥਾਨ ਨੂੰ ਦੁਨੀਆ ਦਾ ਅਤਿ ਧੂੜ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਬੀਤੇ ਦੋ ਦਹਾਕਿਆਂ ਵਿਚ ਹੀ ਇਹ ਮਾਰੂਥਲ ਅੱਠ ਫ਼ੀਸਦੀ ਵਧ ਗਿਆ ਹੈ। ਸ਼ਹਿਨਸ਼ਾਹੀਆਂ ਨੇ ਅੱਜ ਕਾਰਪੋਰੇਟਸ (ਨਵ-ਸਾਮਰਾਜਵਾਦ) ਦਾ ਰੂਪ ਧਾਰਨ ਕਰ ਲਿਆ ਹੈ, ਜਿਹੜਾ ਹਾਕਮ ਜਮਾਤਾਂ ਦੇ ਕੰਧਾੜੇ ਚੜ੍ਹ ਸਾਡੇ-ਤੁਹਾਡੀ ਬਰੂਹੀਂ ਆ ਬੈਠਾ ਹੈ। ਸਿੱਟਾ, ਕਈ ਰਾਜਾਂ ਅਤੇ ਕਬਾਇਲੀ ਖਿੱਤਿਆਂ ਸਮੇਤ ਇਹੀ ਸਥਿਤੀ ਹੁਣ ਪੰਜਾਬ 'ਚ ਵੀ ਪੈਦਾ ਹੋ ਰਹੀ ਹੈ। ਅਜਿਹਾ ਕਿਉਂ ਵਾਪਰ ਰਿਹਾ ਹੈ, ਕਿਉਂਕਿ ਅਗਿਆਨਤਾ ਅਤੇ ਮੁਨਾਫ਼ੇ ਦੀ ਲਾਲਸਾ ਹੇਠ ਸਾਵੇਂ ਕੁਦਰਤੀ ਪ੍ਰਬੰਧ 'ਚ ਬੇ-ਕਿਰਕ ਦਖਲਅੰਦਾਜ਼ੀ ਹੋ ਰਹੀ ਹੈ। ਜੰਗਲਾਂ ਦੀ ਸੁਰੱਖਿਆ ਛਤਰੀ ਨੂੰ ਮਧੋਲ ਕੇ ਰੱਖ ਦਿੱਤਾ ਗਿਆ ਹੈ। ਸਿੱਟਾ, ਰੁੱਤਾਂ ਅਤੇ ਵਰਖਾ ਗੜਬੜਾ ਗਈ, ਪਾਣੀ ਪਤਾਲੀਂ ਜਾ ਵੜਿਆ ਹੈ। ਮਿੱਤਰ ਪੰਛੀ ਸਦੀਵੀ ਉਡਾਰੀ ਮਾਰ ਗਏ ਹਨ ਤੇ ਮਿੱਤਰ ਜੀਵ ਡੂੰਘੀ ਚੁੱਭੀ। ਪਹਿਲਾਂ ਹੀ ਘਟਦੇ ਰੁੱਖਾਂ ਕਾਰਨ ਜੀਵ-ਜੰਤੂਆਂ ਦੀਆਂ ਹਜ਼ਾਰਾਂ ਜਾਤੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇੱਕ ਮਿੱਤਰ ਜੀਵ ਜਾਂ ਬਨਸਪਤਨ ਪ੍ਰਜਾਤੀ ਦੇ ਮਰਨ ਨਾਲ ਉਸ 'ਤੇ ਨਿਰਭਰ ਜਾਂ ਉਸ ਨਾਲ ਅੰਤਰ-ਸੰਬੰਧਤ ਸੈਂਕੜੇ ਪ੍ਰਜਾਤੀਆਂ ਦੀ ਹੋਂਦ ਨੂੰ ਖ਼ਤਰਾ ਖੜਾ ਹੋ ਜਾਂਦਾ ਹੈ। ਅਸੀਂ ਪਹਿਲਾਂ ਹੀ ਬੇਸ਼ੁਮਾਰ ਨਸਲਾਂ ਗੁਆ ਚੁੱਕੇ ਹਾਂ। ਇਹੀ ਨਹੀਂ, ਸਾਡੀਆਂ ਅਤੇ ਸਿਸਟਮ ਦੀਆਂ ਹਰਕਤਾਂ ਕਾਰਨ ਤਾਪਮਾਨ ਲਗਾਤਾਰ ਵਧ ਰਿਹਾ ਹੈ। ਗਲੇਸ਼ੀਅਰ ਅਤੇ ਨਦੀਆਂ-ਚਸ਼ਮੇ ਮਰ-ਮੁੱਕ ਰਹੇ ਹਨ, ਜਲਵਾਯੂ ਪਲੀਤ ਹੋ ਗਿਆ ਹੈ। ਨਤੀਜਾ, ਮਨੁੱਖ ਹੁਣ ਖੁਦ ਮਧੋਲਿਆ ਜਾ ਰਿਹਾ ਹੈ।

ਸ਼ਾਇਦ ਤੁਸੀਂ ਨਹੀਂ ਜਾਣਦੇ, 'ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ, ਜੋ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫ਼ਤੀ ਹਿੱਸਾ ਪਾਉਂਦੀ ਹੈ। ਇਕ ਵਰਗ ਕਿਲੋਮੀਟਰ ਘਣਾ ਜੰਗਲ ਸਾਲਾਨਾ ਪੰਜਾਹ ਹਜ਼ਾਰ ਘਣਮੀਟਰ ਪਾਣੀ ਧਰਤੀ 'ਚ ਭੇਜਦਾ ਹੈ।' ਜੰਗਲ ਊਰਜਾ ਦੇ ਸਰੋਤ ਹਨ। ਇਨ੍ਹਾਂ ਕੋਲੋਂ ਅਥਾਹ ਭੋਜਨ ਮਿਲਦਾ ਹੈ। ਇਹ ਚਕਿਤਸਿਕ ਬੂਟੀਆਂ ਦੇ ਘਰ ਹਨ, ਕੰਦ-ਮੂਲਾਂ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਰ ਵਰ੍ਹੇ 144 ਅਰਬ ਮੀਟਰਕ ਟਨ ਜੀਵੀ ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮਲੜ੍ਹ (ਪੱਤ ਖਾਦ) ਬਖਸ਼ ਕੇ ਧਰਤੀ ਨੂੰ ਠੰਢਾ, ਪੋਲਾ-ਨਮ, ਮਿੱਤਰ ਕੀਟ-ਯੁਕਤ ਅਰਥਾਤ ਜਰਖੇਜ਼ ਬਣਾਉਂਦੇ ਹਨ, ਜ਼ਹਿਰਾਂ ਚੂਸਦੇ ਹਨ।



ਧਰਾਤਲ ਤੇ ਖਲਾਅ ਨੂੰ ਨਮ-ਠੰਢਕ ਬਖਸ਼ਦੇ ਹਨ। ਇਨ੍ਹਾਂ ਨੂੰ ਖੇਤੀ ਨੂੰ ਦੁੱਧ ਚੁੰਘਾਉਣ ਵਾਲੀ ਮਾਂ ਵੀ ਕਿਹਾ ਜਾ ਸਕਦਾ ਹੈ।

ਆਪਾਂ ਇਹ ਵੀ ਨਹੀਂ ਜਾਣਦੇ ਕਿ ਇਕ ਆਮ ਦਰੱਖਤ ਵੀ ਆਪਣੀ ਨਿੱਕੜੀ ਜਿਹੀ ਜ਼ਿੰਦਗੀ 'ਚ ਲਖੂਖਾ ਰੁਪਏ ਦੀ ਟਨਾਂ-ਮੂੰਹੀਂ ਆਕਸੀਜਨ ਛੱਡਦਾ ਹੈ। ਇਕ ਵਰਗ ਕਿਲੋਮੀਟਰ ਭਰਪੂਰ ਜੰਗਲ ਹਰ ਰੋਜ਼ 3.7 ਮੀਟਰਕ ਟਨ ਕਾਰਬਨ ਡਾਇਆਕਸਾਈਡ ਵਾਤਾਵਰਣ ਵਿੱਚੋਂ ਲੈ ਕੇ ਆਕਸੀਜਨ ਛੱਡ ਦਿੰਦਾ ਹੈ। ਇਕ ਮਨੁੱਖ ਨੂੰ 16 ਰੁੱਖਾਂ ਜਿੰਨੀ ਆਕਸੀਜਨ ਲੋੜੀਂਦੀ ਹੈ। ਆਕਸੀਜਨ ਸਾਡੀ ਧਰੋਹਰ ਹੈ। ਅਸੀਂ ਤਾਂ ਇਹ ਵੀ ਨਹੀਂ ਜਾਣਦੇ, 'ਇੱਕ ਭਰਪੂਰ ਦਰੱਖਤ ਸਲਾਨਾ 20 ਕਿਲੋ ਜ਼ਹਿਰੀਲੀ ਧੂੜ ਅਤੇ 80 ਕਿਲੋ ਪਾਰਾ-ਸਿੱਕਾ-ਲੀਥੀਅਮ ਨੂੰ ਹਜ਼ਮ ਕਰ ਸਕਦਾ ਹੈ ਤੇ ਮੋੜਵੇਂ ਰੂਪ ਵਿੱਚ 700 ਕਿਲੋ ਆਕਸੀਜਨ ਦਿੰਦਾ ਹੈ।'

ਕੋਰੋਨਾ ਕਾਲ ਨੇ ਬੜੀਆਂ ਦੁਸ਼ਵਾਰੀਆਂ ਦਿੱਤੀਆਂ, ਪਰ ਆਕਸੀਜਨ ਦੀ ਮਹੱਤਤਾ ਦਾ ਸਬਕ ਵੀ ਸਿਖਾਇਆ। ਲੱਗਦਾ ਨਹੀਂ; ਅਸੀਂ-ਤੁਸੀਂ ਗ੍ਰਹਿਣ ਕੀਤਾ ਹੋਵੇ, ਹਾਕਮਾਂ ਤਾਂ ਬਿੱਲਕੁਲ ਹੀ ਨਹੀਂ। ਇੱਕ ਸਿਲੰਡਰ ਵਿੱਚ 9 ਕਿਲੋ ਆਕਸੀਜਨ ਹੁੰਦੀ ਹੈ। ਮਨੁੱਖੀ ਸਰੀਰ ਨੂੰ ਰੋਜ਼ਾਨਾ ਤਿੰਨ ਸਿਲੰਡਰਾਂ ਜਿੰਨੀ ਆਕਸੀਜਨ ਦੀ ਲੋੜ ਪੈਂਦੀ ਹੈ। ਨਹੀਂ ਪਤਾ ਹੋਵੇਗਾ ਕਿ ਇੱਕ ਸਿਲੰਡਰ ਆਕਸੀਜਨ ਦੀ ਕੀਮਤ 700 ਰੁਪਏ ਹੈ, ਜੋੜ ਬਣਿਆ 2100 ਰੁਪਏ ਰੋਜ਼ ਦਾ। ਭਲਾ 65 ਸਾਲ ਦੀ ਔਸਤਨ ਉਮਰ ਤੱਕ ਲੋੜੀਦੀ ਆਕਸੀਜਨ ਦਾ ਕਿੰਨਾ ਮੁੱਲ ਬਣਿਆ ? ਮੈਂ ਨਹੀਂ, ਗੁਣਾ-ਜੋੜ ਤੁਸੀਂ ਲਾਵੋਗੇ। ਕੀ ਰੁੱਖਾਂ ਨੇ ਕਦੇ ਮੰਗੀ ਹੈ ਇਹ ਕੀਮਤ ? ਲੁਟੇਰੇ ਪ੍ਰਬੰਧ ਨੇ ਇਹ ਗੱਲ ਸੁਣਨੀ ਹੈ ਭਲਾ।

ਹੇ ਜੰਗਲ! ਕੌਣ ਧਰੂ ਕੰਨ, ਤੇਰੀ ਇਸ ਗੱਲ ਵੱਲ ਕਿ ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿੱਚ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਮਾਨਸੂਨੀ ਹੜ੍ਹਾਂ ਕਾਰਨ ਇਹ ਖੋਰ ਹੋਰ ਵੀ ਵਧ ਜਾਂਦੀ ਹੈ ਅਤੇ ਮਿੱਟੀ ਦੇ ਉਪਜਾਊ ਤੱਤ ਘੁਲ ਕੇ ਰੋੜ੍ਹ ਦਾ ਹਿੱਸਾ ਬਣ ਜਾਂਦੇ ਹਨ। ਸਿਰਫ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣ ਕੇ ਸਾਡੀ ਮਿੱਟੀ ਨੂੰ ਖੁਰਨੋ ਅਤੇ ਪਹਾੜਾਂ ਨੂੰ ਢਹਿ-ਢੇਰੀ ਹੋਣ ਤੋਂ ਬਚਾ ਸਕਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਅਜੋਕੇ ਜਲ ਸੈਲਾਬ ਅਤੇ ਪਹਾੜਾਂ ਦਾ ਢਹਿ-ਢੇਰੀ ਹੋਣਾ ਅਸਲ ਵਿਚ ਮਨੁੱਖ ਦੇ ਪ੍ਰਤੀ ਗਲਤ ਵਿਹਾਰ ਦੀ ਹੀ ਵਿਥਿਆ ਹੈ।

ਅਸੀਂ ਨਹੀਂ ਜਾਣਦੇ ਕਿ ਦਰੱਖਤਾਂ ਦਾ ਰਕਬਾ ਘਟਣਾ ਵਾਤਾਵਰਣ ਲਈ ਬੜਾ ਘਾਤਕ ਹੈ। ਇਸ ਨਾਲ ਆਲਮੀ ਤਪਸ਼ ਹੋਰ ਵਧੇਗੀ, ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਉਪਰੰਤ ਨਦੀਆਂ ਵਿੱਚ ਪਹਿਲਾਂ ਭਾਰੀ ਹੜ੍ਹ ਆਉਣਗੇ, ਬਾਅਦ ਵਿੱਚ ਇਹ ਸੁੱਕਣ ਲੱਗਣਗੀਆਂ। ਜੰਗਲਾਂ ਵਿੱਚੋਂ ਨਿਕਲਦੀਆਂ ਨਦੀਆਂ ਵੀ ਸਦਾਬਹਾਰ ਨਹੀਂ ਰਹਿਣਗੀਆਂ। ਦਰੱਖਤਾਂ ਦੀ ਬੇਹੱਦ ਘਾਟ ਨਾਲ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੀ ਪ੍ਰਭਾਵਤ ਹੋਵੇਗੀ ਅਤੇ ਮਨੁੱਖ ਦਾ ਸਰੀਰਕ ਆਕਾਰ ਵੀ ਛੋਟਾ ਹੋਣ ਲੱਗੇਗਾ। ਜੇ ਘਰ ਦੇ ਅਗਲ-ਬਗਲ 10 ਦਰੱਖਤ ਲੱਗੇ ਹੋਣ ਤਾਂ ਬੰਦੇ ਦੀ ਉਮਰ 7 ਸਾਲ ਵਧ ਜਾਂਦੀ ਹੈ, ਸੁਹੱਪਣ ਅੱਡ।

ਚੋਣ ਸਾਡੇ ਸਾਹਮਣੇ ਹੈ, ਵਣਾਂ ਵਿਹੂਣੀ ਭੂਮੀ ਜਾਂ ਹਰਿਆਵਲੀ ਧਰਤੀ। ਬਿਰਖਾਂ ਸੰਗ ਸੰਵਾਦ ਜਾਂ ਉਨ੍ਹਾਂ ਵੱਲ ਬੇ-ਪ੍ਰਤੀਤੀ। ਗੁਟਕਦੇ ਪੰਛੀ ਜਾਂ ਵਿਰਾਨਗੀ। ਉਪਜਾਊ ਮਿੱਟੀ ਦੀਆਂ ਬਰਕਤਾਂ ਜਾਂ ਮਾਰੂਥਲ। ਕੁਦਰਤ ਦੀਆਂ ਬਖਸ਼ਿਸਾਂ ਨਾਲ ਭਰੇ ਦਾਮਨ ਜਾਂ ਖਾਲੀ ਝੋਲੀਆਂ। ਜਲ-ਕੁੰਡ ਜਾਂ ਕੰਕਰੀਟ ਦੇ ਜੰਗਲ। ਨਮੀ ਯੁਕਤ ਰੁਮਕਦੀਆਂ ਪੌਣਾਂ ਜਾਂ ਪਿੰਡਾ ਲੂੰਹਦਾ ਤਾਪਮਾਨ। ਸਾਫ਼-ਸੁਥਰੇ ਸਾਹ ਜਾਂ ਪਲੀਤ ਹਵਾਵਾਂ। ਗਰਭ ਤੋਂ ਲੈ ਕੇ ਸਿਵਿਆਂ ਤੱਕ ਦਾ ਸਾਥ ਜਾਂ....ਜਾਂ ? ਇਸ ਸਭ ਦਾ ਨਿਤਾਰਾ ਸਾਨੂੰ ਅੱਜ ਹੀ ਅਤੇ ਹੁਣੇ ਹੀ ਕਰਨਾ ਪੈਣਾ ਹੈ। ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ। ਕੁਦਰਤ ਦਾ ਇਹ ਅੰਗ ਨਾ ਰਿਹਾ ਤਾਂ ਬੰਦਾ ਵੀ ਨਹੀਂ ਰਹੇਗਾ। ਫਿਰ ਇਹ ਮਹਿਲ-ਮੁਨਾਰੇ ਕਿਸ ਕੰਮ ? ਜੰਗਲ ਕੁਦਰਤ ਦਾ ਸਿਰਮੌਰ ਅੰਗ ਹਨ, ਦਿਲ। ਰੁੱਖ ਗਾਇਬ ਹੋ ਗਏ ਤਾਂ ਸਾਵੇਂ ਮੀਂਹਾਂ ਅਤੇ ਰਮਤੇ ਜਨੌਰਾਂ ਵਾਂਗ ਮਨੁੱਖ ਵੀ ਛੂਪਣ-ਛੋਤ ਹੋ ਜਾਵੇਗਾ।

ਸਾਡੇ ਬਹੁਤੇ ਪੁਰਖੇ ਵੀ ਮੱਧ ਏਸ਼ੀਆ 'ਚੋਂ ਆਏ ਸਨ। ਜਦੋਂ ਉਨ੍ਹਾਂ ਦੇ ਵੱਗਾਂ ਨੇ ਉੱਥੋਂ ਦੀ ਬਨਸਪਤੀ, ਰੁੱਖ ਰੁੰਡ-ਮਰੁੰਡ ਕਰ ਦਿੱਤੇ ਤਾਂ ਚਰਾਂਦਾਂ ਵੀ ਖ਼ਤਮ ਹੋ ਗਈਆਂ ਅਤੇ ਜਲ-ਕੁੰਡ ਵੀ। ਫਿਰ ਉਹ ਆਪਣੇ ਪਾਲੀਆਂ ਸਮੇਤ ਪਹਿਲਾਂ-ਪਹਿਲ ਬਰਾਸਤਾ ਸਿੰਧ, ਰਾਜਸਥਾਨ ਵਿੱਚ ਆ ਟਿਕੇ ਤੇ ਮਗਰੋਂ ਪੰਜਾਬ ਨੂੰ ਧਾਹ ਗਏ। ਉਦੋਂ ਇਹ ਖਿੱਤਾ ਸਪਤ-ਸਿੰਧੂ ਅਖਵਾਉਂਦਾ ਸੀ। ਕੀ ਇਤਿਹਾਸ ਫਿਰ ਦੁਹਰਾਇਆ ਜਾਵੇਗਾ। ਫਿਰ ਅਸੀਂ ਕਿਧਰ ਜਾਵਾਂਗੇ ? ਖੈਰ, ਪੁਰਖੇ ਤਾਂ ਸ਼ਾਇਦ 'ਬੇ-ਸਮਝ' ਸਨ, ਸਬਕ ਅਸੀਂ ਵੀ ਨਹੀਂ ਸਿੱਖਿਆ। ਇਹ ਸਿਰ ਤੇ ਧੁੱਪ ਸਹਿਕੇ ਸਾਨੂੰ ਛਾਂ ਦਿੰਦੇ ਹਨ ਅਤੇ ਪੱਥਰ ਮਾਰਿਆਂ ਫਲ। ਕਿਆ ਮਹਾਨਤਾ ਹੈ। ਹੇ ਜੰਗਲ! ਤੂੰ ਐਵੇਂ ਨਾ ਝੂਰ, ਬੜੇ ਅਕ੍ਰਿਤਘਣ ਹਾਂ ਅਸੀਂ।

**ਮੁਕਦੀ ਗੱਲ**; ਇਹ ਰੁੱਖ ਹੀ ਹਨ, ਜੋ ਪੰਘੂੜੇ ਤੋਂ ਲੈ ਕੇ ਅਰਥੀ ਤੱਕ ਸਾਡਾ ਸਾਥ ਦਿੰਦੇ ਹਨ। ਸਾਡੀ ਤਵਾਰੀਖ ਵਿੱਚ ਰੁੱਖਾਂ ਨੂੰ ਦੇਵਤੇ ਦਾ ਦਰਜਾ ਪ੍ਰਾਪਤ ਹੈ ਅਤੇ ਜੰਗਲਾਂ ਨੂੰ ਤੀਰਥਾਂ ਦਾ। ਸਾਡੇ ਪੁਰਖੇ ਦਰੱਖਤਾਂ ਨੂੰ ਮੌਲੀਆਂ ਬੰਨ੍ਹਦੇ ਸਨ। ਦਰੱਖਤ ਉਗਾਉਣਾ ਸਾਡੀ ਰਹਿਤਲ ਵਿਚ ਪਿਆ ਹੋਇਆ ਹੈ। ਅਸੀਂ ਹੀ ਇਸ ਨੂੰ ਭੁੱਲ-ਭੁਲਾਅ ਚੁੱਕੇ ਹਾਂ।

*ਸੰਪਰਕ 94634-39075*

CMYK

# ਲੋਕ ਪਹਿਲਾਂ ਵਾਂਗ ਹਰ ਗੱਲ ਨੂੰ 'ਹੋਊ ਪਰੇ' ਕਹਿ ਕੇ ਛੱਡ ਦੇਣ ਵਾਲੇ ਨਹੀਂ ਰਹਿ ਗਏ

## ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਇਸ ਸਾਲ ਦੇ ਅਗਸਤ ਦਾ ਆਖਰੀ ਸਿਰਾ ਆ ਗਿਆ ਅਤੇ ਅਗਲੇ ਮਹੀਨੇ ਦੇ ਅੱਧ ਵਿਚਕਾਰ ਪੰਜਾਬ ਦੀ ਮੌਜੂਦਾ ਸਰਕਾਰ ਦੀ ਮਿਆਦ ਦਾ ਅੱਧ ਖਤਮ ਹੋਣ ਵਾਲਾ ਹੈ। ਜਿਹੜਾ ਢਾਈ ਸਾਲ ਸਮਾਂ ਬੀਤ ਚੱਲਿਆ ਹੈ, ਉਹ ਸੁੱਤੇ ਹੋਏ ਰਾਤ ਗੁਜ਼ਾਰਨ ਵਾਲਾ ਨਹੀਂ ਰਿਹਾ ਅਤੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਜਿੱਡੇ ਵਾਅਦੇ ਕਰ ਕੇ ਇਹ ਸਰਕਾਰ ਇਸ ਰਾਜ ਦੇ ਲੋਕਾਂ ਨੇ ਬਣਾਈ ਸੀ, ਉਹ ਪੂਰੇ ਹੋ ਗਏ ਹਨ। ਇੱਕ ਗੱਲ ਬਿਨਾਂ ਸ਼ੱਕ ਕਹੀ ਜਾ ਸਕਦੀ ਹੈ ਕਿ ਗਰੀਬਾਂ ਲਈ ਬਿਜਲੀ ਮੁਫਤ ਜਾਂ ਮੁਫਤ ਵਰਗੀ ਕਰ ਦੇਣ ਦਾ ਜਿਹੜਾ ਵਾਅਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਸਹੁੰ ਚੁੱਕਦੇ ਵਕਤ ਕੀਤਾ ਸੀ, ਉਹ ਪੂਰਾ ਕਰ ਦਿੱਤਾ ਗਿਆ, ਪਰ ਏਨਾ ਕੀਤਾ ਕਾਫੀ ਨਹੀਂ। ਬਹੁਤ ਸਾਰੇ ਹੋਰ ਵਾਅਦੇ ਅਜੇ ਵੀ ਅਮਲ ਦੀ ਉਡੀਕ ਵਿੱਚ ਹਨ, ਪਰ ਉਸ ਅਮਲ ਦੀ ਘੜੀ ਨੇੜੇ ਦਿਖਾਈ ਨਹੀਂ ਦੇਂਦੀ। ਕਾਰਨ ਲੱਭ ਸਕਣੇ ਤਾਂ ਮੁਸ਼ਕਲ ਨਹੀਂ, ਪਰ ਜਿਹੜੇ ਕਾਰਨ ਇਸ ਪਿੱਛੇ ਲੱਭਦੇ ਹਨ, ਉਨ੍ਹਾਂ ਦਾ ਹੱਲ ਕੱਢ ਸਕਣਾ ਇਸ ਸਰਕਾਰ ਲਈ ਹੱਦੋਂ ਵੱਧ ਔਖ ਵਾਲਾ ਹੈ ਤੇ ਇਸੇ ਲਈ ਇਹ ਗੱਲ ਯਕੀਨ ਨਾਲ ਕਹਿਣੀ ਔਖੀ ਹੈ ਕਿ ਬਾਕੀ ਰਹਿੰਦੀ ਮਿਆਦ ਵਿੱਚ ਇਹ ਸਰਕਾਰ ਹੱਥਾਂ ਉੱਤੇ ਸਰ੍ਹੋਂ ਜਮਾ ਦੇਣ ਵਰਗਾ ਕੁਝ ਖਾਸ ਕੰਮ ਕਰ ਵੀ ਸਕੇਗੀ। ਬਹੁਤਾ ਕਰ ਕੇ ਇਸ ਅੱਗੇ ਅੜਿੱਕੇ ਪੈਸੇ-ਧੇਲੇ ਦੀ ਤੰਗੀ ਨਾਲ ਜੁੜੇ ਹੋਏ ਹਨ।

ਸਾਨੂੰ ਯਾਦ ਹੈ ਕਿ ਮੁੱਖ ਮੰਤਰੀ ਬੇਅੰਤ ਸਿੰਘ ਇਹ ਗੱਲ ਕਈ ਵਾਰੀ ਕਹਿੰਦੇ ਹੁੰਦੇ ਸਨ ਕਿ ਪਿਛਲੇ ਸਾਲਾਂ ਵਿੱਚ ਜਿਹੜਾ ਕਰਜ਼ਾ ਸਾਡੇ ਪੰਜਾਬ ਦੇ ਸਿਰ ਚੜ੍ਹਦਾ ਗਿਆ, ਉਹ ਪੈਰਾਂ ਦਾ ਸੰਗਲ ਬਣਿਆ ਪਿਆ ਹੈ, ਕੁਝ ਕਰਨ ਨਹੀਂ ਦੇਂਦਾ। ਫਿਰ ਜਦੋਂ ਪ੍ਰਕਾਸ਼ ਸਿੰਘ ਬਾਦਲ ਆਏ ਤਾਂ ਆਉਣ ਤੋਂ ਪਹਿਲਾਂ ਕਿਹਾ ਸੀ ਕਿ ਸਾਨੂੰ ਖਜ਼ਾਨਾ ਭਰਨ ਦੀ ਅਕਲ ਹੈ, ਅਸੀਂ ਆ ਕੇ ਸਭ ਕਮੀਆਂ-ਕਮਜ਼ੋਰੀਆਂ ਦੂਰ ਕਰਾਂਗੇ ਤੇ ਪੰਜਾਬ ਨੂੰ ਤਰੱਕੀ ਦੀ ਲੀਹ ਉੱਤੇ ਪਾ ਦਿਆਂਗੇ, ਪਰ ਜਦੋਂ ਉਹੀ ਰਾਗ ਫਿਰ ਉਨ੍ਹਾ ਆਰੰਭ ਕਰ ਲਿਆ ਤਾਂ ਅਸੀਂ ਇਹ ਗੱਲ ਕਹੀ ਸੀ ਕਿ ਜਦੋਂ ਇਨ੍ਹਾਂ ਕਮਜ਼ੋਰੀਆਂ ਤੇ ਕਰਜ਼ੇ ਵਾਲੀ ਮੁਸ਼ਕਲ ਦਾ ਪਤਾ ਸੀ ਤਾਂ ਪਹਿਲਾਂ ਸੰਭਲ ਕੇ ਕੁਝ ਗੱਲ ਕਰਨੀ ਚਾਹੀਦੀ ਸੀ। ਉਹ ਰਾਜ ਦੇ ਸਿਰ ਚੜ੍ਹੇ-ਚੜ੍ਹਾਏ ਪੁਰਾਣੇ ਕਰਜ਼ਿਆਂ ਦੀ ਕਹਾਣੀ ਪਾਉਂਦੇ ਪੰਜ ਸਾਲ ਕੱਢ ਗਏ ਤਾਂ ਉਨ੍ਹਾਂ ਵਾਲੇ ਵਾਅਦੇ ਨਵੇਂ ਸ਼ਬਦਾਂ ਵਿੱਚ ਦੁਹਰਾ ਕੇ ਫਿਰ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀਟ ਸੰਭਾਲ ਲਈ। ਅਮਲ ਵਿੱਚ ਉਹ ਵੀ ਪਹਿਲੇ ਦੋ ਸਾਲ ਪਹਿਲੇ ਕਰਜ਼ੇ ਹੋਣ ਦੀ ਕਹਾਣੀ ਪਾਉਂਦੇ ਰਹੇ, ਅਗਲੇ ਤਿੰਨ ਸਾਲ ਕਾਂਗਰਸੀ ਮੰਤਰੀਆਂ ਨੇ ਇਹੋ ਜਿਹੀ ਲੁੱਟ ਮਚਾ ਰੱਖੀ ਕਿ ਫਿਰ ਅਕਾਲੀਆਂ ਦਾ ਰਾਜ ਆ ਗਿਆ ਅਤੇ ਪੰਜ ਸਾਲ ਰਾਜ ਤੋਂ ਬਾਹਰ ਰਹਿਣ ਦਾ ਘਾਟਾ ਪੂਰਾ ਕਰਨ ਦੇ ਲਈ ਓਵਰਟਾਈਮ ਮੋਛੇ ਪਾਊ ਕੰਮ ਛੋਹ ਲੈਣ ਦਾ ਪ੍ਰਭਾਵ ਮਿਲਣ ਲੱਗ ਪਿਆ। ਹੱਦੋਂ ਵੱਧ ਬਦਨਾਮੀ ਦੇ ਬਾਵਜੂਦ ਉਨ੍ਹਾਂ ਦੇ ਇੱਕ ਆਪਣੇ ਬੰਦੇ ਵੱਲੋਂ ਬਣਾਈ ਪੀਪਲਜ਼ ਪਾਰਟੀ ਵੱਲੋਂ ਵਿਰੋਧ ਦੀਆਂ ਵੋਟਾਂ ਵੰਡੇ ਜਾਣ ਨਾਲ ਜਦੋਂ ਪੰਜ ਸਾਲ ਹੋਰ ਮਿਲ ਗਏ ਤਾਂ ਉਨ੍ਹਾਂ ਨੇ ਆਪਣੀ ਗੱਦੀ ਏਨੀ ਪਕੜ ਵਾਲੀ ਸਮਝ ਲਈ ਕਿ ਸਭ ਲੋਕ-ਲਾਜ ਛੱਡ ਬੈਠੇ। ਫਿਰ ਸਿੱਟੇ ਵਜੋਂ ਉਹ ਆਪਣੇ ਇਤਿਹਾਸ ਵਿੱਚ ਸਭ ਤੋਂ ਮਾੜੇ ਦੌਰ ਵਿੱਚ ਫਸ ਗਏ। ਆਮ ਲੋਕਾਂ ਨੂੰ ਕਾਂਗਰਸ ਜਾਂ ਅਕਾਲੀਆਂ ਦੀ ਚੰਗੀ ਜਾਂ ਮਾੜੀ ਹਾਲਤ ਨਾਲ ਮਤਲਬ ਹੋਣ ਦੀ ਥਾਂ ਓਦੋਂ ਇਹ ਵੱਡਾ ਝੋਰਾ ਸੀ ਕਿ ਆਗੂ ਆਉਂਦੇ ਅਤੇ ਆਪਣੀਆਂ ਤਿਜੌਰੀਆਂ ਭਰ ਕੇ ਖਿਸਕ ਜਾਣ ਦਾ ਅਮਲ ਚਲਦਾ ਹੈ, ਜਨਤਕ ਭਲੇ ਦੇ ਕੰਮ ਕਿਸੇ ਰਾਜ ਵਿੱਚ ਹੁੰਦੇ ਹੀ ਨਹੀਂ। ਇਨ੍ਹਾਂ ਹਾਲਾਤ ਵਿੱਚ ਅਜੋਕੀ ਸਰਕਾਰ ਬਣੀ ਸੀ।

ਪਿਛਲੇ ਰਾਜ-ਕਰਤਿਆਂ ਵਿੱਚੋਂ ਇੱਕ ਪਾਰਟੀ ਸਵਾ ਸੌ ਸਾਲ ਪੁਰਾਣੀ ਅਤੇ ਦੂਸਰੀ ਸਦੀ ਨੇੜੇ ਪਹੁੰਚੀ ਪਈ ਸੀ, ਉਨ੍ਹਾਂ ਬਾਰੇ ਆਮ ਲੋਕ ਚੋਖਾ ਕੁਝ ਮਾੜਾ ਵੀ ਅਤੇ ਚੰਗਾ ਵੀ ਜਾਣਦੇ ਸਨ, ਪਰ ਉਨ੍ਹਾਂ ਦੋਵਾਂ ਵੱਲੋਂ ਦੁਖੀ ਹੋਣ ਮਗਰੋਂ ਜਦੋਂ ਆਮ ਆਦਮੀ ਪਾਰਟੀ ਨੂੰ ਚੁਣਿਆ ਤਾਂ ਇਸ ਦਾ ਪਿਛਲਾ ਇਤਿਹਾਸ ਹੀ ਨਹੀਂ ਸੀ। ਨਾ ਇਸ ਦਾ ਚੰਗਾ ਤੇ ਨਾ ਕੋਈ ਮਾੜਾ ਪੱਖ ਪਤਾ ਸੀ, ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੇ ਵਾਰ-ਵਾਰ ਜਿੱਤਣ ਤੋਂ ਅੰਦਾਜ਼ਾ ਸੀ ਕਿ ਇਹ ਪਾਰਟੀ ਆਈ ਤਾਂ ਕੁਝ ਸਾਰਥਿਕ ਕੰਮ ਹੋਣਗੇ ਤੇ ਸ਼ਾਇਦ ਪਿਛਲਿਆਂ ਦੇ ਵਕਤ ਵਾਲੇ ਮਾੜੇ ਸੁਫਨਿਆਂ ਤੋਂ ਖਹਿੜਾ ਛੁੱਟਣ ਦਾ ਕੋਈ ਸਬੱਬ ਬਣ ਜਾਵੇਗਾ। ਅੱਜਕੱਲ੍ਹ ਇਹ ਸਰਕਾਰ ਵੀ ਆਪਣੇ ਕੰਮ ਓਦਾਂ ਗਿਣਾਈ ਜਾਂਦੀ ਹੈ, ਜਿਵੇਂ ਪਿਛਲੇ ਹਾਕਮ ਕਰਿਆ ਕਰਦੇ ਸਨ, ਇਸ ਪੱਖੋਂ ਕੋਈ ਖਾਸ ਫਰਕ ਨਹੀਂ ਪਿਆ ਤਾਂ ਇਹ ਗੱਲ ਵੀ ਲੋਕ ਬਹੁਤਾ ਨਹੀਂ ਗੌਲਦੇ। ਪਿਛਲੇ ਰਾਜ-ਕਰਤਿਆਂ ਨੇ ਜਿਹੜੀ ਲੁੱਟ ਮਚਾਈ ਪਈ ਸੀ, ਉਸ ਦੀ ਚਰਚਾ ਇਸ ਰਾਜ ਵਿੱਚ ਹੋਈ ਜਾਵੇ ਤਾਂ ਲੋਕਾਂ ਨੂੰ ਕੋਈ ਫਰਕ ਨਹੀਂ, ਪਰ ਉਨ੍ਹਾਂ ਵਾਂਗ ਇਹ ਵੀ ਕੀਤੇ ਹੋਏ ਵਾਅਦਿਆਂ ਦਾ ਚੇਤਾ ਕਰਨ ਦੀ ਥਾਂ ਕੀਤੇ ਕੰਮਾਂ ਦੀ ਕਹਾਣੀ ਹੀ ਸੁਣਾਈ ਜਾਣ ਤਾਂ ਆਮ ਲੋਕ ਅਵਾਜ਼ਾਰ ਹੋ ਸਕਦੇ ਹਨ। ਨਵੀਂ ਸਰਕਾਰ ਦੇ ਪਹਿਲਾਂ-ਪਹਿਲ ਕੁਝ ਵਿਧਾਇਕ ਬਦਨਾਮੀ ਦੀਆਂ ਪੰਡਾਂ ਬੰਨ੍ਹਣ ਲੱਗ ਪਏ ਤਾਂ ਗੱਲ ਜ਼ਿਆਦਾ ਨਹੀਂ ਸੀ ਚੁਭਦੀ, ਜਦੋਂ ਕੁਝ ਮੰਤਰੀਆਂ ਬਾਰੇ ਮੂੰਹੋਂ-ਮੂੰਹ ਆਮ ਲੋਕ ਤੇ ਸਰਕਾਰੀ ਅਹਿਲਕਾਰ ਕਿੱਸੇ ਸੁਣਾਉਣ ਲੱਗੇ ਹਨ ਤਾਂ ਇਸ ਪਾਰਟੀ ਦੀ ਪੰਜਾਬ ਦੀ ਲੀਡਰਸ਼ਿਪ, ਖਾਸ ਕਰ ਕੇ ਮੁੱਖ ਮੰਤਰੀ ਨੂੰ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਲੁਟੇਰੀ ਧਾੜ ਵੱਡੀ ਅਤੇ ਇਸ ਵਹਿਣ ਅੱਗੇ ਡੱਕਾ ਲਾਉਣ ਲਈ ਮੁੱਖ ਮੰਤਰੀ ਨਾਲ ਡਟੇ ਰਹਿਣ ਵਾਲੇ ਥੋੜ੍ਹੇ ਜਿਹੇ ਹੋਣ ਕਾਰਨ ਉਹ ਬਹੁਤਾ ਕਰ ਨਹੀਂ ਸਕਦੇ। ਫਿਰ ਵੀ ਇੱਕ ਗੱਲ ਹਰ ਕੋਈ ਮੰਨਦਾ ਹੈ ਕਿ ਅੱਜ ਤੱਕ ਖੁਦ ਮੁੱਖ ਮੰਤਰੀ ਉੱਤੇ ਭ੍ਰਿਸ਼ਟਾਚਾਰ ਦਾ ਕੋਈ ਸਿੱਧਾ ਦੋਸ਼ ਕਿਸੇ ਪਾਸਿਉਂ ਨਹੀਂ ਲੱਗ ਸਕਿਆ ਅਤੇ ਇਹੋ ਗੱਲ ਲੋਕਾਂ ਵਿੱਚ ਆਸ ਦੀ ਤੰਦ ਅਜੇ ਟੁੱਟਣ ਨਹੀਂ ਦੇਂਦੀ, ਪਰ ਮੁੱਖ ਮੰਤਰੀ ਇਕੱਲੇ ਆਸਰੇ ਕਿਸ਼ਤੀ ਪਾਰ ਲੱਗਣ ਦੀ ਆਸ ਕਰਨੀ ਖੁਦ ਉਸ ਦੇ ਲਈ ਜਾਂ ਉਸ ਦੇ ਪ੍ਰਸੰਸਕ ਪੰਜਾਬੀਆਂ ਨੂੰ ਔਖੀ ਲੱਗਣ ਲੱਗ ਸਕਦੀ ਹੈ।

ਇਸ ਮਾਮਲੇ ਵਿੱਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸਰਕਾਰ ਦੇ ਵਿਕਾਸ ਦੇ ਕੰਮ ਇਸ ਲਈ ਲਟਕੀ ਜਾਂਦੇ ਹਨ ਕਿ ਪੈਸਾ ਇਸ ਕੋਲ ਲੋੜ ਜੋਗਾ ਨਹੀਂ ਤੇ ਇਸ ਦੇ ਬਹੁਤ ਸਾਰੇ ਫੰਡ ਕੇਂਦਰ ਦੀ ਸਰਕਾਰ ਨੇ ਬਿਨਾਂ ਵਜ੍ਹਾ ਅਟਕਾਏ ਹੋਏ ਹਨ। ਹਰ ਛੋਟੀ-ਮੋਟੀ ਗੱਲ ਲਈ, ਏਥੋਂ ਤੱਕ ਕਿ ਪੇਂਡੂ ਵਿਕਾਸ ਫੰਡ ਦੇ ਬਕਾਏ ਲੈਣ ਵਾਸਤੇ ਵੀ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਜਾਣਾ ਪੈ ਰਿਹਾ ਹੈ, ਕੁਝ ਹੋਰ ਰਾਜਾਂ ਦੀਆਂ ਸਰਕਾਰਾਂ ਨੂੰ ਵੀ ਇਹੋ ਕੁਝ ਕਰਨਾ ਪੈਂਦਾ ਹੈ ਤੇ ਜਿਸ ਕਿਸੇ ਰਾਜ ਵਿੱਚ ਭਾਜਪਾ ਦਾ ਮੁੱਖ ਮੰਤਰੀ ਹੁੰਦਾ ਹੈ, ਓਥੇ ਇਹੋ ਜਿਹੀ ਕੋਈ ਮੁਸ਼ਕਲ ਨਹੀਂ ਰਹਿੰਦੀ। ਕੇਂਦਰ ਸਰਕਾਰ ਰੱਜਵੇਂ ਫੰਡ ਸਿੱਧੇ ਅਲਾਟ ਕਰਨ ਦੀ ਥਾਂ ਉਸ ਰਾਜ ਦੇ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਆਪਣੇ ਸਿਰ ਚੁੱਕ ਕੇ ਉਨ੍ਹਾਂ ਦਾ ਸਾਹ ਸੌਖਾ ਕਰਦੀ ਰਹਿੰਦੀ ਹੈ। ਪੰਜਾਬ ਦੀ ਮੌਜੂਦਾ ਸਰਕਾਰ ਦੀ ਅੱਧੀ ਮਿਆਦ ਏਸੇ ਚੱਕਰ ਵਿੱਚ ਨਿਕਲ ਗਈ ਅਤੇ ਬਾਕੀ ਢਾਈ ਸਾਲ ਵੀ ਕੇਂਦਰ ਸਰਕਾਰ ਏਸੇ ਤਰ੍ਹਾਂ ਮੁਸ਼ਕਾਂ ਕੱਸਣ ਦਾ ਯਤਨ ਕਰ ਸਕਦੀ ਹੈ। ਜਦੋਂ ਇਹ ਗੱਲ ਪਤਾ ਹੋਵੇ ਕਿ ਕੇਂਦਰ ਸਰਕਾਰ ਤੋਂ ਬਹੁਤਾ ਕੁਝ ਮਿਲਣ ਵਾਲਾ ਨਹੀਂ, ਸਗੋਂ ਜਿੰਨਾ ਪੰਜਾਬ ਦਾ ਹੱਕ ਹੈ, ਉਹ ਵੀ ਰੋਕਿਆ ਜਾ ਰਿਹਾ ਹੈ ਤਾਂ ਪੰਜਾਬ ਸਰਕਾਰ ਨੂੰ ਆਪਣੇ ਵਸੀਲਿਆਂ ਨਾਲ ਬੁੱਤਾ ਸਾਰਨ ਲਈ ਪੇਟ ਉੱਤੇ ਪੇਟੀ ਘੁੱਟ ਕੇ ਬੰਨ੍ਹਣ ਦੇ ਦਾਅ ਵਾਂਗ ਖਰਚੇ ਸੰਕੋਚ ਨਾਲ ਕਰਨੇ ਅਤੇ ਲੋਕਾਂ ਦੇ ਹਿੱਤ ਦੇ ਕੰਮ ਸਿਰੇ ਚਾੜ੍ਹਨ ਨੂੰ ਪਹਿਲ ਦੇਣੀ ਚਾਹੀਦੀ ਹੈ। ਆਪਣੇ ਟਿਕਟ ਉੱਤੇ ਚੁਣ ਕੇ ਆਏ ਪ੍ਰਤੀਨਿਧਾਂ ਦੀ ਨਕੇਲ ਵੀ ਖਿੱਚਣ ਦੀ ਲੋੜ ਹੈ, ਵਰਨਾ ਉਹ ਜਿਸ ਤਰ੍ਹਾਂ ਹਰ ਪ੍ਰਾਜੈਕਟ ਦਾ ਕੰਮ ਕਰਦੇ ਪਏ ਠੇਕੇਦਾਰਾਂ ਅਤੇ ਅਧਿਕਾਰੀਆਂ ਤੋਂ ਕਮਿਸ਼ਨ ਲੈਣ ਅਤੇ ਪਹਿਲੀਆਂ ਸਰਕਾਰਾਂ ਦੇ ਵਕਤ ਤੋਂ ਵੱਧ ਕਮਿਸ਼ਨ ਲੈਣ ਦੇ ਰਾਹ ਪਏ ਸੁਣੀਂਦੇ ਹਨ, ਸਰਕਾਰ ਦੇ ਉਹ ਆਪਣੇ ਬੰਦੇ ਹੀ ਇਸ ਸਰਕਾਰ ਦੇ ਜੜ੍ਹੀਂ ਬੈਠ ਸਕਦੇ ਹਨ।

ਜਿਹੜੀ ਗੱਲ ਇਸ ਸਰਕਾਰ ਦੇ ਪੱਖ ਵਿੱਚ ਨਾ ਸਿਰਫ ਚੰਗੀ ਹੈ, ਸਗੋਂ ਜਿਸ ਬਾਰੇ ਕਿਸੇ ਪਾਸਿਉਂ ਕਿੰਤੂ ਕਰਨ ਦੀ ਚਰਚਾ ਬਹੁਤੀ ਨਹੀਂ ਸੁਣੀ, ਉਹ ਇਸ ਦੇ ਰਾਜ ਵਿੱਚ ਨੌਕਰੀਆਂ ਦੀ ਵੰਡ ਭ੍ਰਿਸ਼ਟਾਚਾਰ ਤੋਂ ਬਿਨਾਂ ਸਿਰੇ ਚੜ੍ਹਦੇ ਜਾਣਾ ਹੈ। ਅਸੀਂ ਲੋਕ ਪਿਛਲੇ ਤੀਹ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਵੇਖਦੇ ਆਏ ਹਾਂ ਕਿ ਜਦੋਂ ਵੀ ਕਿਸੇ ਮਹਿਕਮੇ ਵਾਸਤੇ ਕਿਸੇ ਵੱਡੇ ਜਾਂ ਛੋਟੇ ਪੱਧਰ ਦੇ ਕਰਮਚਾਰੀਆਂ ਦੀ ਭਰਤੀ ਕੀਤੀ ਜਾਂਦੀ ਸੀ ਤਾਂ ਉਸ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਹਾਈ ਕੋਰਟ ਵਿੱਚ ਝਟਪਟ ਪਟੀਸ਼ਨਾਂ ਦਾਇਰ ਹੋਣ ਲੱਗਦੀਆਂ ਸਨ। ਮੌਜੂਦਾ ਸਰਕਾਰ ਦੇ ਰਾਜ ਵਿੱਚ ਅਜੇ ਤੱਕ ਭਰਤੀਆਂ ਕਰਨ ਦਾ ਕੋਈ ਮਾਮਲਾ ਭ੍ਰਿਸ਼ਟਾਚਾਰ ਦੀ ਚਰਚਾ ਵਿੱਚ ਆਇਆ ਹੋਣ ਦੀ ਖਾਸ ਖਬਰ ਨਹੀਂ ਚੱਲਦੀ ਸੁਣੀਂਦੀ। ਇਨ੍ਹਾਂ ਨੇ ਆਣ ਕੇ ਭਰਤੀ ਕਰਨ ਵਾਲੇ ਅਫਸਰ ਕਿਸੇ ਬਾਹਰਲੇ ਰਾਜ ਜਾਂ ਕਿਸੇ ਬਾਹਰਲੇ ਦੇਸ਼ ਤੋਂ ਨਹੀਂ ਲਿਆ ਕੇ ਲਾਏ, ਅਫਸਰ ਉਹ ਹੀ ਹਨ, ਸਿਰਫ ਨਿਗਰਾਨੀ ਵਾਲਾ ਤੰਤਰ ਸੁਧਾਰਿਆ ਹੋਣ ਦੀ ਗੱਲ ਪਤਾ ਲੱਗਦੀ ਹੈ। ਘੱਟੋ-ਘੱਟ ਭਰਤੀ ਵਾਲਾ ਕਾਰਜ ਹੀ ਜੇ ਇਸ ਤਰ੍ਹਾਂ ਕੀਤਾ ਜਾਂਦਾ ਰਿਹਾ ਤਾਂ ਨੇਕ-ਨੀਤੀ ਦੇ ਇੱਕ ਸਬੂਤ ਵਜੋਂ ਪੇਸ਼ ਕਰਨਾ ਇਨ੍ਹਾਂ ਲਈ ਅਗਲੀਆਂ ਚੋਣਾਂ ਦੇ ਵਕਤ ਕੰਮ ਆ ਸਕਦਾ ਹੈ। ਤਦ ਵੀ ਤਸਵੀਰ ਦੇ ਚੰਗੇ ਨਾਲੋਂ ਵਿਗਾੜ ਵਾਲੇ ਪੱਖ ਲੋਕੀਂ ਵੱਧ ਨੀਝ ਨਾਲ ਵੇਖਣ ਦੇ ਆਦੀ ਹਨ ਅਤੇ ਉਨ੍ਹਾਂ ਵਿਗਾੜ ਵਾਲੇ ਪੱਖਾਂ ਬਾਰੇ ਵਕਤ ਰਹਿੰਦਿਆਂ ਨਾ ਸੋਚਿਆ ਤਾਂ ਜਿੱਦਾਂ ਪਿਛਲੇ ਢਾਈ ਸਾਲ ਗੁਜ਼ਰ ਗਏ ਲੱਗਦੇ ਹਨ, ਏਦਾਂ ਹੀ ਬਾਕੀ ਢਾਈ ਸਾਲ ਲੰਘ ਜਾਣਗੇ ਅਤੇ ਲੋਕਾਂ ਦੀ ਤਸੱਲੀ ਕਰਾਉਣੀ ਔਖੀ ਹੋ ਸਕਦੀ ਹੈ।

ਚਿਰਾਂ ਦੇ ਪਏ ਵਿਗਾੜ ਵਾਲੇ ਜਿਹੜੇ ਪੱਖਾਂ ਦਾ ਅਜੇ ਤੱਕ ਪੰਜਾਬ ਦੀ ਮੌਜੂਦਾ ਸਰਕਾਰ ਕੋਈ ਇਲਾਜ ਕਰ ਸਕਣ ਵਿੱਚ ਸਫਲ ਨਹੀਂ ਹੋਈ, ਉਨ੍ਹਾਂ ਵਿੱਚੋਂ ਇੱਕ ਵੱਡਾ ਪੱਖ ਨਸ਼ਿਆਂ ਦਾ ਵਹਿਣ ਰੋਕਿਆ ਨਾ ਜਾਣਾ ਹੈ। ਸਰਕਾਰ ਨੇ ਜਿੰਨੀਆਂ ਟੀਮਾਂ ਇਸ ਕੰਮ ਵਿੱਚ ਲਾਈਆਂ ਸਨ, ਉਹ ਬਹੁਤ ਵੱਡੀ ਕਾਮਯਾਬੀ ਇਹ ਦੱਸਦੀਆਂ ਹਨ ਕਿ ਐਨੇ ਤਸਕਰਾਂ ਨੂੰ ਫੜਿਆ ਅਤੇ ਐਨਿਆਂ ਦੀ ਜਾਇਦਾਦ ਅਟੈਚ ਜਾਂ ਕੁਰਕ ਕਰਵਾਈ ਹੈ। ਜ਼ਰੂਰ ਕਰਵਾਈ ਹੋ ਸਕਦੀ ਹੈ, ਪਰ ਇਸ ਦੇ ਨਾਲ ਇਹ ਸੱਚਾਈ ਛੁਪਾਈ ਨਹੀਂ ਜਾ ਸਕਦੀ ਕਿ ਅੱਜ ਵੀ ਹਰ ਰੋਜ਼ ਪੰਜਾਬ ਵਿੱਚੋਂ ਵੱਖ-ਵੱਖ ਥਾਂਵਾਂ ਤੋਂ ਨਸ਼ੀਲੇ ਪਦਾਰਥ ਦੀ ਵਰਤੋਂ ਨਾਲ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖਬਰਾਂ ਆ ਰਹੀਆਂ ਹਨ ਤੇ ਹਰ ਇਹੋ ਜਿਹੀ ਮੌਤ ਮਗਰੋਂ ਓਥੋਂ ਦੇ ਲੋਕ ਸੜਕਾਂ ਰੋਕਦੇ ਅਤੇ ਥਾਣਿਆਂ ਦਾ ਘਿਰਾਉ ਕਰਦੇ ਹਨ। ਨਸ਼ਿਆਂ ਦੀ 'ਹੋਮ ਡਿਲਿਵਰੀ' ਦਾ ਜਿਹੜਾ ਨੈੱਟਵਰਕ ਇਸ ਰਾਜ ਵਿੱਚ ਬੀਤੇ ਸਾਲਾਂ ਵਿੱਚ ਕਾਇਮ ਕਰ ਦਿੱਤਾ ਜਾਣ ਬਾਰੇ ਅਸੀਂ ਓਦੋਂ ਤੋਂ ਸੁਣਦੇ ਆਏ ਸਾਂ, ਉਹ ਅਜੇ ਵੀ ਕਾਇਮ ਹੈ, ਉਸ ਦੀ ਕੋਈ ਖਾਸ ਤੰਦ ਕਿਸੇ ਥਾਂ ਤੋਂ ਟੁੱਕੀ ਨਹੀਂ ਜਾ ਸਕੀ। ਛੋਟੀਆਂ ਮੱਛੀਆਂ ਅਤੇ ਪੂੰਗ ਜਿਹੇ ਫੜੇ ਜਾਂਦੇ ਹਨ, ਇਸ ਧੰਦੇ ਵਿੱਚ ਲੱਗੇ ਹੋਏ ਵੱਡੇ ਮਗਰਮੱਛਾਂ ਦਾ ਕੋਈ ਵਾਲਾ ਵਿੰਗਾ ਹੋਣ ਦੀ ਝਲਕ ਲੋਕਾਂ ਨੂੰ ਨਹੀਂ ਮਿਲਦੀ। ਏਦਾਂ ਦਾ ਦੂਸਰਾ ਨਾਜਾਇਜ਼ ਧੰਦਾ ਮਾਈਨਿੰਗ ਦਾ ਹੈ, ਜਿਹੜਾ ਚੱਲਦਾ ਭਾਵੇਂ ਭਾਰਤ ਦੇ ਹਰ ਰਾਜ ਵਿੱਚ ਪਿਆ ਹੈ, ਸਾਨੂੰ ਇਸ ਦੇ ਨਾਲ ਕੋਈ ਮਤਲਬ ਨਹੀਂ ਕਿ ਕਿਸ ਰਾਜ ਵਿੱਚ ਏਦਾਂ ਦਾ ਕੀ ਹੁੰਦਾ ਹੈ, ਪੰਜਾਬ ਦੇ ਲੋਕਾਂ ਨੂੰ ਇਸ ਦਾ ਫਿਕਰ ਹੈ ਕਿ ਸਾਡੇ ਪੰਜਾਬ ਵਿੱਚ ਇਸ ਨੂੰ ਹਾਲੇ ਤੱਕ ਨੱਥ ਨਹੀਂ ਪਾਈ ਜਾ ਸਕੀ। ਤੀਹ ਕੁ ਸਾਲ ਪਹਿਲਾਂ ਤੱਕ ਇਸ ਧੰਦੇ ਵਿੱਚ ਗੜੁੱਚ ਲੋਕ ਸਿਰਫ ਰਾਜ ਕਰਦੀ ਪਾਰਟੀ ਦੇ ਆਗੂਆਂ ਵਾਸਤੇ ਹਿੱਸਾ ਕੱਢਿਆ ਕਰਦੇ ਸਨ, ਫਿਰ ਮੌਜੂਦਾ ਹਾਕਮਾਂ ਦੇ ਨਾਲ ਰਾਜ ਕਰ ਚੁੱਕੇ ਆਗੂਆਂ ਦਾ ਵੀ ਹਿਸਾ ਕੱਢਣ ਲੱਗ ਪਏ ਕਿ ਭਲਕ ਨੂੰ ਇਨ੍ਹਾਂ ਦਾ ਰਾਜ ਆ ਗਿਆ ਤਾਂ ਤੰਗ ਕਰਨਗੇ। ਅੱਜਕੱਲ੍ਹ ਇਸ ਤੋਂ ਅੱਗੇ ਗੱਲ ਵਧ ਗਈ ਤੇ ਰਾਜ ਕਰ ਚੁੱਕੀਆਂ ਦੋ ਧਿਰਾਂ ਦੇ ਨਾਲ ਮੌਜੂਦਾ ਧਿਰ ਦੇ ਕਈ ਵਿਧਾਇਕਾਂ, ਕੁਝ ਕੁ ਮੰਤਰੀਆਂ ਅਤੇ ਕੁਝ ਚੁਣਵੇਂ ਚੇਅਰਮੈਨਾਂ ਦਾ ਹਿੱਸਾ ਕੱਢਿਆ ਜਾਂਦਾ ਅਤੇ ਫਿਰ ਰਾਤ ਦੇ ਵਕਤ ਉਨ੍ਹਾਂ ਦੇ ਘਰੀਂ ਪੁਚਾਇਆ ਜਾਣ ਲੱਗਾ ਹੈ। ਇਹੋ ਜਿਹਾ ਵਿਹਾਰ ਆਮ ਲੋਕਾਂ ਤੋਂ ਲੁਕਿਆ ਨਹੀਂ ਰਹਿੰਦਾ, ਉਹ ਇਸ ਬਾਰੇ ਮੂੰਹੋਂ-ਮੂੰਹ ਗੱਲਾਂ ਕਰਦੇ ਪਏ ਹਨ।

ਗੱਲ ਮੁੜ ਕੇ ਓਸੇ ਥਾਂ ਆ ਜਾਂਦੀ ਹੈ, ਜਿੱਥੋਂ ਸ਼ੁਰੂ ਕੀਤੀ ਗਈ ਸੀ। ਸਰਕਾਰ ਦੀ ਅੱਧੀ ਮਿਆਦ ਲੰਘੀ ਜਾ ਰਹੀ ਹੈ ਅਤੇ ਜਿੱਦਾਂ ਇਸ ਢਾਈ ਸਾਲ ਦੇ ਅਰਸੇ ਦੌਰਾਨ ਆਮ ਲੋਕਾਂ ਦੀ ਚਰਚਾ ਦਾ ਕਈ ਸਾਲਾਂ ਤੋਂ ਵਿਸ਼ਾ ਬਣਦੇ ਆਏ ਮੁੱਦਿਆਂ ਬਾਰੇ ਜ਼ਿਆਦਾ ਕੰਮ ਨਹੀਂ ਹੋਇਆ, ਜੇ ਬਾਕੀ ਸਮੇਂ ਵਿੱਚ ਇਹੀ ਹਾਲ ਰਿਹਾ ਤਾਂ ਸਰਕਾਰ ਦਾ ਬਣੇਗਾ ਕੀ ? ਲੋਕ ਕਿਸੇ ਨੂੰ ਦੋਬਾਰਾ ਪੇਪਰ ਦੇਣ ਦਾ ਚਾਂਸ ਦੇਣ ਦੇ ਆਦੀ ਨਹੀਂ ਤੇ ਇੱਕ ਵਾਰੀ ਜਦੋਂ ਉਨ੍ਹਾਂ ਅਕਾਲੀ-ਭਾਜਪਾ ਸਰਕਾਰ ਦੁਹਰਾ ਕੇ ਅਨਰਥ ਹੁੰਦਾ ਭੁਗਤਿਆ ਹੋਇਆ ਹੈ, ਉਸ ਦਾ ਚੇਤਾ ਸਭ ਨੂੰ ਰੱਖਣਾ ਚਾਹੀਦਾ ਹੈ। ਲੋਕ ਪਹਿਲੇ ਸਮੇਂ ਵਾਂਗ ਸਿੱਧੜ ਨਹੀਂ ਰਹੇ, ਉਹ ਹੁੰਦਾ ਸਭ ਕੁਝ ਅੱਖੀਂ ਵੇਖਦੇ ਅਤੇ ਜਿਹੜਾ ਕੁਝ ਅੱਖੋਂ-ਪਰੋਖੇ ਹੁੰਦਾ ਸੁਣਿਆ ਜਾ ਸਕਦਾ ਹੈ, ਉਸ ਦੀ ਚਰਚਾ ਬਾਰੇ ਵੀ 'ਹੋਊ ਪਰੇ' ਕਹਿਣ ਅਤੇ ਅੱਖਾਂ ਫੇਰ ਲੈਣ ਵਾਲੇ ਨਹੀਂ ਰਹਿ ਗਏ। ਅਗਲੀ ਚੋਣ ਦੌਰਾਨ ਲੋਕ ਬੀਤੇ ਸਾਢੇ ਤਿੰਨ ਦਹਾਕਿਆਂ ਦੇ ਹੱਡੀਂ ਹੰਢਾਏ ਤਜਰਬੇ ਭੁੱਲਣ ਨਹੀਂ ਲੱਗੇ। ਇਹ ਕੁਝ ਅਗੇਤਾ ਸੋਚ ਲੈਣਾ ਚਾਹੀਦਾ ਹੈ।

# ਕੋਲਕਾਤਾ ਕਾਂਡ ਤੇ ਬਦਲਾਪੁਰ ਕਾਂਡ

## ਸੁਲਘਦੇ ਸਵਾਲ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਸਮੁੱਚੇ ਭਾਰਤ ਦੀ ਇਸ ਗੱਲ ਵਿੱਚ ਮਹਾਨਤਾ ਹੈ ਕਿ ਇਸ ਦੇਸ਼ ਵਿੱਚ ਵੱਖ-ਵੱਖ ਕੌਮਾਂ ਰਹਿੰਦੀਆਂ ਹਨ। ਉਨ੍ਹਾਂ ਦੇ ਵੱਖ-ਵੱਖ ਧਰਮ ਹਨ। ਉਨ੍ਹਾਂ ਦੀਆਂ ਵੱਖ-ਵੱਖ ਬੋਲੀਆਂ ਹਨ। ਵੱਖ-ਵੱਖ ਨੈਣ-ਨਕਸ਼ ਹੋਣ ਦੇ ਬਾਵਜੂਦ ਉਹ ਸਭ ਭਾਰਤੀ ਹਨ। ਇਸੇ ਤਰ੍ਹਾਂ ਇਸਦੇਸ਼ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਵਜੂਦ ਵਿੱਚ ਆਈਆਂ ਹੋਈਆਂ ਹਨ। ਕੋਈ ਸੂਬਾ ਪੱਧਰੀ ਹੈ, ਕੋਈ ਦੇਸ਼ ਪੱਧਰੀ ਵਜੂਦ ਵਿੱਚ ਹੈ। ਰੰਗ, ਕੱਦ-ਕਾਠ ਵੀ ਵੱਖਰਾ ਹੋਣ ਦੇ ਬਾਵਜੂਦ ਫਿਰ ਵੀ ਸਾਰੇ ਭਾਰਤੀ ਹਨ। ਵਿਦੇਸ਼ੀ ਹਕੂਮਤ ਨੂੰ ਦੇਸ਼ ਵਿੱਚੋਂ ਕੱਢਣ ਲਈ ਸਭ ਨੇ ਰਲ ਕੇ ਅਜਿਹਾ ਹਮਲਾ ਮਾਰਿਆ ਕਿ ਜਿਨ੍ਹਾਂ ਦੀ ਹਕੂਮਤ ਦਾ ਕਦੇ ਸੂਰਜ ਨਹੀਂ ਸੀ ਡੁਬਦਾ ਉਨ੍ਹਾਂ ਦਾ ਸੂਰਜ ਵੀ ਸੁਤੰਤਰ ਸੰਗਰਾਮੀਆਂ ਦੇ ਏਕੇ ਸਾਹਮਣੇ ਅਟਕ ਨਾ ਸਕਿਆ। ਇਹ ਅਲੱਗ ਗੱਲ ਹੈ ਜੋ ਸੁਪਨੇ ਸੁਤੰਤਰਤਾ ਸੰਗਰਾਮੀਆਂ ਨੇ ਸੋਚੇ ਅਤੇ ਦੇਖੇ ਸਨ, ਉਹ ਅੱਜ ਤੱਕ ਅਧੂਰੇ ਹਨ। ਜਿਸ ਦਾ ਮੁੱਖ ਕਾਰਨ ਵਿੱਦਿਆ ਦੀ ਘਾਟ ਸਭ ਤੋਂ ਵੱਡਾ ਕਾਰਨ ਹੈ। ਅੱਜ ਦੇ ਦਿਨ ਵੀ ਵੱਖ-ਵੱਖ ਸੂਬਿਆਂ ਦੀਆਂ ਵੱਖ-ਵੱਖ ਸਰਕਾਰਾਂ ਵਿੱਦਿਆ ਵਾਸਤੇ ਬਣਦਾ ਬਜਟ ਮੁਹੱਈਆ ਨਹੀਂ ਕਰਵਾ ਰਹੀਆਂ। ਜਿਸ ਕਰਕੇ ਬਹੁਤੀ ਜਨਤਾ ਸਾਧੂ ਸੰਤਾਂ, ਮਹੰਤਾਂ ਦੇ ਪੈਰ ਛੂਹਣ ਲਈ ਏਨੀ ਮਜਬੂਰ ਹੈ ਕਿ ਉਸ ਨੂੰ ਲਗਾਤਾਰ ਲਾਈਨਾਂ ਵਿੱਚ ਮੱਥੇ ਰਗੜਨ ਲਈ ਆਪਣੀ ਵਾਰੀ ਦੀ ਉਡੀਕ ਕਰਨੀ ਪੈ ਰਹੀ ਹੈ। ਸਮੁੱਚੀਆਂ ਸਰਕਾਰਾਂ ਦੀ ਪੜ੍ਹਾਈ ਵੱਲ ਬੇਰੁਖੀ ਕਰਕੇ ਅਪਰਾਧਾਂ ਵਿੱਚ ਵਾਧਾ ਹੋ ਰਿਹਾ ਹੈ। ਜਿਹੜੇ ਗੰਭੀਰ ਅਪਰਾਧ ਅਜ਼ਾਦੀ ਦੇ ਸ਼ੁਰੂ ਦੇ ਸਾਲਾਂ ਵਿੱਚ ਦਰਜਨਾਂ ਦੀ ਗਿਣਤੀ ਵਿੱਚ ਦਰਜ ਹੁੰਦੇ ਸਨ, ਉਹ ਅਜ਼ਾਦੀ ਦੇ ਸਤੱਤਰ ਸਾਲ ਬਾਅਦ ਸੈਂਕੜਿਆਂ ਦੀ ਗਿਣਤੀ ਵਿੱਚ ਦਰਜ ਹੋ ਰਹੇ ਹਨ। ਇਨ੍ਹਾਂ ਦਰਜ ਕੇਸਾਂ ਤੋਂ ਇਲਾਵਾ ਉਹ ਕੇਸ ਅਲੱਗ ਹਨ, ਜਿਨ੍ਹਾਂ ਨੂੰ ਸੰਬੰਧਤ ਅਧਿਕਾਰੀਆਂ ਦੁਆਰਾ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਉਹ ਕੋਟਾ ਵੀ ਅਲੱਗ ਹੈ ਜੋ ਬਦਨਾਮੀ ਤੋਂ ਡਰਦੇ ਦਰਜ ਹੀ ਨਹੀਂ ਕਰਾਉਂਦੇ। ਵੱਖ-ਵੱਖ ਘਿਨਾਉਣੇ ਕੇਸਾਂ ਵਿੱਚ ਸਮੁੱਚੀਆਂ ਰਾਜ ਕਰਦੀਆਂ ਪਾਰਟੀਆਂ ਲਿਪਤ ਹਨ।

ਸਮੁੱਚੇ ਭਾਰਤ ਵਿੱਚ (ਕਿਸੇ ਸੂਬੇ 'ਚ ਘੱਟ ਕਿਸੇ 'ਚ ਵਧ) ਜੋ ਵੱਖ-ਵੱਖ ਅਪਰਾਧਾਂ ਦੇ ਹੜ੍ਹ ਦਾ ਰੌਲਾ ਪੈ ਰਿਹਾ ਹੈ, ਅਨਪੜ੍ਹਤਾ ਤੋਂ ਇਲਾਵਾ ਵਹਿਮਾਂ-ਭਰਮਾਂ ਦਾ ਆਪਣਾ ਇੱਕ ਆਪਣਾ ਵੱਖ ਰੌਲਾ ਹੈ। ਵਹਿਮ-ਭਰਮ ਜਿਥੇ ਅਨਪੜ੍ਹ ਇਨਸਾਨ ਨੂੰ ਆਮ ਹੀ ਘੇਰ ਲੈਂਦੇ ਹਨ ਇਨ੍ਹਾਂ ਨੂੰ ਰੋਕਣ ਲਈ ਅਖੌਤੀ ਧਰਮ ਗੁਰੂਆਂ ਤੋਂ ਲੈ ਕੇ ਅਖੌਤੀ ਸਾਧੂ-ਸੰਤਾਂ ਦੇ ਡੇਰਿਆਂ 'ਤੇ ਨੇੜਿਓਂ ਨਜ਼ਰ ਰੱਖਣ ਦੀ ਲੋੜ ਹੈ। ਨਜ਼ਰ ਇਸ ਕਰਕੇ ਨਹੀਂ ਰੱਖ ਹੋ ਰਹੀ, ਕਿਉਂਕਿ ਜਮਹੂਰੀਅਤ ਵਿੱਚ ਇਨ੍ਹਾਂ ਡੇਰਿਆਂ ਦਾ ਵੱਡਾ ਰੋਲ ਹੁੰਦਾ ਹੈ। ਕੋਈ ਬੰਦਾ ਅਖੌਤੀ ਗੁਰੂਆਂ ਤੋਂ ਲੈ ਕੇ ਸਾਧੂ-ਸੰਤਾਂ ਦੇ ਚੇਲਿਆ ਤੱਕ ਇਹ ਗਰੰਟੀ ਨਹੀਂ ਕਰ ਸਕਦਾ ਕਿ ਸਾਡੇ ਸਭ ਅੱਛਾ ਹੋ ਰਿਹਾ ਹੈ। ਇਥੋਂ ਤੱਕ ਬਿਮਾਰੀ ਫੈਲ ਚੁੱਕੀ ਹੈ ਕਿ ਜਿਨ੍ਹਾਂ ਡੇਰਿਆਂ, ਸਾਧੂ-ਸੰਤਾਂ ਅਤੇ ਧਰਮ ਗੁਰੂਆਂ ਤੱਕ ਸੂਬੇ ਦੇ ਮੁੱਖ ਮੰਤਰੀਆਂ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਨਤਮਸਤਕ ਹੁੰਦੇ ਹਨ, ਉਨ੍ਹਾਂ ਵਿੱਚੋਂ ਦਰਜਨਾਂ ਪਾਖੰਡੀ ਅਖੌਤੀ ਸਾਧ ਅੱਜ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਉਮਰ ਕੈਦਾਂ ਕੱਟ ਕੇ ਸਾਡੀਆਂ ਮਾਡਰਨ ਜੇਲ੍ਹਾਂ ਦਾ ਮਾਣ ਤਾਣ ਵਧਾ ਰਹੇ ਹਨ। ਜ਼ਰਾ ਸੋਚੋ ਅਗਰ ਗੁਰੂ ਆਪਣੇ ਡੇਰਿਆਂ 'ਚ ਅਜਿਹਾ ਕੁਕਰਮ ਕਰਨੋ ਨਹੀਂ ਹਟਦੇ ਤਾਂ ਉਨ੍ਹਾਂ ਦੇ ਚੇਲੇ-ਬਾਲਕੇ ਕਿਵੇਂ ਪਿੱਛੇ ਰਹਿਣਗੇ। ਅਪਰਾਧਾਂ ਨੂੰ ਰੋਕਣ ਲਈ ਸਮੁੱਚੇ ਡੇਰਿਆਂ 'ਤੇ ਤਿੱਖੀ ਨਜ਼ਰ ਅਤੇ ਮੌਕੇ-ਮੌਕੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਹਰ ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ ਦੀ ਨਿਰੰਤਰ ਚੈਕਿੰਗ ਹੁੰਦੀ ਰਹਿਣੀ ਚਾਹੀਦੀ ਹੈ।

ਅਜੋਕਾ ਕੋਲਕਾਤਾ ਰੇਪ ਕਾਂਡ ਨਾ ਇਹ ਦੇਸ਼ ਦਾ ਪਹਿਲਾ ਅਤੇ ਨਾ ਹੀ ਆਖਰੀ ਕਾਂਡ ਹੈ। ਦੇਸ਼ ਦਾ ਕੋਈ ਅਜਿਹਾ ਸੂਬਾ ਨਹੀਂ ਬਚਿਆ ਹੋਵੇਗਾ, ਜਿਥੇ ਰੇਪ ਕੇਸ ਨਾ ਹੋਏ ਹੋਣ। ਕੋਈ ਰਾਜ ਕਰਦੀ ਜਾਂ ਰਾਜ ਕਰ ਚੁੱਕੀ ਪਾਰਟੀ ਅੱਜ ਦੇ ਦਿਨ ਬਾਂਹ ਉੱਚੀ ਕਰਕੇ ਅਜਿਹੇ ਵਰਤਾਰੇ ਤੋਂ ਬਚੀ ਹੋਵੇ। ਅਗਰ ਪਾਠਕ ਧਿਆਨ ਨਾਲ ਸੋਚਣ ਅਤੇ ਯਾਦ ਕਰਨ ਤਾਂ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਅਜਿਹੇ ਭੱਦੇ ਦੋਸ਼ਾਂ ਤੋਂ ਕੋਈ ਵੀ ਵਿਭਾਗ ਅੱਜ ਤੱਕ ਬਚਿਆ ਨਹੀਂ । ਅਜਿਹੇ ਭੱਦੇ ਦੋਸ਼ ਫੌਜ, ਪੁਲਸ, ਕਾਨੂੰਨੀ ਮਹਿਕਮੇ ਵਿੱਚ ਲੱਗ ਚੁੱਕੇ ਹਨ। ਇਹ ਅਲੱਗ ਗੱਲ ਹੈ ਉਨ੍ਹਾਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਵਾਲੀ ਹੈ। ਅਜਿਹੇ ਦੋਸ਼ ਸਿਆਸਤ ਵਿੱਚ ਆਮ ਲਗਦੇ ਹਨ। ਵਿੱਦਿਆ ਖੇਤਰ (ਸਕੂਲ-ਕਾਲਜ) ਵਿੱਚ ਵੀ ਲਗਦੇ ਰਹਿੰਦੇ ਹਨ ਅਤੇ ਸਾਬਤ ਹੁੰਦੇ ਰਹਿੰਦੇ ਹਨ। ਹੋਰ ਤਾਂ ਹੋਰ, ਦੇਸ਼ ਦੀਆਂ ਭਲਵਾਨ ਧੀਆਂ ਵੀ ਰਾਜ ਕਰਦੀ ਕੇਂਦਰੀ ਸਰਕਾਰ ਦੇ ਪਾਰਲੀਮੈਂਟ ਮੈਂਬਰਾਂ 'ਤੇ ਅਜਿਹੇ ਦੋਸ਼ ਲਾ ਚੁੱਕੀਆਂ ਹਨ। ਜਿਨ੍ਹਾਂ 'ਤੇ ਸਾਰੇ ਤਰ੍ਹਾਂ ਦਾ ਸੰਘਰਸ਼ ਕਰਨ ਤੋਂ ਬਾਅਦ ਵੀ ਐਫ਼ ਆਈ ਆਰ ਦਰਜ ਨਹੀਂ ਕਰਵਾ ਸਕੀਆਂ। ਐਫ ਆਈ ਆਰ ਵੀ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਹੋਈ। ਅਜਿਹੇ ਮੌਸਮ 'ਚ ਆਮ ਗਰੀਬ ਜਨਤਾ ਆਪਣੇ ਦੁਖੜੇ ਕਿਵੇਂ ਅਤੇ ਕਿਸ ਪਾਸ ਸੁਣਾ ਸਕਦੀ ਹੈ।

ਆਖਰ ਪਾਠਕੋ ਆਓ ਆਪਾਂ ਚਲੰਤ ਬੰਗਾਲ 'ਚ ਹੋਏ ਰੇਪ ਅਤੇ ਰੇਪ ਕਰਨ ਤੋਂ ਬਾਅਦ ਗਲ ਘੁੱਟ ਕੇ ਘਿਨੌਣੇ ਕਾਂਡ ਬਾਰੇ ਗੱਲ ਕਰੀਏ। ਬੇਹੱਦ ਦੁੱਖ ਦੀ ਗੱਲ ਹੈ ਕਿ ਦੇਸ਼ ਦੀ ਟਰੇਨੀ ਡਾਕਟਰ ਧੀ ਨਾਲ ਅਜਿਹਾ ਕਾਂਡ ਵਾਪਰਿਆ। ਉਸ ਤੋਂ ਵੱਧ ਇਸ ਗੱਲ ਦਾ ਦੁੱਖ ਹੈ ਜੋ ਉਸ ਹੱਤਿਆ ਕਾਂਡ ਬਾਰੇ ਹੌਲੀ ਹੌਲੀ ਬਾਹਰ ਆ ਰਿਹਾ ਹੈ। ਸੀ ਬੀ ਆਈ ਮੁਤਾਬਕ ਡਾਕਟਰ ਸੰਦੀਪ ਜੋ ਕਈ ਸਾਲਾਂ ਤੋਂ ਇਸ ਕਾਲਜ ਦਾ ਪ੍ਰਿੰਸੀਪਲ ਚੱਲਿਆ ਆ ਰਿਹਾ ਹੈ। ਸੂਤਰਾਂ ਮੁਤਾਬਕ ਪ੍ਰਿੰਸੀਪਲ ਜਿਹੜਾ ਪ੍ਰਿੰਸੀਪਲ ਚੋਣ ਸਮੇਂ ਮੈਰਿਟ 'ਚ ਸੋਲ੍ਹਵੇਂ ਨੰਬਰ 'ਚ ਸੀ, ਰਾਤੋ-ਰਾਤ ਪਹਿਲੇ ਨੰਬਰ 'ਤੇ ਆ ਗਿਆ, ਦੀ ਦੋ-ਤਿੰਨ ਵਾਰ ਬਦਲੀ ਹੋਈ। ਬਦਲੀ ਦੇ ਆਰਡਰਾ ਦੀ ਸਿਆਹੀ ਅਜੇ ਸੁੱਕਦੀ ਨਹੀਂ ਸੀ ਕਿ ਬਦਲੀ ਰੁਕ ਜਾਂਦੀ ਸੀ। ਸੁਭਾਵਕ ਹੀ ਹੈ, ਮਹਿਕਮਾ ਪਾਸ ਹੋਣ ਕਰਕੇ ਸੂਬੇ ਦੀ ਮੁੱਖ ਮੰਤਰੀ ਬਦਲੀ ਕਰਦੀ ਹੋਵੇਗੀ। ਪਰ ਸਵਾਲਾਂ ਦਾ ਸਵਾਲ ਇਹ ਉਠਦਾ ਹੈ ਕਿ ਬਦਲੀ ਕਿਸ ਦੇ ਇਸ਼ਾਰੇ 'ਤੇ ਰੁਕਦੀ ਸੀ ? ਹੋ ਸਕਦਾ ਹੈ ਸੀ ਬੀ ਆਈ ਦੀ ਧੀਮੀ ਰਫ਼ਤਾਰ ਇਹ ਸਭ ਕੁਝ ਜਾਣ ਪਾਵੇ।

ਅਗਲੀ ਗੱਲ ਹੈ ਪ੍ਰਿੰਸੀਪਲ ਦੇ ਪਲ-ਪਲ ਬਦਲਦੇ ਬਿਆਨ। ਪਹਿਲਾ ਟੈਲੀਫੋਨ ਵਾਰਦਾਤ ਦੀ ਰਾਤ ਨੂੰ ਮਹਿਰੂਮ ਟਰੇਨੀ ਡਾਕਟਰ ਦੇ ਘਰਦਿਆਂ ਨੂੰ ਜਾਂਦਾ ਹੈ ਕਿ ਤੁਹਾਡੀ ਲੜਕੀ ਬਿਮਾਰ ਹੈ। ਫਿਰ ਜਾਂਦਾ ਹੈ ਕਿ ਉਸ ਨੇ ਖੁਦਕੁਸ਼ੀ ਕਰ ਲਈ ਹੈ। ਫਿਰ ਘਰਦਿਆਂ 'ਤੇ ਇਸ ਕਾਲ ਦਾ ਦਬਾਅ ਬਣਾਇਆ ਜਾਦਾ ਹੈ ਕਿ ਤੁਸੀਂ ਜਲਦੀ ਇਸ ਦਾ ਪੋਸਟ ਮਾਰਟਮ ਕਰਵਾ ਕੇ ਸਸਕਾਰ ਕਰੋ। ਮੌਜੂਦਾ ਪ੍ਰਿੰਸੀਪਲ ਨੂੰ ਅਜਿਹਾ ਕਰਨ ਦੀ ਲੋੜ ਅਤੇ ਕਾਹਲ ਕਿਸ ਵਾਸਤੇ ਸੀ ? ਕੀ ਉਹ ਦੋਸ਼ੀ ਨੂੰ ਬਚਾਉਣਾ ਚਾਹੁੰਦਾ ਸੀ ? ਜਾਂ ਆਪਣਾ ਕੋਈ ਪਾਪ ਛਪਾਉਣਾ ਚਾਹੁੰਦਾ ਸੀ ? ਕੀ ਦਾਲ ਵਿੱਚ ਹੋਰ ਬਹੁਤ ਕਾਲਾ-ਕਾਲਾ ਹੈ।

ਇਸ ਘਿਨਾਉਣੇ ਕਾਂਡ ਬਦਲੇ ਬੇਟੀ ਦੇ ਹੱਕ ਵਿੱਚ ਡਿਸਪਲਿਨ ਵਿੱਚ ਰਹਿ ਕੇ ਮੁਜ਼ਾਹਰੇ ਹੋਣੇ ਚਾਹੀਦੇ ਹਨ। ਪਰ ਇਸ ਵਿਸ਼ੇ 'ਤੇ ਸੀ ਬੀ ਆਈ ਦੇ ਪੜਤਾਲ ਕਰਨ ਤੋਂ ਬਾਅਦ ਵੀ ਬੀ ਜੇ ਪੀ ਦਾ ਬੇਲੋੜਾ ਸੰਘ-ਪਾੜਵਾਂ ਰੌਲਾ ਸਮਝ ਨਹੀਂ ਆਉਂਦਾ ਕਿ ਉਹ ਮੁੱਖ ਮੰਤਰੀ ਦਾ ਅਸਤੀਫ਼ਾ ਮੰਗ ਕੇ ਕਿਉਂ ਫਜ਼ੂਲ ਦੀ ਸੂਬੇ ਵਿੱਚ ਅਫਰਾ-ਤਫ਼ਰੀ ਮਚਾ ਰਹੀ ਹੈ, ਅਗਰ ਅੱਜ ਤੱਕ ਦਸ-ਬਾਰਾਂ ਸਾਲ ਦੇ ਰਾਜ ਵਿੱਚ ਬੀ ਜੇ ਪੀ ਨੇ ਅਜਿਹੀ ਮਿਸਾਲ ਕਾਇਮ ਕੀਤੀ ਹੋਵੇ ਤਾਂ ਉਸ ਨੂੰ ਅਜਿਹਾ ਕਹਿਣ ਦਾ ਅਧਿਕਾਰ ਹੈ। ਜੋ ਕਿਸੇ ਸੂਬੇ ਦੇ ਮੁੱਖ ਮੰਤਰੀ ਨੂੰ ਕਰਨਾ ਚਾਹੀਦਾ ਸੀ ਮੁੱਖ ਮੰਤਰੀ ਸ੍ਰੀਮਤੀ ਮਮਤਾ ਨੇ ਫੌਰਨ ਕੀਤਾ। ਇਨਕੁਆਰੀ ਲਈ ਸਿੱਟ ਬਣਾਈ, ਜਿਸ ਨੂੰ ਤਕਰੀਬਨ ਹਫ਼ਤੇ ਦਾ ਸਮਾਂ ਦਿੱਤਾ। ਸਮੇਂ ਸਿਰ ਰਿਪੋਰਟ ਨਾ ਕਰਨ ਕਰਕੇ ਇਨਕੁਆਰੀ ਸੀ ਬੀ ਆਈ ਨੂੰ ਕੇਸ ਸੌਂਪਣ ਦਾ ਬਚਨ ਦਿੱਤਾ। ਹਮੇਸ਼ਾ ਹੀ ਪਹਿਲਾਂ ਸੂਬਾ ਸਰਕਾਰਾਂ ਅਜਿਹਾ ਹੀ ਕਰਦੀਆਂ ਹਨ। ਫਿਰ ਅਸਤੀਫ਼ਾ ਕਿਸ ਖੁਸ਼ੀ 'ਚ ? ਕੀ ਯੂ ਪੀ ਕਾਂਡ 'ਚ, ਮਹਾਰਾਸ਼ਟਰ ਦੇ ਬਦਲਾਪੁਰ ਕਾਂਡ ਕਰਕੇ ਜਾਂ ਮਣੀਪੁਰ ਕਾਂਡ ਕਰਕੇ ਭਾਜਪਾ ਮੁੱਖ ਮੰਤਰੀਆਂ ਨੇ ਕਦੇ ਅਸਤੀਫ਼ਾ ਦਿੱਤਾ ? ਯੂ ਪੀ 'ਚ ਤਾਂ ਆਮ ਰਿਵਾਜ ਹੈ ਕਿ ਬਲਾਤਕਾਰ ਕਰ ਬੱਚੀਆਂ ਦਰੱਖਤਾਂ ਨਾਲ ਲਟਕਾ ਦਿੱਤੀਆਂ ਜਾਂਦੀਆਂ ਹਨ।

ਪਾਠਕੋ ! ਇਹ ਅਜਿਹੀ ਬਿਮਾਰੀ ਹੈ ਜੋ ਪੂਰੇ ਭਾਰਤ ਵਿੱਚ ਬਾਵਜੂਦ ਵਿਸ਼ਵ ਗੁਰੂ ਬਣਨ ਦੇ, ਬਾਵਜੂਦ ਸੰਸਾਰ ਦੀ ਪੰਜਵੀਂ ਅਰਥ ਵਿਵਸਥਾ ਬਣਨ ਦੇ, ਬਾਵਜੂਦ ਭਗਵਾਨ ਸ੍ਰੀ ਰਾਮ ਚੰਦਰ ਦੇ ਬੁੱਤ ਦੀ ਪ੍ਰਾਣ ਪ੍ਰਤਿਸ਼ਠਾ ਕਰਨ ਦੇ ਅਤੇ ਸਰਕਾਰੀ ਡਰਾਮਿਆਂ ਦੇ ਬੜੀ ਬੁਰੀ ਤਰ੍ਹਾਂ ਫੈਲ ਰਹੀ ਹੈ। ਜਿਸ ਨੂੰ ਰੋਕਣ ਲਈ ਹੁਕਮਰਾਨ ਟੋਲਾ ਸਮੇਤ ਆਪਣੇ ਸਿਆਸੀ ਦੋਸਤਾਂ ਦੇ ਫੇਲ੍ਹ ਹੋਇਆ ਹੈ। ਬਾਕੀ ਜਿਥੋਂ ਤੱਕ ਸਖ਼ਤ ਸਜ਼ਾਵਾਂ ਦੀ ਮੰਗ ਹੈ, ਉਸ ਵਿੱਚ ਫਾਂਸੀ ਤੋਂ ਇਲਾਵਾ ਉਮਰ ਕੈਦ ਮਰਨ ਤੱਕ, ਦੌਰਾਨ ਉਮਰ ਕੈਦ ਕੋਈ ਵੀ ਮੁਲਾਕਾਤ ਨਾ ਕਰ ਸਕੇ ਜਾਂ ਫਿਰ ਅਜਿਹੇ ਲੋਕਾਂ ਨੂੰ ਮਿਥੇ ਸਮੇਂ ਵਿੱਚ ਫਾਂਸੀ ਦੇਣੀ ਚਾਹੀਦੀ ਹੈ। ਪਰ ਇਸ ਸਭ ਕਾਸੇ ਦਾ ਪੱਕਾ ਇਲਾਜ ਮੌਜੂਦਾ ਸਿਸਟਮ ਨੂੰ ਬਦਲਣ ਵਿੱਚ ਹੈ ਤਾਂ ਕਿ ਕੋਲਕਾਤਾ ਕਾਂਡ, ਬਦਲਾਪੁਰ ਕਾਂਡ ਤੇ ਹੋਰ ਘਿਨਾਉਣੇ ਕਾਂਡ ਮੁੜ ਦੁਹਰਾਏ ਨਾ ਜਾਣ।

*# ਸੰਪਰਕ : 98721-65741*

# ਪੰਜਾਬ ਸਿੰਘ ਦੀ ਕਬੀਲਦਾਰੀ

## ਕਾਲਪਨਿਕ ਉਡਾਰੀ

**ਸੁਖਮੰਦਰ ਪੁੰਨੀ**

ਪੰਜਾਬ ਸਿੰਘ, ਜਿਸ ਦਾ ਸਰੀਰ ਹੁਣ ਬੁੱਢਾ ਹੋ ਗਿਆ ਸੀ, ਇਸ ਸਮੇਂ ਉਹ ਬੈਠਾ ਸੋਚ ਰਿਹਾ ਸੀ ਕਿ ਉਸ ਨੇ ਜਵਾਨੀ ਵਿਚ ਬਹੁਤ ਮੱਲਾਂ ਮਾਰੀਆਂ। ਉਸ ਦੀ ਜਵਾਨੀ ਸਿਖਰ 'ਤੇ ਸੀ, ਜਦੋਂ ਜਵਾਨੀ ਵਿਚ ਹੀ ਉਸ ਦੇ ਪਿਤਾ ਰਣਜੀਤ ਸਿੰਘ ਇਸ ਜੱਗ ਤੋਂ ਚਲਿਆ ਗਿਆ। ਉਸ ਦੇ ਪਿਤਾ ਦੇ ਸੰਸਾਰ ਤੋਂ ਜਾਣ ਬਾਅਦ ਆਪਣੇ ਸੀਨੇ ਉੱਪਰ ਬਹੁਤ ਜ਼ਖਮ ਸਹੇ। ਉਸ ਦਾ ਘਰ ਕਿੰਨੀ ਵਾਰੀ ਹੀ ਉਝੜਿਆ ਤੇ ਫਿਰ ਦੁਬਾਰਾ ਆਪਣੀ ਮਿਹਨਤ ਨਾਲ ਵਸਾਇਆ। 1947 ਵਿਚ ਪੰਜਾਬ ਸਿੰਘ ਆਪਣੇ ਭਰਾ ਕੋਲੋਂ ਅਲੱਗ ਹੋਇਆ। ਅਲੱਗ ਹੋਣ 'ਤੇ ਅਨੇਕਾਂ ਲੜਾਈਆਂ ਲੜੀਆਂ, ਜਿਸ ਦੇ ਜ਼ਖਮ ਹਾਲੇ ਵੀ ਅੱਲੇ ਹਨ। 1947 ਦੀ ਜੰਗ ਤੋਂ ਬਾਅਦ ਥੋੜ੍ਹਾ ਉਡਾਰ ਹੀ ਹੋਇਆ ਸੀ ਕਿ 1965 ਦਾ ਨਵਾਂ ਰੌਲਾ ਪੈ ਗਿਆ ਸੀ, ਹਾਲੇ ਨਵੀਂ ਕਬੀਲਦਾਰੀ ਸਾਂਭੀ ਸੀ, ਵੰਡ-ਵੰਡਾਈਆ ਹੋਇਆ। ਥੋੜ੍ਹੀ-ਬਹੁਤੀ ਜ਼ਿੰਦਗੀ ਦੀ ਗੱਡੀ ਰਾਹ 'ਤੇ ਆ ਰਹੀ ਸੀ ਕਿ 1984 ਵਿਚ ਉਸ ਦੇ ਆਪਣੇ ਹੀ ਧੋਖਾ ਦੇ ਗਏ। ਉਸ ਦੇ ਆਪਣੇ ਹੀ ਜੰਮੇ-ਜਾਏ ਉਸ ਨੂੰ ਮਾਰਨ ਲੱਗੇ। ਬਹੁਤ ਖ਼ੂਨ ਡੁੱਲ੍ਹਿਆ, ਇੱਜ਼ਤਾਂ ਰੁਲੀਆਂ ਤੇ ਕਤਲ ਹੋਏ। ਇਸ ਸਮੇਂ ਉਹ ਅੱਧਖੜ ਹੋ ਗਿਆ ਸੀ।

ਪੰਜਾਬ ਸਿੰਘ ਨੇ ਆਪਣੇ ਘਰ ਹੋਈਆਂ ਲੜਾਈਆਂ ਦੇ ਕਾਰਨ ਭੁੱਖਮਰੀ, ਰੁਜ਼ਗਾਰ, ਮੁੜ ਵਸੇਬਾ ਕਰਨ ਦੇ ਯਤਨ ਕਰ ਰਿਹਾ ਸੀ। ਆਪਣੇ ਨਾਲ ਹੋਏ ਧੱਕੇ ਬਾਰੇ ਇਨਸਾਫ ਦੀ ਮੰਗ ਵੀ ਕਰ ਰਿਹਾ ਸੀ, ਪਰ ਇਨਸਾਫ ਬਹੁਤ ਘੱਟ ਹੀ ਮਿਲਿਆ। ਇਸ ਸਮੇਂ ਉਸ ਦੇ ਦੋ ਪੁੱਤਰ ਜਵਾਨ ਹੋ ਰਹੇ ਸਨ, ਅਵਕਾਸ਼ ਸਿੰਘ, ਜੋ ਬਾਬੇ ਨਾਨਕ ਦੀ ਤੱਕੜੀ ਦੀ ਉਦਾਹਰਨ ਦੇ ਸਭ ਨੂੰ ਬਰਾਬਰ ਇਨਸਾਫ ਅਤੇ ਬਰਾਬਰ ਹਿੱਤ ਦੀ ਮੰਗ ਕਰਦਾ ਸੀ ਅਤੇ ਦੂਸਰਾ ਪੁੱਤਰ ਅਰਵਿੰਦਰ ਸਿੰਘ ਬਾਬੇ ਨਾਨਕ ਦੇ ਹੱਥ ਦਾ ਓਟ ਆਸਰਾ ਲੈ ਕੇ ਸਭ ਨੂੰ ਆਪਣੇ ਨਾਲ ਨਾਲ ਚੱਲਣ ਦੀ ਪ੍ਰੇਰਨਾ ਦਿੰਦਾ। ਪੰਜਾਬ ਸਿੰਘ ਦੇ ਇਹਨਾਂ ਦੋਵਾਂ ਪੁੱਤਰਾਂ ਨੇ ਪੰਜਾਬ ਨੂੰ ਭਰੋਸਾ ਦਿੱਤਾ ਕਿ ਉਹ ਪੂਰਨ ਤੌਰ 'ਤੇ ਉਸ ਦੇ ਨਾਲ ਹਨ ਅਤੇ ਪੰਜਾਬ ਸਿੰਘ ਦੀ ਸਾਰੀ ਕਬੀਲਦਾਰੀ ਦਾ ਭਾਰ, ਕਰਜ਼ਾ, ਇਨਸਾਫ, ਰੁਜ਼ਗਾਰ, ਭੁੱਖਮਰੀ ਆਦਿ ਦੀ ਜ਼ਿੰਮੇਵਾਰੀ ਚੁੱਕ ਕੇ ਪੰਜਾਬ ਸਿੰਘ ਨੂੰ ਪੈਰਾਂ ਸਿਰ ਖੜ੍ਹਾ ਕਰਨਗੇ।

ਦੋਵਾਂ ਨੇ ਪੰਜਾਬ ਦੀ ਵਾਗਡੋਰ ਸਾਂਭਣ ਦੀ ਜ਼ਿੰਮੇਵਾਰੀ ਚੁੱਕੀ ਹੋਈ ਸੀ। ਇਹ ਦੋਵੇਂ ਪੰਜਾਬ ਦੇ ਪੁੱਤਰ ਪਹਿਲਾਂ ਤਾਂ ਠੀਕ ਸਨ, ਪਰ ਬਾਅਦ ਵਿਚ ਆਪਸ ਵਿਚ ਹੀ ਲੜਦੇ-ਝਗੜਦੇ ਰਹੇ। ਆਪਣੇ ਪੰਜਾਬ ਦੀ ਗੱਲ ਕਰਨ ਦੀ ਬਜਾਏ ਆਪਣੇ ਫਾਇਦੇ ਲਈ ਹੀ ਲੜਦੇ-ਝਗੜਦੇ ਰਹੇ। ਪੰਜਾਬ ਸਿੰਘ ਵਾਰੀ ਨਾਲ ਪਹਿਲਾਂ ਅਵਕਾਸ਼ ਸਿੰਘ ਨੂੰ ਫਿਰ ਅਰਵਿੰਦਰ ਸਿੰਘ ਨੂੰ ਕਬੀਲਦਾਰੀ ਦਾ ਮੌਕਾ ਦੇ ਕੇ ਦੇਖ ਲਿਆ ਸੀ, ਪਰ ਇਹ ਦੋਵੇਂ ਪੁੱਤਰਾਂ ਨੇ ਪੰਜਾਬ ਨਾਲ ਕੋਝੀਆਂ ਹਰਕਤਾਂ ਵਰਤ ਕੇ ਧੋਖਾ ਕੀਤਾ। ਇਸ ਲਈ ਪੰਜਾਬ ਸਿੰਘ ਦਾ ਹੁਣ ਇਹਨਾਂ ਦੋਵਾਂ ਪੁੱਤਰਾਂ ਤੋਂ ਵਿਸ਼ਵਾਸ ਉੱਠ ਗਿਆ ਸੀ।

ਹੁਣ ਪੰਜਾਬ ਦਾ ਤੀਸਰਾ ਪੁੱਤਰ ਜਵਾਨ ਹੋ ਰਿਹਾ ਸੀ, ਜੋ ਬਹੁਤ ਇਮਾਨਦਾਰ ਸੀ, ਜੋ ਆਪਣੇ ਤੋਂ ਵੱਡੇ ਦੋਵਾਂ ਭਰਾਵਾਂ ਅਵਕਾਸ਼ ਅਤੇ ਅਰਵਿੰਦਰ ਦੀਆਂ ਸਾਰੀਆਂ ਹਰਕਤਾਂ ਨੂੰ ਜਾਣਦਾ ਸੀ ਅਤੇ ਵਾਰ-ਵਾਰ ਦਲੀਲਾਂ ਦੇ ਕੇ ਇਹਨਾਂ ਦੀਆਂ ਪੋਲਾਂ ਖੋਲ੍ਹ ਰਿਹਾ ਸੀ। ਉਹ ਪੰਜਾਬ ਸਿੰਘ ਨੂੰ ਅਕਸਰ ਹੀ ਕਿਹਾ ਕਰਦਾ ਸੀ ਕਿ ਇਕ ਵਾਰ ਮੈਨੂੰ ਜ਼ਿੰਮੇਵਾਰੀ ਦੇ ਕੇ ਦੇਖ, ਸਾਰੀ ਦੀ ਸਾਰੀ ਕਬੀਲਦਾਰੀ ਨੂੰ ਠੀਕ ਕਰ ਦੇਵਾਂਗਾ। ਪੰਜਾਬ ਸਿੰਘ ਨੂੰ ਆਪਣਾ ਛੋਟਾ ਪੁੱਤਰ ਬਹੁਤ ਸਿਆਣਾ ਲੱਗਿਆ। 2022 ਵਿਚ ਪੰਜਾਬ ਸਿੰਘ ਨੇ ਸਾਰੀ ਜ਼ਿੰਮੇਵਾਰੀ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਦੇ ਦਿੱਤੀ। ਪੰਜਾਬ ਨੂੰ ਬੜੀ ਖੁਸ਼ੀ ਸੀ ਕਿ ਇਸ ਵਾਰ ਉਸ ਦੇ ਛੋਟੇ ਪੁੱਤਰ ਨੇ ਕਬੀਲਦਾਰੀ ਸਾਂਭ ਲਈ ਹੈ, ਕੋਈ ਸੁੱਖ ਦਾ ਸਾਹ ਆਵੇਗਾ। ਪਹਿਲਾਂ-ਪਹਿਲਾਂ ਤਾਂ ਠੀਕ ਸੀ ਛੋਟੇ ਪੁੱਤਰ ਨੇ ਵਧੀਆ ਕੰਮਕਾਰ ਸੰਭਾਲਿਆ ਹੋਇਆ ਸੀ, ਪਰ ਇਕ-ਦੋ ਸਾਲ ਬਾਅਦ ਹੌਲੀ-ਹੌਲੀ ਪੰਜਾਬ ਨੂੰ ਮਹਿਸੂਸ ਹੋਣ ਲੱਗ ਗਿਆ ਕਿ ਇਸ ਦੀਆਂ ਹਰਕਤਾਂ ਵੀ ਵੱਡੇ ਪੁੱਤਰਾਂ ਦੀ ਤਰ੍ਹਾਂ ਹੀ ਹਨ। ਉਹ ਵੀ ਆਪਣੇ ਤੋਂ ਪਹਿਲਾਂ ਵਾਲੇ ਅਵਕਾਸ਼ ਅਤੇ ਅਰਵਿੰਦਰ ਦੀ ਤਰ੍ਹਾਂ ਕੰਮ ਕਰਨ ਲੱਗ ਗਿਆ ਹੈ, ਜਿਸ ਨਾਲ ਪੰਜਾਬ ਸਿੰਘ ਦਾ ਦਿਲ ਦੁੱਖ ਰਿਹਾ ਸੀ, ਕਿਉਂਕਿ ਪੰਜਾਬ ਨੂੰ ਆਪਣੇ ਸਭ ਤੋਂ ਛੋਟੇ ਪੁੱਤਰ ਤੋਂ ਇਹ ਉਮੀਦ ਬਿਲਕੁਲ ਵੀ ਨਹੀਂ ਸੀ। ਪੰਜਾਬ ਸਿੰਘ ਥੱਕ-ਹਾਰ ਕੇ ਬੁੱਢੇ ਹੋਏ ਸਰੀਰ ਬਾਰੇ ਸੋਚ ਰਿਹਾ ਸੀ ਕਿ ਜੇ ਉਸ ਦਾ ਛੋਟਾ ਪੁੱਤਰ ਆਪਣੇ ਪਹਿਲਾਂ ਵਾਲੇ ਪੁੱਤਰਾਂ ਵਾਂਗੂ ਪੂਰੀ ਤਰ੍ਹਾਂ ਕਾਬਲ ਨਾ ਨਿਕਲਿਆ ਤਾਂ ਉਹ ਕੀ ਕਰੇਗਾ, ਜੇ ਨਾ ਸੁਧਰਿਆ ਉਹ ਅਗਲੀ ਵਾਰ ਕਬੀਲਦਾਰੀ ਕਿਸ ਨੂੰ ਦੇਵੇਗਾ ?

***ਸੰਪਰਕ* 98157-88001**

# ਵਿਲੱਖਣ ਗੀਤਕਾਰ ਤੇ ਅਲੱਗ ਪਹਿਚਾਣ ਦਾ ਪਰਿਚੈ : ਗੁਲਜ਼ਾਰ

**ਸੁਖਮਿੰਦਰ ਸੇਖੋਂ**

ਉਹ ਦੇਖਣ ਨੂੰ ਸਾਧਾਰਨ ਜਾਪਦਾ, ਪਰ ਤੀਖਣਬੁੱਧੀ ਦਾ ਮਾਲਕ ਹਿੰਦ-ਪਾਕਿ ਵੰਡ ਤੋਂ ਬਾਅਦ ਭਾਰਤ ਆ ਗਿਆ, ਫਿਰ ਦਿੱਲੀ ਤੋਂ ਬੰਬਈ। ਕਵਿਤਾਵਾਂ, ਕਹਾਣੀਆਂ ਲਿਖੀਆਂ, ਪ੍ਰੰਤੂ ਇਹ ਕੋਈ ਰੋਜ਼ੀ-ਰੋਟੀ ਦਾ ਸਾਧਨ ਨਹੀਂ ਸੀ, ਮਨ ਨੂੰ ਸਕੂਨ ਦੇਣ ਤੇ ਸਿਰਫ ਬੌਧਿਕ- ਅਭਿਆਸਤਾ ਦਾ ਪ੍ਰਤੀਕ। ਲੇਕਿਨ ਉਸ ਨੂੰ ਪਤਾ ਸੀ ਕਿ ਉਸ ਨੇ ਕਿਹੜੇ ਰਾਹ ਤੁਰਨਾ ਹੈ ਤੇ ਉਸ ਦੀ ਮੰਜ਼ਲ ਕਿੱਥੇ ਹੈ ? ਫਿਲਮਾਂ ਵਿਚ ਕਿਸਮਤ ਅਜ਼ਮਾਉਣ ਲਈ ਗੀਤ ਲਿਖੇ, ਪਰ ਜਦੋਂ ਵੀ ਉਹ ਆਪਣੇ ਮਨਭਾਉਂਦੇ ਫਿਲਮਕਾਰ ਬਿਮਲ ਰਾਏ ਨੂੰ ਉਸ ਦੇ ਦਫਤਰ ਆਪਣੇ ਗੀਤਾਂ ਦੀ ਡਾਇਰੀ ਲੈ ਕੇ ਪਹੁੰਚਦਾ ਤਾਂ ਬਿਮਲ ਦਾ ਗੀਤ ਸੁਣਨ ਲਈ ਤਿਆਰ ਨਾ ਹੁੰਦੇ, ਪਰ ਗੁਲਜ਼ਾਰ ਸੀ ਕਿ ਹਿੰਮਤ ਨਹੀਂ ਸੀ ਹਾਰਨਾ ਚਾਹੁੰਦਾ। ਰਿਸ਼ੀਕੇਸ਼ ਉਦੋਂ ਬਿਮਲ ਰਾਏ ਦੇ ਸਹਾਇਕ ਸਨ। ਉਨ੍ਹਾਂ ਇੱਕ ਦਿਨ ਬਿਮਲ ਰਾਏ ਨੂੰ ਕਹਿ ਹੀ ਦਿੱਤਾ, ਦਾਦਾ, ਯੇ ਲੜਕਾ ਆਪ ਕੇ ਯਹਾਂ ਰੋਜ਼ ਆਤਾ ਹੈ ਇਸੇ ਵੀ ਸੁਨ ਲੀਜੀਏ—। ਚੂੰਕਿ ਬਿਮਲ ਆਪਣੇ ਸਹਾਇਕ ਦੀ ਬਹੁਤ ਮੰਨਦੇ ਸਨ, ਇਸ ਲਈ ਉਹ ਗੁਲਜ਼ਾਰ ਦੇ ਗੀਤ ਸੁਣਨ ਲਈ ਰਾਜ਼ੀ ਹੋ ਗਏ। ਅਤੇ ਜਦੋਂ ਉਨ੍ਹਾਂ ਗੁਲਜ਼ਾਰ ਦਾ ਇੱਕ ਗੀਤ ਸੁਣਿਆ ਤਾਂ ਇਕਦਮ ਕਹਿ ਉਠੇ- ਇਸੇ ਬੰਦਿਨੀ ਕੇ ਲੀਏ ਰੱਖ ਲੋ—। ਅਤੇ ਇਸ ਤਰ੍ਹਾਂ ਗੁਲਜ਼ਾਰ ਹੁਰਾਂ ਦਾ ਫਿਲਮਾਂ ਵਿੱਚ ਪ੍ਰਵੇਸ਼ ਹੋ ਗਿਆ। ਲਤਾ ਮੰਗੇਸ਼ਕਰ ਦਾ ਗਾਇਆ ਬੰਦਿਨੀ ਫਿਲਮ ਦਾ ਇਹ ਗੀਤ ਇਤਨਾ ਮਕਬੂਲ ਹੋਇਆ ਕਿ ਅੱਜ ਵੀ ਗੀਤ-ਪ੍ਰੇਮੀਆਂ ਦੀ ਜ਼ੁਬਾਨ 'ਤੇ ਸਹਿਜੇ ਹੀ ਆ ਜਾਂਦਾ ਹੈ—ਮੇਰਾ ਗੋਰਾ ਰੰਗ ਲੇ ਲੇ ਮੋਹੇ ਸ਼ਾਮ ਰੰਗ ਦੇਇਦੇ— । ਇਸ ਉਪਰੰਤ ਉਹ ਇਨ੍ਹਾਂ ਹਸਤੀਆਂ ਨਾਲ ਸਹਾਇਕ ਵਜੋਂ ਕੰਮ ਕਰਦੇ ਰਹੇ ਅਤੇ ਫਿਲਮ ਨਿਰਮਾਣਕਾਰੀ ਦੀਆਂ ਬਾਰੀਕੀਆਂ ਦੀ ਸਮਝ ਆਈ। ਫਿਰ ਰਫਤਾ-ਰਫਤਾ ਗੁਲਜ਼ਾਰ ਨੂੰ ਫਿਲਮੀ ਦੁਨੀਆ ਦੇ ਚਲਨ ਦੀ ਵੀ ਸਮਝ ਆਉਂਦੀ ਗਈ ਤੇ ਆਪਣੀ ਮਿੱਤਰ ਮੀਨਾ ਕੁਮਾਰੀ ਨੂੰ ਮੁੱਖ ਭੂਮਿਕਾ ਵਿਚ ਉਨ੍ਹਾਂ ਇੱਕ ਫਿਲਮ ਵਿੱਚ ਮੁੱਖ ਭੂਮਿਕਾ ਵਿੱਚ ਲਿਆ, ਫਿਲਮ ਸੀ ਮੇਰੇ ਅਪਨੇ। ਇਸ ਫਿਲਮ ਵਿਚ ਸੰਘਰਸ਼ਸ਼ੀਲ ਵਿਨੋਦ ਖੰਨਾ ਤੇ ਸ਼ਤਰੂਘਨ ਸਿਨਹਾ ਨੂੰ ਵੀ ਅਵਸਰ ਪ੍ਰਦਾਨ ਹੋਇਆ ਤੇ ਅਨੇਕਾਂ ਹੋਰ ਰੰਗਮੰਚੀ ਅਦਾਕਾਰਾਂ ਨੂੰ ਵੀ, ਮਸਲਨ ਅਸਰਾਨੀ, ਪੇਂਟਲ, ਦਿਨੇਸ਼ ਠਾਕੁਰ ਵਗੈਰਾ। ਆਪਣੇ ਟਾਈਟਲ ਨੂੰ ਕਹਾਣੀ ਰਾਹੀਂ ਦਰਸਾਂਦੀ ਇਸ ਫਿਲਮ ਵਿੱਚ ਮੀਨਾ ਜੀ ਦਾ ਕਿਰਦਾਰ ਯਾਦਗਾਰੀ ਹੋ ਨਿੱਬੜਿਆ ਅਤੇ ਨਵੇਂ ਐਕਟਰਾਂ ਦੇ ਰਸਤੇ ਵੀ ਮੋਕਲੇ ਹੋ ਗਏ—।

18 ਅਗਸਤ 1936 ਨੂੰ ਪੱਛਮੀ ਪੰਜਾਬ ਦੇ ਜੇਹਲਮ ਇਲਾਕੇ ਵਿੱਚ ਜਨਮੇ ਗੁਲਜ਼ਾਰ ਨੇ ਫਿਲਮ ਪਰਿਚੈ ਵਿੱਚ ਆਪਣੀ ਕਲਾਤਮਿਕਤਾ ਦਾ ਇੱਕ ਪਰਿਚੈ ਦਿੱਤਾ ਤੇ ਸੰਜੀਵ ਕੁਮਾਰ ਤੇ ਜਯਾ ਭਾਦੁੜੀ ਨੂੰ ਬਾਖੂਬੀ ਨਾਲ ਪੇਸ਼ ਕੀਤਾ ਅਤੇ ਚਾਕਲੇਟੀ ਹੀਰੋ ਜਤਿੰਦਰ ਨੂੰ ਵੀ ਆਪਣੀ ਐਕਟਿੰਗ ਦਿਖਾਉਣ ਦਾ ਪਰਿਚੈ ਮਿਲਿਆ। ਇਸ ਫਿਲਮ ਨਾਲ ਗੁਲਜ਼ਾਰ ਨੇ ਇਹ ਸਾਬਤ ਕਰਦਿਆਂ ਫਿਲਮ ਇੰਡਸਟਰੀ ਨੂੰ ਦਰਸਾਅ ਦਿੱਤਾ ਕਿ ਜੇਕਰ ਨਿਰਦੇਸ਼ਕ ਸੂਝਵਾਨ ਹੋਵੇ ਤਾਂ ਕਿਸੇ ਚੁਲਬਲੇ ਹੀਰੋ ਨੂੰ ਵੀ ਐਕਟਰ ਬਣਾਇਆ ਜਾ ਸਕਦਾ ਹੈ। ਫਿਰ ਇਕ ਹੋਰ ਕੋਸ਼ਿਸ਼ ਕਰਦਿਆਂ ਇਸ ਫਿਲਮਸਾਜ਼ ਨੇ ਸੰਜੀਵ ਕੁਮਾਰ ਤੇ ਜਯਾ ਭਾਦੁੜੀ ਨੂੰ ਗੂੰਗੇ, ਬਹਿਰੇ ਦੇ ਰੂਪ ਵਿਚ ਪੇਸ਼ ਕਰਦਿਆਂ ਆਪਣੀ ਕੋਸ਼ਿਸ਼ ਨੂੰ ਸਫਲ ਬਣਾਇਆ। ਬੱਚਿਆਂ ਲਈ ਵੀ ਇਕ ਖੂਬਸੂਰਤ ਫਿਲਮ ਪੇਸ਼ ਕੀਤੀ 'ਕਿਤਾਬ'। ਜਤਿੰਦਰ ਹੇਮਾ ਨੂੰ ਲੈ ਕੇ ਕਿਨਾਰਾ ਬਣਾਈ, ਜਿਸ ਵਿੱਚ ਧਰਮਿੰਦਰ ਨੂੰ ਵੀ ਵਿਸ਼ੇ ਵਿੱਚ ਲੈਂਦਿਆਂ ਚੰਗੀ ਅਦਾਕਾਰੀ ਕਰਵਾਈ। ਉਹ ਧਰਮਿੰਦਰ, ਸ਼ਰਮੀਲਾ ਤੇ ਸੁਚਿਤਰਾ ਸੈਨ ਨੂੰ ਲੈ ਕੇ ਦੇਵਦਾਸ ਦਾ ਨਿਰਮਾਣ ਵੀ ਕਰਨ ਦਾ ਇੱਛੁਕ ਸੀ, ਪਰ ਖੌਰੇ ਕਿਹੜੇ ਕਾਰਨਾਂ ਕਰਕੇ ਉਸ ਦਾ ਇਹ ਸੁਪਨਾ ਅਧੂਰਾ ਹੀ ਰਹਿ ਗਿਆ। ਇੱਕ ਸਾਧਾਰਨ ਦਿੱਖ ਵਾਲੇ ਠੀਕ-ਠਾਕ ਐਕਟਰ ਸੁਨੀਲ ਸ਼ੈਟੀ ਤੋਂ ਉਸ ਕਬੱਡੀ ਨਾਲ ਸੰਬੰਧਤ ਇੱਕ ਫਿਲਮ ਵਿਚ ਚੰਗਾ ਕੰਮ ਲਿਆ, ਜਿਸ ਵਿਚ ਸੰਜੀਦਾ ਐਕਟਰੈੱਸ ਤੱਬੂ ਨਵੇਂ ਅੰਦਾਜ਼ ਵਿੱਚ ਸੀ। ਸੰਜੀਵ-ਸੁਚਿਤਰਾ ਦੀ ਆਂਧੀ ਨੇ ਤਾਂ ਰਾਜਨੀਤਕ ਗਲਿਆਰਿਆਂ ਵਿੱਚ ਵੀ ਹਲਚਲ ਮਚਾ ਦਿੱਤੀ, ਚੂੰਕਿ ਸੁਚਿਤਰਾ ਸੇਨ ਇਸ ਵਿੱਚ ਇੰਦਰਾ ਗਾਂਧੀ ਦੇ ਸੰਕੇਤਕ ਰੂਪ ਵਿਚ ਸੀ। ਮੌਸਮ ਵੀ ਗੁਲਜ਼ਾਰ ਦੀ ਇੱਕ ਹੋਰ ਸੁੰਦਰ ਫਿਲਮ ਸੀ, ਜਿਸ ਨੇ ਫਿਲਮਾਂ ਵਿਚ ਆਈ ਖੜੋਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਸ਼ਰਮੀਲਾ ਟੈਗੋਰ ਇਸ ਵਿਚ ਇਕ ਮਾਂ ਤੇ ਫਿਰ ਇਕ ਬੇਟੀ ਸੀ, ਜਿਸ ਨੂੰ ਸੰਜੀਵ ਵੇਸਵਾਗਿਰੀ ਦੇ ਧੰਦੇ ਦੀ ਦਲਦਲ ਵਿੱਚੋਂ ਕੱਢ ਕੇ ਸੱਭਿਆ ਸਮਾਜ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਰਹਿੰਦਾ ਹੈ। ਸ਼ੈਕਸ਼ਪੀਅਰ ਦੇ ਇੱਕ ਨਾਟਕ 'ਤੇ ਆਧਾਰਤ ਸੀ 'ਅੰਗੂਰ'। ਇਸ ਵਿੱਚ ਸੰਜੀਵ ਕੁਮਾਰ ਤੇ ਦੇਵਨ ਵਰਮਾ ਦੋਹਰੀ ਭੂਮਿਕਾ ਵਿਚ ਸਨ। ਦੋਨਾਂ ਨੇ ਹੀ



ਦਰਸ਼ਕਾਂ ਨੂੰ ਖੂਬ ਹਸਾਇਆ। ਫਿਲਮ ਆਪਣੀ ਕਹਾਣੀ, ਪਾਤਰਾਂ ਦੀ ਅਦਾਕਾਰੀ ਤੇ ਸੁਚੱਜੇ ਨਿਰਦੇਸ਼ਨ ਕਰਕੇ ਅੱਜ ਵੀ ਦਰਸ਼ਕਾਂ ਦੀ ਪਸੰਦ ਬਣਦੀ ਹੈ। ਪੰਜਾਬ ਦੇ ਹਾਲਾਤ ਤੇ ਖਾਸ ਕਰਕੇ ਅੱਤਵਾਦੀਆਂ ਤੇ ਪੁਲਸ ਦੇ ਕਿਰਦਾਰ ਨੂੰ ਲੈ ਕੇ ਬਣੀ 'ਮਾਚਿਸ' ਵੀ ਇੱਕ ਅਹਿਮ ਸਥਾਨ ਰੱਖਦੀ ਹੈ। ਗੁਲਜ਼ਾਰ ਇਸ ਫਿਲਮ ਦਾ ਜ਼ਿਕਰ ਛਿੜਦਿਆਂ ਹੀ ਭਾਵੁਕ ਹੋ ਜਾਂਦੇ ਹਨ। ਦਰਅਸਲ ਜਿਸ ਸ਼ਖਸ ਨੇ ਸੰਨ '47 ਦੀ ਹਿੰਦ-ਪਾਕਿ ਵੰਡ ਦਾ ਸੰਤਾਪ ਹੰਢਾਇਆ ਹੋਵੇ, ਉਸ ਨੂੰ ਹੀ ਪੰਜਾਬੀਆਂ ਦੀ ਪੀੜਾ ਦਾ ਅਹਿਸਾਸ ਹੋ ਸਕਦਾ ਹੈ।

ਗੁਲਜ਼ਾਰ ਇੱਕ ਸੰਵੇਦਨਸ਼ੀਲ ਫਿਲਮਸਾਜ਼ ਹੀ ਨਹੀਂ, ਬਲਕਿ ਇੱਕ ਉੱਚ ਕੋਟੀ ਦਾ ਗੀਤਕਾਰ ਤੇ ਸ਼ਾਇਰ ਵੀ ਹੈ, ਜਿਸ ਦੀ ਸੰਭਾਵਨਾ ਦੇ ਬੀਜ ਉਸ ਦੇ ਪਹਿਲੇ ਹੀ ਗੀਤ (ਬੰਦਿਨੀ) ਵਿੱਚ ਮੌਜੂਦ ਸਨ । ਦੋ-ਤਿੰਨ ਵਾਰ ਗੁਲਜ਼ਾਰ ਨਾਲ ਮਿਲਣਾ ਹੋਇਆ ਤਾਂ ਉਸ ਦੱਸਿਆ ਕਿ ਫਿਲਮਾਂ ਬਣਾਉਣਾ ਉਸ ਦਾ ਇਸ਼ਕ ਹੈ ਤੇ ਰੋਜ਼ੀ-ਰੋਟੀ ਦਾ ਸਾਧਨ ਵੀ, ਪਰ ਸਾਹਿਤ— ? ਇਸੇ ਲਈ ਉਸ ਢੇਰ ਕਵਿਤਾਵਾਂ ਲਿਖੀਆਂ ਤੇ ਕਹਾਣੀਆਂ ਵੀ—। ਜਿਸ ਦੀ ਮਿਸਾਲ ਜਗਜੀਤ ਵੱਲੋਂ ਉਸ ਦੀਆਂ ਗਾਈਆਂ ਕਾਵਿ ਰਚਨਾਵਾਂ ਤੋਂ ਮਿਲਦੀ ਹੈ। ਬਾਂਬੇ (ਮੁੰਬਈ) ਜਦੋਂ ਅਸੀਂ ਚਾਰ ਕੁ ਦਹਾਕੇ ਪਹਿਲਾਂ, ਪਹਿਲੀ ਮਰਤਬਾ ਉਸ ਨੂੰ ਉਸ ਦੇ ਪਾਲੀ ਹਿਲ ਵਾਲੇ ਦਫਤਰ ਵਿੱਚ ਮਿਲੇ ਤਾਂ ਪਹਿਲੀ ਨਜ਼ਰ ਹੀ ਮੇਰੀ ਨਿਗਾਹ ਉਸ ਦੀ ਕੁਰਸੀ ਦੇ ਪਿੱਛੇ ਦੀਵਾਰ 'ਤੇ ਟੰਗੀ ਮੀਨਾ ਕੁਮਾਰੀ ਦੀ ਵੱਡ-ਅਕਾਰੀ ਤਸਵੀਰ 'ਤੇ ਪਈ ਸੀ, ਅੱਖਾਂ ਵਿੱਚੋਂ ਨੀਰ ਉੱਤਰ ਕੇ ਗੋਰੀਆਂ ਗੱਲ੍ਹਾਂ 'ਤੇ ਮੋਤੀਆਂ ਵਾਂਗ ਟਪਕ ਰਹੇ ਸਨ। ਖੂਬਸੂਰਤ, ਲੇਕਿਨ ਗੰਭੀਰ ਤੇ ਉਦਾਸ ਚਿਹਰਾ। ਮੀਨਾ ਖੁਦ ਸ਼ਾਇਰਾ ਬਣਨ ਦੇ ਰਸਤੇ ਪੈ ਚੁੱਕੀ ਸੀ। ਗੁਲਜ਼ਾਰ ਨੇ ਉਸ ਦਾ ਹੁਸਨ ਵੀ ਕਬੂਲ ਕੀਤਾ ਤੇ ਦਰਦ ਵੀ—। ਗਾਇਕ ਭੁਪਿੰਦਰ ਦੀ ਪ੍ਰਤਿਭਾ ਪਛਾਨਣ ਵਾਲੇ ਇਸ ਪਾਰਖੂ ਗੀਤਕਾਰ ਨੂੰ ਆਪਣੇ ਭੂਪੀ 'ਤੇ ਹਮੇਸ਼ਾ ਰਸ਼ਕ ਰਿਹਾ ਹੈ । ਗੁਲਜ਼ਾਰ ਨੂੰ ਲੱਗਭੱਗ ਆਪਣੀਆਂ ਸਾਰੀਆਂ ਹੀ ਕਾਵਿ ਰਚਨਾਵਾਂ ਪਸੰਦ ਹਨ ਤੇ ਪੁਸਤਕਾਂ ਨੂੰ ਪੜ੍ਹ ਕੇ ਮਾਨਣ ਦਾ ਅੱਜ ਵੀ ਉਹ ਮੁੱਦਈ ਹੈ। ਉਸ ਨੂੰ ਆਪਣੇ ਗੀਤਾਂ ਵਿੱਚੋਂ ਜਿਹੜੇ ਵਧੇਰੇ ਪਸੰਦ ਹਨ—ਬੀਤੀ ਨਾ ਬਿਤਾਈ ਰੈਣਾ ਬਿਰਹਾ ਕੀ ਜਾਈ ਰੈਣਾ (ਪਰੀਚਯ), ਤੁਮ ਆ ਗਏ ਹੋ ਤੋ ਨੂਰ ਆ ਗਿਆ ਹੈ (ਆਂਧੀ), ਹਮਨੇ ਦੇਖੀ ਹੈ ਉਨ ਆਖੋਂ ਕੀ ਮਹਿਕਤੀ ਖੁਸ਼ਬੂ (ਖਾਮੋਸ਼ੀ), ਰੁਕੇ ਰੁਕੇ ਸੇ ਕਦਮ ਰੁਕ ਕੇ ਵਾਰ ਵਾਰ ਚਲੇ—(ਮੌਸਮ), ਮੇਰਾ ਕੁਛ ਸਾਮਾਂ ਖੋ ਗਿਆ ਹੈ ਮੇਰਾ ਸਾਮਾਂ ਮੁਝੇ ਲੋਟਾ ਦੋ—। ਇਸ ਤੋਂ ਇਲਾਵਾ ਉਸ ਬੱਚਿਆਂ ਲਈ ਵੀ ਗੀਤ ਲਿਖੇ, ਜੋ ਬਾਲ ਅਵਸਥਾ ਦੇ ਹਾਣ ਦੇ ਹਨ, ਮਸਲਨ-ਫਿਲਮ ਕਿਤਾਬ ਤੇ ਫਿਲਮ ਮਾਸੂਮ ਲਈ ਲੱਕੜੀ ਕੀ ਕਾਠੀ, ਕਾਠੀ ਪੇ ਘੋੜਾ—ਦੁਮ ਦਬਾਕੇ ਦੌੜਾ ਘੋੜਾ—ਜਾਂ ਫਿਰ ਜੰਗਲ ਬੁੱਕ ਲੜੀਵਾਰ ਦਾ-ਜੰਗਲ ਜੰਗਲ ਬਾਤ ਚਲੀ ਹੈ, ਪਤਾ ਚਲਾ ਹੈ— ਚੱਡੀ ਪਹਿਨ ਕੇ ਫੂਲ ਖਿਲ੍ਹਾ ਹੈ—। ਇਨ੍ਹਾਂ ਤਮਾਮ ਗੀਤਾਂ ਨੂੰ ਲਤਾ, ਰਫੀ, ਆਸ਼ਾ, ਭੁਪਿੰਦਰ, ਭੁਪਿੰਦਰ ਵੱਲੋਂ ਆਵਾਜ਼ਾਂ ਦਿੱਤੀਆਂ ਗਈਆਂ ਤੇ ਗੀਤ ਅਮਰ ਹੋ ਗਏ। ਉੱਘੇ ਗੀਤਕਾਰ ਜਾਵੇਦ ਅਖਤਰ ਦੀ ਪਸੰਦ ਗੁਲਜ਼ਾਰ ਦੀ ਸ਼ਾਇਰੀ ਨੂੰ ਜਗਜੀਤ ਸਿੰਘ ਹੁਰਾਂ ਆਪਣੀ ਆਵਾਜ਼ ਦੇ ਕੇ ਇੱਕ ਬੁਲੰਦੀ 'ਤੇ ਪਹੁੰਚਾ ਦਿੱਤਾ। ਗੁਲਜ਼ਾਰ ਨੇ ਕੁਝ ਟੀਵੀ ਸੀਰੀਅਲਾਂ ਦੀਆਂ ਸਕਰਿਪਟਸ ਵੀ ਲਿਖੀਆਂ ਤੇ ਤੇ ਮਿਰਜ਼ਾ ਗਾਲਿਬ ਦਾ ਨਿਰਦੇਸ਼ਨ ਵੀ ਦਿੱਤਾ, ਜਿਸ ਵਿਚ ਸਮਰੱਥ ਅਦਾਕਾਰ ਨਸੀਰੂਦੀਨ ਸ਼ਾਹ ਨੇ ਮਿਰਜ਼ਾ ਗਾਲਿਬ ਦਾ ਕਿਰਦਾਰ ਨਿਭਾਅ ਕੇ ਉਸ ਨੂੰ ਜੀਵਿਤ ਕਰ ਦਿੱਤਾ। ਇਸ ਸੰਵੇਦਨਸ਼ੀਲ ਕਵੀ, ਫਿਲਮਸਾਜ਼ ਤੇ ਗੀਤਕਾਰ ਦੀ ਫਿਲਮ ਇੰਡਸਟਰੀ ਹੀ ਨਹੀਂ, ਦਰਸ਼ਕ ਵੀ ਹਮੇਸ਼ਾ ਦੇਣਦਾਰ ਰਹਿਣਗੇ। ਉਮਰ ਦਾ ਤਕਾਜ਼ਾ ਹੈ ਕਿ ਹੁਣ ਉਹ ਫਿਲਮਾਂ ਦਾ ਨਿਰਮਾਣ ਕਰਨ ਦੇ ਏਡਾ ਸਮਰੱਥ ਨਹੀਂ ਰਿਹਾ, ਪਰ ਉਸ ਦੀ ਕਲਮ ਹਾਲੇ ਵੀ ਸਾਹਿਤਕ ਅੰਦਾਜ਼ ਵਿੱਚ ਆਪਣਾ ਕਮਾਲ ਦਿਖਾ ਰਹੀ ਹੈ। ਅਸੀਂ ਉਸ ਦੀ ਲੰਬੀ ਉਮਰ ਲਈ ਦੁਆ ਕਰਦੇ ਹਾਂ।

**ਮੋਬਾ. 98145-07693**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

25-Aug-Sunday.qxd 8/24/2024 10:42 PM Page 4



# ਪੰਜਾਬ ਦੇ ਦੁਖਾਂਤ ਦੀ ਮਹਾਂ-ਗਾਥਾ

ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਪਰਮਜੀਤ ਢੀਂਗਰਾ






## ਹੋਇਆ ਦੇਸ ਪਰਾਇਆ

**(ਨਾਵਲ)**
**ਅਵਤਾਰ ਸਿੰਘ ਬਿਲਿੰਗ**
**ਸਫੇ : 312, ਮੁੱਲ : 450 ਰੁਪਏ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

ਚੌਂਠਵਿਆਂ ਤੋਂ ਪੰਜਾਬੀ ਨਾਵਲ ਵਿਚ ਆਂਚਲਿਕਤਾ ਦਾ ਦੌਰ ਸ਼ੁਰੂ ਹੁੰਦਾ ਹੈ। ਨਾਵਲ ਦੇ ਖੇਤਰ ਵਿਚ ਨਵੀਂ ਨਾਵਲੀ ਭਾਸ਼ਾ ਦੇ ਨਾਲ-ਨਾਲ ਨਵੀਂ ਸਥਾਨਕਤਾ ਨੂੰ ਵੀ ਤਰਜੀਹ ਦਿੱਤੀ ਜਾਣ ਲੱਗੀ। ਇਹ ਨਾਵਲ ਪਹਿਲਾਂ ਵਾਲੀ ਰੁਮਾਂਟਿਕ ਬਿਰਤੀ ਦਾ ਸੁਚੇਤ ਰੂਪ ਵਿਚ ਤਿਆਗ ਕਰਕੇ ਯਥਾਰਥ ਨੂੰ ਬੀਤੇ ਤੇ ਵਰਤਮਾਨ ਵਿਚ ਫੈਲਾ ਕੇ ਨਵੇਂ ਸੁਜੇਤ ਘੜਨ ਦੇ ਆਹਰ ਵਿਚ ਹੈ। ਏਸੇ ਕਰਕੇ ਇਸ ਆਂਚਲਿਕ ਬਿਰਤੀ ਨੇ ਉਨ੍ਹਾਂ ਨੂੰ ਨਾਇਕਤਵ ਪ੍ਰਦਾਨ ਕੀਤਾ, ਜੋ ਪਹਿਲਾਂ ਕਿਸੇ ਲੇਖੇ ਵਿਚ ਨਹੀਂ ਸਨ ਆਉਂਦੇ। ਇਨ੍ਹਾਂ ਦੀ ਪਛਾਣ ਨੂੰ ਸਥਾਨਕਤਾ ਨਾਲ ਜੋੜ ਕੇ ਸਮੂਹਕ ਅਰਥ ਘੇਰਾ ਦਿੱਤਾ ਗਿਆ। ਭਾਵੇਂ ਸਾਹਿਤ ਦੀ ਹਰ ਵਿਧਾ ਵਿਚ ਪ੍ਰਯੋਗ ਕੀਤੇ ਗਏ ਹਨ, ਪਰ ਨਾਵਲੀ ਰਚਨਾਵਾਂ ਦੇ ਵਿਕਾਸ ਵਿਚ ਇਨ੍ਹਾਂ ਪ੍ਰਯੋਗਾਂ ਨੇ ਇਸ ਨੂੰ ਵੱਡੀ ਦ੍ਰਿਸ਼ਟੀ ਤੇ ਸੁਆਲਾਂ ਦਾ ਵੱਡਾ ਘੇਰਾ ਦਿੱਤਾ ਹੈ। ਹਰ ਰਚਨਾ ਆਪਣੀ ਪੇਸ਼ਕਾਰੀ ਵਿਚ ਕੁਝ ਨਾ ਕੁਝ ਨਵਾਂ ਪੇਸ਼ ਕਰਦੀ ਨਵੇਂ ਸੁਆਲ ਖੜੇ ਕਰਦੀ, ਨਵੀਂ ਗਲਪੀ ਭਾਸ਼ਾ ਸਿਰਜਦੀ ਹੈ। ਇਸ ਪ੍ਰਸੰਗ ਵਿਚ ਅਵਤਾਰ ਸਿੰਘ ਬਿਲਿੰਗ ਦੇ ਨਵੇਂ ਨਾਵਲ 'ਹੋਇਆ ਦੇਸ ਪਰਾਇਆ' ਨੂੰ ਵਿਚਾਰਿਆ ਜਾ ਸਕਦਾ ਹੈ। ਲੇਖਕ ਨਾਵਲ ਦੇ ਖੇਤਰ ਵਿਚ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ। ਆਪਣੇ ਵੱਖਰੇ ਅੰਦਾਜ਼, ਕਥਾ ਪੇਸ਼ਕਾਰੀ ਤੇ ਆਂਚਲਿਕ ਭਾਸ਼ਾ ਪੱਖੋਂ ਉਹਦੀ ਨਿਵੇਕਲੀ ਪਛਾਣ ਹੈ। ਪਾਠਕਾਂ ਨੇ ਉਹਦੀ ਹਰ ਰਚਨਾ 'ਤੇ ਮੋਹਰ ਲਾਈ ਹੈ। ਇਹੀ ਕਾਰਨ ਹੈ ਕਿ ਸਾਹਿਤ ਵਿਚ ਉਹਦੀਆਂ ਕਿਰਤਾਂ ਨੂੰ ਉਚੇਚਾ ਮਾਣ ਮਿਲਿਆ ਹੈ। ਹਰ ਰਚਨਾ ਦਾ ਪਹਿਲਾ ਵਾਕ ਪੂਰੀ ਰਚਨਾ ਦਾ ਦਰਪਨ ਹੁੰਦਾ ਹੈ। ਇਸ ਨਾਵਲ ਦਾ ਪਹਿਲਾ ਪੈਰਾ ਪੂਰੀ ਥੀਮਕ ਸੰਰਚਨਾ ਦਾ ਐਲਾਨਨਾਮਾ ਨਜ਼ਰ ਆਉਂਦਾ ਹੈ-'ਸਰੂਪੇ ਲਈ ਅੱਜ ਇਹ ਪਿੰਡ ਸੁੰਨਾ ਹੈ। ਪਹਿਲਾਂ ਵਾਲੀ ਰੌਣਕ ਹੁਣ ਨਹੀਂ ਰਹੀ। ਹਰ ਕੋਈ ਏਥੋਂ ਉੱਡ ਜਾਣਾ ਲੋਚਦਾ। ਇਸ ਧਰਤੀ ਵੱਲ ਕਿਸੇ ਦਾ ਧਿਆਨ ਨਹੀਂ। ਸਾਰੇ ਅੱਡੀਆਂ ਚੁੱਕੀ ਸੱਤ ਸਮੁੰਦਰੋਂ ਪਾਰ ਵੇਖਦੇ। 'ਏਥੇ ਰਹਿਣ ਵੱਸਣ ਦਾ ਕੋਈ ਹੱਜ ਨਹੀਂ ਰਿਹਾ, ਯਾਰੋ।' ਹਰ ਕਿਸੇ ਦੇ ਧੁਰ ਅੰਦਰੋਂ ਇਕ ਹੂਕ ਉਠਦੀ।' ਇਨ੍ਹਾਂ ਸਤਰਾਂ ਪਿੱਛੋਂ ਨਾਵਲ ਅਤੀਤ ਵੱਲ ਮੁੜ ਜਾਂਦਾ ਹੈ। ਸਰੂਪੇ ਦਾ ਬਚਪਨ। ਪੁਰਾਣੇ ਪਿੰਡਾਂ ਦੀਆਂ ਸਾਂਝਾਂ, ਹੱਡ ਭੰਨਵੀਂ ਕਿਰਤ ਤੇ ਸਬਰ-ਸੰਤੋਖ ਨਾਲ ਜਿਊਣ ਵਾਲੇ ਜਿਊੜੇ ਜ਼ਿੰਦਗੀ ਨੂੰ ਸਹਿਜ ਨਾਲ ਜੀਅ ਰਹੇ ਹਨ। ਦੁਸ਼ਵਾਰੀਆਂ ਵੀ ਹਨ, ਪਰ ਆਪਸੀ ਪਿਆਰ ਤੇ ਸਾਂਝ ਦਾ ਪੁਲ ਬੜਾ ਮਜ਼ਬੂਤ ਹੈ, ਪਰ ਸਮਾਂ ਬਦਲ ਗਿਆ ਹੈ। ਇਸ ਬਦਲੇ ਸਮੇਂ ਦਾ ਪਤਾ ਉਸ ਨਿਘਾਰ ਵੱਲ ਜਾ ਰਹੀ ਪੇਂਡੂ ਰਹਿਤਲ ਤੋਂ ਮਿਲਦਾ ਹੈ, ਜਿੱਥੇ ਨਸ਼ਿਆਂ ਦਾ ਬੋਲਬਾਲਾ ਹੈ-'ਪੁੰਨ ਦਾਨ ਵਾਲੇ ਉਹ ਜ਼ਮਾਨੇ ਕਦੋਂ ਦੇ ਲੱਦ ਗਏ, ਵੀਰੇ। ਕਿਸੇ ਚੁਬੱਚੇ 'ਚ ਪਾਣੀ ਖੜਾ ਦੇਖ ਕੇ ਨਸ਼ੇੜੀ ਉੱਥੇ ਇੱਲਾਂ ਵਾਂਗੂੰ ਉੱਤਰ ਆਉਂਦੇ। ਕੋਈ ਅਮਲੀ ਮੂਧੇ ਮੂੰਹ ਚੁੱਘੀ 'ਚ ਡੁੱਬ ਕੇ ਮਰ ਗਿਆ, ਪੁਲਸ ਨੇ ਖਾਹਮਖਾਹ ਮਾਲਕ ਦਾ ਘੜੀਸਾ ਬੰਨ੍ਹ ਦੇਣਾ।'

-2-

ਅਜਿਹੀ ਸਥਿਤੀ ਵਿਚ ਸਮਾਜ, ਸਿਸਟਮ ਤੇ ਬਦਲ ਰਿਹਾ ਸਮਾਂ ਸਾਰੇ ਇੱਕੋ ਸੂਤਰ ਵਿਚ ਪਰੋਏ ਨਜ਼ਰ ਆਉਂਦੇ ਹਨ। ਸਰੂਪਾ ਜਦੋਂ ਪਿੰਡ ਦੀ ਫਿਰਨੀ 'ਤੇ ਖੜਾ ਦੂਰ ਤੱਕ ਵਿਛੀ ਸ਼ਾਮਲਾਟ ਵੱਲ ਦੇਖਦਾ ਆਪਣੀ ਜਵਾਨੀ ਲੱਭਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹਨੂੰ ਦੂਰ ਤੱਕ ਖਿਲਰਿਆ ਕੂੜਾ-ਕਰਕਟ, ਲੀਰਾਂ-ਕਚੀਰਾਂ, ਸੁੱਕੇ-ਗਿੱਲੇ ਗੋਹੇ, ਮੋਮੀ ਲਿਫਾਫਿਆਂ ਤੇ ਹੋਰ ਅੱਲ ਜੁੱਲ ਹੀ ਨਜ਼ਰ ਆਉਂਦਾ ਹੈ। ਇਹੀ ਪੰਜਾਬ ਦੀ ਅੱਜ ਦੀ ਤਸਵੀਰ ਹੈ, ਜਿਸ ਨੂੰ ਲੇਖਕ ਬੇਕਾਰ ਦੀਆਂ ਚੀਜ਼ਾਂ ਦੇ ਮੈਟਾਫਰਾਂ ਰਾਹੀਂ ਅਗਰਭੂਮਿਤ ਕਰ ਰਿਹਾ ਹੈ। ਅੱਜ ਕਿਸਾਨੀ ਸੰਕਟ ਵਿਚ ਘਿਰੀ ਹੋਈ ਨਜ਼ਰ ਆਉਂਦੀ ਹੈ। ਹਰੇ ਇਨਕਲਾਬ ਨੇ ਜਿਹੜੇ ਸੁਪਨੇ ਦਿਖਾਏ ਸਨ, ਉਹ ਬੂਰ ਦੇ ਲੱਡੂ ਨਿਕਲੇ। ਲੇਖਕ ਇਸ ਦੀ ਪੜਚੋਲ ਕਰਦਾ ਹੈ ਕਿ ਪਰੰਪਰਿਕ ਖੇਤੀ ਦੇ ਮੁਕਾਬਲੇ ਹਰੀ ਕ੍ਰਾਂਤੀ ਨੇ ਜਿਹੜੀ ਆਸ ਬੰਨ੍ਹਾਈ ਸੀ, ਉਹ ਹੌਲੀ-ਹੌਲੀ ਸੰਕਟਗ੍ਰਸਤ ਹੋ ਗਈ-'ਨਵੇਂ ਬੀਜਾਂ, ਰੇਆਂ, ਸਪਰੇਆਂ ਨੇ ਇਕ ਵਾਰੀ ਤਾਂ ਉਸ ਦੀਆਂ ਅੱਖਾਂ ਚੁੰਧਿਆ ਦਿੱਤੀਆਂ। ਪੁਰਾਣੇ ਸਮੇਂ ਵਿਚ ਬਹੁਤ ਉਪਜਾਊ, ਸੇਂਜੂ ਇਕ ਕਿੱਲੇ ਵਿਚ ਸਿਰਫ 8 ਕਵਿੰਟਲ ਕਣਕ ਹੁੰਦੀ, ਜਿਹੜੀ ਹਰੇ ਇਨਕਲਾਬ ਮਗਰੋਂ 25 ਕਵਿੰਟਲ ਝੜਨ ਲੱਗੀ। ਅਠਾਰਾਂ-ਵੀਹ ਕਵਿੰਟਲ ਤਾਂ ਮੈਰੀ ਤੇ ਕਮਜ਼ੋਰ ਜ਼ਮੀਨ ਵੀ ਦੇ ਦੇਂਦੀ। ਤੇ 35 ਕਵਿੰਟਲ ਚੌਲ, ਕੀ ਇਹ ਚਮਤਕਾਰ ਨਹੀਂ ਸੀ ?' ਖੜਕੇ ਵਰਗਾ ਬੰਦਾ ਨਿਰੀ ਲੋਹੇ ਦੀ ਲੱਠ ਹੈ। ਉਹ ਬਾਪੂ ਦਾ ਬਦਲਾ ਲੈਂਦਾ ਕਤਲ ਦੇ ਕੇਸ ਵਿਚ ਅੰਦਰ ਹੋ ਜਾਂਦਾ। ਉਹਦੇ ਵਿਚ ਮਿਕਨਾਤੀਸੀ ਖਿੱਚ ਦਿਖਾਈ ਹੈ-'ਜਦੋਂ ਉਹ ਘਰ ਹੁੰਦਾ, ਰਾਹ-ਗਲੀ ਦੀਆਂ ਤੀਵੀਆਂ ਜਿਵੇਂ ਉਸ ਨੂੰ ਸੁੰਘ ਲੈਂਦੀਆਂ। ਕੋਈ ਨਾ ਕੋਈ ਉਸ ਦੀ ਖਿੜਕੀ ਦਾ ਲਟਕਵਾਂ ਕੁੰਡਾ ਨਝਿਜਕ ਖੋਲ੍ਹ ਕੇ ਸਾਹਮਣੇ ਵਰਾਂਡੇ ਵਿਚ ਉਸ ਕੋਲ ਬੈਠੀ ਖੜੀ, ਹੱਸ-ਹੱਸ ਗੱਲਾਂ ਕਰਦੀ। ਕਾਗਜ਼-ਪੱਤਰ ਜਾਂ ਚਿੱਠੀ-ਚੁਪੱਤੀ ਪੜ੍ਹਾਉਣ ਦੇ ਬਹਾਨੇ ਕੋਈ ਗੁੜ੍ਹ ਕਰਵਾਉਣ ਦੇ ਪੱਜ, 'ਘਰੇ ਹੈਂ, ਬਈ ਖੜਕ ਸਿੰਆਂ ?' ਆਖ ਉੱਚੀ ਆਵਾਜ਼ ਮਾਰਦੀ।' ਪਰ ਖੜਕੇ ਦੀ ਪੱਕੀ ਯਾਰੀ ਮਾਇਆ ਨਾਲ ਸੀ। ਉਹਦੇ ਨਾਲ ਉਹਦਾ ਰਿਸ਼ਤਾ ਸੱਚੇ ਮੋਹ-ਤਿਹੁ ਵਾਲਾ ਸੀ। ਮਾਇਆ ਸ਼ੇਰ ਬੱਚੀ, ਅੰਤਾਂ ਦੀ ਦਲੇਰ ਤੇ ਭਰ ਜਵਾਨ ਹੈ। ਉਹ ਜਬ੍ਹੇ ਵਾਲੀ ਤਕੜੀ ਔਰਤ ਹੈ। ਉਹਦਾ ਜੋੜ-ਮੇਲ ਖੜਕੇ ਵਰਗੇ ਖਾੜਕੂ ਬੰਦੇ ਨਾਲ ਹੀ ਬੈਠਦਾ ਹੈ। ਉਹ ਖੜਕੇ ਕੋਲੋਂ ਸਾਰੀ ਉਮਰ ਦੇ ਕੌਲ ਨਿਭਾਉਣ ਦਾ ਵਚਨ ਲੈ ਕੇ ਹੀ ਉਹਦੀ ਹੁੰਦੀ ਹੈ। ਖੜਕਾ ਤਾਂ ਉਹਦੇ ਰੂਪ 'ਤੇ ਡੁੱਲ੍ਹਿਆ ਹੋਇਆ ਹੈ। ਉਹ ਉਹਨੂੰ ਸਪੱਸ਼ਟ ਸ਼ਬਦਾਂ ਵਿਚ ਕਹਿੰਦਾ ਹੈ-'ਗੱਲ ਤੇਰੇ ਮੇਰੇ ਵਿਚਾਲੇ ਹੀ ਰਹੇ, ਭਾਗਮਾਨੇ। ਤੈਨੂੰ ਆਪਣੇ ਦਿਲ ਦੀ ਦੱਸਾਂ, ਤੇਰਾ ਰੂਪ ਦੇਖ ਕੇ ਮੈਥੋਂ ਰ੍ਹੈ ਨੀ ਹੋਇਆ। ਮੈਂ ਤਾਂ ਅੱਜ ਤੇਰਾ ਉਮਰ ਭਰ ਦਾ ਸਾਥੀ ਬਣਨ ਖਾਤਰ ਆਇਆ ਤਾ ਪਿਆਰੀਏ। ਤੇਰੀ ਨਹੀਂ ਮਨਸ਼ਾ, ਆਹ ਲੈ। ਪਿਓ ਦਾ ਪੁੱਤ ਨ੍ਹੀ ਹੋਊਂ, ਜੇ ਮੁੜਕੇ ਐਧਰ ਮੂੰਹ ਵੀ ਕਰ ਜਾਮਾਂ।' ਮਾਇਆ ਅੱਗੇ ਹਥਿਆਰ ਸੁੱਟਦਾ ਖੜਕ ਸਿੰਘ ਜਾਣ ਲਈ ਉੱਠਿਆ। ਖੜਕੇ ਦੇ ਇਨ੍ਹਾਂ ਬੋਲਾਂ ਨੇ ਹੀ ਮਾਇਆ ਅੰਦਰ ਉਹਦੇ ਲਈ ਪਿਆਰ ਦਾ ਹੜ੍ਹ ਵਗਾ ਦਿੱਤਾ ਤੇ ਉਨ੍ਹਾਂ ਜਨਮਾਂ ਜਨਮਾਂ ਤੱਕ ਇਕ-ਦੂਜੇ ਦਾ ਸਾਥ ਨਿਭਾਉਣ ਦੇ ਕੌਲ ਕਰ ਲਏ। ਮਾਇਆ ਦੇ ਤਿਲਕ ਕੇ ਨਹਿਰ ਵਿਚ ਡਿੱਗਣ ਨਾਲ ਹੋਈ।

-3-

ਉਹਦੀ ਮੌਤ ਨੇ ਖੜਕੇ ਦੇ ਖਿੜਕ ਵੀ ਭੇੜ ਦਿੱਤੇ। ਮਾਇਆ ਦੀ ਮੌਤ ਵੀ ਭੇਦ ਬਣੀ ਰਹਿੰਦੀ ਹੈ-'ਮਾਇਆ ਕਿਤੇ ਐਕਣ ਪੱਥਰ ਤੋਂ ਤਿਲਕਣ ਆਲ਼ੀ ਜਨਾਨੀ ਤੀ ਯਾਰੋ ? ਏਹ ਤਾਂ ਬੜੇ ਚਿਰ ਤੋਂ ਰੜਕਦਾ ਵਿਧਵਾ ਜ਼ਨਾਨੀ ਵਾਲਾ ਕੰਡਾ ਅਗਲਿਆਂ ਨੇ ਕੰਧੂਈ ਸੂਈ ਨਾਲ ਪੁਲ਼ਕ ਦੇ ਕੇ ਕੱਢ'ਤਾ। ਪਾਕਾ ਤਾਂ ਕਿਹੜੇ ਵੇਲਿਆਂ ਦਾ ਪੱਕਿਆ ਹੋਇਆ ਤਾ, ਬੀਰ।' ਸਰੂਪੇ ਕਾ ਕਰਮਾ ਨਸ਼ਿਆਂ ਦੀ ਮਾਰ ਹੇਠ ਆ ਜਾਂਦਾ। ਇਹ ਪੰਜਾਬ ਦੀ ਅੱਜ ਦੀ ਹੋਣੀ ਦਾ ਪ੍ਰਤੀਕ ਐ। ਸੁਖਜੀਵਨ ਹਰੇ ਇਨਕਲਾਬ ਦੀ ਮਾਰ ਹੇਠ ਆਇਆ ਖੇਤੀ ਵਿਚ ਵਿਭਿੰਨਤਾ ਲਿਆਂਦਾ, ਮਸ਼ੀਨਰੀ ਦੀ ਵਰਤੋਂ ਕਰਦਾ ਹੈ, ਪਰ ਪਿੜ ਪੱਲੇ ਕੁਝ ਨਹੀਂ ਪੈਂਦਾ, ਕਿਉਂਕਿ ਸਿਸਟਮ ਨੂੰ ਉਹ ਬਦਲ ਨਹੀਂ ਸਕਦਾ ਤੇ ਉਹਦੀ ਜਿੰਨੀ ਮਾਰ ਹੈ, ਉਹ ਕਿਸੇ ਲੇਖੇ ਵਿਚ ਨਹੀਂ-'ਸੁਖਜੀਵਨ ਨਾਲ ਆਖਰੀ ਭਾਣਾ ਕਿਉਂ ਵਾਪਰਿਆ ? ਕਿਤੇ ਪੁੱਤਰ ਨੇ ਖੁਦਕੁਸ਼ੀ ਤਾਂ ਨਹੀਂ ਕੀਤੀ ?' ਸਰੂਪੇ ਨੂੰ ਅੱਜ ਤੱਕ ਇਸ ਗੱਲ ਦੀ ਸਮਝ ਨਹੀਂ ਲੱਗੀ। ਕੀ ਆਲੂਆਂ ਦੇ ਘਾਟੇ ਨੇ ਉਸ ਦੇ ਮਨ ਨੂੰ ਏਨੀ ਬੁਰੀ ਤਰ੍ਹਾਂ ਝੰਜੋੜ ਦਿੱਤਾ ? ਜਾਂ ਦਿਨੋ-ਦਿਨ ਸੂੰਦੇ ਵਿਆਜ ਕਾਰਨ ਉਹ ਹੇਠੀ ਮੰਨ ਗਿਆ ? ਕੋਠੀ ਕੀ ਛੱਤੀ, ਮੁੜ ਕੇ ਸਰੂਪੇ ਦਾ ਪਰਵਾਰ ਪਹਿਲਾਂ ਵਾਲੀ ਚੜ੍ਹਦੀ ਕਲਾ ਨਹੀਂ ਵੇਖ ਸਕਿਆ। ਪਾਕਿਸਤਾਨ ਤੇ ਅਰਬ ਦੇਸ਼ਾਂ ਨੂੰ ਆਲੂ ਕਿਸ ਨੇ ਭੇਜਣੇ ਸਨ। ਲਗਾਤਾਰ ਦੋ ਸਾਲ ਆਲੂਆਂ ਦੀ ਅੰਨ੍ਹੀ ਪੈਦਾਵਾਰ ਖੇਤਾਂ, ਰਸਤਿਆਂ, ਸੜਕਾਂ, ਮੰਡੀਆਂ ਵਿਚ ਰੁਲਦੀ ਰਹੀ। ਕਿਸੇ ਸਰਕਾਰ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਸੁਖਜੀਵਨ ਦੀ ਮੌਤ ਅਨੇਕਾਂ ਸੁਆਲ ਖੜੇ ਕਰ ਗਈ। ਓਧਰ ਕਰਮਜੀਤ ਦੀ ਨਸ਼ੇ ਦੀ ਆਦਤ ਨੇ ਉਹਨੂੰ ਫੌਜ ਵਿਚ ਜਾਣ ਤੋਂ ਰੋਕ ਦਿੱਤਾ। ਭਾਵੇਂ ਉਹਦੇ ਅਨੁਸਾਰ ਉਹਨੇ ਭਰਤੀ ਵਾਲੇ ਦਿਨ ਬੇਹਤਰ ਕਾਰਗੁਜ਼ਾਰੀ ਦਿਖਾਉਣ ਖਾਤਰ ਹੀ ਹਲਕੀ ਜਿਹੀ ਖੁਰਾਕ ਲਈ ਸੀ। ਉਂਜ ਉਹ ਕਦੇ-ਕਦਾਈਂ ਚਿੱਟਾ ਸੁੰਘਦਾ ਸੀ। ਉਹਨੂੰ ਇਹ ਇਲਮ ਨਹੀਂ ਸੀ ਕਿ ਥੋੜ੍ਹਾ ਜਿਹਾ ਨਸ਼ਾ ਵੀ ਡੋਪ ਟੈਸਟ ਵਿਚ ਉਹਦੇ ਲਈ ਮੁਸੀਬਤ ਖੜੀ ਕਰ ਦਏਗਾ। ਇਹੀ ਚਿੱਟੇ ਦਾ ਉਹ ਨਸ਼ਾ ਹੈ ਜਿਸ ਨੇ ਪੰਜਾਬ ਦੀ ਜਵਾਨੀ ਨੂੰ ਕੱਖੋਂ ਹੌਲਾ ਕਰ ਦਿੱਤਾ ਹੈ। ਜਿਥੇ ਪੰਜਾਬ ਦੇ ਜਵਾਨ ਫੌਜ ਵਿਚ ਸਭ ਤੋਂ ਅੱਗੇ ਹੁੰਦੇ ਸੀ, ਹੁਣ ਕੋਈ ਕੋਈ ਹੀ ਨਜ਼ਰ ਆਇਆ ਕਰੇਗਾ। ਪੰਜਾਬ ਦੀ ਇਸ ਹੋਣੀ ਨੂੰ ਲੇਖਕ ਨੇ ਸੰਕਟਗ੍ਰਸਤ ਸਥਿਤੀ ਵਜੋਂ ਉਭਾਰਿਆ ਹੈ। ਕਰਮਜੀਤ ਦੀ ਨਸ਼ੇ ਦੀ ਆਦਤ ਪਿੰਡਾਂ ਵਿਚ ਆਮ ਨੌਜਵਾਨਾਂ ਵਿਚ ਵਬਾ ਵਾਂਗ ਫੈਲੀ ਹੋਈ ਹੈ। ਅਖੀਰ ਸਰੂਪਾ ਉਹਨੂੰ ਕਹਿੰਦਾ ਹੈ ਕਿ-'ਲੈ ਬਈ ਨਾਕਰਮਿਆ, ਅੱਜ ਤੋਂ ਅਸੀਂ ਤੇਰਾ ਰੱਸਾ ਖੋਲ੍ਹਤਾ। ਜਿੱਥੇ ਮਰਜ਼ੀ ਜਾਹ ਜੋ ਮਰਜ਼ੀ ਖਾਹ। ਜਿਉਂਦਾ ਰਹਿ ਚਾਹੇ ਮਰ ਜਾ।' ਓਧਰ ਉਹਦਾ ਬੇਲੀ ਰੋਡੂ ਨਸ਼ੇ ਦੀ ਓਵਰਡੋਜ਼ ਕਰਕੇ ਮਰ ਜਾਂਦਾ ਹੈ-'ਚਿੱਟੇ ਨੇ ਡੁੱਕ ਤਾ ਬਾਈ ਸਿਆਂ। ਚੰਗਾ ਭਲਾ ਉਹ ਕਿਥੇ ਸੀ ? ਬਾਬੇ ਵਡਭਾਗ ਸਿਹੁੰ ਦੀ ਧੌਲੀ ਧਾਰ ਹੇਠ ਖੇਲ੍ਹਦੀ ਡੋਲੀ ਵਾਂਗ ਤਾਂ ਸੈਂਸੀ ਦਾ ਸਾਰਾ ਸਰੀਰ ਝੂਲਦਾ ਤਾ।' ਮੰਡਲੀ ਦਾ ਗੀਤ ਪੰਜਾਬ ਦੀ ਹੋਣੀ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ-

ਵੇ ਮੈਂ ਬੋਲਦੀ ਹਾਂ ਮਿੱਟੀ ਪੰਜਾਬ ਦੀ,

-4-

ਮੱਥੇ ਦੀਆਂ ਕਿਉਂ ਮਿਟੀਆਂ ਤਕਦੀਰਾਂ ?
ਕੀਹਨੇ ਰੱਖੜੀਆਂ ਖੋਹ ਲਈਆਂ ਨੇ ਭੈਣਾਂ ਤੋਂ,
ਕਰ ਰੰਡੀਆਂ ਬਹਾਈਆਂ ਕੀਹਨੇ ਹੀਰਾਂ ?
ਪੁੱਤ ਖਿੱਚ ਲਏ ਨੇ ਕੀਹਨੇ ਮਾਂ ਦੀ ਗੋਦ 'ਚੋਂ,
ਕੌਣ ਬਾਪੂ ਨੂੰ ਬੰਨ੍ਹਾਊ ਆ ਕੇ ਧੀਰਾਂ ?
ਪੁੱਤ ਪੱਟੇ ਨੇ ਏਹ ਚਿੱਟੇ ਤੇ ਸਮੈਕ ਨੇ,
ਦੁੱਧ, ਲੱਸੀ ਛੱਡ ਮਖਣੀਆਂ ਤੇ ਖੀਰਾਂ..

ਸਰੂਪੇ ਦਾ ਪੋਤਰਾ ਇਸ਼ਪ੍ਰੀਤ ਕੈਨੇਡਾ ਉਡਾਰੀ ਮਾਰ ਗਿਆ। ਇਸ ਤਰ੍ਹਾਂ ਪੰਜਾਬ ਦੀ ਹੋਣੀ ਵਿਚ ਪ੍ਰਦੇਸੀ ਹੋਣਾ ਲਿਖਿਐ। ਨਸ਼ੇ, ਘਟ ਰਹੀ ਜ਼ਮੀਨ, ਡੂੰਘੇ ਹੋ ਰਹੇ ਪਾਣੀ, ਖਾਦਾਂ, ਕੀਟਨਾਸ਼ਕਾਂ ਦੇ ਅਸਮਾਨੀ ਛੋਹ ਰਹੇ ਭਾਅ, ਲਾਗਤ ਮੁੱਲ ਨਾਲੋਂ ਘੱਟ ਮਿਲ ਰਹੀ ਫਸਲ ਦੀ ਕੀਮਤ, ਮਹਿੰਗੇ ਡੀਜ਼ਲ ਤੇ ਮਸ਼ੀਨਰੀ ਕਰਕੇ ਖੇਤੀ ਖੁਰਦੀ ਜਾ ਰਹੀ ਹੈ। ਕਿਸਾਨੀ ਦੀ ਮਾੜੀ ਹਾਲਤ ਲਈ ਸਰਕਾਰਾਂ ਤੇ ਬਜ਼ਾਰ ਦੀਆਂ ਤਾਕਤਾਂ ਜ਼ਿੰਮੇਵਾਰ ਹਨ-ਮਰੱਬਿਆਂ ਵਾਲੀ ਕਿਰਸਾਨੀ ਹੁਣ ਕਿੱਲਿਆਂ-ਵਿਘਿਆਂ ਤੱਕ ਸਿਮਟ ਚੁੱਕੀ ਹੈ, ਫੇਰ ਕਨਾਲਾਂ-ਮਰਲਿਆਂ ਦੀ ਮਾਲਕੀ ਮਗਰੋਂ ਆਪੇ ਖਤਮ ਹੋ ਜਾਏਗੀ। ਸਮੁੱਚੀ ਜ਼ਮੀਨ ਫੈਕਟਰੀਆਂ-ਫਾਰਮਾਂ ਵਾਲਿਆਂ ਦੀ ਮਲਕੀਅਤ ਬਣਨੀ ਨਿਸ਼ਚਿਤ ਹੈ। ਸਾਰੇ ਮਜ਼ਦੂਰ ਬਣ ਕੇ ਉਥੇ ਨੌਕਰੀਆਂ ਕਰਿਆ ਕਰਨਗੇ। ਸਵੇਰੇ-ਸਵੇਰੇ ਟਿਫਨ ਚੁੱਕੀ ਨੱਠੇ ਜਾਂਦੇ ਹੌਂਕਦੇ, ਆਥਣ ਨੂੰ ਲੜਖੜਾਂਦੇ, ਪੈਰ ਘਿਸਰਾਉਂਦੇ, ਤੁਰੇ ਆਉਂਦੇ, ਦਿਸਿਆ ਕਰਨਗੇ, ਜਿਵੇਂ ਪੰਜਾਬ ਪੁਲਸ ਨੇ ਡੰਡਾ-ਬੇੜੀ ਲਾ ਕੇ ਛੱਡੇ ਹੋਣ...' ਅਜਿਹੀਆਂ ਸਥਿਤੀਆਂ ਵਿੱਚੋਂ ਹੀ ਨਾਵਲ ਦਾ ਅਖੀਰਲਾ ਹਿੱਸਾ ਕਿਸਾਨੀ ਅੰਦੋਲਨ ਦੀ ਸ਼ੁਰੂਆਤ ਤੋਂ ਲੈ ਕੇ ਉਹਦੀ ਸਮਾਪਤੀ ਤੱਕ ਬਿਆਨ ਕੀਤਾ ਹੈ। ਇਸ ਦੀ ਗਲਪੀ ਭਾਸ਼ਾ ਦੇ ਕੁਝ ਨਮੂਨੇ ਦੇਖੇ ਜਾ ਸਕਦੇ ਹਨ-

ਉਹ ਦਮਕਾਂ ਮਾਰਦੀ ਜਵਾਨੀ। ਉਹ ਰੰਗਦਾਰ ਦਿਹਾੜੇ।
ਪਾਣੀ ਨਾਲ ਆਫਰੇ ਖੇਤ ਬਰਸਾਤੀ ਟੋਬੇ ਵਾਂਗ ਛੱਲਾਂ ਮਾਰਦੇ।
ਆਪਣੇ ਮੋਰ ਪਿਆਸੇ ਮਰਦੇ।
ਸਾਰੀ ਦਿਹਾੜੀ ਕਹੀ ਵਾਹੁੰਦਿਆਂ ਦੀ ਢੂਹੀ-ਢਾਕ ਇਕ ਹੋ ਜਾਂਦੀ।
ਛੈਲ ਛਬੀਲੇ ਜੁਆਨ ਨੂੰ ਗਲਾਸੀ ਡਕਾਰ ਗਈ।
ਕਸਾਈਆਂ ਦੇ ਘਰ ਕਦੇ ਵੈਸ਼ਨੋ ਜੁਆਕ ਜੰਮਿਆ ਦੇਖਿਐ ?
ਜੀਹਨੂੰ ਕਮਾਈ ਹੋਈ ਮਾਇਆ ਖਰਚਣੀ ਆਗੀ, ਉਹਨੇ ਨਾ ਮਾਰ ਖਾਧੀ।
ਵਿਸ ਦੇ ਪਿਆਲੇ ਸਰੀਰ ਨਿਚੋੜ ਕੇ ਰੱਖ ਦੇਂਦੇ ਨੇ।

-5-

ਖੇਤੀ ਨੂੰ ਢਾਡੀਆਂ ਦੀ ਢੱਡ ਵਾਂਗ ਬੁੜ੍ਹਕਾਉਣਾ।
ਰਾਮ ਲੀਲ੍ਹਾ ਵਾਲੇ ਰਾਵਣ ਵਾਂਗ ਖਿੜਖਿੜਾ ਕੇ ਹੱਸਣਾ।
ਚਿੜੀ ਦੀ ਜੀਭ ਵਰਗੀ ਕਣਕ।
ਪੱਦ-ਬੋਚਣੀ ਪਜਾਮੀ ਵਾਲਾ ਤਿਪਰਲੰਗ।
ਚੜ੍ਹਿਆ ਕਰਜ਼ਾ ਅਰ ਝਾਟੇ 'ਚ ਪਈਆਂ ਜੂੰਆਂ ਨਿਰੀ ਜ਼ਹਿਮਤ।
ਬਿੱਲੀ ਦੇ ਕੰਨ ਵਰਗਾ ਨੀਲਾ ਨੋਟ।
ਮੰਡੀ ਤਾਂ ਹਰ ਵਖਤ ਵੇਸਵਾ ਵਾਂਗੂੰ ਹਾਰ-ਸ਼ਿੰਗਾਰ ਕਰੀ ਗਾਹਕ ਉਡੀਕਦੀ ਐ।
'ਬੰਦੇ ਦੀ ਤਕਦੀਰ ਉਹਦੇ ਆਪਣੇ ਹੱਥਾਂ ਨਾਲ ਘੜੀ ਜਾਂਦੀ।'
ਪੋਹ ਦੇ ਮਹੀਨੇ ਵਿਚ ਭਿੱਜੇ ਕਾਉਂ ਵਾਂਗ ਝਾਕਣਾ।
ਜਿਹੜੇ ਡੰਗਰ ਨੂੰ ਰੱਸੇ ਚੱਬਣ ਦੀ ਬਾਣ ਹੋਵੇ, ਉਹ ਨ੍ਹੀਂ ਮੁੜਦਾ।
ਛੜੇ ਅਰ ਚਕਮੇਂ ਚੁੱਲ੍ਹੇ ਦਾ ਕੋਈ ਇਤਬਾਰ ਨਹੀਂ।
ਗੱਲ ਹਿਰਨਾਂ ਦੇ ਸਿੰਗੀਂ ਚੜ੍ਹਾਉਣੀ।
ਸੱਤ ਪਾਤਸ਼ਾਹੀ ਦੀ ਟਕਸਾਲ।
ਦਿਵਾਲੀ ਦੇ ਜਗਦੇ ਬੁਝਦੇ ਦਿਨ।
ਜੂੜੀਏ ਸੰਜੋਗ ਭਿੜਨੇ।
ਚਿਰਾਗ ਵਾਂਗ ਮਚਦੀਆਂ ਅੱਖਾਂ।
ਗਦਰਾਈਆਂ ਅੰਬੀਆਂ ਚੂਪਣਾ।

ਸਮੁੱਚੇ ਰੂਪ ਵਿਚ ਕਹੀਏ ਤਾਂ ਇਹ ਨਾਵਲ ਪੰਜਾਬ ਦੀਆਂ ਸਥਿਤੀਆਂ ਦਾ ਦੁਖਾਂਤ ਹੈ। ਇਨ੍ਹਾਂ ਸਥਿਤੀਆਂ ਨੇ ਪੰਜਾਬ ਨੂੰ ਹੌਲੀ-ਹੌਲੀ ਖੋਖਲਾ ਕਰ ਦਿੱਤਾ ਹੈ। ਹਰੇ ਇਨਕਲਾਬ ਦੇ ਫੇਲ੍ਹ ਹੋ ਜਾਣ ਨੇ ਕਿਸਾਨੀ ਦਾ ਘਾਣ ਕਰ ਦਿੱਤਾ ਹੈ। ਪੰਜਾਬ ਦੇ ਸ੍ਰੋਤ ਤਬਾਹ ਹੋ ਗਏ ਹਨ। ਵੱਡੀ ਪੱਧਰ 'ਤੇ ਹੋ ਰਹੇ ਪਰਵਾਸ ਨੇ ਪੰਜਾਬ ਦੀ ਮਨੁੱਖੀ ਸ੍ਰੋਤ ਸ਼ਕਤੀ ਨੂੰ ਸੱਟ ਮਾਰੀ ਹੈ। ਆਰਥਿਕ ਤੌਰ 'ਤੇ ਕਰਜ਼ਾਈ ਪੰਜਾਬ ਕੋਲ ਜਵਾਨੀ ਨੂੰ ਸਾਂਭਣ ਦੀ ਕੋਈ ਯੋਜਨਾ ਨਹੀਂ। ਇਹ ਨਾਵਲ ਪੰਜਾਬ ਦੀ ਸਥਿਤੀ ਦੀ ਪੇਸ਼ਕਾਰੀ ਦੇ ਨਾਲ-ਨਾਲ ਬਹੁਤ ਸਾਰੇ ਸੁਆਲ ਉਠਾਉਂਦਾ ਹੈ, ਜਿਨ੍ਹਾਂ ਦੇ ਜੁਆਬ ਲੱਭਣੇ ਜ਼ਰੂਰੀ ਹਨ। ਆਸ ਹੈ ਪਾਠਕ ਇਸ ਨਾਵਲ ਦੀਆਂ ਗੂੜ੍ਹ ਪਰਤਾਂ ਨਾਲ ਸੰਵਾਦ ਰਚਾਉਣਗੇ।

*ਮੋਬਾ. 94173-58120*

# ਸਾਹਿਤ ਦੇ ਲੋਕ ਹਿੱਤੂ ਸੰਦਰਭ ਨੂੰ ਪਰਿਭਾਸ਼ਿਤ ਕਰਦਾ ਨਾਟਕ

## ਧਨੁ ਲੇਖਾਰੀ ਨਾਨਕਾ

**(ਨਾਟਕ)**
**ਡਾ. ਸਾਹਿਬ ਸਿੰਘ**
**ਪੰਨੇ-64 ਮੁੱਲ- 150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਨਿਰੰਜਣ ਬੋਹਾ**




ਡਾ. ਸਾਹਿਬ ਸਿੰਘ ਸਮਕਾਲੀ ਆਰਥਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਵਰਤਾਰਿਆਂ 'ਤੇ ਤਿੱਖੀ ਨਜ਼ਰ ਰੱਖਣ ਵਾਲਾ ਪੰਜਾਬੀ ਭਾਸ਼ਾ ਦਾ ਪ੍ਰਬੁੱਧ ਨਾਟਕਕਾਰ ਹੈ। ਨਾਟਕ ਲੇਖਣ ਤੇ ਮੰਚਨ ਦੇ ਪੱਖੋਂ ਅੱਜ ਕਲ੍ਹ ਉਸਦਾ ਸ਼ੁਮਾਰ ਪੰਜਾਬੀ ਭਾਸ਼ਾ ਦੇ ਸਭ ਤੋਂ ਵੱਧ ਸਰਗਰਮ ਨਾਟਕਕਾਰਾਂ ਵਿਚ ਹੈ। ਨੁੱਕੜ ਨਾਟਕ ਤੇ ਸਟੇਜੀ ਨਾਟਕ ਦੇ ਸੁਮੇਲ ਰਾਹੀਂ ਘੜੀਆਂ ਉਸਦੀ ਨਾਟ ਜੁਗਤਾਂ ਦਰਸ਼ਕਾਂ ਨੂੰ ਕੀਲ ਕੇ ਬਹਾਉਣ ਵਾਲੀਆਂ ਸਾਬਤ ਹੁੰਦੀਆਂ ਹਨ। ਉਸਦੇ ਨਾਟਕ ਮਹਿਜ ਆਪਣੇ ਦਰਸ਼ਕਾਂ ਦਾ ਮਨੋਰੰਜਨ ਨਹੀਂ ਕਰਦੇ ਸਗੋਂ ਇਹਨਾਂ ਵਿਚਲੀ ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਚੇਤਨਾ ਮਨੁੱਖ ਤੋਂ ਮਨੁੱਖੀ ਢੰਗ ਨਾਲ ਜਿਉਣ ਦੇ ਅਧਿਕਾਰ ਖੋਹਣ ਵਾਲੀ ਪੂੰਜੀ ਅਧਾਰਿਤ ਵਿਕਾਸ ਪ੍ਰੀਕ੍ਰਿਆ ਦਾ ਢੁੱਕਵਾਂ ਪ੍ਰਤੀਉੱਤਰ ਵੀ ਸਿਰਜਦੀ ਹੈ। ਇਹਨਾਂ ਦਿਨੀਂ ਦੇਸ਼ ਵਿਦੇਸ਼ ਵਿਚ ਖੇਡਿਆ ਗਿਆ ਉਸਦੇ ਬਹੁ ਪ੍ਰਸਿੱਧੀ ਪ੍ਰਾਪਤ ਨਾਟਕ 'ਧੰਨੁ ਲੇਖਾਰੀ ਨਾਨਕਾ' ਸਾਹਿਤ ਦੀ ਲੋਕ ਕਲਿਆਣਕਾਰੀ ਭੂਮਿਕਾ ਬਾਰੇ ਬਹੁ- ਪਰਤੀ ਤੇ ਬਹੁ - ਸੰਵਾਦ ਰਚਾਉਂਦਿਆਂ ਸਮਕਾਲੀ ਸਾਹਿਤ ਤੇ ਸਾਹਿਤਕਾਰਾਂ ਦੀ ਸਮਾਜਿਕ ਚੇਤਨਾਂ ਨੂੰ ਕੁਝ ਤਿੱਖੇ ਸੁਆਲਾਂ ਦੇ ਘੇਰੇ ਵਿਚ ਲਿਆਂਉਂਦਾ ਹੈ। ਇਹ ਨਾਟਕ ਪੰਜਾਬੀ ਲੇਖਕਾਂ ਵੱਲੋਂ ਨਿਭਾਈ ਗਈ ਤੇ ਨਿਭਾਈ ਜਾ ਰਹੀ ਲੋਕ ਪੱਖੀ ਜਾ ਲੋਕ ਵਿਰੋਧੀ ਭੂਮਿਕਾ ਨੂੰ ਆਪਣੇ ਪਾਠਕਾਂ ਤੇ ਦਰਸ਼ਕਾ ਦੇ ਦ੍ਰਿਸ਼ਟੀਗੋਚਰ ਕਰਦਾ ਹੈ ਤਾਂ ਸਮਾਜ ਦੀ ਜਮਾਤੀ ਵੰਡ ਅਨੁਸਾਰ ਲੇਖਕ ਵਰਗ ਵੀ ਸਪਸ਼ਟ ਰੂਪ ਵਿੱਚ ਦੋ ਧਿਰਾਂ ਵਿਚ ਵੰਡਿਆ ਵਿਖਾਈ ਦਿੰਦਾ ਹੈ। ਇਕ ਪਾਸੇ ਸਾਹਿਲ ਵਰਗੇ ਉਹ ਲੋਕ ਪੱਖੀ ਲੇਖਕ ਹਨ, ਜਿਹੜੇ ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ ਵੀ ਰਾਜੇ ਨੂੰ ਸ਼ੀਂਹ ਤੇ ਮੁਕੱਦਮ ਨੂੰ ਕੁੱਤੇ ਆਖਣ ਵਾਲੀ ਪੰਜਾਬ ਦੀ ਅਮੀਰ ਸਾਹਿਤਕ ਵਿਰਾਸਤ ਨਾਲ ਜੁੜੇ ਹੋਏ ਹਨ ਤੇ ਦੂਜੇ ਪਾਸੇ ਇਸ ਵਿਰਾਸਤ ਤੋਂ ਮੂੰਹ ਮੋੜ ਕੇ ਸਾਹਿਤ ਨੂੰ ਬਜ਼ਾਰੀ ਤੇ ਉਪਭੋਗੀ ਵਸਤੂ ਬਣਾਉਣ ਵਾਲੇ ਨਿੱਜਪ੍ਰਸਤ ਲੇਖਕ ਦੀ ਵੀ ਲੰਮੀ ਕਤਾਰ ਹੈ। ਇਸ ਨਾਟਕ ਦੇ ਲਿਖੇ ਜਾਣ ਤੇ ਖੇਡੇ ਜਾਣ ਦਾ ਇੱਕ ਉਦੇਸ਼ ਅਵਾਮ ਨੂੰ ਅਸਲ ਲੇਖਕਾਂ ਦੀ ਪਛਾਣ ਕਰਵਾ ਕੇ ਸਾਹਿਤ ਤੇ ਲੋਕਤਾ ਦੀ ਪਰਸਪਰ ਸਾਂਝ ਮਜਬੂਤ ਕਰਨਾ ਵੀ ਹੈ।ਨਾਟਕ ਦਾ ਕੇਂਦਰੀ ਪਾਤਰ ਸਾਹਿਲ ਲੋਕ ਲੇਖਕ ਦੀ ਪਛਾਣ ਦਾ ਜਿਹੜਾ ਬਿੰਬ ਉਭਾਰਦਾ ਹੈ ਉਸ ਅਨੁਸਾਰ ਧਰਮ, ਜਾਤ ਪਾਤ, ਫਿਰਕਿਆਂ ਤੇ ਖੇਤਰੀ ਹੱਦ ਬੰਦੀਆਂ ਤੋਂ ਉੱਪਰ ਉੱਠ ਕੇ ਮਨੁੱਖ ਤੇ ਮਨੁੱਖਤਾ ਦੇ ਸਰਵਪੱਖੀ ਵਿਕਾਸ ਦਾ ਹਾਮੀ ਲੇਖਕ ਹੀ ਲੋਕ ਪੱਖੀ ਲੇਖਕ ਕਹਾਉਣ ਦਾ ਹੱਕਦਾਰ ਹੋ ਸਕਦਾ ਹੈ। ਇਸੇ ਲਈ ਨਾਟਕ ਦਾ ਮੁੱਖ ਪਾਤਰ ਸਾਹਿਤਕ ਰਚਨਾਵਾ 'ਤੇ ਧਰਮ, ਜਾਤ ਪਾਤ ਤੇ ਕੌਮ ਦੇ ਚਮਕੀਲੇ ਵਰਕ ਲਾਉਣ ਵਾਲੇ ਲੇਖਕਾਂ ਨਾਲ ਮੰਤਵੀ ਸੰਵਾਦ ਰਚਾਉਂਦਿਆਂ ਆਖਦਾ ਹੈ, 'ਤੂੰ ਮੈਨੂੰ ਵਰਕ ਦੇ ਦਾਇਰੇ 'ਚ ਉਲਝਾਉਣਾ ਚਾਹੁੰਨੈਂ ਤੇ ਮੈਂ ਦਾਇਰੇ ਪਸੰਦ ਨਹੀਂ ਕਰਦਾ। ਹਰ ਦਾਇਰੇ ਤੋਂ ਅਜ਼ਾਦ। ਮੈਨੂੰ ਸਾਰੇ ਰੰਗ ਪਸੰਦ ਨੇ .... ਕਿਸੇ ਇਕ ਰੰਗ ਦੀ ਗੁਲਾਮੀ ਪਸੰਦ ਨਹੀਂ।ਨਾਟਕ ਦਾ ਅਰੰਭ ਲੇਖਕ ਸਾਹਿਲ ਵੱਲੋਂ ਆਪਣੇ ਦਰਸ਼ਕਾਂ ਨੂੰ ਸੰਬੋਧਿਤ ਹੋਣ ਨਾਲ ਹੁੰਦਾ ਹੈ। ਜਦੋਂ ਉਹ ਮਹਾਂ ਨਗਰ ਵਿਚ ਪੜ੍ਹਦੀ ਆਪਣੀ ਧੀ ਨਾਲ ਫੋਨ 'ਤੇ ਗੱਲਬਾਤ ਕਰਦਾ ਹੈ ਤਾਂ ਨਾਟਕ ਦਾ ਵਿਚਾਰਧਾਰਕ ਸਰੂਪ ਹੋਰ ਵੀ ਸ਼ਪਸ਼ਟ ਰੂਪ ਵਿੱਚ ਉਭਰਣ ਲੱਗਦਾ ਹੈ। ਬਹੁ ਗਿਣਤੀ ਵਰਗ ਦੇ ਗੁੰਡਿਆਂ ਵੱਲੋਂ ਉਸਦੀ ਧੀ 'ਤੇ ਕਾਤਲਾਨਾ ਹਮਲਾ ਕਰਕੇ ਜ਼ਖਮੀ ਕਰ ਦਿੱਤਾ ਗਿਆ ਹੈ। ਆਪਣੀ ਧੀ ਨਾਲ ਵਾਪਰੇ ਮਾੜੇ ਵਰਤਾਰੇ ਬਾਰੇ ਜਾਣ ਕੇ ਉਹ ਪ੍ਰੇਸ਼ਾਨ ਤੇ ਵਿਚਲਿਤ ਤਾਂ ਹੁੰਦਾ ਹੈ ਪਰ ਇਕ ਲੋਕ ਪੱਖੀ ਲੇਖਕ ਵਜੋਂ ਉਸਦੇ ਫਰਜ਼ ਉਸ ਤੋਂ ਮੰਗ ਕਰਦੇ ਨੇ ਕਿ ਉਹ ਬਹੁ ਗਿਣਤੀ ਵੱਲੋਂ ਘੱਟ ਗਿਣਤੀ 'ਤੇ ਕੀਤੇ ਜਾਣ ਵਾਲੇ ਉਨ੍ਹਾਂ ਹਮਲਿਆਂ ਦਾ ਵਿਰੋਧ ਆਪਣੀ ਪੂਰੀ ਤਾਕਤ ਨਾਲ ਕਰੇ, ਜਿਨ੍ਹਾਂ ਦੀ ਸ਼ਿਕਾਰ ਉਸਦੀ ਬੇਟੀ ਵੀ ਬਣੀ ਹੈ।ਨਾਟਕ ਦੀਆਂ ਅਗਲੀਆਂ ਘਟਨਾਵਾਂ ਉਹਨਾਂ ਪਾਤਰਾਂ ਦੇ ਦੁੱਖਾਂ ਦਰਦਾਂ ਨਾਲ ਸਬੰਧਤ ਹਨ ਜਿਹੜੇ ਉਸਦੀ ਬੇਟੀ ਨਾਲੋਂ ਵੀ ਵੱਧ ਕੇ ਬਹੁਗਿਣਤੀ ਦੇ ਸੱਤਾ ਪ੍ਰਬੰਧ ਵੱਲੋਂ ਕੀਤੇ ਜਬਰ-ਜ਼ੁਲਮ ਦੇ ਸ਼ਿਕਾਰ ਹਨ। ਉਸ ਦਾ ਲੇਖਕ ਹਿਰਦਾ ਉਹਨਾਂ ਦੀ ਦੀ ਪੀੜ ਨੂੰ ਆਪਣੀ ਪੀੜ ਵਾਂਗ ਹੀ ਮਹਿਸੂਸ ਕਰਦਾ ਹੈ।ਨਾਟਕ ਦੇ ਅੰਤਲੇ ਸੀਨ ਵਿੱਚ ਉਹ ਆਪਣੀ ਮਨ ਬਚਨੀ ਰਾਹੀਂ ਪੰਜਾਬ ਸਿੰਘ ਨਾਲ ਗੱਲਾਂ ਕਰਨ ਤੋਂ ਬਾਅਦ ਆਪਣੇ ਸਾਹਿਤਕ ਫਰਜ਼ਾਂ ਦੀ ਪੂਰਤੀ ਲਈ ਹੋਰ ਵੀ ਦ੍ਰਿੜ ਸੰਕਲਪ ਹੁੰਦਾ ਹੈ। ਦਰਸ਼ਕ ਉਸ ਵੇਲੇ ਪੂਰੀ ਤਰ੍ਹਾਂ ਨਾਟਕ ਦੀ ਭਾਵਨਾਤਮਕ ਪਹੁੰਚ ਨਾਲ ਜੁੜ ਜਾਂਦੇ ਹਨ ਜਦੋਂ ਉਹ ਉਸਦੇ ਵਿਚਾਰਾਂ ਦੀ ਵਿਰਾਸਤ ਨੂੰ ਅੱਗੇ ਲਿਜਾਣ ਵਾਲੀ ਆਪਣੀ ਬੇਟੀ ਨੂੰ ਸੰਬੋਧਿਤ ਹੁੰਦਿਆ ਆਖਦਾ ਹੈ, ਪੁੱਤੂ ...ਪੰਜਾਬ ਸਿੰਘ ਨੇ ਕਿਹੈ, ਜਾਗਦੇ ਸਿਰਾਂ ਦੀ ਬਾਤ ਪਾਈ ਹੁਣ, ਖੁਲ੍ਹ ਕੇ ਬਾਤ ਪਾਵਾਂਗਾ। ਤੇਰੇ ਪਾਪਾ ਨੂੰ ਇਹ ਬੁਖਾਰ ਹਮੇਸ਼ਾ ਚੜ੍ਹਿਆ ਰਹੇ।ਪੁੱਤੂ !ਤਬਦੀਲੀ ਲਈ ਲੜਣ ਵਾਲੇ ਲੋਕ ਬੁਖਾਰ ਨਾਲ ਨਹੀਂ ਮਰਿਆ ਕਰਦੇ।ਤੂੰ ਆਪਣੇ ਦੋਸਤਾਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

## ਹੀਰ ਵਾਰਿਸ ਸ਼ਾਹ

**ਸੰਪਾਦਕ-ਜਗਤਾਰ ਸਿੰਘ ਭੰਗੂ**
**ਪੰਨੇ : 192, ਕੀਮਤ : 199 ਰੁਪਏ**
**ਈਵਾਨ ਪਬਲੀਕੇਸ਼ਨ, ਬਰਨਾਲਾ**




ਜੇਕਰ ਗੱਲ ਕਰੀਏ ਹੀਰ ਦੀ ਤਾਂ ਜਿੰਨੀਆਂ ਵੀ ਹੀਰ ਵਾਰਿਸ ਦੀਆਂ ਲਿਖਤਾਂ ਦਾ ਮੈਂ ਪਾਠ ਕੀਤਾ ਹੈ, ਸਭ ਵਿੱਚ ਕੁਝ ਨਾ ਕੁਝ ਵੱਖਰਾ ਹੈ। ਹੀਰ ਵਾਰਿਸ 1766 ਈ: ਦੇ ਲੱਗਭੱਗ ਪੂਰੀ ਹੁੰਦੀ ਹੈ। ਈ: 1860 ਤੱਕ ਇਸ ਵਿੱਚ ਮਿਲਾਵਟ ਦੇ ਸਬੂਤ ਨਹੀਂ ਮਿਲਦੇ। 1860 ਤੋਂ ਭਾਰਤ ਵਿੱਚ ਛਾਪੇਖਾਨੇ ਆ ਗਏ, ਕਿਤਾਬਾਂ ਦੀ ਛਪਾਈ ਸੌਖੀ ਹੋ ਗਈ ਤਾਂ ਹੀਰ ਵਿੱਚ ਮਿਲਾਵਟੀ ਸ਼ੇਅਰ ਆਉਣੇ ਸ਼ੁਰੂ ਹੋ ਗਏ, 4100 ਸਤਰਾਂ ਵਾਲੀ ਹੀਰ ਦੇ 16000 ਫਿਕਰੇ ਹੋ ਗਏ। ਹੀਰ 'ਤੇ ਸੋਧ ਦਾ ਕੰਮ ਤਾਂ ਪਹਿਲਾਂ ਹੀ ਡਾ. ਜੀਤ ਸਿੰਘ ਸੀਤਲ ਵਰਗਿਆਂ ਨੇ ਸ਼ੁਰੂ ਕਰ ਦਿੱਤਾ ਸੀ, ਪਰ ਸਭ ਤੋਂ ਮਹੱਤਵਪੂਰਨ ਕੰਮ ਪਾਕਿਸਤਾਨੀ ਖੋਜਕਾਰ ਜਾਹਿਦ ਇਕਬਾਲ ਨੇ ਕੀਤਾ, ਜਿਸ ਨੇ 'ਹੀਰ ਵਾਰਿਸ ਸ਼ਾਹ 'ਚ ਮਿਲਾਵਟੀ ਸ਼ੇਅਰਾਂ ਦਾ ਵੇਰਵਾ' ਲਿਖ ਕੇ ਪੰਜਾਬੀ ਸਾਹਿਤਕ ਜਗਤ ਨੂੰ ਹੋਰ ਵੀ ਅਮੀਰ ਕੀਤਾ। ਇਸ ਪੁਸਤਕ ਵਿੱਚ ਵੀ ਅਸੀਂ ਬਹੁਤ ਸਾਰੇ ਮਿਲਾਵਟੀ ਸ਼ੇਅਰਾਂ ਨੂੰ ਲੱਭਣ ਦਾ ਯਤਨ ਕੀਤਾ ਹੈ। ਆਸ ਹੈ ਪਾਠਕ ਸਾਡੀ ਇਸ ਕੋਸ਼ਿਸ਼ ਨੂੰ ਜ਼ਰੂਰ ਪਸੰਦ ਕਰਨਗੇ। (ਸੰਪਾਦਕ)

**-ਬੈਕ ਕਵਰ ਤੋਂ**

## ਕਿਣ ਮਿਣ-ਤਿੱਪ ਤਿੱਪ

**(ਕਾਵਿ ਸੰਗ੍ਰਹਿ)**
**ਰਾਣਾ ਰਣਬੀਰ**
**ਪੰਨੇ : 87, ਕੀਮਤ : 175 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਇਹ ਸਾਰੀ ਪੁਸਤਕ ਹੀ ਆਪਣੇ ਸਮੁੱਚੇ ਪ੍ਰਭਾਵ ਵਜੋਂ ਉਮੀਦ ਅਤੇ ਹੌਸਲੇ ਦਾ ਸੰਦੇਸ਼ ਹੈ। ਇਸ ਪੁਸਤਕ ਵਿੱਚ ਗਹਿਰੇ ਪੁਰਾਣੇ ਰਿਸ਼ਤਿਆਂ ਦੇ ਟੁੱਟਣ ਦਾ ਦਰਦ ਹੈ, ਉਹ ਰਿਸ਼ਤੇ ਕਿਉਂ ਟੁੱਟੇ, ਇਸ ਸਵਾਲ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣ ਦੀ ਜੁਰਅਤ ਹੈ, ਤੇ ਉਸ ਦਰਦ ਵਿੱਚੋਂ ਨਿਕਲ ਕੇ ਨਵੇਂ ਸਿਰੇ ਤੋਂ ਆਪਣਾ ਸੰਸਾਰ ਸਿਰਜਣ ਦੀ ਸ਼ਕਤੀ ਅਤੇ ਪ੍ਰਤਿਭਾ ਵੀ ਹੈ। ਇਹ ਪੁਸਤਕ ਵਿੱਚ ਭਾਵੁਕਤਾ, ਵਿਵੇਕ, ਸੁਪਨਾ, ਹਕੀਕਤ, ਉਦਾਸੀ ਆਸ ਤੇ ਰਚਨਾ ਦੀ ਊਰਜਾ ਸਭ ਨਾਲ-ਨਾਲ ਤੁਰਦੇ ਹਨ।

ਇਹ ਪੁਸਤਕ ਦੁੱਖ ਦੀ ਰਾਤ ਤੋਂ ਅਗਲੀ ਸਵੇਰ ਹੈ, ਜੋ ਗਿੱਲੇ ਨੈਣਾਂ ਨਾਲ ਚੜ੍ਹਦਾ ਸੂਰਜ ਵੇਖ ਰਹੀ ਹੈ, ਇਸ ਦੀ ਕਿਣ ਮਿਣ ਤਿਪ ਤਿਪ ਵਿੱਚ ਧੁੱਪ ਵੀ ਸ਼ਾਮਲ ਹੋ ਰਹੀ ਹੈ ਤੇ ਇਸ ਦੇ ਹੋਠਾਂ 'ਚੋਂ ਇਹ ਦੁਆ ਮੁਖਰਿਤ ਹੋ ਰਹੀ ਹੈ :

ਗੀਤ ਮੰਗਦਾਂ ਚੁੱਪ ਵਾਸਤੇ, ਹਾਸਾ ਰੁੱਸੀਆਂ ਲਹਿਰਾਂ ਲਈ
ਚਮਕ ਮੰਗਦਾਂ ਨੈਣਾਂ ਖ਼ਾਤਰ, ਪੈਂਡਾ ਲੰਮਾ ਪੈਰਾਂ ਲਈ
ਰਾਣਾ ਰਣਬੀਰ ਦੀ ਇਸ ਦੁਆ ਵਿੱਚ ਅਸੀਂ ਸਾਰੇ ਸ਼ਾਮਲ ਹਾਂ।

**-ਬੈਕ ਕਵਰ ਤੋਂ**

## ਜਾਗਣ ਦਾ ਵੇਲਾ

**(ਲੇਖ ਸੰਗ੍ਰਹਿ)**
**ਗੁਰਸ਼ਰਨ ਕੌਰ**
**ਪੰਨੇ : 120, ਕੀਮਤ : 150 ਰੁਪਏ**
**ਪਬਲਿਸ਼ਰ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ**




ਇਹ ਪੁਸਤਕ "ਜਾਗਣ ਦਾ ਵੇਲਾ" ਮੈਂ ਖਾਸ ਤੌਰ 'ਤੇ ਸਕੂਲੀ ਵਿਦਿਆਰਥੀਆਂ ਲਈ ਲਿਖੀ ਹੈ। ਇਹ ਪੁਸਤਕ ਲਿਖਣ ਦਾ ਸੱਬਬ ਮੇਰੇ ਲੰਬੇ ਸਮੇਂ ਦੇ ਅਧਿਆਪਨ ਤਜਰਬੇ ਵਿੱਚੋਂ ਉਪਜਿਆ। ਸੂਝਵਾਨ ਅਧਿਆਪਕਾਂ ਅਤੇ ਜਾਗਰੂਕ ਮਾਪਿਆਂ ਦੇ ਤਜਰਬੇ ਅਤੇ ਅਧਿਐਨ ਮੁਤਾਬਕ ਪੁਰਾਣੇ ਸਮੇਂ ਦੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਵਿਦਿਆਰਥੀਆਂ ਦੇ ਅੱਜ ਦੇ ਵਰਤਾਰੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਆ ਗਿਆ ਹੈ, ਜਿਸ ਤੋਂ ਚਿੰਤਤ ਹੋ ਕੇ ਮੈਂ ਇਹ ਪੁਸਤਕ ਲਿਖਣ ਦੀ ਸੋਚੀ, ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਮੇਰੇ ਮਨ ਵਿੱਚ ਵੀ ਇਹੀ ਵਿਚਾਰ ਆ ਰਹੇ ਸਨ। ਦੋ ਸਾਲ ਦੀ ਲਗਾਤਾਰ ਮਿਹਨਤ ਤੋਂ ਬਾਅਦ ਮੈਂ ਇਹ ਪੁਸਤਕ ਪਾਠਕਾਂ ਦੇ ਰੂ-ਬ-ਰੂ ਕਰ ਰਹੀ ਹਾਂ।

**-ਭੂਮਿਕਾ 'ਚੋਂ**

# ਪੁਸਤਕ ਰੀਵਿਊ

## ਉਮਰ ਤੇ ਬੁਢਾਪਾ

**ਸੁਰੇਸ਼ ਰਤਨ**
**ਅਨੁਵਾਦ: ਹਰੀ ਕ੍ਰਿਸ਼ਨ ਮਾਇਰ**
**ਪੰਨੇ : 64, ਮੁੱਲ : 100 ਰੁਪਏ**
**ਗੋਰਕੀ ਪ੍ਰਕਾਸ਼ਨ, ਲੁਧਿਆਣਾ**

ਸੁਰੇਸ਼ ਰਤਨ ਅਰਥਾਤ ਬੁਢਾਪਾ ਭਾਵ ਵਧਦੀ ਉਮਰ ਦੇ ਖੇਤਰ ਵਿੱਚ ਖੋਜ ਕਰਨ ਵਾਲਾ ਇੱਕ ਜੀਵ ਵਿਗਿਆਨੀ ਹੈ। ਉਹ ਆਰਹੁਸ ਯੂਨੀਵਰਸਿਟੀ ਡੈਨਮਾਰਕ ਵਿੱਚ ਇਸ ਸੰਬੰਧੀ ਖੋਜ ਕਾਰਜ ਵਿੱਚ ਜੁਟਿਆ ਹੋਇਆ ਹੈ ਕਿ ਬੁਢਾਪਾ ਕੀ ਹੈ, ਕਦੋਂ ਸ਼ੁਰੂ ਹੁੰਦਾ ਹੈ, ਕਿਉਂ ਸ਼ੁਰੂ ਹੁੰਦਾ ਹੈ, ਬੁਢਾਪੇ ਵਿੱਚ ਕੀ-ਕੀ ਵਾਪਰ ਸਕਦਾ ਹੈ ਤੇ ਮੌਤ ਕਿਵੇਂ ਹੁੰਦੀ ਹੈ। ਨਾਲ਼ ਹੀ ਲੰਬੀ ਸਿਹਤਮੰਦ ਉਮਰ ਤੇ ਸਿਹਤਮੰਦ ਬੁਢਾਪੇ ਲਈ ਕੋਈ ਜੀਵ ਕੀ-ਕੀ ਕਰ ਸਕਦਾ ਹੈ। ਬੁਢਾਪੇ ਅਤੇ ਉਮਰ ਨਾਲ਼ ਸੰਬੰਧਤ ਇਹ ਮਸਲੇ ਉਸ ਦੁਆਰਾ ਇਕ ਪੁਸਤਕ ਵਿੱਚ ਸ਼ਾਮਲ ਕੀਤੇ ਗਏ ਹਨ, ਜਿਸ ਨੂੰ ਡੇਨਿਸ਼ ਭਾਸ਼ਾ ਵਿੱਚ ਸਿਰਲੇਖ ਹੇਠ ਅਤੇ ਅੰਗਰੇਜ਼ੀ ਵਿੱਚ ਸਮੇਤ 175 ਸਿਰਲੇਖਾਂ ਹੇਠ ਛਪਵਾਇਆ ਗਿਆ। ਇਸ ਦਾ ਪੰਜਾਬੀ ਅਨੁਵਾਦ ਨਾਮਵਰ ਲੇਖਕ ਹਰੀ ਕ੍ਰਿਸ਼ਨ ਮਾਇਰ ਨੇ ਕੀਤਾ। ਇਹ ਪੁਸਤਕ ਦੇ ਪਾਠਾਂ ਵਿੱਚ ਜ਼ਿੰਦਗੀ ਦੇ ਕਈ ਗੁੱਝੇ ਸਵਾਲਾਂ ਦਾ ਜਵਾਬ ਦੇਣ ਦਾ ਯਤਨ ਕੀਤਾ ਗਿਆ ਹੈ। ਲੇਖਕ ਅਨੁਸਾਰ ਅਸਲ ਵਿੱਚ ਉਮਰ ਕੇਵਲ ਇਕ ਅੰਕੜਾ ਹੀ ਹੈ, ਕੋਈ ਵਿਅਕਤੀ ਇਸ ਗੱਲ ਦਾ ਨਿਰਣਾ ਨਹੀਂ ਲਿਆ ਜਾ ਸਕਦਾ ਕਿ ਅਸਲ ਵਿੱਚ ਕਿੰਨੀ ਉਮਰ ਸਹੀ ਹੈ, ਜਦੋਂ ਵਿਅਕਤੀ ਨੂੰ ਮਰ ਜਾਣਾ ਚਾਹੀਦਾ ਹੈ। ਜ਼ਿਆਦਾਤਰ ਹਰ ਵਿਅਕਤੀ ਆਪਣੇ ਆਪ ਨੂੰ ਆਪਣੀ ਉਮਰ ਤੋਂ ਛੋਟਾ ਹੀ ਸਮਝਦਾ ਹੈ ਅਤੇ ਕਦੀ ਵੀ ਮਰਨਾ ਨਹੀਂ ਚਾਹੁੰਦਾ। ਲੇਖਕ ਵੱਖ-ਵੱਖ ਪਰਜਾਤੀਆਂ ਦੀਆਂ ਉਦਾਹਰਨਾਂ ਦੇ ਕੇ ਮਨੁੱਖੀ ਸਰੀਰ, ਜੀਵ-ਜੰਤੂਆਂ ਦੇ ਸਰੀਰਾਂ ਅਤੇ ਇਸ ਗ੍ਰਹਿ ਧਰਤੀ ਉਤੇ ਵਿਕਸਿਤ ਜੀਵਨ ਬਾਰੇ ਹੈਰਾਨਗੀ ਵੀ ਪ੍ਰਗਟ ਕਰਦਾ ਹੈ ਅਤੇ ਕਈ ਭੇਤਾਂ ਦੀ ਵਿਆਖਿਆ ਵੀ ਕਰਦਾ ਹੈ। ਮੈਡਮ ਕੈਲਮਾ ਦੇ ਸਭ ਤੋਂ ਵੱਧ ਉਮਰ ਦੇ ਰਿਕਾਰਡ ਦੀ ਗੱਲ ਕਰਦਿਆਂ ਉਹ ਉਮਰ-ਮਿਆਦ ਦੀ ਚਰਚਾ ਵੀ ਕਰਦਾ ਹੈ ਤੇ ਡਾਰਵਿਨ ਦੇ ਵਿਕਾਸ-ਸਿਧਾਂਤ ਦੀ ਵਿਆਖਿਆ ਵੀ ਕਰਦਾ ਹੈ। ਅਗਲੇ ਪਾਠ "ਜੀਵਨ ਦੀ ਉਤਪਤੀ" ਵਿੱਚ ਉਹ ਮਨੁੱਖੀ ਜੀਵਨ ਦੇ ਨਾਲ਼-ਨਾਲ਼ ਹੋਰਨਾਂ ਪਰਜਾਤੀਆਂ ਦੇ ਜੀਵਨ ਉਤਪਤੀ ਬਾਰੇ ਵੀ ਚਰਚਾ ਕੀਤੀ ਹੈ। ਇਸ ਦੇ ਨਾਲ਼ ਹੀ ਜੀਵਨ ਦੇ ਵਿਕਾਸ ਅਤੇ ਗਤੀਸ਼ੀਲਤਾ ਬਾਰੇ ਕਈ ਆਮ ਪਰ ਹੈਰਾਨੀਜਨਕ ਪੱਖ ਵੀ ਵਿਚਾਰੇ ਗਏ ਹਨ। ਉਹ ਲਿਖਦਾ ਹੈ ਆਓ ਆਪਾਂ ਇੱਕ ਗਊ ਦੀ ਉਦਾਹਰਨ ਲਈਏ। ਅਸੀਂ ਗਊ ਨੂੰ ਘਾਹ ਖੁਆਉਂਦੇ ਹਾਂ ਤੇ ਅਗਲੇ ਦਿਨ ਅਸੀਂ ਉਸ ਦੇ ਥਣਾਂ ਵਿੱਚੋਂ ਕਿੰਨੇ ਹੀ ਲਿਟਰ ਦੁੱਧ ਚੋਅ ਲੈਂਦੇ ਹਾਂ। ਐਦਾਂ ਕਿਵੇਂ ਹੋ ਜਾਂਦਾ ਹੈ ? ਸਪੱਸ਼ਟ ਹੈ ਕਿ ਘਾਹ ਅਤੇ ਦੁੱਧ ਵਿਚਕਾਰ ਸੰਬੰਧ ਜੋੜਨ ਵਾਲੀ ਕੋਈ ਸਿੱਧੀ ਕੜੀ ਨਹੀਂ ਹੈ। ਆਪਣੇ ਚਾਰ ਮੋਹਦਿਆਂ ਨਾਲ ਗਊ ਅੰਦਰੋ-ਅੰਦਰੀ ਘਾਹ ਨੂੰ ਦੁੱਧ ਵਿੱਚ ਤਬਦੀਲ ਕਰਨ ਦਾ ਕਾਰਜ ਕਰਦੀ ਹੈ। ਅਜਿਹੀ ਕੋਈ ਮਸ਼ੀਨ ਨਹੀਂ, ਜਿਹੜੀ ਰੁਪਾਂਤਰਨ ਦਾ ਅਜਿਹਾ ਚਮਤਕਾਰੀ ਕੰਮ ਕਰਦੀ ਹੋਵੇ, ਜਿਹੜਾ ਸਾਰੇ ਜੀਵ ਅਜਿਹਾ ਕਾਰਜ ਹਰ ਸਮੇਂ ਖੁਦ ਹੀ ਕਰਦੇ ਹਨ।

ਅਗਲੇ ਅਧਿਆਇ "ਜ਼ਿੰਦਗੀ ਦਾ ਸਿਲਸਿਲਾ" ਵਿੱਚ ਇਕ ਮਨੁੱਖ ਦੇ ਪੂਰੇ ਜੀਵਨ ਦੇ ਵੱਖ-ਵੱਖ ਪੜਾਵਾਂ ਬਾਰੇ ਚਰਚਾ ਕੀਤੀ ਹੈ, ਜਿਸ ਵਿੱਚ ਬਚਪਨ, ਜਵਾਨੀ, ਪ੍ਰੌਢ ਉਮਰ ਅਤੇ ਬੁਢਾਪੇ ਬਾਰੇ ਵਿਸਥਾਰ ਨਾਲ਼ ਗੱਲ ਕਰਦੇ ਹੋਏ ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਦੇ ਪ੍ਰਚਲਿਤ ਵਰਤਾਰਿਆਂ ਬਾਰੇ ਦੱਸਿਆ ਗਿਆ ਹੈ। ਅਗਲੇ ਦੋ ਪਾਠਾਂ ਵਿੱਚ ਲੇਖਕ ਨੇ ਮਨੁੱਖ ਦੀ ਉਮਰ ਸੰਬੰਧੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿ ਕੇ ਖੁਸ਼ਹਾਲ ਜੀਵਨ ਜਿਉਣ ਲਈ ਪ੍ਰੇਰਿਆ ਹੈ। ਅੰਤਲੇ ਅਧਿਆਇ ਵਿੱਚ ਲੇਖਕ ਨੇ ਵੱਖ-ਵੱਖ ਸਮਾਜਿਕ ਜ਼ਿੰਮੇਵਾਰੀਆਂ ਅਤੇ ਜੀਵਨ ਦੇ ਵਰਤਾਰਿਆਂ ਅਨੁਸਾਰ ਆਪਣੀਆਂ ਵੱਖਰੀਆਂ ਉਮਰਾਂ ਦਾ ਜ਼ਿਕਰ ਕੀਤਾ ਹੈ। ਇਸ ਢੰਗ ਨਾਲ਼ ਇਹ ਪੁਸਤਕ ਸਾਡੇ ਆਪਣੇ ਸਰੀਰ ਅਤੇ ਆਪਣੀ ਜ਼ਿੰਦਗੀ ਬਾਰੇ ਵਿਗਿਆਨਕ ਜਾਣਕਾਰੀ ਮੁਹੱਈਆ ਕਰਾਉਂਦੀ ਹੈ ਅਤੇ ਅਨੁਵਾਦਕ ਨੇ ਸਹੀ ਅਰਥਾਂ ਵਿੱਚ ਅਨੁਵਾਦ ਕਰਕੇ ਇਸ ਪੁਸਤਕ ਦੀ ਸਾਰਥਿਕਤਾ ਨੂੰ ਹੋਰ ਵਧਾਇਆ ਹੈ।

**- ਡਾ. ਸੰਦੀਪ ਰਾਣਾ**

## 1857 ਦੀ ਹੈਰਤਅੰਗੇਜ਼ ਦਾਸਤਾਨ

**ਸ਼ਮਸੁਲ ਇਸਲਾਮ**
**ਅਨੁ : ਪਰਮਜੀਤ ਸਿੰਘ ਢੀਂਗਰਾ**
**ਮੁੱਲ : 275 ਰੁਪਏ, ਪੰਨੇ : 138**
**ਦੀਪਕ ਪਬਲਿਸ਼ਰਜ਼, ਜਲੰਧਰ**

ਜਿਵੇਂ ਕਿ ਪੁਸਤਕ ਦੇ ਨਾਂਅ ਤੋਂ ਹੀ ਪਤਾ ਚਲਦਾ ਹੈ। ਇਸ ਪੁਸਤਕ ਵਿਚ 1857 ਆਜ਼ਾਦੀ ਦੇ ਸੰਘਰਸ਼ ਦਾ ਸੱਚ ਬਿਆਨ ਪੇਸ਼ ਹੈ। ਅਸਲੀਅਤ ਬਿਆਨ ਹੈ ਕਿ ਅੰਗਰੇਜ਼ਾਂ ਨੇ ਦਿੱਲੀ ਕਿਵੇਂ ਜਿੱਤੀ ? 1857 ਦੀ ਬਗਾਵਤ ਵਿਚ ਔਰਤਾਂ ਦੀ ਸ਼ਮੂਲੀਅਤ ਦੀ ਹਕੀਕੀ ਕਹਾਣੀ ਪੇਸ਼ ਕੀਤੀ ਗਈ ਹੈ। ਆਜ਼ਾਦੀ ਦੇ ਇਸ ਸੰਗਰਾਮ ਵਿਚ ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਕਿਵੇਂ ਏਕਤਾ ਦਾ ਸਬੂਤ ਦਿੱਤਾ ਅਤੇ ਇਨ੍ਹਾਂ ਨੇ ਰਲ-ਮਿਲ ਕੇ ਦਿੱਲੀ, ਹਰਿਆਣਾ, ਅਯੁੱਧਿਆ, ਰਾਜਸਥਾਨ, ਕੇਂਦਰੀ ਭਾਰਤ ਅਤੇ ਰੋਹੇਲ ਖੰਡ ਵਿਖੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਸੀ।

ਮੂਲ ਲੇਖਕ ਸ਼ਮਸੁਲ ਇਸਲਾਮ ਹੁਰਾਂ ਨੇ ਉਨ੍ਹਾਂ ਸੱਚਾਈਆਂ ਨੂੰ ਸੱਚੇ ਦਿਲੋਂ ਜਿਨ੍ਹਾਂ ਨੂੰ ਹੁਣ ਤੱਕ ਅੱਖੋਂ ਉਹਲੇ ਕੀਤਾ ਜਾਂਦਾ ਰਿਹਾ ਹੈ। ਉਸ ਦੀ ਅਸਲੀਅਤ ਨੂੰ ਸਾਹਮਣੇ ਪੇਸ਼ ਕੀਤਾ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤੀ ਸਮੁਦਾਇਆਂ ਵਿਚ ਆਪਸੀ ਭਾਈਚਾਰਾ ਸੀ, ਏਕਤਾ ਸੀ, ਪ੍ਰੰਤੂ ਅੰਗਰੇਜ਼ੀ ਫੌਜ ਨੇ ਸ਼ਾਤਰਪੁਣੇ ਨਾਲ, ਭਾਰਤੀਆਂ ਦੀ ਏਕਤਾ ਨੂੰ ਭੰਗ ਕਰਨ ਦੇ ਯਤਨ ਕੀਤੇ। ਅਨੇਕਾਂ ਭਾਰਤੀ ਰਾਜੇ-ਰਾਣੀਆਂ ਸਨ, ਜਿਨ੍ਹਾਂ ਨੇ ਅੰਗਰੇਜ਼ਾਂ ਵੱਲੋਂ ਦਿੱਤੇ ਲਾਲਚਾਂ, ਰੁਤਬਿਆਂ ਨੂੰ ਠੁਕਰਾ ਕੇ, ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰੀ ਰੱਖਿਆ। ਇਸ ਪੁਸਤਕ ਦਾ ਪੰਜਾਬੀ ਅਨੁਵਾਦ ਸ. ਪਰਮਜੀਤ ਸਿੰਘ ਢੀਂਗਰਾ ਨੇ ਕੀਤਾ ਹੈ। ਆਪ ਨੇ ਅਨੇਕਾਂ ਹੋਰ ਪੁਸਤਕਾਂ ਦਾ ਅਨੁਵਾਦ ਵੀ ਪ੍ਰਕਾਸ਼ਿਤ ਕਰਵਾਇਆ ਹੈ, ਜਿਵੇਂ 'ਗਦਰ ਦਾ ਦਲਾਲ ਮੁਨਸ਼ੀ ਜੀਵਨ ਲਾਲ' ਆਦਿ।

ਹਥਲੀ ਪੁਸਤਕ ਦੀ ਤਿਆਰੀ ਲਈ ਉਰਦੂ, ਅੰਗਰੇਜ਼ੀ, ਹਿੰਦੀ ਅਤੇ ਫਾਰਸੀ ਭਾਸ਼ਾਵਾਂ ਦੇ ਸਮਕਾਲੀ ਦਸਤਾਵੇਜ਼ਾਂ ਦੀ ਸਹਾਇਤਾ ਲਈ ਹੈ। ਪਹਿਲੀਆਂ ਗਲਤ ਦਲੀਲਾਂ ਦਾ ਖੰਡਨ ਕੀਤਾ ਗਿਆ ਹੈ। 1857 ਦੇ ਮਹਾਨ ਸੰਗਰਾਮ ਨੂੰ ਸਕਾਰਾਤਮਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਦੇ ਮੂਲ ਲੇਖਕ ਸ਼ਮਸੁਲ ਇਸਲਾਮ, ਦਿੱਲੀ ਯੂਨੀਵਰਸਿਟੀ ਵਿਚ ਰਾਜਨੀਤਕ ਸ਼ਾਸਤਰ ਦੇ ਵਿਦਵਾਨ ਦੀ ਇਹ ਰਚਨਾ, ਸੱਚ ਤੇ ਅਸਲੀਅਤ ਦੇ ਨੇੜੇ ਹੈ। ਪੁਸਤਕ ਦਾ ਅਨੁਵਾਦ ਡਾ: ਪਰਮਜੀਤ ਸਿੰਘ ਢੀਂਗਰਾ ਨੇ ਕੀਤਾ ਹੈ। ਆਪ ਵਧਾਈ ਦੇ ਹੱਕਦਾਰ ਹਨ, ਜਿਨ੍ਹਾਂ ਨੇ ਪ੍ਰਸਿੱਧ ਇਤਿਹਾਸਕ ਪੁਸਤਕ ਦਾ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨੂੰ ਭੇਟ ਕੀਤਾ ਹੈ।

**-ਡਾ. ਅਮਰ ਕੋਮਲ**

## ਮੈਲ਼ੇ ਮੰਜ਼ਰ

**(ਗ਼ਜ਼ਲ-ਸੰਗ੍ਰਹਿ)**
**ਹਰਮਿੰਦਰ ਸਿੰਘ ਕੋਹਾਰਵਾਲਾ**
**ਪੰਨੇ-96, ਕੀਮਤ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਹਰਮਿੰਦਰ ਸਿੰਘ ਕੋਹਾਰਵਾਲਾ ਆਪਣੀ ਸਕੂਲ ਅਧਿਆਪਨ ਦੀ ਨੌਕਰੀ ਦੌਰਾਨ ਜਥੇਬੰਦਕ ਸਰਗਰਮੀਆਂ ਨਾਲ ਤਨੋਂ-ਮਨੋਂ ਜੁੜਿਆ ਰਿਹਾ ਹੈ। ਇਸ ਅਮਲ ਦੌਰਾਨ ਬਹੁਤ ਸਾਰੇ ਸਮਾਜਿਕ-ਰਾਜਨੀਤਕ ਮਸਲਿਆਂ ਬਾਰੇ ਉਸ ਦੀ ਸਮਝ ਉਦੋਂ ਹੀ ਤਿਖੇਰੀ ਹੋ ਗਈ ਸੀ। ਉਸ ਨੇ ਲਿਖਣਾ ਭਾਵੇਂ ਉਦੋਂ ਹੀ ਸ਼ੁਰੂ ਕਰ ਦਿੱਤਾ ਸੀ, ਪਰ ਲੇਖਣ ਕਾਰਜ ਉਦੋਂ ਦੁਜੈਲੇ ਸਥਾਨ 'ਤੇ ਸੀ। ਉਹਨਾਂ ਦਿਨਾਂ ਵਿਚ ਮੁਢਲੀ ਤਰਜੀਹ ਸੰਘਰਸ਼ੀ ਪਿੜ ਵਿਚ ਨਿੱਤਰ ਕੇ ਲੋਕ ਦੁਸ਼ਮਣ ਤਖ਼ਤ ਨੂੰ ਉਲਟਾਉਣਾ ਸੀ। ਸੇਵਾ-ਮੁਕਤੀ ਤੋਂ ਬਾਅਦ ਕੋਹਾਰਵਾਲਾ ਸੰਜੀਦਗੀ ਨਾਲ਼ ਲੇਖਣੀ ਨੂੰ ਆਪਣੀ ਪਹਿਲੀ ਤਰਜੀਹ ਬਣਾਉਂਦਾ ਹੈ। ਲੇਖਣੀ ਰਾਹੀਂ ਵੀ ਉਹ ਆਪਣਾ ਮੁਢਲਾ ਨਿਸ਼ਾਨਾ ਲੋਕਾਂ ਦੀ ਧਿਰ ਬਣ ਕੇ ਜ਼ਾਲਮ ਸੱਤਾ ਦੇ ਜ਼ੁਲਮਾਂ ਖ਼ਿਲਾਫ਼ ਡਟਣਾ ਹੀ ਚੁਣਦਾ ਹੈ।

ਹਰਮਿੰਦਰ ਸਿੰਘ ਕੋਹਾਰਵਾਲਾ ਦੀਆਂ 2006 ਤੋਂ ਹੁਣ ਤੱਕ ਕੋਈ ਪੌਣੀ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ, ਜਿਨ੍ਹਾਂ 'ਚੋਂ ਚਾਰ ਨਿਰੋਲ ਗ਼ਜ਼ਲ-ਸੰਗ੍ਰਹਿ ਹਨ। ਹੱਥਲੇ ਚੌਥੇ ਗ਼ਜ਼ਲ ਸੰਗ੍ਰਹਿ ਵਿਚ ਉਸ ਦੀਆਂ 83 ਗ਼ਜ਼ਲਾਂ ਸ਼ਾਮਲ ਹਨ। ਇਹਨਾਂ ਗ਼ਜ਼ਲਾਂ ਵਿਚ ਕੋਹਾਰਵਾਲਾ ਆਮ ਮਨੁੱਖ ਦੇ ਦੁੱਖਾਂ ਅਤੇ ਸੱਤਾ ਦੇ ਜ਼ੁਲਮਾਂ ਨੂੰ ਆਪਣੇ ਜੁਝਾਰੂ ਅੰਦਾਜ਼ ਵਿਚ ਪੇਸ਼ ਕਰਕੇ ਆਪਣੇ ਫ਼ਰਜ਼ ਦੀ ਪੂਰਤੀ ਕਰਦਾ ਹੈ-

ਚੁਣੀ ਸਰਕਾਰ ਜੋ ਆਪਾਂ, ਬਣੀ ਇਹ ਆਪਣੀ ਕਿੱਥੇ
ਇਹ ਭਾਰਤ ਦੇਸ਼ ਹਮਵਤਨੋ, ਅਡਾਨੀ ਦੀ ਸਿਆਸਤ ਹੈ

ਗ਼ਜ਼ਲ ਦੇ ਸ਼ਿਅਰਾਂ ਵਿਚ ਆਪਣੇ ਖ਼ਿਆਲ ਨੂੰ ਸੰਕੇਤਕ ਢੰਗ ਨਾਲ ਕਹਿਣਾ ਹੁੰਦਾ ਹੈ, ਪਰ ਕੋਹਾਰਵਾਲਾ ਲਈ ਸ਼ਾਇਰੀ ਦੇ ਕਲਾਤਮਿਕ ਕਾਰਜ ਨਾਲੋਂ ਰਾਜਨੀਤਕ/ਸਮਾਜਿਕ ਮਨੋਰਥ ਦੀ ਪੂਰਤੀ ਜ਼ਿਆਦਾ ਮਹੱਤਵਪੂਰਨ ਹੈ। ਉਹ ਇਸ ਮਨੋਰਥ ਦੀ ਪੂਰਤੀ ਲਈ ਸਿੱਧੇ-ਸਪਾਟ ਢੰਗ ਨਾਲ ਵਿਰੋਧੀ ਤਾਕਤਾਂ 'ਤੇ ਵਾਰ ਕਰਦਾ ਹੈ-

ਚਲਦਾ ਹੈ ਹੁਕਮ ਜਿਸ ਦਾ ਭਾਰਤ ਮਹਾਨ ਉੱਤੇ
ਨੱਚਦਾ ਹੈ ਝੂਠ ਰਹਿੰਦਾ ਉਸ ਦੀ ਜ਼ੁਬਾਨ ਉੱਤੇ

ਸ਼ਾਇਰੀ ਦੇ ਅਜਿਹੇ ਉਚਾਰ ਨੂੰ ਸਹਿਜੇ ਹੀ ਲਾਊਡ/ਆਦਰਸ਼ਵਾਦੀ ਕਿਹਾ ਜਾ ਸਕਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਕੋਹਾਰਵਾਲਾ ਨੂੰ ਰਮਜ਼ ਨਾਲ ਗੱਲ ਕਹਿਣੀ ਨਹੀਂ ਆਉਂਦੀ, ਉਹ ਬਹੁਤ ਸਾਰੇ ਸ਼ਿਅਰਾਂ ਵਿਚ ਕਲਾਤਮਿਕ ਪੁਖ਼ਤਗੀ ਦਾ ਮੁਜ਼ਾਹਰਾ ਕਰਨ ਵਿਚ ਵੀ ਸਫ਼ਲ ਨਜ਼ਰ ਆਉਂਦਾ ਹੈ। ਅਸਲ ਵਿਚ ਕੋਹਾਰਵਾਲਾ ਹਰ ਪਲ ਲੋਕ-ਫ਼ਿਕਰਾਂ ਦੇ ਰੂਬਰੂ ਰਹਿੰਦਾ ਹੈ। ਉਸ ਨੂੰ ਆਲੇ-ਦੁਆਲੇ ਦੇ ਮੈਲ਼ੇ ਮੰਜ਼ਰ ਪ੍ਰੇਸ਼ਾਨ ਕਰਦੇ ਰਹਿੰਦੇ ਹਨ। ਉਸ ਨੂੰ ਕਿਰਤੀ ਦੀ ਲੁੱਟ, ਨਸ਼ਿਆਂ ਦਾ ਖ਼ਤਰਨਾਕ ਰੁਝਾਨ, ਦਾਜ ਲਈ ਸੂਲ਼ੀ ਚੜ੍ਹਦੇ ਮਾਪੇ, ਪਰਵਾਸ ਲਈ ਤਤਪਰ ਪੰਜਾਬ, ਵਧਦੀ ਬੇਰੁਜ਼ਗਾਰੀ, ਬਜ਼ੁਰਗਾਂ ਦੀ ਬੇਕਦਰੀ, ਫ਼ਿਰਕਾਪ੍ਰਸਤੀ ਦਾ ਫੈਲਾਅ ਆਦਿ ਅਨੇਕ ਮਸਲੇ ਬੇਚੈਨ ਕਰਦੇ ਹਨ। ਸਮਾਜ ਦੇ ਦੁੱਖ ਨੂੰ ਉਹ ਤੁਰੰਤ ਸ਼ਾਇਰੀ ਵਿਚ ਪੇਸ਼ ਕਰਨਾ ਲੋਚਦਾ ਹੈ। ਉਸ ਕੋਲ ਏਨਾ ਵਕਤ ਨਹੀਂ ਕਿ ਉਹ ਆਪਣੇ ਖ਼ਿਆਲ ਨੂੰ ਕਲਾਤਮਿਕਤਾ ਦੇ ਆਵੇ ਵਿਚ ਪੱਕਣ ਦੇਵੇ।

ਕੋਹਾਰਵਾਲਾ ਉਮਰ ਦੇ ਜਿਸ ਪੜਾਅ 'ਤੇ ਹੈ, ਇਸ ਪੜਾਅ 'ਤੇ ਆ ਕੇ ਆਮ ਤੌਰ 'ਤੇ ਸ਼ਾਇਰੀ ਵਿਚ ਅੰਤਰਮੁਖਤਾ ਤੇ ਸਹਿਜਤਾ ਸੁਭਾਵਿਕ ਹੀ ਆ ਜਾਂਦੀ ਹੈ, ਪਰ ਕੋਹਾਰਵਾਲਾ ਦੀ ਸ਼ਾਇਰੀ ਵਿਚ ਅਜੇ ਵੀ ਰੋਹ-ਵਿਦਰੋਹ ਦਾ ਝੰਡਾ ਉੱਚਾ ਝੂਲਦਾ ਨਜ਼ਰ ਆਉਂਦਾ ਹੈ। ਗ਼ਜ਼ਲ-ਸ਼ਾਸਤਰੀ ਕੋਹਾਰਵਾਲਾ ਦੀ ਗ਼ਜ਼ਲ ਦੀ ਉੱਤਮਤਾ ਬਾਰੇ ਕਿਸੇ ਦੋਚਿੱਤੀ ਵਿਚ ਹੋ ਸਕਦੇ ਨੇ, ਪਰ ਸੰਘਰਸ਼ਾਂ ਦੇ ਪਿੜਾਂ ਵਿਚ ਸਰਗਰਮ ਲੋਕਾਂ ਲਈ ਅਜਿਹੀ ਸ਼ਾਇਰੀ ਨਿਸ਼ਚੇ ਹੀ ਊਰਜਾ ਦਾ ਸਰੋਤ ਹੁੰਦੀ ਹੈ। ਹਰਮਿੰਦਰ ਸਿੰਘ ਕੋਹਾਰਵਾਲਾ ਦੇ ਸੱਜਰੇ ਕਲਾਮ ਨੂੰ ਜੀ ਆਇਆਂ ਕਹਿੰਦਾ ਹੋਇਆ, ਮੈਂ ਉਸ ਤੋਂ ਹੋਰ ਬਿਹਤਰ ਸ਼ਾਇਰੀ ਦੀ ਆਸ ਕਰਦਾ ਹਾਂ, ਜਿਸ ਵਿਚ ਸਹਿਜ, ਸੁਹਜ ਅਤੇ ਚਿੰਤਨ ਦਾ ਮਿਸਾਲੀ ਸੁਮੇਲ ਹੋਵੇ।

**— ਸ਼ਮਸ਼ੇਰ ਮੋਹੀ**

25-Aug-Sunday.qxd 8/24/2024 10:43 PM Page 6



# ਆਲਮ ਐਵਾਰਡ ਸੁਰਜੀਤ ਜੱਜ ਤੇ ਸੁਰਿੰਦਰ ਰਾਮਪੁਰੀ ਨੂੰ

**ਜਲੰਧਰ**—ਮਾਨਵਵਾਦੀ ਰਚਨਾ ਮੰਚ ਪੰਜਾਬ ਵੱਲੋਂ ਦੇਸ਼ ਭਗਤ ਯਾਦਗਾਰੀ ਹਾਲ ਵਿਖੇ ਕਰਵਾਏ 22 ਵੇਂ ਸਲਾਨਾ ਸਮਾਗਮ ਵਿਚ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਜੱਜ ਤੇ ਕਹਾਣੀਕਾਰ ਸੁਰਿੰਦਰ ਰਾਮਪੁਰੀ ਨੂੰ ਕ੍ਰਮਵਾਰ 24ਵਾਂ ਅਤੇ 25ਵਾਂ ਗੁਰਦਾਸ ਰਾਮ ਆਲਮ ਐਵਾਰਡ ਪ੍ਰਦਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਰਾਜ ਕੁਮਾਰ ਹੰਸ ਨੇ ਕੀਤੀ।ਪ੍ਰਧਾਨਗੀ ਮੰਡਲ ਵਿੱਚ ਡਾ. ਪਰਮਿੰਦਰ ਸਿੰਘ, ਮੰਚ ਦੇ ਪ੍ਰਧਾਨ ਕੇਵਲ ਸਿੰਘ ਪਰਵਾਨਾ, ਸੁਰਜੀਤ ਜੱਜ ਤੇ ਸੁਰਿੰਦਰ ਰਾਮਪੁਰੀ ਬੈਠੇ। ਮੰਚ ਸੰਚਾਲਨ ਮੰਚ ਦੇ ਜਨਰਲ ਸਕੱਤਰ ਮੱਖਣ ਮਾਨ ਨੇ ਕੀਤਾ।

ਸਮਾਗਮ ਦੇ ਮੁੱਢ ਵਿੱਚ ਮੰਚ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ ਨੇ ਮੰਚ ਦੀਆਂ ਹੁਣ ਤੱਕ ਦੀ ਸਰਗਰਮੀਆਂ ਬਾਰੇ ਸੰਖੇਪ ਵਿੱਚ ਦੱਸਿਆ। ਉਪਰੰਤ ਡਾ. ਜਸਵੰਤ ਰਾਏ ਨੇ ਆਲਮ ਦੇ ਸਮੁੱਚੇ ਕਾਵਿ ਬਾਰੇ ਆਪਣਾ ਭਾਸ਼ਣ ਦਿੰਦਿਆਂ ਆਲਮ ਦੀ ਰਚਨਾਕਾਰੀ ਦੇ ਵਿਭਿੰਨ ਪਾਸਾਰਾਂ ਦੀ ਗੱਲ ਕੀਤੀ।ਉਨ੍ਹਾ ਉਸ ਦੀ ਕਵਿਤਾ ਦੇ ਹਰਮਨਪਿਆਰੇ ਹੋਣ ਦੇ ਨੁਕਤੇ ਤੱਥ ਤੇ ਅੰਕੜਿਆਂ ਨਾਲ ਉਭਾਰੇ ਕਿ ਕਿਵੇਂ ਆਲਮ ਉਸ ਵੇਲੇ ਆਦਿ ਧਰਮ ਲਹਿਰ ਅਤੇ ਅੰਬੇਡਕਰ ਚੇਤਨਾ ਲਹਿਰ ਦੇ ਨਾਲ-ਨਾਲ ਤੁਰਦਿਆਂ ਗ਼ਦਰ ਲਹਿਰ ਵਿੱਚ ਆਪਣਾ ਹਿੱਸਾ ਪਾਉਂਦਾ ਲੋਕ-ਪੱਖੀ ਕਵਿਤਾ ਰਾਹੀਂ ਆਪਣੀ ਗੱਲ ਕਰਦਾ ਰਿਹਾ।

ਸੁਰਜੀਤ ਜੱਜ ਬਾਰੇ ਹਰਵਿੰਦਰ ਭੰਡਾਲ ਨੇ ਉਹਨਾ ਦੀ ਗ਼ਜ਼ਲਕਾਰੀ ਦੇ ਸਮਾਜਿਕ ਸਰੋਕਾਰਾਂ ਬਾਰੇ ਗੱਲ ਕਰਦਿਆਂ ਕੁਝ ਠੋਸ ਨੁਕਤੇ ਪੇਸ਼ ਕੀਤੇ। ਜੱਜ ਦਾ ਸਨਮਾਨ ਪੱਤਰ ਰਕੇਸ਼ ਆਨੰਦ ਨੇ ਪੜ੍ਹਿਆ ।ਸੁਰਿੰਦਰ ਰਾਮਪੁਰੀ ਦੀ ਕਹਾਣੀ ਤੇ ਕਾਵਿਕਾਰੀ ਬਾਰੇ ਗੁਰਦਿਆਲ ਦਿਆਲ ਨੇ ਭਾਸ਼ਣ ਦਿੱਤਾ। ਰਾਮਪੁਰੀ ਦਾ ਭਗਵੰਤ ਰਸੂਲਪੁਰੀ ਨੇ ਮੰਚ ਵੱਲੋਂ ਤਿਆਰ ਸਨਮਾਨ ਪੱਤਰ ਪੜ੍ਹਿਆ । ਦੋਵਾਂ ਸਾਹਿਤਕਾਰਾਂ ਨੂੰ ਪ੍ਰਧਾਨਗੀ ਮੰਡਲ ਨੇ 'ਆਲਮ ਐਵਾਰਡ' ਦੇ ਕੇ ਸਨਮਾਨਤ ਕੀਤਾ।



ਸਮਾਗਮ ਦੇ ਦੂਜੇ ਭਾਗ ਵਿੱਚ ਡਾ. ਪਰਮਿੰਦਰ ਸਿੰਘ ਨੇ 'ਭਾਰਤੀ ਸੰਵਿਧਾਨ, ਮਨੁੱਖੀ ਅਧਿਕਾਰ ਅਤੇ ਫ਼ੌਜਦਾਰੀ ਕਾਨੂੰਨ' ਉੱਤੇ ਲੰਮਾ ਲੈਕਚਰ ਦਿੱਤਾ। ਉਨ੍ਹਾ ਆਪਣੇ ਭਾਸ਼ਣ ਵਿੱਚ ਭਾਰਤੀ ਸੰਵਿਧਾਨ ਦੀ ਨਿਰਮਾਣਕਾਰੀ ਉੱਤੇ ਕੁਝ ਸਵਾਲ ਖੜੇ ਕਰਦਿਆਂ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਨੁਕਤਿਆਂ ਦਾ ਹਵਾਲਾ ਵੀ ਦਿੱਤਾ। ਉਨ੍ਹਾ ਕਿਹਾ ਕਿ ਭਾਰਤੀ ਸੰਵਿਧਾਨ ਦਾ ਤਕਰੀਬਨ ਤਿੰਨ ਚੁਥਾਈ ਹਿੱਸਾ, ਜਿਹਦੇ ਵਿੱਚ 295 ਆਰਟੀਕਲ ਹਨ, ਉਨ੍ਹਾਂ ਵਿੱਚ ਅੰਗਰੇਜ਼ਾਂ ਵੱਲੋਂ ਬਣਾਇਆ 1935 ਦੇ ਐਕਟ ਦੇ 250 ਆਰਟੀਕਲ ਚੁੱਕ ਕੇ ਨਵੇਂ ਸੰਵਿਧਾਨ ਵਿੱਚ ਪਾਏ। ਉਨ੍ਹਾ ਅੰਬੇਡਕਰ ਨੂੰ ਸੰਵਿਧਾਨ ਲਿਖਣ ਵਾਲੀ ਕਮੇਟੀ ਦਾ ਰਚਨਾਕਾਰ ਨਾ ਕਹਿ ਕੇ ਕਮੇਟੀ ਦਾ ਚੇਅਰਮੈਨ ਕਿਹਾ। ਡਾ. ਰਾਜ ਕੁਮਾਰ ਹੰਸ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਪਰਮਿੰਦਰ ਦੇ ਭਾਸ਼ਣ ਨੂੰ ਵਾਦ-ਵਿਵਾਦ ਵਾਲਾ ਭਾਸ਼ਣ ਕਹਿ ਕੇ ਕੁਝ ਸਵਾਲ ਖੜੇ ਕੀਤੇ ਤੇ ਕਿਹਾ ਕਿ ਅਸੀਂ ਅੰਬੇਡਕਰ ਬਾਰੇ ਇਸ ਤਰ੍ਹਾਂ ਦੇ ਪੇਤਲੇ ਵਿਚਾਰ ਦੇ ਕੇ ਪਾਸੇ ਨਹੀਂ ਹੋ ਸਕਦੇ, ਇਹ ਡੂੰਘਾਈ ਵਾਲੀਆਂ ਗੱਲਾਂ ਨੇ, ਜਿਹੜੀਆਂ ਪਰਮਿੰਦਰ ਹੁਰਾਂ ਨੇ ਨਹੀਂ ਕੀਤੀਆਂ।ਉਨ੍ਹਾ ਸਾਧੂ ਦਾਇਆ ਸਿੰਘ ਆਰਿਫ਼ ਤੇ ਸੰਤ ਵਜ਼ੀਦ ਸਿੰਘ ਦੇ ਪ੍ਰਸੰਗ ਵਿੱਚ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿੱਚ ਜਾਣਬੁੱਝ ਕੇ ਪਾਏ ਖੱਪਿਆ ਉੱਤੇ ਸਵਾਲ ਖੜੇ ਕੀਤੇ, ਜਿਨ੍ਹਾਂ ਨੂੰ ਦਲਿਤ ਹੋਣ ਕਰਕੇ ਅਣਗੌਲਿਆ ਕਰ ਦਿੱਤਾ ਗਿਆ। ਇਕ ਮੌਕੇ 'ਰਾਜਨੀਰ' ਦਾ ਕਾਵਿ ਸੰਗ੍ਰਹਿ 'ਸੂਦਕ' ਪ੍ਰਧਾਨਗੀ ਮੰਡਲ ਨੇ ਰਿਲੀਜ਼ ਕੀਤਾ। ਅੰਤ 'ਚ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਦਵਾਰਕਾ ਭਾਰਤੀ ਨੇ ਭਰਵੀਂ ਗਿਣਤੀ ਵਿੱਚ ਪੁੱਜੇ ਸਾਹਿਤਕਾਰਾਂ ਅਤੇ ਅਦੀਬਾਂ ਦਾ ਧੰਨਵਾਦ ਕੀਤਾ ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੁਦੇਸ਼ ਕਲਿਆਣ, ਸਰੋਜ, ਸਰੂਪ ਸਿਆਲਵੀ, ਮੋਹਨ ਲਾਲ ਫਿਲੌਰੀਆ, ਕੁਲਦੀਪ ਸਿੰਘ ਬੇਦੀ, ਬਲਬੀਰ ਪਰਵਾਨਾ, ਸੁਰਜੀਤ ਸੁੰਮਨ, ਮਨਜਿੰਦਰ ਕਮਲ, ਬਲਦੇਵ ਬੱਲੀ, ਜਸਪਾਲ ਜ਼ੀਰਵੀ, ਰੌਸ਼ਨ ਭਾਰਤੀ, ਹਰਮੇਸ਼ ਮਾਲੜੀ, ਕਾਮਰੇਡ ਗੁਰਮੀਤ, ਕੇਸਰ ਸਿੰਘ, ਸੁਖਪਾਲ ਕੌਰ ਸਮਰਾਲਾ, ਕੋਮਲ ਰਾਜਵੰਸ਼, ਬੂਟਾ ਸਿੰਘ ਪੰਡੋਰੀ, ਧਰਮ ਪਾਲ ਪੈਂਥਰ, ਜੋਗਿੰਦਰਪਾਲ ਮਾਨ, ਬਿੰਦਰ ਬਸਰਾ, ਤਲਵਿੰਦਰ ਸ਼ੇਰਗਿੱਲ, ਦੇਵ ਰਾਜ ਦਾਦਰ, ਹਰਮੇਸ਼ ਮਾਨਵ, ਮੰਗਤ ਰਾਮ, ਸੰਗਤ ਰਾਮ ਅਤੇ ਹੋਰ ਬਹੁਤ ਸਾਰੇ ਲੇਖਕ/ ਸਰੋਤੇ ਵੀ ਪਹੁੰਚੇ।

—ਰਾਜੇਸ਼ ਥਾਪਾ

## ਕੈਨੇਡਾ ਵਿਖੇ 28ਵੇਂ ਗ਼ਦਰੀ ਬਾਬਿਆਂ ਦੇ ਮੇਲੇ 'ਚ ਜਸਟਿਨ ਟਰੂਡੋ ਪੁੱਜੇ



**ਸਰੀ (ਕੈਨੇਡਾ)** ਕੈਨੇਡਾ 'ਚ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦਿਵਾਉਣ ਵਾਲੇ ਦੂਰ ਅੰਦੇਸ਼ੀ ਸੰਘਰਸ਼ੀ ਯੋਧਿਆਂ ਦਰਸ਼ਨ ਸਿੰਘ ਕੈਨੇਡੀਅਨ, ਹੈਰਲਡ ਪ੍ਰਿਚਿਟ, ਲਾਰਾ ਜੈਮਸੀਨ ਤੇ ਨਰਿੰਦਰ ਸਿੰਘ ਗਿੱਲ ਦੀ ਯਾਦ ਨੂੰ ਸਮਰਪਿਤ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਸਰੀ ਕੈਨੇਡਾ ਵੱਲੋਂ 28ਵੇਂ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਐਮ ਪੀ ਸੁੱਖ ਧਾਲੀਵਾਲ, ਬੀ ਸੀ ਦੇ ਪ੍ਰੀਮੀਅਰ ਤੇ ਕੈਬਨਿਟ ਮੰਤਰੀ ਪੁੱਜੇ। ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਸਾਹਿਬ ਥਿੰਦ ਨੇ ਗਲਵੱਕੜੀ ਪਾ ਕੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਾਹਿਬ ਸਿੰਘ ਥਿੰਦ ਤੇ ਕਿਰਨਪਾਲ ਸਿੰਘ ਗਰੇਵਾਲ ਸਮੇਤ ਸਾਰੀ ਟੀਮ ਦਾ ਧੰਨਵਾਦ ਕੀਤਾ, ਜਿਨ੍ਹਾ ਨੇ ਮੇਲਾ ਸੰਘਰਸ਼ੀ ਦੂਰਅੰਦੇਸ਼ਾਂ ਨੂੰ ਸਮਰਪਤ ਕੀਤਾ। ਡਾ. ਸਾਹਿਬ ਸਿੰਘ ਥਿੰਦ ਨੇ ਦੱਸਿਆ ਕਿ ਇਸ ਵਾਰ ਦਾ ਗ਼ਦਰੀ ਬਾਬਿਆਂ ਦਾ ਮੇਲਾ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਸੰਭਾਲੀ ਰੱਖਣ ਦੇ ਯਤਨਾਂ ਤਹਿਤ ਕਰਵਾਇਆ ਗਿਆ। ਮੇਲੇ ਵਿੱਚ ਮਿਸ ਪੂਜਾ, ਸੁਖਵਿੰਦਰ ਸੁੱਖੀ ਤੇ ਪਰਗਟ ਖਾਂ ਤੋਂ ਇਲਾਵਾ ਕਈ ਹੋਰ ਗਾਇਕ ਸ਼ਾਮਲ ਹੋਏ। ਸੰਸਥਾ ਵੱਲੋਂ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਸੰਬੰਧੀ ਰਿਕਾਰਡ ਸਹੀ ਕਰਨ ਲਈ ਇੱਕ ਮੰਗ ਪੱਤਰ ਪ੍ਰਧਾਨ ਮੰਤਰੀ ਨੂੰ ਦਿੱਤਾ ਗਿਆ।

## 'ਅਕਥੁ ਨ ਕਥਨਾ ਜਾਈ' 'ਤੇ ਵਿਚਾਰ-ਗੋਸ਼ਟੀ



**ਬਰਨਾਲਾ**—ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਹਿਤਕਾਰ ਅਤੇ ਆਲੋਚਕ ਤੇਜਿੰਦਰ ਚੰਡਿਹੋਕ ਦੀ ਪੁਸਤਕ 'ਅਕਥੁ ਨਾ ਕਥਨਾ ਜਾਈ' ਉਪਰ ਵਿਚਾਰ-ਗੋਸ਼ਟੀ ਕਰਵਾਈ ਗਈ। ਸਭਾ ਦੇ ਵਿੱਤ ਸਕੱਤਰ ਰਾਮ ਸਰੂਪ ਸ਼ਰਮਾ ਨੇ ਦੱਸਿਆ ਕਿ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਪ੍ਰਧਾਨ ਤੇਜਾ ਸਿੰਘ ਤਿਲਕ, ਮਾਲਵਿੰਦਰ ਸ਼ਾਇਰ, ਤੇਜਿੰਦਰ ਚੰਡਿਹੋਕ, ਕੰਵਰਜੀਤ ਭੱਠਲ ਸੰਪਾਦਕ ਕਲਾਕਾਰ, ਕਵੀ ਮਿੰਦਰਪਾਲ ਭੱਠਲ, ਡਾਕਟਰ ਹਰਿਭਗਵਾਨ ਸ਼ਾਮਲ ਸਨ, ਜਿਹਨਾਂ ਵਿਚ ਮਿੰਦਰਪਾਲ ਭੱਠਲ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਹ ਪੁਸਤਕ ਤੇਜਿੰਦਰ ਚੰਡਿਹੋਕ ਦੀਆਂ ਸਮੀਖਿਆਵਾਂ ਦੀ ਪਹਿਲੀ ਪੁਸਤਕ ਹੈ, ਜਿਸ ਵਿਚ ਵੱਖ-ਵੱਖ ਵਿਧਾਵਾਂ ਜਾਂ ਵੰਨਗੀਆਂ ਦੀਆਂ ਸੰਤਾਲੀ ਪੁਸਤਕਾਂ ਦੀ ਸਮੀਖਿਆ ਕੀਤੀ ਗਈ ਹੈ। ਪੁਸਤਕ ਉੱਪਰ ਸਭਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ 'ਸ਼ਬਦ ਰੀਵਿਊ ਅਤੇ ਪੁਸਤਕ ਅਕਥੁ ਨ ਕਥਨਾ ਜਾਈ ਦਾ ਕਲਾਤਮਿਕ ਵਿਸ਼ਲੇਸ਼ਣ' ਸਿਰਲੇਖ ਅਧੀਨ ਪੇਪਰ ਪੜ੍ਹਦਿਆਂ ਕਿਹਾ ਕਿ ਪੁਸਤਕ ਪੜਚੋਲ ਦਾ ਖੇਤਰ ਬਹੁਤ ਵਿਸ਼ਾਲ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮੀਖਿਆਕਾਰ ਇੱਕ ਸਤਹੀ ਤੇ ਗਹਿਰੀ ਪੱਧਰ ਦਾ ਪੁਸਤਕ ਰੀਵਿਊਕਾਰ ਹੈ। ਉਹਨਾ ਕਿਹਾ ਕਿ ਇਹ ਪਹਿਲੀ ਪੁਸਤਕ ਹੈ, ਜਿਸ 'ਤੇ ਪੇਪਰ ਲਿਖਿਆ ਗਿਆ ਹੈ। ਪੁਸਤਕ 'ਤੇ ਬਹਿਸ ਦਾ ਆਗਾਜ਼ ਕਰਦਿਆਂ ਡਾਕਟਰ ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਰੀਵਿਊ ਵਿਚ ਇਕ ਸੰਜਮਤਾ ਹੁੰਦੀ ਹੈ ਅਤੇ ਉਹ ਕਈ ਦੋਸਤ ਵੀ ਬਣਾਉਂਦੀ ਹੈ। ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਗੋਸ਼ਟੀ ਦਾ ਅਰਥ ਕੇਵਲ ਨੁਕਸ ਕੱਢਣਾ ਹੀ ਨਹੀਂ ਹੁੰਦਾ, ਸਗੋਂ ਸਾਰਥਿਕ ਗੱਲ ਕਰਨਾ ਹੁੰਦਾ ਹੈ। ਇਹਨਾਂ ਤੋਂ ਇਲਾਵਾ ਡਾਕਟਰ ਉਜਾਗਰ ਸਿੰਘ ਮਾਨ, ਮਹਿੰਦਰ ਸਿੰਘ ਰਾਹੀ, ਲਛਮਣ ਦਾਸ ਮੁਸਾਫ਼ਰ, ਤੇਜਾ ਸਿੰਘ ਤਿਲਕ, ਕੰਵਰਜੀਤ ਭੱਠਲ ਤੇ ਜਗਤਾਰ ਜਜ਼ੀਰਾ ਆਦਿ ਨੇ ਬਹਿਸ ਵਿੱਚ ਹਿੱਸਾ ਲਿਆ। ਉਪਰੰਤ ਪੇਪਰ 'ਤੇ ਉੱਠੇ ਨੁਕਤਿਆਂ 'ਤੇ ਮਾਲਵਿੰਦਰ ਸ਼ਾਇਰ ਨੇ ਸਾਰਥਿਕਤਾ ਭਰਪੂਰ ਅਤੇ ਤਸੱਲੀਬਖ਼ਸ਼ ਜਵਾਬ ਦਿੱਤੇ। ਤੇਜਿੰਦਰ ਚੰਡਿਹੋਕ ਨੇ ਇਸ ਪੁਸਤਕ ਦੇ ਹੋਂਦ ਵਿੱਚ ਆਉਣ ਬਾਰੇ ਖ਼ੂਬਸੂਰਤ ਜਾਣਕਾਰੀ ਦਿੱਤੀ। ਸਭਾ ਵੱਲੋਂ ਲੇਖਕ ਤੇਜਿੰਦਰ ਚੰਡਿਹੋਕ ਅਤੇ ਮਾਲਵਿੰਦਰ ਸ਼ਾਇਰ ਦਾ ਮਾਣ-ਪੱਤਰ ਅਤੇ ਪੁਸਤਕਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਹਾਜ਼ਰ ਕਵੀਆਂ ਪਾਲ ਸਿੰਘ ਲਹਿਰੀ, ਰਾਮ ਸਰੂਪ ਸ਼ਰਮਾ, ਕਰਮਜੀਤ ਭੱਠਲ, ਚਰਨੀ ਬੇਦਿਲ, ਦਰਬਾਰਾ ਸਿੰਘ ਫੌਜੀ, ਸੋਹਣ ਸਿੰਘ ਮਾਝੀ, ਮਿੱਠੂ ਪਾਠਕ ਅਤੇ ਰਘਬੀਰ ਸਿੰਘ ਗਿੱਲ ਨੇ ਆਪੋ-ਆਪਣੇ ਕਲਾਮ ਪੇਸ਼ ਕੀਤੇ। ਸਮਾਗਮ ਦਾ ਮੰਚ ਸੰਚਾਲਨ ਤੇਜਾ ਸਿੰਘ ਤਿਲਕ ਨੇ ਕੀਤਾ ਅਤੇ ਮੁੱਖ ਮਹਿਮਾਨ ਮਿੰਦਰਪਾਲ ਭੱਠਲ ਨੇ ਸਮਾਗਮ ਨੂੰ ਸ਼ਾਨਦਾਰ ਦੱਸਦਿਆਂ ਕਿਹਾ ਕਿ ਪੁਸਤਕਾਂ 'ਤੇ ਇੰਝ ਹੀ ਉਸਾਰੂ ਚਰਚਾ ਹੋਣੀ ਚਾਹੀਦੀ ਹੈ, ਜੋ ਨਵੇਂ ਸਾਹਿਤਕਾਰਾਂ ਲਈ ਮਾਰਗ-ਦਰਸ਼ਕ ਬਣੇ।

ਸਮਾਗਮ ਵਿੱਚ ਡਾਕਟਰ ਰਾਮਪਾਲ ਸਿੰਘ, ਹਰਦੀਪ ਕੁਮਾਰ, ਪ੍ਰਿੰ. ਹਰੀਸ਼ ਬਾਂਸਲ, ਦਰਸ਼ਨ ਸਿੰਘ, ਬ੍ਰਿਜ ਲਾਲ ਧਨੌਲਾ, ਅੰਤਰਜੀਤ ਭੱਠਲ, ਗਗਨਦੀਪ ਸਿੰਘ ਸੰਧੂ, ਕਰਮਿੰਦਰ ਸਿੰਘ, ਗਿਆਨੀ ਕਰਮ ਸਿੰਘ ਭੰਡਾਰੀ, ਜਗਜੀਤ ਸਿੰਘ ਢਿੱਲਵਾਂ, ਗੁਰਪਾਲ ਸਿੰਘ ਬਿਲਾਵਲ ਅਤੇ ਅਵਤਾਰ ਸਿੰਘ ਰਾਇਸਰ ਆਦਿ ਸ਼ਾਮਲ ਹੋਏ।

## ਬੂਟਾ ਸਿੰਘ ਚੌਹਾਨ ਦਾ ਅਨੁਵਾਦਤ ਨਾਵਲ 'ਭੀੜ' ਰਿਲੀਜ਼



**ਬਰਨਾਲਾ**-ਸਾਹਿਤ ਚਰਚਾ ਮੰਚ ਬਰਨਾਲਾ ਵੱਲੋਂ ਬਹੁਪੱਖੀ ਲੇਖਕ ਅਤੇ ਭਾਰਤੀ ਸਾਹਿਤ ਅਕੈਡਮੀ ਦਿੱਲੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਦਾ ਅਨੁਵਾਦਿਤ ਨਾਵਲ 'ਭੀੜ' ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ ਦੇ ਨਿਵਾਸ ਸਥਾਨ ਕੱਚਾ ਕਾਲਜ ਰੋਡ ਬਰਨਾਲਾ ਵਿਖੇ ਰਿਲੀਜ਼ ਕੀਤਾ ਗਿਆ। ਇਹ ਰਸਮ ਡਾ. ਕਰਾਂਤੀ ਪਾਲ ਚੇਅਰਮੈਨ ਆਧੁਨਿਕ ਭਾਰਤੀ ਭਾਸ਼ਾਵਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੇ ਅਦਾ ਕੀਤੀ। ਉਨ੍ਹਾ ਕਿਹਾ ਕਿ ਅੱਜ ਪੰਜਾਬੀ ਵਿਚ ਵੱਡੇ ਪੱਧਰ 'ਤੇ ਅਨੁਵਾਦ ਸਾਹਿਤ ਦਾ ਵਿਕਣਾ ਪੰਜਾਬੀ ਲੇਖਕਾਂ ਅੱਗੇ ਸਵਾਲ ਖੜ੍ਹੇ ਕਰਦਾ ਹੈ, ਜਿਸ ਨੂੰ ਪੰਜਾਬੀ ਲੇਖਕ ਚੈਲਿੰਜ ਦੇ ਤੌਰ 'ਤੇ ਸਵੀਕਾਰ ਕਰਕੇ ਆਪਣੀ ਸਾਹਿਤ ਸਿਰਜਣਾ ਕਰਨ। ਉਨ੍ਹਾ ਕਿਹਾ ਕਿ ਮੇਰੇ ਲਈ ਖੁਸ਼ੀ ਦੀ ਗੱਲ ਹੈ ਕਿ ਮੇਰੇ ਪਿਤਾ ਰਾਮ ਸਰੂਪ ਅਣਖੀ ਦੇ ਨਿਕਟਵਰਤੀ ਰਹੇ ਬੂਟਾ ਸਿੰਘ ਚੌਹਾਨ ਦੇ ਪ੍ਰਸਿੱਧ ਮਰਾਠੀ ਲੇਖਕ ਸ਼ਰਣ ਕੁਮਾਰ ਲਿੰਬਾਲੇ ਦਾ ਤੀਜਾ ਨਾਵਲ ਰਿਲੀਜ਼ ਕਰਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ। ਬੂਟਾ ਸਿੰਘ ਚੌਹਾਨ ਮਰਾਠੀ ਲੇਖਕ ਲਕਸ਼ਮਣ ਗਾਇਕਵਾੜ ਦੇ ਚਾਰ ਨਾਵਲਾਂ ਸਮੇਤ ਛੇ ਪੁਸਤਕਾਂ ਦਾ ਪੰਜਾਬੀ ਅਨੁਵਾਦ ਵੀ ਕਰ ਚੁੱਕੇ ਹਨ।ਬੂਟਾ ਸਿੰਘ ਚੌਹਾਨ ਨੇ ਦੱਸਿਆ ਕਿ ਮਹਾਰਾਸ਼ਟਰ ਵਿਚ ਜਾਤੀਵਾਦ ਅਜੇ ਵੀ ਚਰਮ ਸੀਮਾ 'ਤੇ ਹੈ। ਨਾਵਲ ਵਿਚ ਜਾਤੀ ਆਧਾਰ 'ਤੇ ਇਕ ਦਲਿਤ ਅਧਿਆਪਕ ਨੂੰ ਫਾਹੇ ਲਾ ਦਿੱਤਾ ਜਾਂਦਾ ਹੈ। ਉਨ੍ਹਾ ਦੱਸਿਆ ਕਿ ਮਰਾਠੀ ਸਾਹਿਤ ਵਿਚ ਸ਼ਰਣ ਕੁਮਾਰ ਲਿੰਬਾਲੇ ਦਾ ਬਹੁਤ ਵੱਡਾ ਨਾਂਅ ਹੈ। ਉਨ੍ਹਾ ਨੂੰ ਮਹਾਰਾਸ਼ਟਰ ਦੇ ਸਰਕਾਰੀ ਇਨਾਮਾਂ ਤੋਂ ਇਲਾਵਾ ਬਿਰਲਾ ਫਾਊਂਡੇਸ਼ਨ ਵੱਲੋਂ ਸਰਸਵਤੀ ਐਵਾਰਡ ਵੀ ਮਿਲ ਚੁੱਕਿਆ ਹੈ। ਇਸ ਮੌਕੇ ਡਾ. ਜਸਵਿੰਦਰ ਕੌਰ ਵੀਨੂੰ, ਡਾ ਭੁਪਿੰਦਰ ਸਿੰਘ ਬੇਦੀ, ਤੇਜਾ ਸਿੰਘ ਤਿਲਕ ਪ੍ਰਧਾਨ ਪੰਜਾਬੀ ਸਾਹਿਤ ਸਭਾ ਬਰਨਾਲਾ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਰਾਮ ਸਰੂਪ ਸ਼ਰਮਾ, ਲਛਮਣ ਦਾਸ ਮੁਸਾਫ਼ਿਰ ਵੀ ਹਾਜ਼ਰ ਸਨ।

## ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਬਾਰੇ ਸਮਾਗਮ ਅੱਜ

**ਭਗਤਾ**—ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਬਾਰੇ ਇਕ ਸਾਹਿਤਕ ਸਮਾਗਮ ਸਰਕਾਰੀ ਪ੍ਰਾਇਮਰੀ ਸਕੂਲ, ਨੇੜੇ ਅਨਾਜ ਮੰਡੀ ਭਗਤਾ ਵਿਖੇ 25 ਅਗਸਤ ਨੂੰ ਸਵੇਰੇ 9.30 ਵਜੇ ਕਰਵਾਇਆ ਜਾ ਰਿਹਾ ਹੈ। ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਤੇ ਸਮਾਗਮ ਦੇ ਕਨਵੀਨਰ ਬੂਟਾ ਸਿੰਘ ਚੌਹਾਨ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਭਗਵੰਤ ਰਸੂਲਪੁਰੀ ਕਰਨਗੇ ।ਮੁੱਖ ਮਹਿਮਾਨ ਨਾਵਲਕਾਰ ਕੁਲਦੀਪ ਸਿੰਘ ਬੇਦੀ ਹੋਣਗੇ। ਕਲੇਰ ਦੀ ਕਹਾਣੀ ਕਲਾ ਬਾਰੇ ਨਾਵਲਕਾਰ ਜਸਪਾਲ ਮਾਨਖੇੜਾ ਅਤੇ ਲਛਮਣ ਸਿੰਘ ਮਲੂਕਾ ਵਿਚਾਰ ਪ੍ਰਗਟ ਕਰਨਗੇ। ਇਹ ਸਮਾਗਮ ਸਾਹਿਤਕ ਮੰਚ ਭਗਤਾ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਗੁਆਂਢੀ ਜ਼ਿਲ੍ਹਿਆਂ ਦੇ ਲੇਖਕ ਅਤੇ ਸਾਹਿਤ ਪ੍ਰੇਮੀ ਭਾਗ ਲੈਣਗੇ।

## 'ਪਰ ਪਰਾਰ ਦੀ ਗੱਲ' ਪੁਸਤਕ 'ਤੇ ਚਰਚਾ



**ਮਾਨਸਾ/ਬੁਢਲਾਡਾ**- ਪੰਜਾਬੀ ਸਾਹਿਤ ਕਲਾ ਮੰਚ ਰਜਿ. ਮਾਨਸਾ ਵੱਲੋਂ ਅੱਜ ਗੁਲਜਾਰ ਡੋਗਰਾ ਦੀ ਪੁਸਤਕ 'ਪਰ ਪਰਾਰ ਦੀ ਗੱਲ' 'ਤੇ ਚਰਚਾ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਗੁਲਜਾਰ ਦੀਆਂ ਕਵਿਤਾਵਾਂ ਨਿੱਜੀ ਜ਼ਿੰਦਗੀ ਨਾਲ ਨੇੜਿਓਂ ਜੁੜ ਕੇ ਅੱਗੇ ਵਧੀਆਂ ਹਨ ।ਉਸ ਦੀਆਂ ਕਵਿਤਾਵਾਂ ਮਾਂ ਬੋਲੀ, ਪਰ ਪਰਾਰ ਦੀ ਗੱਲ ਬਹੁਤ ਵਧੀਆ ਕਵਿਤਾਵਾਂ ਹਨ।ਮੰਚ ਦੇ ਉਪ ਪ੍ਰਧਾਨ ਰਜਿੰਦਰ ਮੋਨੀ ਵਰਮਾ ਨੇ ਦੱਸਿਆ ਕਿ ਗੁਲਜਾਰ ਡੋਗਰਾ ਗੀਤ ਦੇ ਖੇਤਰ ਤੋਂ ਕਵਿਤਾ ਦੇ ਖੇਤਰ ਵੱਲ ਆਉਣ ਵਾਲਾ ਨਵਾਂ ਕਵੀ ਹੈ। ਇਸ ਦੀਆਂ ਕਵਿਤਾਵਾਂ ਪੰਜਾਬੀ ਸਾਹਿਤ ਵਿੱਚ ਨਿਵੇਕਲੀ ਪਹਿਚਾਣ ਬਣਾਉਣਗੀਆਂ।ਮੰਚ ਦੇ ਸੀਨੀਅਰ ਮੀਤ ਪ੍ਰਧਾਨ ਹਰਨੇਕ ਸਿੰਘ ਮੱਲੀ, ਮੀਤ ਪ੍ਰਧਾਨ ਪ੍ਰਵੀਨ ਕੁਮਾਰ ਰਤੀਆ ਨੇ ਕਿਹਾ ਕਿ ਗੁਲਜਾਰ ਦੀਆਂ ਕਵਿਤਾਵਾਂ ਪੰਜਾਬ ਅਤੇ ਲਹਿੰਦੇ ਪੰਜਾਬ ਦੀ ਗੱਲ ਕਰਦੀਆਂ ਅੱਗੇ ਵਧਦੀਆਂ ਹਨ। ਇਸ ਮੌਕੇ ਬੋਲਦਿਆਂ ਗੁਲਜਾਰ ਡੋਗਰਾ ਨੇ ਕਿਹਾ ਕਿ ਉਸ ਦੀਆਂ ਕਵਿਤਾਵਾਂ ਬਚਪਨ ਤੋਂ ਜਵਾਨੀ ਤੱਕ ਦੇ ਸਫਰ ਦਾ ਬਿਰਤਾਂਤ ਕਰਦੀਆਂ ਅੱਗੇ ਵੱਲ ਵਧਦੀਆਂ ਹਨ। ਉਨ੍ਹਾਂ ਇਸ ਕਿਤਾਬ ਲਈ ਸ਼ੁੱਭਕਾਮਨਾ ਕਹਿਣ ਲਈ ਸਭ ਦਾ ਧੰਨਵਾਦ ਵੀ ਕੀਤਾ ।

- ਪਮਾਰ

## 'ਹੱਸਦਿਆਂ ਰਾਤ ਲੰਘੀ, ਪਤਾ ਨਹੀਂ ਸਵੇਰ ਦਾ'

**ਗਲੈਨਵੁੱਡ (ਸਿਡਨੀ)** ਇੱਥੇ ਪੰਜਾਬੀ ਸਾਹਿਤ ਪ੍ਰੇਮੀਆਂ ਵੱਲੋਂ ਮਾਸਿਕ ਸਾਹਿਤਕ ਇਕੱਤਰਤਾ ਕੀਤੀ ਗਈ। ਆਪਣੇ ਪਿਆਰੇ ਵਤਨ ਪੰਜਾਬ ਦੇ ਤੋਰੇ-ਫੇਰੇ ਉਪਰੰਤ ਵਾਪਸ ਪੁੱਜੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕਰਦਿਆਂ ਪ੍ਰੌਢ ਪੰਜਾਬੀ ਲੇਖਕ ਗਿਆਨੀ ਸੰਤੋਖ ਸਿੰਘ ਨੇ ਕੁੰਜੀਵਤ ਭਾਸ਼ਣ ਰਾਹੀਂ ਪੰਜਾਬੀ ਸਾਹਿਤ ਦਰਬਾਰ ਦੀ ਆਰੰਭਤਾ ਕੀਤੀ।ਅਵਤਾਰ ਸਿੰਘ ਸੰਘਾ ਨੇ ਉਘੇ ਵਿਗਿਆਨਕ ਇਤਿਹਾਸਕਾਰ ਕਰਮ ਸਿੰਘ ਹਿਸਟੋਰੀਅਨ ਦੇ ਸਿਰੜੀ ਤੇ ਸੰਘਰਸ਼ਮਈ ਜੀਵਨ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਿਵੇਂ ਉਹਨਾ ਇਤਿਹਾਸ ਦੀ ਪੁਖ਼ਤਾ ਜਾਣਕਾਰੀ ਲਈ ਦੂਰ-ਦੁਰੇਡੇ ਤੱਕ ਉਨ੍ਹਾਂ ਬਜ਼ੁਰਗਾਂ ਕੋਲ ਪਹੁੰਚ ਕੀਤੀ, ਜੋ ਬੀਤੇ ਸਮਿਆਂ ਦੇ ਚਸ਼ਮਦੀਦ ਗਵਾਹ ਸਨ।



ਕਵੀ ਦਰਬਾਰ ਵਿੱਚ ਦਵਿੰਦਰ ਕੌਰ ਸਰਕਾਰੀਆ ਨੇ 'ਬੰਦਾ ਹੀ ਬੰਦੇ ਨੂੰ ਖਾ ਰਿਹਾ' ਰਾਹੀਂ ਮਨੁੱਖੀ ਲਾਲਚ ਨੂੰ ਦਰਸਾਇਆ ਅਵਤਾਰ ਸਿੰਘ ਖਹਿਰਾ ਨੇ 'ਫੁੱਲਾਂ ਦੇ ਝੋਲੇ ਵਿਚ ਜਦੋਂ ਸੰਧਾਰਾ ਆਉਂਦਾ, ਭਰਿਆ ਹੁੰਦਾ ਬਾਪੂ ਦਾ ਪਿਆਰ ਜੀ' ਨਾਲ ਧੀਆਂ ਨੂੰ ਸੰਧਾਰਾ ਭੇਜਣ ਦੀ ਬਾਤ ਪਾਈ।ਦਰਸ਼ਨ ਸਿੰਘ ਪੰਧੇਰ ਨੇ ਪ੍ਰਸਿੱਧ ਗਾਇਕਾ ਪ੍ਰਕਾਸ਼ ਕੌਰ ਦੀ ਮਿੱਠੀ ਆਵਾਜ਼ 'ਵੇ ਲੈ ਦੇ ਮੈਨੂੰ ਪੱਖੀ ਮਖ਼ਮਲ ਦੀ ਘੁੰਗਰੂਆਂ ਵਾਲੀ' ਨੂੰ ਤਾਜ਼ਾ ਕਰਵਾ ਕੇ ਮਨਾਂ ਦੇ ਹੁੰਮਸ ਨੂੰ ਦੂਰ ਕਰਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ।ਕੁਲਦੀਪ ਸਿੰਘ ਜੌਹਲ ਨੇ ਮੁੱਠੀ ਵਿੱਚੋਂ ਰੇਤਾ ਵਾਂਗੂ ਕਿਰਦੇ ਜਾ ਰਹੇ ਪੁਰਾਤਨ ਸੱਭਿਆਚਾਰ ਦੀ ਝਲਕ 'ਚੰਨਣ ਨੇ ਬਾਤ ਛੇੜ ਲਈ ਤੀ, ਪੁੱਠੀ ਘੜੀ ਗੇੜ ਲਈ ਤੀ' ਰਾਹੀਂ ਪੁਆਧ ਬੋਲੀ ਦੀ ਕਾਵਿ ਸ਼ੈਲੀ ਨਾਲ ਸਾਂਝ ਪਵਾਈ।'ਰੱਬਾ ਰੱਬਾ ਮੀਂਹ ਵਸਾ, ਸਾਡੀ ਝੋਲੀ ਅਕਲ ਦੇ ਦਾਣੇ ਪਾ' ਮਾਸਟਰ ਲਖਵਿੰਦਰ ਸਿੰਘ ਮਾਨ ਹਵੇਲੀਆਣਾ ਅਤੇ 'ਓ ਧਰਤੀ, ਪਾਣੀ ਤੇ ਹਵਾ ਬੰਦਿਆਂ ਤਿੰਨ ਈ ਗੰਦੇ ਕਰਤੇ' ਜੋਗਿੰਦਰ ਸਿੰਘ ਸੋਹੀ ਨੇ ਮਨੁੱਖ ਵੱਲੋਂ ਦੂਸ਼ਿਤ ਕੀਤੇ ਜਾ ਰਹੇ ਵਾਤਾਵਰਨ ਦੇ ਗੰਭੀਰ ਮਸਲੇ ਉਪਰ ਵੀ ਦਮਦਾਰ ਆਵਾਜ਼ ਉਠਾਈ। ਇਸ ਤੋਂ ਇਲਾਵਾ ਛੁੱਟੀ ਕੱਟਣ ਆਏ ਫ਼ੌਜੀ ਨੂੰ ਅਚਾਨਕ ਪਲਟਣ (ਫ਼ੌਜ) ਪਰਤਣ ਦੀ ਆਉਂਦੀ ਤਾਰ (ਵਾਪਸ ਪਰਤਣ ਦੇ ਸੁਨੇਹੇ) ਨਾਲ ਪੈਂਦੇ ਵਿਛੋੜੇ ਦੀ ਵੇਦਨਾ, ਹਾਂ ਜਾਂ ਨਾਂਹ ਦੀ ਦੁਚਿੱਤੀ, ਇੱਕ-ਦੂਜੇ ਦੀ ਪਸੰਦ ਨੂੰ ਅਪਣਾਉਣ ਨਾਲ ਵਧਦੇ ਪਿਆਰ, ਤੰਦਰੁਸਤੀ ਲਈ ਜੀਵਨ ਜਾਚ, ਨੀਂਦ ਸਮੇਂ ਘੁਰਾੜਿਆਂ 'ਤੇ ਕਟਾਖਸ਼, ਮੂੰਹ 'ਤੇ ਹੋਰ ਤੇ ਪਿੱਠ ਪਿੱਛੇ ਹੋਰ' (ਚਲਦੀਆਂ ਗੁਪਤ ਛੁਰੀਆਂ) ਅਤੇ ਕੁੜੀ ਜੰਮਣ ਨੂੰ ਅਸ਼ੁੱਭ ਸਮਝਣ ਦੀ ਤ੍ਰਾਸਦੀ ਆਦਿ ਵਿਸ਼ਿਆਂ ਨੂੰ ਨਰਿੰਦਰਪਾਲ ਸਿੰਘ, ਸਤਨਾਮ ਸਿੰਘ ਗਿੱਲ, ਗੁਰਦਿਆਲ ਸਿੰਘ, ਭਵਨਜੀਤ ਸਿੰਘ, ਮਨਮੋਹਨ ਸਿੰਘ ਵਾਲੀਆ, ਸੁਖਰਾਜ ਸਿੰਘ ਵੇਰਕਾ, ਜਸਵੰਤ ਸਿੰਘ ਪੰਨੂ ਦਿੱਲੀ, ਭਜਨ ਸਿੰਘ, ਕੈਪਟਨ ਦਲਜੀਤ ਸਿੰਘ ਅਤੇ ਕਮਲਜੀਤ ਸਿੰਘ ਸਰਕਾਰੀਆ ਆਦਿ ਨੇ ਕਾਵਿ ਰਚਨਾਵਾਂ 'ਤੇ ਭਾਵਪੂਰਤ ਵਿਚਾਰਾਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ।ਜਸਪਾਲ ਸਿੰਘ, ਸੁਰਜੀਤ ਸਿੰਘ, ਦਲਬੀਰ ਸਿੰਘ ਪੱਡਾ, ਅਮਰਜੀਤ ਸਿੰਘ ਨਾਗੀ, ਪ੍ਰਵੀਨ ਕੌਰ, ਹਰਮਿੰਦਰ ਕੌਰ, ਸੁਰਿੰਦਰ ਪਾਲ ਕੌਰ ਦੁਸਾਂਝ ਤੇ ਛਿੰਦਰਪਾਲ ਕੌਰ ਆਦਿ ਨੇ ਇਸ ਪੰਜਾਬੀ ਸਾਹਿਤਕ ਦਰਬਾਰ ਵਿੱਚ ਸ਼ਿਰਕਤ ਕਰਕੇ ਚਾਰ ਚੰਨ ਲਾਏ। ਮੰਚ ਸੰਚਾਲਨ ਦੀ ਸੇਵਾ ਜੋਗਿੰਦਰ ਸਿੰਘ ਸੋਹੀ ਨੇ ਬਾਖੂਬੀ ਨਿਭਾਈ।

—ਲਖਵਿੰਦਰ ਸਿੰਘ ਰਈਆ

## ਪਾਠਕਾਂ ਦੇ ਝਰੋਖੇ 'ਚੋਂ

### ਰੂਹ ਖਿੜ ਗਈ

18 ਅਗਸਤ ਦੇ ਐਤਵਾਰਤਾ ਵਿਚ ਜਗਤਾਰ ਸਿੰਘ ਭੁੰਗਰਨੀ ਨੇ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਉਡਾਰੀ ਮਾਰਨ ਦੇ ਅੰਕੜਿਆਂ ਸਹਿਤ ਜ਼ਿਕਰ ਕੀਤਾ ਹੈ। ਵੱਡੇ ਪੱਧਰ 'ਤੇ ਹੋ ਰਹੇ ਪਰਵਾਸ ਦੇ ਕਾਰਨਾਂ ਦੀ ਤਹਿ ਤੱਕ ਲੇਖਕ ਗਿਆ ਹੈ। ਹੈਰਾਨੀ ਇਹ ਹੈ ਕਿ ਸਾਡੀਆਂ ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ। ਕਹਿਣ ਨੂੰ ਪੰਜਾਬ ਸਰਕਾਰ ਵੱਡੇ-ਵੱਡੇ ਅੰਕੜੇ ਦੇ ਕੇ ਇਸ਼ਤਿਹਾਰ ਰਾਹੀਂ ਪ੍ਰਚਾਰ ਕਰਦੀ ਹੈ ਕਿ ਐਨੇ ਹਜ਼ਾਰ ਨੌਕਰੀਆਂ ਦਿੱਤੀਆਂ ਹਨ, ਪਰਵਾਸ ਫਿਰ ਵੀ ਵਧ ਰਿਹਾ ਹੈ। ਦੂਸਰੇ ਪਾਸੇ ਸਰਕਾਰ ਖੁਦ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿਚ ਭੇਜ ਕੇ ਸਿੱਖਿਆ ਤਜਰਬੇ ਕਰ ਰਹੀ ਹੈ। ਅਸਲ ਗੱਲ ਇਹ ਹੈ ਕਿ ਸਰਕਾਰ ਕੋਲ ਜਿੰਨੇ ਵੀ ਪ੍ਰੋਫੈਸ਼ਨਲ ਕਾਲਜਾਂ ਵਿਚੋਂ ਹਰ ਸਾਲ ਕੋਰਸ ਪੂਰਾ ਕਰਕੇ ਬੱਚੇ ਨਿਕਲਦੇ ਹਨ, ਉਹਨਾਂ ਸਾਰਿਆਂ ਨੂੰ ਰੁਜ਼ਗਾਰ/ਨੌਕਰੀ ਦੇਣ ਦਾ ਕੋਈ ਪ੍ਰਬੰਧ ਨਹੀਂ ਹੈ। ਜੇ ਉਹ ਪ੍ਰਾਈਵੇਟ ਖੇਤਰ ਵਿਚ ਕੰਮ ਕਰਦੇ ਹਨ ਤਾਂ ਬਹੁਤ ਘੱਟ ਤਨਖਾਹਾਂ ਦੇ ਕੇ ਲੰਮਾ ਸਮਾਂ ਕੰਮ ਲਿਆ ਜਾਂਦਾ ਹੈ। ਜੇ ਅੱਜ ਤੋਂ 50 ਸਾਲ ਪਹਿਲਾਂ ਰੁਜ਼ਗਾਰ ਦਫਤਰਾਂ ਰਾਹੀਂ ਨੌਕਰੀਆਂ ਮਿਲ ਜਾਂਦੀਆਂ ਸਨ ਤਾਂ ਹੁਣ ਕਿਉਂ ਨਹੀਂ ਮਿਲ ਸਕਦੀਆਂ? ਅਸੀਂ ਦੇਸ਼ ਨੂੰ ਕਿਥੇ ਦਾ ਕਿੱਥੇ ਦਾ ਪੁਚਾ ਦਿੱਤਾ ਹੈ। ਸਾਨੂੰ ਪਤਾ ਹੈ ਕਿ ਇਸ ਨਿਘਾਰ ਦੀ ਜ਼ਿੰਮੇਵਾਰੀ ਕਿਸੇ ਨੇ ਨਹੀਂ ਲੈਣੀ। ਕਮਲਜੀਤ ਥਾਬਲਕੇ ਦਾ ਯਾਤਰਾ ਬਿਰਤਾਂਤ ਚੰਗਾ ਲੱਗਾ। ਪ੍ਰੋ. ਕੁਲਬੀਰ ਸਿੰਘ ਦੇ ਪਰਵਾਸ ਬਾਰੇ ਅੰਕੜੇ, ਨਾਟਕ ਪਿੰਡ ਆਲਾ ਸਕੂਲ, ਪ੍ਰੀਤ ਜੱਗੀ ਦੀਆਂ ਕਵਿਤਾਵਾਂ ਆਦਿ ਸਾਰਾ ਮੈਟਰ ਰੀਝ ਨਾਲ ਪੜ੍ਹਿਆ। ਤਰਸੇਮ ਸਿੰਘ ਭੰਗੂ ਦਾ ਵਿਅੰਗ 'ਮੰਨ ਛੱਡਿਆ ਤੈਨੂੰ' ਹਲਕੇ-ਫੁਲਕੇ ਅੰਦਾਜ਼ ਵਿਚ ਹੈ। ਅੰਗਰੇਜ਼ ਸਿੰਘ ਨੇ ਬਾਪੂ ਜੀ ਨੂੰ ਯਾਦ ਕੀਤਾ, ਵਧੀਆ ਲੱਗਾ, ਮਾਪੇ ਸਦਾ ਯਾਦ ਰਹਿੰਦੇ ਹਨ, ਉਹ ਵਿਛੜ ਕੇ ਵੀ ਸਾਡੀ ਅਗਵਾਈ ਕਰਦੇ ਹਨ। ਸਾਹਿਤਕ ਸਰਗਰਮੀਆਂ ਵਿਚ ਕਹਾਣੀਕਾਰ ਲਾਲ ਸਿੰਘ ਦੇ ਘਰ ਜਾ ਕੇ ਵਿਦਿਆਰਥੀਆਂ ਵੱਲੋਂ ਸੇਧ ਲੈਣ ਦੀ ਰਿਪੋਰਟ, ਸੁਰਿੰਦਰ ਕੈਲੇ ਨੂੰ ਪੁਰਸਕਾਰ, ਕੈਲਗਰੀ ਵਿਚ ਕੁਲਦੀਪ ਸਿੰਘ ਦੀਪ ਦਾ ਸਨਮਾਨ, 'ਕਰੂੰਬਲਾਂ' ਦਾ ਕਿਸ਼ੋਰ ਵਿਸ਼ੇਸ਼ ਅੰਕ ਦਾ ਪ੍ਰਕਾਸ਼ਨ ਤੇ ਹੋਰ ਕਈ ਕੁਝ ਪੜ੍ਹ ਕੇ ਰੂਹ ਖਿੜ ਗਈ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਪੂਰਬ ਅਜੇ ਵੀ ਲਾਲ ਹੈ... : ਸਤੇਂਦਰ ਰੰਜਨ

ਵਿਅਕਤੀਗਤ ਨਿੱਜਤਾ ਦੀ ਸੁਰੱਖਿਆ : ਡਾ. ਗੁਰਜੀਤ ਭੱਠਲ

'ਪੰਜਾਬ ਆਦਿ ਕਾਲ ਤੋਂ 1966 ਤੱਕ' : ਜਗਤਾਰ ਸਿੰਘ ਭੰਗੂ, (ਫੋਕਸ) : ਪੂਜਾ ਕੰਬੋਜ

ਮਾਲਵਿੰਦਰ ਸ਼ਾਇਰ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

# ਸਮਕਾਲ

## ਮਿੰਨੀ: ਜੁਲਾਈ-ਸਤੰਬਰ, 2024




ਮਿੰਨੀ-143 ਅੰਕ ਵੱਖ ਵੱਖ ਵਿਸ਼ਿਆ ਨਾਲ ਸੰਬੰਧਤ ਮਿੰਨੀ ਕਹਾਣੀਆਂ ਨਾਲ ਛਪ ਗਿਆ ਹੈ। ਸੰਪਾਦਕੀ ਵਿੱਚ ਡਾ. ਦੀਪਤੀ ਨੇ 'ਲੇਖਕ, ਸੱਤਾ ਅਤੇ ਸਿਆਸਤ' ਦੀ ਗੱਲ ਕੀਤੀ ਹੈ। ਇਸ ਵਾਰ ਚੀਨੀ ਕੁਓ ਮੋਜੋ ਅਤੇ ਅੰਗਰੇਜ਼ੀ ਏਲਨ ਸਨੇਗਰ ਦੀਆਂ ਰਚਨਾਵਾਂ ਮਿਆਰੀ ਹਨ। ਮਹਿਮਾਨ ਰਚਨਾਕਾਰ ਡਾ. ਚੰਦਰੇਸ਼ ਕੁਮਾਰ ਛਤਲਾਨੀ ਦੀਆਂ ਅੱਠ ਰਚਨਾਵਾਂ ਜਗਦੀਸ਼ ਕੁਲਰੀਆਂ ਨੇ ਅਨੁਵਾਦ ਕੀਤੀਆਂ ਹਨ। ਪੂਰਨ ਸਿਘ, ਰਸ਼ਿਮ ਲਹਿਰ, ਅਨੀਤਾ ਮੰਡਾ, ਸੁਨੀਲ ਸਕਸੈਨਾ, ਚਿੱਤਰੰਜਨ ਗੋਪ ਲੁਕਾਠੀ, ਅਸਗਰ ਵਜ਼ਾਹਤ,ਦੀਪਾਲੀ ਠਾਕੁਰ, ਭਾਰਤੀ ਕੁਮਾਰੀ ਮਹਿਮਾਨ ਲੇਖਕਾਂ ਦੀਆਂ ਰਚਨਾਵਾਂ ਛਪੀਆਂ ਹਨ। ਬਿਕਰਮ ਨੂਰ ਦੀਆਂ 7 ਕਹਾਣੀਆਂ ਲੇਖਕ ਦੀ ਕਲਾ ਦਾ ਨਮੂਨਾ ਪੇਸ਼ ਕਰਦੀਆਂ ਹਨ। ਸਿਲਸਿਲਾ ਅਧੀਨ ਮਨਜੀਤ ਕੌਰ ਧੀਮਾਨ, ਕੈਲਾਸ਼ ਠਾਕੁਰ, ਤਰਸੇਮ ਬਸ਼ਰ, ਸੀਮਾ ਵਰਮਾ, ਮਨਜੀਤ ਕੌਰ ਅੰਬਾਲਵੀ, ਬਲਵਿੰਦਰ ਸਿੰਘ ਭੁੱਲਰ, ਜਗਜੀਤ ਸਿੰਘ ਲੋਹਟਬੱਦੀ, ਬਲਜੀਤ ਕੌਰ, ਗੁਰਮੀਤ ਸਿਘ ਮਰਾੜ੍ਹ, ਗੁਰਪ੍ਰੀਤ ਕੌਰ, ਮਨਜੀਤ ਸਿੱਧੂ ਰਤਨਗੜ੍ਹ, ਨਵਜੋਤ ਕੌਰ ਲਵਲੀ, ਨਿਰੰਜਣ ਬੋਹਾ, ਦਵਿੰਦਰ ਪਟਿਆਲਵੀ, ਹਰਪ੍ਰੀਤ ਸਿੰਘ ਰਾਣਾ, ਕੁਲਵਿੰਦਰ ਕੌਸ਼ਲ, ਹਰਭਜਨ ਖੇਮਕਰਨੀ, ਨਾਇਬ ਸਿੰਘ ਮੰਡੇਰ, ਰਾਜਿੰਦਰ ਕੌਰ ਦੀਆਂ ਕਹਾਣੀਆਂ ਸਮਕਾਲ ਨਾਲ ਜੁੜੇ ਪਾਤਰਾਂ ਅਤੇ ਘਟਨਾਵਾਂ ਦੀ ਗੱਲ ਕਰਦੀਆਂ ਹਨ। ਨਵੀਆਂ ਕਲਮਾਂ ਅਧੀਨ ਸੰਦੀਪ ਰਾਣਾ, ਗੁਰਜੋਧ ਕੌਰ ਦੀ ਹਾਜ਼ਰੀ ਹੈ। ਸ਼ਿਆਮ ਸੁਦਰ ਦੀਪਤੀ ਦੀ ਕਹਾਣੀ 'ਸੁਕਰਾਤ ਦੀ ਪੇਸ਼ੀ' ਅਤੇ ਜਗਦੀਸ਼ ਰਾਏ ਕੁਲਰੀਆਂ ਦੀ ਕਹਾਣੀ 'ਸੱਪ' ਦਾ ਵਿਸ਼ਲੇਸ਼ਣ ਤੇ ਪੇਸ਼ਕਾਰੀ ਦਰਸ਼ਨ ਸਿਘ ਬਰੇਟਾ ਨੇ ਕੀਤੀ ਹੈ। ਡਾ. ਅਮਰ ਕੋਮਲ ਦਾ 'ਮਿੰਨੀ ਕਹਾਣੀ ਅਤੇ ਉਸ ਦੀ ਕਥਾ-ਵਿਧੀ' ਤੇ ਆਲੋਚਨਾ ਲੇਖ ਹੈ।

ਇਸ ਅੰਕ ਦੇ ਸਫ਼ੇ : 64 ਅਤੇ ਮੁੱਲ: 40 ਰੁਪਏ ਹੈ। ਸੰਪਰਕ ਪਤਾ ਹੈ : 46-ਇੰਪਲਾਈਜ਼ ਕਾਲੋਨੀ, ਬਰੇਟਾ, ਮਾਨਸਾ-151501

ਪਰਚੇ ਦੇ ਸੰਪਾਦਕ: ਜਗਦੀਸ਼ ਰਾਏ ਕੁਲਰੀਆਂ (95018-77033), ਕੁਲਵਿੰਦਰ ਕੌਸ਼ਲ (94176-36255)

## ਪ੍ਰੀਤ ਲੜੀ : ਅਗਸਤ, 2024




ਪੂਨਮ ਨੇ ਸੰਪਾਦਕੀ ਵਿੱਚ ਨਰ ਨਾਰੀ ਦੀ ਗੱਲ ਕੀਤੀ ਹੈ। ਨਵਤੇਜ ਸਿੰਘ ਦੀ 'ਮੁੰਡੂ ਤੇ ਟਾਮੀ' ਕਹਾਣੀ ਛਪੀ ਹੈ। 'ਰੋਜ਼ ਇਞ ਈ ਹੁੰਦਾ ਐ' ਜ਼ੁਬੈਰ ਅਹਿਮਦ ਦੀ ਵਧੀਆਂ ਕਹਾਣੀ ਹੈ। ਆਰ. ਐਸ. ਰਾਜਨ 'ਪੁਲ ਤੇ ਉਹ' ਕਹਾਣੀ ਵੀ ਹੈ। ਡਾ. ਰਿਚਰਡ ਮਿਲਰ ਦਾ ਪੀਸ ਚੰਗਾ ਹੈ। ਸੁਭਾਸ਼ ਭਾਸਕਰ ਤੇ ਆਤਮਜੀਤ ਦਾ ਪ੍ਰਸੰਗ ਪੜ੍ਹਨਯੋਗ ਹੈ। ਚਿਮਾਮਡਾ ਅਡੀਚੇ ਦੀ ਲਿਖਤ 'ਕੋਈ ਇੱਕੋ ਇਕ ਕਹਾਣੀ ਪਾਉਣ ਤੋਂ ਖਤਰਾ' ਸਵੈ ਕਥਨ ਛਪਿਆ ਹੈ। ਬੱਚਿਆ ਦੀਆਂ ਕਵਿਤਾਵਾਂ ਅਤੇ ਕੁਝ ਕਵਿਤਾਵਾਂ ਨਾਲ ਪ੍ਰੀਤ ਲੜੀ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਇਸ ਅੰਕ ਦੇ ਸਫ਼ੇ : 50 ਅਤੇ ਮੁੱਲ: 50 ਰੁਪਏ ਹੈ। ਸੰਪਰਕ ਪਤਾ ਹੈ : ਪ੍ਰੀਤ ਨਗਰ, ਅੰਮ੍ਰਿਤਸਰ

ਪਰਚੇ ਦੇ ਸੰਪਾਦਕ: ਪੂਨਮ ਸਿੰਘ (73476-42206)

## ਰੰਘਰੇਟਾ ਸੰਸਾਰ





ਰੰਘਰੇਟਾ ਸੰਸਾਰ ਦਾ ਇਹ ਨਵਾਂ ਅੰਕ ਹੈ। ਪਰਚੇ ਦੇ ਸੰਪਾਦਕ ਬੂਟਾ ਸਿੰਘ ਪਡੋਰੀ ਨੇ 'ਮਜ਼੍ਹਬੀ ਸਿੱਖ ਤੇ ਵਾਲਮੀਕੀ ਬਨਾਮ ਰਾਜਨੀਤੀ' ਤੇ ਸੰਪਾਦਕੀ ਲਿਖੀ ਹੈ। ਪਰਚਾ ਰੰਘਰੇਟਾ ਸਮਾਜ ਦੀ ਇਤਿਹਾਸਕਾਰੀ ਕਰਦਾ ਹੈ। ਅਤੇ ਇਸ ਸਮਾਜ ਵਿੱਚ ਹੋਈਆ ਪ੍ਰਮੁੱਖ ਸ਼ਖ਼ਸੀਅਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਬਾਬਾ ਜੀਵਨ ਸਿੰਘ ਭਾਈ ਜਯਤਾ ਦੀ ਰਚਨਾ 'ਸ੍ਰੀ ਗੁਰ ਕਥਾ' ਦੀ ਪ੍ਰਸੰਗ ਸਹਿਤ ਵਿਆਖਿਆ ਛਪੀ ਹੈ। ਡਾ. ਗੁਰਮੇਲ ਸਿੰਘ, ਪਲਵਿੰਦਰ ਸਿੰਘ ਪਡੋਰੀ, ਗੁਰਮੇਲ ਸਿੰਘ ਗਿੱਲ, ਦਲਵੀਰ ਕੌਰ ਗਿੱਲ, ਰਾਜਵਿੰਦਰ ਸਿੰਘ ਰਾਹੀ, ਡਾ. ਰਾਮ ਮੂਰਤੀ, ਮੋਂਟੀ ਮਾਨ, ਗੁਰਦਿਆਲ ਸਿੰਘ ਨੂਰਪੁਰੀ ਆਦਿ ਦੀਆਂ ਲਿਖਤਾਂ ਛਪੀਆਂ ਹਨ। ਇਸ ਅੰਕ ਦੇ ਸਫ਼ੇ : 28 ਅਤੇ ਮੁੱਲ: 50 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ 'ਰੰਘਰੇਟਾ ਸੰਸਾਰ', ਪਿੰਡ ਤੇ ਡਾਕ. ਪੰਡੋਰੀ ਖਾਸ, ਨਕੋਦਰ, ਜਿਲ੍ਹਾ ਜਲੰਧਰ-144040

ਪਰਚੇ ਦੇ ਸੰਪਾਦਕ: ਬੂਟਾ ਸਿੰਘ ਨਾਹਰ (98152-44571)

## ਪੰਜਾਬੀ ਪਰਵਾਸ : ਨਾਰੀ ਵਿਸ਼ੇਸ ਅੰਕ

ਪੰਜਾਬੀ ਪਰਵਾਸ ਦਾ ਅੰਕ38 ਜੁਲਾਈ-ਸਤੰਬਰ, 2024 ਅੰਕ 'ਨਾਰੀ ਵਿਸ਼ੇਸ਼ ਅੰਕ ਵਜੋਂ ਛਪ ਕੇ ਆਇਆ ਹੈ। ਸੰਪਾਦਕੀ ਵਿੱਚ ਸੰਪਾਦਕ ਲਿਖਦਾ ਹੈ, "ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਵਿਚ ਨਾਰੀ ਕਾਵਿ ਸਿਰਜਣਾ ਦੇ ਕਈ ਮਹੱਤਵਪੂਰਨ ਸਿਰਜਣ ਵਿਸਤਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰਵਾਸੀ ਔਰਤ ਦੇ ਪਰਵਾਸ ਬਾਰੇ ਅਨੁਭਵ, ਉਸਦੀ ਆਪਣੀ ਯੋਗਤਾ, ਵਰਗ ਅਤੇ ਰੁਤਬੇ ਵੱਖ ਵੱਖ ਹਨ। ਇਹ ਪਰਵਾਸੀ ਨਾਰੀ ਕਾਵਿ ਆਪਣੀ ਜਨਮ-ਭੂਮੀ ਅਤੇ ਕਰਮ ਭੂਮੀ ਦੇ ਅਨੇਕਾਂ ਮਸਲਿਆਂ ਨੂੰ ਮੁਖ਼ਾਤਿਬ ਹੁੰਦੀ ਹੈ ਪਰੰਤੂ ਕਵਿਤਾ ਦੇ ਰੂਪਕ ਪੱਖ ਦੀ ਕਸਵੱਟੀ ਤੇ ਇਹ ਸੁਮਕਾਲੀ ਕਾਵਿ ਕਿੰਨਾਂ ਕੁ ਖ਼ਰਾ ਉਤਰਦਾ ਹੈ ਇਸਦਾ ਫ਼ੈਸਲਾ ਕਵਿਤਾ ਦੇ ਆਲੋਚਕ ਕਰਨਗੇ।"




ਆਰੰਭ ਵਿੱਚ ਹਰਿੰਦਰ ਕੌਰ ਸੋਹੀ ਦਾ 'ਸੋਫੀਆ' ਤੇ ਲੇਖ ਛਪਿਆ ਹੈ। ਉਪਰੰਤ ਅਮਰ ਜਿਓਤੀ, ਸੋਨੀਆ ਪਾਲ, ਕੁਲਵੰਤ ਢਿੱਲੋਂ, ਕੁਲਦੀਪ ਕਿੱਟੀ ਬੱਲ, ਗੁਰਮੇਲ ਕੌਰ ਸੰਘਾ, ਗੁਰਬਖਸ਼ ਕੌਰ ਦੋਸਾਂਝ, ਗਗਨ ਬਰਾੜ, ਜਸਵੰਤ ਕੌਰ ਬੈਂਸ, ਦਲਵੀਰ ਕੌਰ, ਦਵਿੰਦਰ ਚੰਦਨ, ਨੁਜ਼ਹਤ ਅੱਬਾਸ, ਭਿੰਦਰ ਜਲਾਲਾਬਾਦੀ, ਮਨਿੰਦਰ ਕੌਰ ਮਨੀ, ਮਨਜੀਤ ਕੌਰ ਪੱਡਾ, ਰੂਪ ਦਵਿੰਦਰ ਕੌਰ, ਰੁਪਿੰਦਰਜੀਤ ਕੌਰ, ਅਮਰਜੀਤ ਕੌਰ ਪੰਛੀ, ਅਮਨ ਸੀ ਸਿੰਘ, ਇੰਦਰਜੀਤ ਕੌਰ, ਸੁਰਜੀਤ ਕਲਸੀ, ਸੁਰਿੰਦਰ ਪਾਲ ਕੌਰ ਬਰਾੜ, ਸੁਰਜੀਤ ਕੌਰ, ਸੁਖਜੀਤ ਸਿਮਰਨ, ਸਤਵੰਤ ਕੌਰ ਪੰਧੇਰ, ਸੁਰਿੰਦਰ ਗੀਤ, ਸੋਨੀਆ ਮਨਜਿੰਦਰ, ਸੁਖਵਿੰਦਰ ਕੌਰ ਮੱਲੀ, ਸੁਰਿੰਦਰ ਕੌਰ ਬਿੰਨਰ, ਸੁੰਦਰਪਾਲ ਰਾਜਾਸਾਂਸੀ, ਹਰਕੀਰਤ ਕੌਰ ਚਹਿਲ, ਹਰਸ਼ਰਨ ਕੌਰ, ਹਰਿੰਦਰ ਕੌਰ ਸੋਹੀ, ਗੁਰਦੀਸ਼ ਕੌਰ ਗਰੇਵਾਲ, ਗੁਰਮਿੰਦਰ ਸਿੱਧੂ, ਗੁਰਚਰਨ ਕੌਰ ਥਿੰਦ, ਜਤਿੰਦਰ ਕੌਰ ਰੰਧਾਵਾ, ਜਸਬੀਰ ਮਾਨ, ਜੱਗੀ ਜਗਵੰਤ ਕੌਰ, ਦਵਿੰਦਰ ਕੌਰ ਜੌਹਲ, ਦਵਿੰਦਰ ਬਾਂਸਲ, ਪਰਮਿੰਦਰ ਕੌਰ ਸਵੈਚ, ਪ੍ਰਿਤਪਾਲ ਕੌਰ ਚਾਹਲ, ਪਰਮਜੀਤ ਕੌਰ ਦਿਓਲ, ਪਰਵਿੰਦਰ ਗੋਗੀ, ਬਲਵੀਰ ਕੌਰ ਢਿੱਲੋਂ, ਬਮਲਜੀਤ ਮਾਨ, ਬਿੰਦੂ ਮਠਾੜੂ, ਮਨਜੀਤ ਕੌਰ ਕੰਗ, ਰਮਿੰਦਰ ਰੰਮੀ, ਰਣਜੀਤ ਕੌਰ, ਰੁਪਿੰਦਰ ਖਹਿਰਾ ਰੂਪੀ, ਲਵੀਨ ਕੌਰ ਗਿੱਲ, ਅੰਜੂਜੀਤ ਪੰਜਾਬਣ, ਸਰਬਜੀਤ ਸਿੰਘ, ਸਤਵੀਰ ਸਾਂਝ, ਕਰਮਜੀਤ ਕੌਰ ਰਾਣਾ, ਕੁਲਵੰਤ ਕੌਰ ਚੰਨ, ਗੁਰਪ੍ਰੀਤ ਗੈਦੂ, ਚਰਨਜੀਤ ਕੌਰ ਧਾਲੀਵਾਲ, ਜੀਤ ਸੁਰਜੀਤ, ਜਸਵਿੰਦਰ ਕੌਰ ਮਿੰਟੂ, ਨੀਲੂ ਜਰਮਨੀ, ਭਿੰਦਰਜੀਤ ਕੌਰ ਲਾਂਬੜਾ, ਅਮਰਦੀਪ ਕੌਰ, ਸੁਰਿੰਦਰ ਸਿਦਕ, ਹਰਜੀਤ ਕੌਰ ਸੰਧੂ, ਹਰਕੀ ਵਿਰਕ, ਕੁਲਜੀਤ ਗ਼ਜ਼ਲ, ਮਨਦੀਪ ਢੀਂਡਸਾ, ਮਧੂ ਤਨਹਾ, ਰਮਨਪ੍ਰੀਤ ਕੌਰ ਰੰਧਾਵਾ, ਰੁਬਿੰਦਰ ਕੌਰ, ਰਮਿੰਦਰ ਕੌਰ ਖਿਆਲਾ, ਰਮਾ ਸੇਖੋਂ, ਅਮਨਜੀਤ ਕੌਰ ਸ਼ਰਮਾ, ਸੁਰਜੀਤ ਕੌਰ ਸੈਕਰਾਮੈਂਟੋ, ਸੁਰਜੀਤ ਸਖੀ, ਹਰਪ੍ਰੀਤ ਕੌਰ ਧੂਤ, ਗੁਲਸ਼ਨ ਦਯਾਲ, ਦੇਵਿੰਦਰ ਕੌਰ ਗੁਰਾਇਆ, ਰਾਣੀ ਨਗਿੰਦਰ, ਪਵਿੱਤਰ ਕੌਰ ਮਾਟੀ, ਲਾਜ ਨੀਲਮ ਸੈਣੀ, ਮਨਜੀਤ ਕੌਰ ਸੇਖੋਂ, ਮਨਜੀਤ ਕੌਰ ਗਿੱਲ, ਰਮਨ ਵਿਰਕ, ਸ਼ੈਲੀ ਡੰਗ, ਗੁਰਿੰਦਰ ਗਿੱਲ ਦੀ ਕਵਿਤਾਵਾਂ ਹਨ। ਤਕਰੀਬਨ ਸਾਰੀਆਂ ਕਵਿੱਤਰੀਆਂ ਅੰਤਰਮੁੱਖੀ ਆਪਣੇ ਅਹਿਸਾਸ ਪ੍ਰਗਟ ਕਰਦੀਆਂ ਹਨ। ਅੰਤ ਵਿੱਚ ਡਾ. ਸੰਦੀਪ ਸਿੰਘ ਅਤੇ ਸ਼ਰਨਜੀਤ ਕੌਰ ਦੇ ਪਰਵਾਸੀ ਨਾਰੀ ਕਵਿਤਾ ਬਾਰੇ ਆਲੋਚਨਾ ਲੇਖ ਹਨ। ਅੰਤ ਵਿੱਚ ਸਮਾਗਮ ਦੀਆਂ ਸਰਗਰਮੀਆਂ ਹਨ। ਇਸ ਅੰਕ ਦੇ ਸਫ਼ੇ : 144 ਅਤੇ ਮੁੱਲ: ਦਿੱਤਾ ਨਹੀਂ ਹੈ। ਸੰਪਰਕ ਪਤਾ ਹੈ : parvasggn@gmail.com

ਪਰਚੇ ਦੇ ਮੁੱਖ ਸੰਪਾਦਕ: ਡਾ. ਸ. ਪ. ਸਿੰਘ, ਸੰਪਾਦਕ ਡਾ. ਤੇਜਿੰਦਰ ਕੌਰ (87290-80250), ਪ੍ਰੋ. ਸ਼ਰਨਜੀਤ ਕੌਰ (95010-27522)

*- ਭਗਵੰਤ ਰਸੂਲਪੁਰੀ*

25-Aug-Sunday.qxd 8/24/2024 10:41 PM Page 3



**ਸੋਮਾ ਕਲਸੀਆਂ ਪੰਜਾਬੀ ਮਿੰਨੀ ਕਹਾਣੀ ਦਾ ਨਵੇਂ ਪੋਚ ਦਾ ਉਹ ਲੇਖਕ ਹੈ, ਜਿਸ ਨੇ ਘੱਟ, ਪਰ ਚੰਗਾ ਲਿਖ ਕੇ ਇਸ ਖੇਤਰ ਵਿਚ ਵੱਖਰੀ ਪਛਾਣ ਬਣਾਈ ਹੈ। ਇਸ ਦੀਆਂ ਮਿੰਨੀ ਕਹਾਣੀਆਂ ਨਵੇਂ ਜ਼ਮਾਨੇ ਦੀਆਂ ਹਨ, ਜਿਸ ਕਾਰਨ ਉਹ ਪਾਠਕ ਦਾ ਧਿਆਨ ਖਿੱਚਦੀਆਂ ਹਨ। ਰਚਨਾਵਾਂ ਵਿਚ ਵਿਸ਼ਵੀ ਸਰੋਕਾਰਾਂ ਤੇ ਮਨੁੱਖ ਅੰਦਰਲੀ ਟੁੱਟ-ਭੱਜ ਦਾ ਚਿਤਰਨ ਪ੍ਰਭਾਵਿਤ ਕਰਦਾ ਹੈ।  - ਜਗਦੀਸ਼ ਰਾਏ ਕੁਲਰੀਆਂ**

# ਸੋਮਾ ਕਲਸੀਆਂ ਦੀਆਂ ਮਿੰਨੀ ਕਹਾਣੀਆਂ

## ਫੋਟੋ

ਹਰ ਰੋਜ਼ ਆਪਣੇ ਅੱਠ ਸਾਲਾ ਬੇਟੇ ਨੂੰ ਸਕੂਲ ਮੈਂ ਆਪ ਹੀ ਛੱਡ ਕੇ ਆਉਂਦਾ ਹਾਂ ਅਤੇ ਆਪ ਹੀ ਸਕੂਲ ਤੋਂ ਵਾਪਸ ਘਰ ਲੈ ਕੇ ਆਉਂਦਾ ਹਾਂ।

ਘਰ ਤੋਂ ਸਕੂਲ ਦੇ ਰਸਤੇ ਵਿੱਚ ਮੱਝਾਂ ਪਾਲਣ ਵਾਲੇ ਗੁੱਜਰਾਂ ਦਾ ਇੱਕ ਡੇਰਾ ਹੈ। ਅਕਸਰ ਇੱਕ ਗੁੱਜਰ ਅਤੇ ਉਸ ਦਾ ਤਕਰੀਬਨ ਮੇਰੇ ਬੇਟੇ ਕੁ ਹਾਣ ਦਾ ਬੇਟਾ, ਆਪਣੇ ਕੱਖਾਂ ਨਾਲ ਲੱਦੇ ਹੋਏ ਘੋੜਾ ਰੇਹੜੇ ਉੱਤੇ ਸਵਾਰ ਸਾਨੂੰ ਛੁੱਟੀ ਦੇ ਵਕਤ ਰਸਤੇ ਵਿੱਚ ਮਿਲਦੇ ਹਨ। ਇੱਕ ਦਿਨ ਮੈਂ ਵੇਖਿਆ ਕਿ ਗੁੱਜਰ ਆਪ ਦੂਸਰੀ ਸਾਇਡ ਬੈਠਾ ਹੈ ਅਤੇ ਉਸ ਦਾ ਬੇਟਾ ਖੜ੍ਹਾ ਹੋ ਕੇ ਘੋੜੇ ਦੀ ਲਗਾਮ ਫੜੀ, ਉਸ ਨੂੰ ਹੱਕਦਾ ਹੋਇਆ ਆ ਰਿਹਾ ਹੈ। ਬੱਚੇ ਨੂੰ ਇਸ ਤਰ੍ਹਾਂ ਖੜ੍ਹ ਕੇ ਲਗਾਮ ਫੜਨ ਦੇ ਚਿੱਤਰ ਨੇ ਮੇਰੇ ਦਿਮਾਗ ਵਿੱਚ ਆਪਣੀ ਛਾਪ ਜਿਹੀ ਛੱਡ ਦਿੱਤੀ ।

ਮੇਰੇ ਦਿਮਾਗ ਵਿੱਚ ਇਹ ਖਿਆਲ ਆਇਆ ਕਿ ਕਿਉਂ ਨਾ ਆਪਣੇ ਬੇਟੇ ਦੀ ਇਸ ਅੰਦਾਜ਼ ਵਿੱਚ ਫੋਟੋ ਕਲਿੱਕ ਕੀਤੀ ਜਾਵੇ, ਫਿਰ ਸੋਸ਼ਲ ਮੀਡੀਆ ਉੱਤੇ ਪੋਸਟ ਕਰਕੇ ਧੂਮ-ਧਾਮ ਮਚਾਈ ਜਾਵੇ।

ਮੈਂ ਆਪਣੀ ਇਸ ਇੱਛਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਇੱਕ ਦਿਨ ਉਸ ਗੁੱਜਰ ਦਾ ਰੇਹੜਾ ਰੁਕਵਾ ਲਿਆ। ਮੈਂ ਉਸ ਨੂੰ ਫੋਟੋ ਕਰਨ ਬਾਰੇ ਦੱਸਿਆ ਤਾਂ ਉਹ ਵੀ ਹੱਸਦੇ ਹੋਏ ਝੱਟ ਮੰਨ ਗਿਆ । ਮੈਂ ਆਪਣੇ ਬੇਟੇ ਦੇ ਸਿਰ ਤੋਂ ਕੈਪ ਅਤੇ ਉਸ ਦਾ ਸਕੂਲ ਬੈਗ ਉਤਾਰ ਆਪਣੀ ਮੋਟਰਸਾਇਕਲ ਉੱਤੇ ਰੱਖ ਦਿੱਤਾ । ਬੇਟੇ ਨੂੰ ਲਗਾਮ ਫੜਾ ਕੇ ਗੁੱਜਰ ਨੇ ਅੱਗੇ ਹੋ ਕੇ ਘੋੜੇ ਨੂੰ ਨਕੇਲ ਤੋਂ ਫੜ ਲਿਆ, ਮੈਂ ਪੂਰਾ ਸਹੀ ਜਿਹਾ ਫੋਕਸ ਸੈੱਟ ਕਰਕੇ ਫੋਟੋ ਕਲਿੱਕ ਕੀਤੀ ਅਤੇ ਕਲਿੱਕ ਕੀਤੀ ਫੋਟੋ ਦੀ ਕੁਆਲਟੀ ਵਗੈਰਾ ਦੇਖਣ ਲਈ ਮੋਬਾਇਲ ਸਕਰੀਨ ਉੱਤੇ ਨਜ਼ਰ ਮਾਰਨ ਲੱਗਾ ਕਿ ਮੇਰੇ ਪਿੱਛੇ ਖੜੇ ਗੁੱਜਰ ਦੇ ਬੇਟੇ ਦੀ ਮੈਨੂੰ ਸੰਬੋਧਨ ਕਰਕੇ ਆਖੀ ਗੱਲ ਮੇਰੇ ਕੰਨੀ ਪਈ, "ਅੰਕਲ ਮੇਰੀ ਵੀ ਫੋਟੋ ਖਿੱਚ ਦੋ" ਮੈਂ ਜਿਵੇਂ ਹੀ ਉਸ ਵੱਲ ਨੂੰ ਮੂੰਹ ਘੁਮਾਇਆ ਤਾਂ ਦੇਖਿਆ ਕਿ ਉਹ ਮੇਰੇ ਮੋਟਰਸਾਇਕਲ ਕੋਲ ਮੇਰੇ ਬੇਟੇ ਦੀ ਕੈਪ ਸਿਰ ਉੱਤੇ ਰੱਖੀ ਅਤੇ ਬਾਹਾਂ ਵਿੱਚ ਬੇਟੇ ਵਾਲਾ ਸਕੂਲ ਬੈਗ ਪਾਈ, ਮੂੰਹ ਉੱਤੇ ਮੁਸਕਰਾਹਟ ਖਿਲਾਰੀ ਖੜ੍ਹਾ ਸੀ।

## ਸ਼ਿਕਾਇਤ

"ਜੂਲੀ ਇਹ ਮੈਂ ਕੀ ਸੁਣ ਰਿਹਾਂ? ਤੇਰੀ ਅੱਜ ਦੀ ਪਰਫਾਰਮੈਂਸ ਐਨੀ ਜ਼ਿਆਦਾ ਮਾੜੀ ਰਹੀ। ਬਾਬੂ ਸਾਡੇ ਬਹੁਤ ਪੁਰਾਣੇ ਕਸਟਮਰ ਹਨ, ਪਰ ਅੱਜ ਤੂੰ ਉਹਨਾਂ ਨੂੰ ਬਹੁਤ ਨਿਰਾਸ਼ ਕੀਤਾ ।" ਧੰਦੇ ਦੇ ਦਲਾਲ ਨੇ ਜੂਲੀ 'ਤੇ ਰੋਸ ਜਤਾਇਆ।

"ਘਰ ਬੇਟੀ ਬਿਮਾਰ ਹੈ, ਅੱਜ ਮੁੜ-ਮੁੜ ਕੇ ਧਿਆਨ ਉਸ ਵੱਲ ਜਾਂਦਾ ਰਿਹਾ।" ਕਟਹਿਰੇ ਵਿੱਚ ਖੜ੍ਹੇ ਦੋਸ਼ੀ ਵਾਂਗ ਜੂਲੀ ਨੇ ਕਾਰਨ ਦੱਸਿਆ।

"ਫਿਰ ਘਰ ਹੀ ਰਹਿ ਜਾਣਾ ਸੀ ਕੰਮ 'ਤੇ ਆਉਣ ਦੀ ਕੀ ਲੋੜ ਸੀ।" ਦਲਾਲ ਸਖ਼ਤ ਨਰਾਜ਼ਗੀ ਵਿੱਚ ਚੀਕਿਆ।

"ਪੈਸਿਆਂ ਦੀ ਲੱਗੋ ਲੱਗ ਹੈ, ਪੂਰਾ ਨਹੀਂ ਪੈ ਰਿਹਾ ।" ਜੂਲੀ ਏਨਾ ਹੀ ਬੋਲ ਸਕੀ।

"ਤੁਹਾਨੂੰ ਪਹਿਲਾਂ ਹੀ ਦੱਸਿਆ ਗਿਆ ਸੀ ਕਿ ਤੁਸੀਂ ਕਸਟਮਰ ਨਾਲ ਜਾਤੀ ਗੱਲਾਂ ਨਹੀਂ, ਡਿਸਕਸ ਕਰ ਸਕਦੇ। ਉਹ ਕੁਝ ਪਲ ਸਕੂਨ ਪਾਉਣ ਇੱਥੇ ਆਉਂਦੇ ਹਨ, ਨਾ ਕਿ ਤੁਹਾਡੇ ਰੋਣੇ ਧੋਣੇ ਸੁਣਨ।"

"ਜੂਲੀ ਅੱਜ ਤੁਸੀਂ ਸੱਚਮੁੱਚ ਨਿਰਾਸ਼ ਕੀਤਾ ਹੈ।" ਬਾਬੂ ਜੀ ਨੇ ਸ਼ਿਕਾਇਤ ਕੀਤੀ ਹੈ ਕਿ, "ਇਹ ਕੀ ਬੁਝੀ ਹੋਈ ਅੱਗ, ਠੰਢਾ ਗੋਸਤ ਮੇਰੇ ਮੱਥੇ ਮਾਰਿਆ ! ਇਸ ਤਰ੍ਹਾਂ ਕੀ ਕਸਟਮਰ ਸਾਡੇ ਨਾਲ ਜੁੜਿਆ ਰਹੇਗਾ ?" ਦਲਾਲ ਨੇ ਚਿੰਤਾ ਪ੍ਰਗਟਾਈ।

ਜੂਲੀ ਦੀਆਂ ਅੱਖਾਂ ਵਿੱਚ ਜਵਾਲਾਮੁਖੀ ਭਬਕਿਆ, ਪਰ ਅਗਲੇ ਹੀ ਪਲ ਨੀਰ ਦੀ ਨਦੀ ਹੇਠ ਬੁਝ ਗਿਆ।

ਜੂਲੀ ਕੁਝ ਨਾ ਬੋਲੀ, ਨਿਸ਼ਬਦ ਬਿਨਾਂ ਪਲਕਾਂ ਝਪਕੇ ਬੁੱਤ ਬਣੀ ਖੜੀ ਰਹੀ ।

ਅਖੀਰ ਦਲਾਲ ਦਾ ਫੈਸਲੇ ਵਰਗਾ ਬੋਲ ਗੂੰਜਿਆ, "ਹੋਟਲ ਅਤੇ ਦਲਾਲੀ ਦੇ ਰੇਟ ਤਾਂ ਫਿਕਸ ਹਨ, ਪਰ ਕਸਟਮਰ ਨੂੰ ਸੈਟੀਸਫਾਈ ਕਰਨ ਲਈ ਤੁਹਾਡਾ ਹਿੱਸਾ ਉਹਨਾਂ ਨੂੰ ਰਿਫੰਡ ਕਰਿਆ ਜਾਵੇਗਾ। ਹੁਣ ਜਾਓ ਅੱਗੇ ਤੋਂ ਇਸ ਤਰ੍ਹਾਂ ਦੀ ਸ਼ਿਕਾਇਤ ਨਹੀਂ ਆਉਣੀ ਚਾਹੀਦੀ।"

ਥੋੜ੍ਹੇ ਸਮੇਂ ਬਾਅਦ ਜੂਲੀ ਸ਼ੀਸ਼ੇ ਅੱਗੇ ਖੜ੍ਹੀ ਉਲਝੇ ਹੋਏ ਵਾਲਾਂ ਨੂੰ ਸੰਵਾਰਦੀ ਹੋਈ ਆਪਣੇ ਅੰਦਰ ਦੀ ਟੁੱਟ-ਭੱਜ ਨੂੰ ਸਮੇਟਣ ਦਾ ਯਤਨ ਕਰਨ ਲੱਗ ਪਈ।

## ਸਿਕੰਦਰ

ਕੋਠੀ ਦੀ ਡੋਰ ਵੈੱਲ ਵੱਜੀ, ਨੌਕਰ ਗੇਟ ਵੱਲ ਨੂੰ ਹੋ ਤੁਰਿਆ।

ਮੈਂ ਲੌਬੀ ਵਿੱਚ ਬੈਠਾ ਸਕਰੀਨ ਉੱਤੇ ਕਬੱਡੀ ਲੀਗ ਵੇਖ ਰਿਹਾ ਹਾਂ, ਕਬੱਡੀ ਲੀਗ ਦਾ ਹੀ ਅਸਰ ਹੈ ਕਿ ਪਿੰਡਾਂ, ਸ਼ਹਿਰਾਂ ਵਿੱਚ ਵੀ ਕਬੱਡੀ ਦੇ ਟੂਰਨਾਮੈਂਟ ਧੜਾਧੜ ਹੋ ਰਹੇ ਹਨ, ਹੁਣ ਕਬੱਡੀ ਕੱਖਾਂ ਤੋਂ ਲੱਖਾਂ ਵਿੱਚ ਹੋ ਗਈ ਹੈ, ਜਿਸ 'ਚ ਮੈਂ ਵੀ ਪੁਰਾਣਾ ਹੋ ਗਿਆ ਹਾਂ ਅਤੇ ਸਾਰੇ ਪੰਜਾਬ ਦੇ ਕਬੱਡੀ ਖਿਡਾਰੀ ਅਤੇ ਖੇਡ ਪਰਮੋਟਰ ਉਸਤਾਦਾਂ ਵਾਲਾ ਇੱਜ਼ਤ-ਮਾਣ ਦਿੰਦੇ ਹਨ, ਹਰ ਰੋਜ਼ ਕੋਈ ਨਾ ਕੋਈ ਕਬੱਡੀ ਟੂਰਨਾਮੈਂਟ ਵਾਲੇ ਸਨਮਾਨਿਤ ਕਰਨ ਦਾ ਸੱਦਾ ਦੇਣ ਲਈ ਅਕਸਰ ਆਉਂਦੇ ਰਹਿੰਦੇ ਹਨ।

ਜਦ ਨੌਕਰ ਨੇ ਕੋਠੀ ਦਾ ਮੇਨ ਗੇਟ ਖੋਲ੍ਹਿਆ ਤਾਂ ਦੇਖਦਾਂ ਹਾਂ ਕਿ ਸਿਕੰਦਰ ਮੇਰੀ ਕੋਠੀ ਦੇ ਅੰਦਰ ਨੂੰ ਆ ਰਿਹਾ ਹੈ । ਸਿਕੰਦਰ ਨੂੰ ਦੇਖਦੇ ਹੀ ਮੈਂ ਇਕਦਮ ਖੜ੍ਹਾ ਹੋ ਗਿਆ, ਮੇਰੇ ਦਿਮਾਗ ਵਿੱਚ ਕਬੱਡੀ ਜੀਵਨ ਦੇ ਸ਼ੁਰੂਆਤੀ ਦੌਰ ਦੀ ਸਾਰੀ ਕਹਾਣੀ ਘੁੰਮ ਗਈ।

ਸਿਕੰਦਰ ਮੇਰੇ ਨਾਲ ਹੀ ਪੜ੍ਹਦਾ ਸੀ। ਉਹ ਵੀ ਕਬੱਡੀ ਦਾ ਲਾਜਵਾਬ ਰੇਡਰ ਸੀ, ਕਮਾਲ ਦਾ ਫੁਰਤੀਲਾ, ਸਾਡੀ ਸਕੂਲ ਕਬੱਡੀ ਟੀਮ ਦਾ 'ਇੰਜਣ' । ਸਟੌਪਰ ਨੂੰ ਟੱਚ ਕਰਦਾ ਤੇ ਹਵਾ 'ਤੇ ਸਵਾਰ ਹੋ ਜਾਂਦਾ, ਕਈ-ਕਈ ਵਾਰ ਤਾਂ ਸਟੌਪਰ ਦੇ ਸਿਰ ਉੱਤੋਂ ਦੀ ਛਾਲ ਮਾਰ ਜਾਂਦਾ, ਪਰ ਕਦੇ ਕਿਸੇ ਦੇ ਹੱਥ ਨਾ ਆਉਂਦਾ। ਕਿੰਨੇ ਹੀ ਉਸ ਦੇ ਅਜ਼ਮਾਏ ਪੈਂਤੜਿਆਂ ਦੀ ਮੇਰੇ ਸਮੇਤ ਸਾਰੇ ਹੀ ਨਕਲ ਕਰਨ ਦੀ ਕੋਸ਼ਿਸ਼ ਕਰਦੇ।

ਸਕੂਲ ਛੱਡਣ ਤੋਂ ਬਾਅਦ ਮੈਂ ਤਾਂ ਕਾਲਜ ਦੇ ਨਾਲ-ਨਾਲ ਮਾਹਿਰ ਕੋਚਾਂ ਦੀ ਬਣਾਈ ਕਬੱਡੀ ਸਿਖਲਾਈ ਦੀ ਅਕੈਡਮੀ ਜੁਆਇਨ ਕਰ ਲਈ ਪਰ ਉਸ ਤੋਂ ਅਕੈਡਮੀ ਦੀ ਸਿਖਲਾਈ ਅਤੇ ਡਾਈਟ ਦੇ ਖਰਚੇ ਨਾ ਚੱਕੇ ਗਏ ਭਾਵੇਂ ਹਾਲਾਤ ਨੇ ਸਿਕੰਦਰ ਤੋਂ ਪੜ੍ਹਾਈ ਅਤੇ ਕਬੱਡੀ ਖੋਹ ਲਈਆਂ ਸਨ, ਪਰ ਫਿਰ ਵੀ ਉਹ ਹੋਰਾਂ ਵਾਂਗ ਨਸ਼ਿਆਂ ਅਤੇ ਨਿਰਾਸ਼ਾ ਵੱਲ ਨਹੀਂ ਗਿਆ ਸੀ। ਉਹ ਆਪਣੇ ਬਾਪੂ ਨਾਲ ਹੀ ਰਾਜਗਿਰੀ ਦੇ ਕੰਮ ਉੱਤੇ ਜਾਣ ਲੱਗ ਗਿਆ ਸੀ, ਫਿਰ ਕਬੀਲਦਾਰ ਹੋ ਕੇ ਬੱਚੇ ਪਾਲਣ ਲੱਗ ਗਿਆ। ਸਿਕੰਦਰ ਨੇ ਕਦੇ ਕੋਈ ਆਪਣੀ ਕਿਸਮਤ ਉੱਤੇ ਗਿਲਾ ਨਹੀਂ ਕੀਤਾ ਅਤੇ ਕਦੇ ਮੈਥੋਂ ਕਿਸੇ ਵੀ ਕਿਸਮ ਦੀ ਕੋਈ ਮਦਦ ਨਹੀਂ ਮੰਗੀ।

ਅੱਜ ਉਹਦੀ ਦਾਹੜੀ ਵਿਚਲੇ ਚਿੱਟੇ ਵਾਲ, ਅੰਦਰ ਨੂੰ ਧੱਸੀਆਂ ਅੱਖਾਂ ਅਤੇ ਗੱਲ੍ਹਾਂ ਦੇਖ ਮੈਨੂੰ ਉਹ ਆਪਣੀ ਉਮਰ ਨਾਲੋਂ ਵਡੇਰੀ ਉਮਰ ਦਾ ਜਾਪਿਆ। ਜੇ ਕਿਤੇ ਉਹ ਕਬੱਡੀ ਨਾਲ ਜੁੜਿਆ ਰਹਿ ਸਕਦਾ ਤਾਂ ਬਹੁਤ ਵੱਡਾ ਸਟਾਰ ਹੁੰਦਾ, ਪਰ ਅੱਜ ਮੇਰੇ ਸਾਹਮਣੇ ਇੱਕ ਹਾਰਿਆ ਜਿਹਾ ਆਦਮੀ ਤੁਰਿਆ ਆ ਰਿਹਾ ਸੀ। ਮੈਂ ਉਸ ਨੂੰ ਜੱਫੀ ਪਾਉਣਾ ਚਾਹੁੰਦਾ ਸੀ, ਕਿੰਨੇ ਵਰ੍ਹਿਆਂ ਬਾਅਦ ਅਸੀਂ ਮਿਲੇ ਸੀ, ਪਰ ਉਸ ਦੀ ਝਿਜਕ ਦੇਖ ਮੈਂ ਹੱਥ ਹੀ ਮਿਲਾਉਂਦੇ ਪੁੱਛਿਆ, "ਕਿੱਧਰ ਰਾਹ ਭੁੱਲ ਗਿਆ ਅੱਜ ?"

"ਨਹੀਂ ਵੀਰ ਰਾਹ ਤਾਂ ਨਹੀਂ ਭੁੱਲਿਆ, ਤੈਨੂੰ ਹੀ ਮਿਲਣ ਆਇਆ ਹਾਂ ।" ਉਸ ਦੀਆਂ ਅੱਖਾਂ ਵਿੱਚ ਕੋਈ ਤਰਲਾ ਜਿਹਾ ਸੀ।

ਮੈਂ ਉਸ ਦੇ ਮਿਲਾਏ ਹੋਏ ਹੱਥ ਨੂੰ ਦੋਨੋਂ ਹੱਥਾਂ ਵਿੱਚ ਘੁੱਟਦੇ ਹੋਏ ਕਿਹਾ, "ਹਾਂ ਹਾਂ ਦੱਸ ਯਾਰ।"

"ਯਾਰ ਇੱਕ ਨਿੱਕੀ ਜਿਹੀ ਗੱਲ ਪੁੱਛਣੀ ਸੀ ਕਿ ਹੁਣ ਕਬੱਡੀ ਅਕੈਡਮੀ ਵਾਲੇ ਕਿੰਨਾ ਕੁ ਖਰਚਾ ਲੈਂਦੇ ਨੇ ਭਲਾ, ਤੇਰੀ ਤਾਂ ਜਾਣ-ਪਛਾਣ ਹੈਗੀ ਬਹੁਤ ਥਾਈਂ, ਕਿਤੇ ਜਾਇਜ਼ ਜਿਹੀ ਫੀਸ ਵਿੱਚ ਗੱਲ ਕਰਾਦੇ ਯਾਰ।" ਉਹ ਇੱਕੋ ਸਾਹੇ ਬੋਲਦਾ ਗਿਆ।

"ਤੈਨੂੰ ਕੀ ਲੋੜ ਪੈ ਗਈ ਹੁਣ ? " ਮੈਂ ਉਸ ਨੂੰ ਜਵਾਬ ਦੇਣ ਦੀ ਜਗ੍ਹਾ ਸਵਾਲ ਪੁੱਛਿਆ।

"ਆਪਾਂ ਤੇਰੇ ਭਤੀਜ ਨੂੰ ਭੇਜਣਾ ਉੱਥੇ, ਬਹੁਤ ਵਧੀਆ ਖਿਡਾਰੀ ਨਿਕਲਿਆ ਉਹ, ਦੇਖੀਂ ਤੇਰੇ ਵਾਂਗ ਪਿੰਡ ਦਾ ਨਾਂਅ ਚਮਕਾਊ।" ਉਸ ਦੇ ਬੋਲਾਂ ਵਿੱਚ ਤੇਜ਼ੀ ਅਤੇ ਉਤਸ਼ਾਹ ਸੀ। ਫਿਰ ਕੁਝ ਰੁਕ ਕੇ ਬੋਲਿਆ, "ਯਾਰ ਆਪਾਂ ਉਹਨੂੰ ਅਕੈਡਮੀ ਜ਼ਰੂਰ ਭੇਜਣਾ, ਪੈਸੇ ਮੈਂ ਆਪੇ ਕਰਲੂੰ ਹੱਲ।"

ਉਹ ਗੱਲ ਭਾਵੇਂ ਮੇਰੇ ਨਾਲ ਕਰ ਰਿਹਾ ਸੀ, ਪਰ ਉਸ ਦੀਆਂ ਅੱਖਾਂ ਮੈਥੋਂ ਪਾਰ ਕੁਝ ਹੋਰ ਦੇਖ ਰਹੀਆਂ ਸਨ।

ਮੈਂ ਉਸ ਨੂੰ ਯਕੀਨ ਦਿਵਾਇਆ ਕਿ ਉਹ ਬਿਲਕੁਲ ਵੀ ਫ਼ਿਕਰ ਨਾ ਕਰੇ, ਉਸ ਦਾ ਬੇਟਾ ਜ਼ਰੂਰ ਅਕੈਡਮੀ ਜੁਆਇਨ ਕਰੂਗਾ, ਫਿਰ ਕਿੰਨਾ ਹੀ ਸਮਾਂ ਅਸੀਂ ਆਪਣੇ ਖੇਡਣ ਸਮੇਂ ਦੀਆਂ ਗੱਲਾਂ ਕਰਦੇ ਰਹੇ।

"ਚੰਗਾ ਫਿਰ ਮੈਂ ਚੱਲਦਾ।"

ਐਨਾ ਆਖ ਉਸ ਨੇ ਮੈਨੂੰ ਘੁੱਟ ਕੇ ਜੱਫ਼ੀ ਪਾਈ, ਜਿਵੇਂ ਕਦੇ ਸਕੂਲ ਟਾਈਮ ਮੈਚ ਜਿੱਤਣ ਤੋਂ ਬਾਅਦ ਪਾਉਂਦਾ ਹੁੰਦਾ ਸੀ।

ਉਹ ਮੇਨ ਗੇਟ ਵੱਲ ਨੂੰ ਉਤਸ਼ਾਹੀ ਕਦਮਾਂ ਨਾਲ ਤੁਰਿਆ ਜਾਂਦਾ ਮੈਨੂੰ ਇੰਝ ਜਾਪਿਆ ਜਿਵੇਂ ਕੋਈ ਰੇਡਰ 'ਜ਼ਿੰਦਗੀ ਦੀ ਕਬੱਡੀ' ਵਾਲਾ ਮੈਚ ਖੇਡਣ ਲਈ ਫਿਰ ਵਾਰਮਅਪ ਹੋ ਰਿਹਾ ਹੋਵੇ।

## ਟੁਕੜੇ

ਸੋਸ਼ਲ ਮੀਡੀਆ ਦੇ ਨਾਲ ਜੁੜ ਕੇ ਮੈਂ ਤਾਂ ਹੈਰਾਨ ਹੀ ਹੋ ਗਈ ਹਾਂ। ਇਸ ਨੇ ਸੱਚਮੁੱਚ ਹੀ ਦੁਨੀਆ ਮੁੱਠੀ ਵਿੱਚ ਕਰ ਦਿੱਤੀ ਹੈ। ਕੁਝ ਦਿਨ ਪਹਿਲਾਂ ਬੇਟੇ ਨੇ ਮੇਰੀ ਵੀ ਫੇਸਬੁੱਕ ਆਈ ਡੀ ਬਣਾ ਕੇ ਦਿੱਤੀ। ਸੱਚ ਜਾਣਿਓ ਆਪਣੇ ਨਾਲ ਦੀਆਂ ਪੜ੍ਹੀਆਂ ਹੋਈਆਂ ਜਾਂ ਪਿੰਡ ਦੀਆਂ ਹੋਰ ਸਹੇਲੀਆਂ ਹਰ ਰੋਜ਼ ਇੱਕ-ਇੱਕ ਕਰਕੇ ਮੇਰੇ ਨਾਲ ਜੁੜ ਰਹੀਆਂ ਹਨ। ਕਈਆਂ ਦੇ ਨੰਬਰ ਵੀ ਲੈ ਲਏ, ਘਰ-ਪਰਵਾਰ ਦੀ ਸੁੱਖਸਾਂਦ ਵੀ ਪੁੱਛੀ ਦੱਸੀ। ਇੱਕ-ਇੱਕ ਕਰਕੇ ਸਾਰੇ ਰਿਸ਼ਤੇਦਾਰ ਵੀ ਨਜ਼ਰੀਂ ਆ ਰਹੇ ਹਨ, ਸੱਚਮੁੱਚ ਦੁਨੀਆ ਜਾਣੀ ਇੱਕ ਪਿੰਡ ਹੀ ਬਣ ਗਈ ਹੈ।

ਅੱਜ ਜਦੋਂ ਫੇਸਬੁੱਕ ਖੋਲ੍ਹਦੀ ਹਾਂ ਤਾਂ ਇੱਕ ਪੋਸਟ ਨਜ਼ਰੀਂ ਪੈਂਦੀ ਹੈ, ਮੇਰੇ ਚਾਚਾ ਜੀ ਦੀ ਬੇਟੀ ਆਪਣੇ ਬੱਚੇ ਦਾ ਬਰਥਡੇ ਸੈਲੀਬ੍ਰੇਟ ਕਰ ਰਹੀ ਹੈ। ਉਹ ਅਪਣੇ ਪਤੀ ਨਾਲ ਪਿਛਲੇ ਦੋ ਸਾਲਾਂ ਤੋਂ ਵਿਦੇਸ਼ ਵਿੱਚ ਰਹਿ ਰਹੀ ਹੈ।

ਆਪ ਵੀ ਨਿੱਕੀ ਹੁੰਦੀ ਉਹ ਕਿੰਨੀ ਪਿਆਰੀ ਸੀ, ਓਨਾ ਹੀ ਪਿਆਰਾ ਬੱਚਾ। ਦੋਹਾਂ ਨੂੰ ਦੇਖ ਕੇ ਮਨ ਚਾਅ ਜਿਹੇ ਨਾਲ ਭਰ ਗਿਆ, ਲਾਈਕ ਕੁਮੈਂਟ ਕਰਨ ਲੱਗਦੀ ਹਾਂ ਕਿ ਅਚਾਨਕ.. .. ਪਿੰਡ ਵਾਲੇ ਦੋਹਾਂ ਪਰਵਾਰਾਂ ਦੀਆਂ ਕਿੰਨੀਆਂ ਹੀ ਤਸਵੀਰਾਂ ਮੇਰੇ ਮਨ ਦੀ ਸਕਰੀਨ ਉੱਪਰ ਫਿਲਮ ਵਾਂਗ ਚੱਲ ਪਈਆਂ ਹਨ, ਹੱਕ, ਵਧੀਕੀ, ਅਣਖ, ਹੰਕਾਰ .. .. ਪਤਾ ਨਹੀਂ ਕੀ-ਕੀ ਸ਼ਬਦ ਮੇਰੇ ਕੰਨਾਂ ਵਿੱਚ ਸ਼ੋਰ ਮਚਾਉਣ ਲੱਗ ਪਏ ਹਨ। ਦਰਅਸਲ ਸਾਡੇ ਪਿੰਡ ਵਾਲੇ ਦੋਹਾਂ ਪਰਵਾਰਾਂ ਵਿੱਚ, ਹੁਣ ਮੇਲ-ਮਿਲਾਪ ਵਾਲਾ ਰਿਸ਼ਤਾ ਨਹੀਂ ਰਿਹਾ, ਕੋਈ ਵੀ, ਕਿਸੇ ਵੀ ਤਰ੍ਹਾਂ ਦੀ ਸਾਂਝ ਨਹੀਂ ਰਹੀ। ਦਾਦਾ ਜੀ ਦੇ ਗੁਜ਼ਰਨ ਤੋਂ ਬਾਅਦ ਪਰਵਾਰ ਐਸਾ ਖਿਲਰਿਆ ਕਿ ਮੁੜ ਇਕੱਠਾ ਨਾ ਹੋਇਆ। ਜਿਵੇਂ-ਜਿਵੇਂ ਬਿਗਾਨੇ ਲੋਕ ਸਾਡੇ ਵਿਚਕਾਰ ਆਉਂਦੇ ਗਏ, ਅਸੀਂ ਉਵੇਂ-ਉਵੇਂ ਹੋਰ ਦੂਰ ਹੁੰਦੇ ਗਏ ।

ਸਾਡੀ ਸ਼ਰੀਕੇਬਾਜ਼ੀ, ਸਗੋਂ ਦੁਸ਼ਮਣੀ ਦਾ ਰੂਪ ਧਾਰ ਗਈ ਹੈ।

ਦਾਦੀ ਅਕਸਰ ਕਿਹਾ ਕਰਦੀ ਕਿ ਆਪਣਾ ਖੂਨ ਆਪਣਿਆਂ ਦੇ ਦੁੱਖ-ਸੁੱਖ ਵਿੱਚ ਜ਼ਰੂਰ ਉੱਛਲਦਾ, ਪਰ ਅਫਸੋਸ ਕਿ ਉਹ ਇਹ ਉਛਾਲ ਵੇਖੇ ਬਿਨਾਂ ਹੀ ਚਲੀ ਗਈ।

ਕੀ ਮੇਰੇ ਮਨ ਵਿੱਚ ਅੱਜ ਓਹੀ ਦਾਦੀ ਦੀਆਂ ਗੱਲਾਂ ਵਾਲਾ ਉਛਾਲ ਉੱਠ ਰਿਹਾ ਸੀ।

ਪਰ ਹੁਣ ਮੇਰੇ ਇਸ ਉਛਾਲ ਨਾਲ ਕੀ ਹੋਣ ਵਾਲਾ ?

ਦੋਨੋਂ ਘਰਾਂ ਵਿੱਚ ਵੀਰੇ ਅਤੇ ਭਾਬੀਆਂ ਹੁਣ ਬਹੁਤ ਦੂਰ ਹੋ ਚੁੱਕੇ ਹਨ।

ਮੈਂ ਹੌਕਾ ਜਿਹਾ ਭਰ ਕੇ ਲਾਈਕ, ਕੁਮੈਂਟ ਵਾਲੇ ਆਪਸ਼ਨ ਵਿੱਚੋਂ ਬਾਹਰ ਆ ਜਾਂਦੀ ਹਾਂ ਅਤੇ ਬੱਚੇ ਦੇ ਬਰਥਡੇ ਵਾਲੀ ਫੋਟੋ ਫੋਨ ਵਿੱਚ ਸੇਵਾ ਕਰ ਲੈਂਦੀ ਹਾਂ।

## ਕਿਰਦੀ ਰੇਤ

ਗੁਲਜ਼ਾਰ ਆਪਣੇ ਵੱਡੇ ਭਾਈ ਦੇ ਨਾਲ ਆਈ ਸੀ ਯੂ ਦੇ ਬਾਹਰ ਕੁਰਸੀ ਉੱਪਰ ਬੈਠਾ ਹੈ, ਅੰਦਰ ਮਾਂ ਦੋ ਦਿਨਾਂ ਤੋਂ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੀ ਹੈ। ਗੁਲਜ਼ਾਰ ਅਟੈਕ ਆ ਜਾਣ ਦਾ ਪਤਾ ਲੱਗਦੇ ਹੀ ਮਹਾਂਨਗਰ ਤੋਂ ਬਿਨਾਂ ਦੇਰੀ ਕੀਤੇ ਸਭ ਕੰਮਕਾਰ ਛੱਡ ਕੇ ਘਰ ਪਰਤ ਆਇਆ ਸੀ । ਡਾਕਟਰ ਨੂੰ ਉਸ ਨੇ ਪੈਸੇ ਦੀ ਪਰਵਾਹ ਨਾ ਕਰਨ ਲਈ ਵੀ ਬੜੀ ਗੰਭੀਰਤਾ ਨਾਲ ਕਿਹਾ, ਪਰ ਹੁਣ ਡਾਕਟਰ ਦੁਆਰਾ ਦਿੱਤਾ ਗਿਆ ਮਾਤਾ ਦੀ ਸਿਹਤ ਦੇ ਸੁਧਾਰ ਲਈ ਆਖਰੀ ਸਮਾਂ ਆਪਣੇ ਸਿਖਰ ਉੱਤੇ ਗੁਜ਼ਰ ਰਿਹਾ ਸੀ। ਮਾਂ ਦੀ ਸੂਰਤ ਅਤੇ ਸੀਰਤ ਉਸ ਦੇ ਮਨ ਉੱਪਰ ਗੁਬਾਰ ਬਣ ਕੇ ਛਾ ਗਈ ਹੈ, ਉਹ ਸੋਚਾਂ ਦੇ ਸਮੁੰਦਰ ਵਿੱਚ ਤਾਰੀ ਲਾ ਚੁੱਕਿਆ ਸੀ, ਕਿਵੇਂ ਬਚਪਨ ਤੋਂ ਹੀ ਮਾਂ ਨੇ ਬਿਨਾਂ ਬਾਪ ਦੇ ਉਹਨਾਂ ਦੋਹਾਂ ਭਰਾਵਾਂ ਨੂੰ ਪਾਲਿਆ ਸੀ, ਕਿਵੇਂ ਉਸ ਨੇ ਚਿੱਟੀ ਚੁੰਨੀ ਲੈ ਕੇ ਵੀ ਪੁੱਤਰਾਂ ਦੀ ਜ਼ਿੰਦਗੀ ਵਿੱਚ ਹਰਾ ਰੰਗ ਭਰਿਆ।

ਫਿਰ ਵਕਤ ਦੇ ਨਾਲ-ਨਾਲ ਵੱਡਾ ਭਾਈ ਪਿੰਡ ਖੇਤੀ ਕਰਨ ਲੱਗ ਗਿਆ, ਉਹ ਪੜ੍ਹ ਕੇ ਵੱਡੇ ਸ਼ਹਿਰ ਨੌਕਰੀ ਕਰਨ ਆ ਗਿਆ। ਵਿਆਹ ਤੋਂ ਕੁਝ ਮਹੀਨਿਆਂ ਬਾਅਦ ਹੀ ਘਰਵਾਲੀ ਨੂੰ ਵੀ ਸ਼ਹਿਰ ਨਾਲ ਹੀ ਲੈ ਗਿਆ।

ਸ਼ਹਿਰ ਦੇ ਫਲਾਇਟ ਦੀ ਜ਼ਿੰਦਗੀ ਵਿੱਚ ਮਾਂ ਦਾ ਦਿਲ ਹੀ ਨਾ ਲੱਗਿਆ। ਇਸ ਲਈ ਮਾਂ ਜ਼ਿਆਦਾ ਕਰਕੇ ਪਿੰਡ ਹੀ ਰਹੀ। ਪਿੰਡ ਰਹਿੰਦੀ ਹੀ ਉਸ ਨੂੰ ਮਿਲਣ ਲਈ ਬੁਲਾਉਂਦੀ ਰਹੀ, ਬੱਚਿਆਂ ਨੂੰ ਬੁੱਕਲ ਵਿੱਚ ਲੈਣ ਲਈ ਤਰਸਦੀ ਰਹੀ, ਪਰ ਨੌਕਰੀ, ਇੰਕਰੀਮੈਂਟ, ਤਰੱਕੀ ਬੰਦੇ ਨੂੰ ਕੋਹਲੂ ਦਾ ਬੈਲ ਬਣਾ ਦਿੰਦੇ ਹਨ ਅਤੇ ਮਜਾਲ ਕੀ ਕਿ ਬੰਦਾ ਪਿੱਛੇ ਮੁੜ ਕੇ ਵੇਖ ਸਕੇ।

ਪਰ ਅੱਜ ਮਾਂ ਦੀਆਂ ਯਾਦਾਂ ਦਿਲ ਨੂੰ ਧੂਹ ਪਾ ਰਹੀਆਂ ਹਨ। ਹੌਕਾ ਜਿਹਾ ਗਲੇ ਵਿੱਚ ਅਟਕਿਆ ਹੋਇਆ ਹੈ। ਉਸ ਦਾ ਦਿਲ ਆਖ ਰਿਹਾ ਹੈ ਕਿ 'ਅੱਜ ਮਾਂ ਠੀਕ ਹੋ ਜਾਵੇ, ਸਿਰਫ਼ ਇੱਕ ਵਾਰ ਠੀਕ ਹੋ ਜਾਵੇ, ਮੈਂ ਉਸ ਦੇ ਨਾਲ ਹੀ ਰਹਾਂਗਾ, ਕੰਮ ਤੋਂ ਛੁੱਟੀ ਲੈ ਲਵਾਂਗਾ, ਪਿੰਡ ਆ ਜਾਵਾਂਗਾ, ਬੱਚਿਆਂ ਦੇ ਨਾਲ ਮਾਂ ਖੇਡ ਕੇ ਆਪਣਾ ਦਿਲ ਪੂਰਾ ਕਰ ਲਵੇਗੀ। ਇੰਝ ਮਾਂ ਦਿਲ ਵਿੱਚ ਵਿਯੋਗ ਦਾ ਹੌਕਾ ਲੈ ਕੇ ਨਹੀਂ ਜਾ ਸਕਦੀ। ਹਾਂ.. ਰੱਬ ਨੂੰ, ਮਾਂ ਠੀਕ ਕਰਨੀ ਹੀ ਪਵੇਗੀ।' ਆਈ ਸੀ ਯੂ ਦੇ ਗੇਟ ਖੁੱਲ੍ਹਣ ਦੀ ਆਵਾਜ਼ ਨੇ ਉਸ ਦੇ ਖਿਆਲਾਂ ਦੀ ਲੜੀ ਨੂੰ ਤੋੜਿਆ, ਉਹ ਦੋਨੋਂ ਭਾਈ ਭੱਜ ਕੇ ਡਾਕਟਰ ਵੱਲ ਨੂੰ ਗਏ ਅੱਗੋਂ ਡਾਕਟਰ ਨੇ ਕਿਹਾ, "ਸੌਰੀ ਸ਼ੀ ਇਜ਼ ਨੋ ਮੋਰ"। ਸੁਣਦੇ ਹੀ ਉਹ ਕੰਧ ਨਾਲ ਘਿਸਰਦਾ-ਘਿਸਰਦਾ ਬੇਜਾਨ ਸਰੀਰ ਵਾਂਗ ਫਰਸ਼ 'ਤੇ ਲੁੜਕ ਗਿਆ।

# ਔਰਤ ਦੀ ਸਥਿਤੀ

ਸਾਡੇ ਸਮਾਜ ਦੀ ਸੋਚਣ ਦੀ ਇਕ ਧਾਰਾ ਹੈ। ਬਦਲਦੇ ਸਮੇਂ ਵਿੱਚ ਵੀ ਉਹ ਉਸੇ ਹਿਸਾਬ ਨਾਲ ਹੀ ਚਲਦਾ ਹੈ, ਉਵੇਂ ਹੀ ਸੋਚਦਾ ਹੈ, ਉਵੇਂ ਹੀ ਵਿਚਰਦਾ ਹੈ। ਅਸੀਂ ਔਰਤਾਂ ਤੇ ਮਰਦਾਂ ਲਈ ਵੱਖ-ਵੱਖ ਵਿਧਾਨ ਬਣਾਏ ਹੋਏ ਹਨ। ਤਮਾਮ ਤਰੱਕੀ ਦੇ ਬਾਵਜੂਦ ਅਸੀਂ ਉਨ੍ਹਾਂ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਦੇ। ਸ਼ਹਿਰੀ ਮਾਹੌਲ ਵਿਚ ਹੋ ਸਕਦਾ ਹੈ ਕੁਝ ਬਦਲਾਅ ਆ ਗਿਆ ਹੋਵੇ, ਪਰ ਪੇਂਡੂ ਮਾਹੌਲ ਵਿਚ ਅਜੇ ਵੀ ਕੋਈ ਬਦਲਾਅ ਨਹੀਂ ਖ਼ਾਸ ਤੌਰ 'ਤੇ ਮੱਧ ਵਰਗ ਵਿੱਚ।

ਇਹ ਇਕ ਉਦਾਹਰਣ ਨਾਲ ਗੱਲ ਸ਼ੁਰੂ ਕਰਾਂਗੀ। ਇੱਕ ਮਿੱਤਰ ਦੇ ਪਤੀ ਦੀ ਮੌਤ ਹੋ ਗਈ। ਉਸ ਦੀ ਉਮਰ ਪੈਂਤੀ ਸਾਲ ਦੀ ਸੀ, ਜਦੋਂ ਉਹ ਵਿਧਵਾ ਹੋ ਗਈ। ਉਸ ਦੇ ਦੋ ਬੱਚੇ ਸਨ। ਹਰ ਕੋਈ ਜੋ ਅਫ਼ਸੋਸ ਕਰਨ ਆ ਰਿਹਾ ਸੀ, ਉਸ ਨੂੰ ਆਪਣੇ ਸਹੁਰਿਆਂ ਦਾ ਪੁੱਤ ਬਣਨ ਦੀ ਸਲਾਹ ਦੇ ਰਿਹਾ ਸੀ। ਬੱਚਿਆਂ ਦਾ ਪਿਓ ਬਣਨ ਦੀ ਪਾਲਣਾ ਕਰਨ ਦੀ ਸਲਾਹ ਦੇ ਰਿਹਾ ਸੀ। ਮੈਨੂੰ ਬਹੁਤ ਅਜੀਬ ਲੱਗ ਰਿਹਾ ਸੀ ਇੰਨੀ ਲੰਬੀ ਜ਼ਿੰਦਗੀ ਇਹ ਕਿਵੇਂ ਕੱਟੇਗੀ। ਉਸ ਨੇ ਸਾਰਿਆਂ ਦੀ ਗੱਲ ਨੂੰ ਸਿਰ ਮੱਥੇ ਰੱਖਿਆ। ਅੱਜ ਵੀ ਆਪਣੇ ਸੱਸ ਸਹੁਰੇ ਦੀ ਮਾਂ-ਬਾਪ ਦੀ ਤਰ੍ਹਾਂ ਸੰਭਾਲ ਕਰ ਰਹੀ ਹੈ।

ਇਸ ਘਟਨਾ ਤੋਂ ਕੁਝ ਹੀ ਦਿਨ ਬਾਅਦ ਮੇਰੇ ਜਾਣ-ਪਛਾਣ ਵਿਚ ਇਕ ਪੰਤਾਲੀ ਸਾਲਾ ਵਿਅਕਤੀ ਦੀ ਪਤਨੀ ਦੀ ਮੌਤ ਹੋ ਗਈ। ਉਸ ਦੇ ਬੱਚੇ ਸਿਆਣੇ ਸਨ। ਬੇਟੀ ਕਾਲਜ ਵਿੱਚ ਪੜ੍ਹਦੀ ਸੀ। ਹਰ ਕੋਈ ਜੋ ਉੱਥੇ ਅਫ਼ਸੋਸ ਕਰਨ ਆ ਰਿਹਾ ਸੀ, ਇਹ ਗੱਲ ਵਾਰ-ਵਾਰ ਕਹਿ ਰਿਹਾ ਸੀ। ਇਸ ਦੀ ਜ਼ਿੰਦਗੀ ਬਾਰੇ ਸੋਚੋ। ਇਹਦੀ ਰੋਟੀ ਪੱਕਦੀ ਕਰੋ। ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ। ਕੋਈ ਵੀ ਉਸ ਨੂੰ ਆਪਣੇ ਬੱਚਿਆਂ ਦੀ ਮਾਂ ਬਣਨ ਦੀ ਸਲਾਹ ਨਹੀਂ ਦੇ ਰਿਹਾ ਸੀ। ਉਸ ਦੀ ਅਗਲੇਰੀ ਜ਼ਿੰਦਗੀ ਦਾ ਹਰ ਕਿਸੇ ਨੂੰ ਫ਼ਿਕਰ ਸੀ।

ਇਹ ਉਹ ਦੋ ਦ੍ਰਿਸ਼ਟੀਕੋਣ ਹਨ, ਜੋ ਸਾਡੇ ਸਮਾਜ ਵਿੱਚ ਔਰਤ ਤੇ ਮਰਦ ਦੇ ਵਖਰੇਵੇਂ ਨੂੰ ਸਪੱਸ਼ਟ ਕਰਦੇ ਹਨ। ਸਾਡੀ ਸੋਚ ਮਰਦ ਦੇ ਪੱਖ ਵਿਚ ਹੋਰ ਹੈ ਤੇ ਔਰਤ ਲਈ ਹੋਰ। ਸਾਡਾ ਦੋਗਲਾ ਚਰਿੱਤਰ ਅਜਿਹੀਆਂ ਸਥਿਤੀਆਂ ਵਿੱਚ ਜ਼ਾਹਰ ਹੁੰਦਾ ਹੈ। ਅਸੀਂ ਔਰਤ ਤੋਂ ਸਿਰਫ ਕੁਰਬਾਨੀ ਚਾਹੁੰਦੇ ਹਾਂ। ਜਿੱਥੇ ਵੀ ਔਰਤ ਦੇ ਹੱਕ ਦੀ ਗੱਲ ਆਉਂਦੀ ਹੈ, ਸਮਾਜ ਸੱਭਿਆਚਾਰ ਦੀ ਦੁਹਾਈ ਦੇਣ ਲੱਗਦਾ ਹੈ। ਔਰਤ ਨੂੰ ਵਾਰ-ਵਾਰ ਕੁਰਬਾਨੀ ਕਰਨ ਲਈ ਵਡਿਆਇਆ ਜਾਂਦਾ ਹੈ।

ਸਮਾਜ ਦੇ ਇਹ ਨਿਯਮ ਮਰਦਾਂ 'ਤੇ ਲਾਗੂ ਨਹੀਂ ਹੁੰਦੇ। ਅਕਸਰ ਕਿਹਾ ਜਾਂਦਾ ਹੈ ਸ਼ੇਰਾਂ ਦੇ ਮੂੰਹ ਕੌਣ ਧੋਂਦਾ ਹੈ। ਭਲਾ ਸ਼ੇਰਨੀਆਂ ਦੇ ਮੂੰਹ ਕੌਣ ਧੋਂਦਾ ਹੈ। ਔਰਤ ਨੂੰ ਜਾਂ ਤਾਂ ਵਿਚਾਰੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਉਸ ਤੋਂ ਕੁਰਬਾਨੀ ਦੀ ਉਮੀਦ ਕੀਤੀ ਜਾਂਦੀ ਹੈ। ਮਰਦ ਲਈ ਨਾ ਤਾਂ ਵਿਚਾਰਾ ਹੋਣਾ ਜ਼ਰੂਰੀ ਹੈ ਅਤੇ ਨਾ ਹੀ ਕੁਰਬਾਨੀ ਕਰਨਾ। ਉਸ ਦੇ ਕੇਵਲ ਹੱਕ ਹਨ।

ਮਰਦ ਦੀ ਜਿਸਮਾਨੀ ਜ਼ਰੂਰਤ ਨੂੰ ਜ਼ਰੂਰਤ ਸਮਝਿਆ ਜਾਂਦਾ ਹੈ। ਜਿਸ ਦਾ ਹਰ ਹਾਲਤ ਵਿੱਚ ਪੂਰਾ ਹੋਣਾ ਜ਼ਰੂਰੀ ਹੈ। ਔਰਤ ਦੀ ਜਿਸਮਾਨੀ ਜ਼ਰੂਰਤ ਸ਼ਾਇਦ ਸਮਾਜ ਨੂੰ ਕੋਈ ਤੇ ਦਿਸਦੀ ਹੀ ਨਹੀਂ। ਸਮਾਜ ਦਾ ਵਿਚਾਰ ਇਹ ਹੈ ਔਰਤ ਮਰਦ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਬਣੀ ਹੈ। ਉਸ ਦੀ ਆਪਣੀ ਕੋਈ ਜ਼ਰੂਰਤ ਹੋ ਹੀ ਨਹੀਂ ਸਕਦੀ।

ਇਹ ਦੋਹਰੀ ਮਾਨਸਿਕਤਾ ਘਾਤਕ ਹੈ। ਅਸੀਂ ਆਪਣੀ ਸਹੂਲੀਅਤ ਦੇ ਮੁਤਾਬਿਕ ਜਿੱਥੇ ਜੀ ਕਰੇ, ਔਰਤ ਤੇ ਮਰਦ ਨੂੰ ਬਰਾਬਰ ਮੰਨ ਲੈਂਦੇ ਹਾਂ। ਆਪਣੀ ਸੁਵਿਧਾ ਅਨੁਸਾਰ ਅਸੀਂ ਜਿੱਥੇ ਜੀਅ ਕਰੇ, ਔਰਤ ਨੂੰ ਕਮਜ਼ੋਰ ਮੰਨਦੇ ਹਾਂ। ਅੰਮ੍ਰਿਤਾ ਪ੍ਰੀਤਮ ਨੇ ਸਹੀ ਕਿਹਾ ਹੈ ਕਿ ਔਰਤਾਂ ਨੂੰ ਸਿਰਫ ਓਨੇ ਹੀ ਹੱਕ ਮਿਲੇ ਹਨ, ਜਿੰਨੇ ਪੁਰਸ਼ ਨੇ ਦੇਣੇ ਚਾਹੇ।

ਔਰਤਾਂ ਨੂੰ ਅਗਰ ਸਮਾਜ ਇਹ ਹੱਕ ਨਹੀਂ ਦੇਵੇਗਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਔਰਤਾਂ ਆਪਣੇ ਹੱਕ ਅੜ ਕੇ ਲੈਣਗੀਆਂ। ਸਮਾਜ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ। ਸਮੇਂ ਦੇ ਹਿਸਾਬ ਨਾਲ ਬਦਲਣਾ ਬਹੁਤ ਜ਼ਰੂਰੀ ਹੈ। ਵਿਚਾਰਾਂ ਦੀ ਖੜੋਤ ਨੁਕਸਾਨ ਕਰਦੀ ਹੈ। ਜੇਕਰ ਅਸੀਂ ਆਪਣੇ ਸਮਾਜ ਨੂੰ ਸਿਹਤਮੰਦ ਤੇ ਨਰੋਆ ਰੱਖਣਾ ਚਾਹੁੰਦੇ ਹਾਂ, ਸਾਨੂੰ ਔਰਤਾਂ ਪ੍ਰਤੀ ਆਪਣੀ ਸੋਚ ਨੂੰ ਬਦਲਣਾ ਪਵੇਗਾ। ਔਰਤ ਤੇ ਮਰਦ ਨੂੰ ਸਮਾਨਤਾ ਦੇਣੀ ਪਵੇਗੀ। ਦੋਵਾਂ ਦੇ ਹੱਕ ਬਰਾਬਰ ਹਨ ਅਤੇ ਉਨ੍ਹਾਂ ਨੂੰ ਮੈਨੇਜ ਜ਼ਰੂਰ ਚਾਹੀਦੇ ਹਨ।

**— ਹਰਪ੍ਰੀਤ ਕੌਰ ਸੰਧੂ**

## ਸ.ਫ਼ਾ 3 ਦੀ ਬਾਕੀ

### ਸਾਹਿਤ ਦੇ ਲੋਕ ਹਿੱਤੂ ਸੰਦਰਭ...

ਨਾਲ ਮਿਲ ਕੇ ਪਿੰਜਰਾ ਤੋੜ , ਮੈਂ ਕਲਮ ਚਲਾਵਾਂਗਾ।ਜਦੋਂ ਇਹ ਨਾਟਕ ਇੱਕ ਲੇਖਕ ਦੀਆਂ ਸਮਾਜ ਪ੍ਰਤੀ ਜ਼ਿੰਮੇਵਾਰੀਆ ਨਿਰਧਾਰਨ ਕਰਦਾ ਹੈ ਤਾਂ ਹਰ ਲੋਕ ਵਿਰੋਧੀ ਵਰਤਾਰੇ ਵਿਰੁਧ ਲਿਖਣ ਤੇ ਬੋਲਣ ਦਾ ਜਾਨੂੰਨ ਉਸਦੇ ਸਾਹਿਤਕ ਫਰਜ਼ਾਂ ਵਿੱਚ ਸ਼ਾਮਿਲ ਹੋ ਜਾਂਦਾ ਹੈ । ਜਾਗਰੂਕ ਲੇਖਕ ਵਰਗ ਦੇ ਪ੍ਰਤੀਨਿੱਧ ਵਜੋਂ ਸਾਹਿਲ ਆਪਣੀ ਬੇਟੀ ਤੇ ਹੋਏ ਫਿਰਕੂ ਹਮਲੇ ਵਿਰੁੱਧ ਵੀ ਅਵਾਜ਼ ਉਠਾਉਂਦਾ ਹੈ ਤੇ ਨਾਗਰਿਕਤਾ ਸੋਧ ਵਰਗੇ ਫਿਰਕੂ ਕਾਨੂੰਨ ਦਾ ਵਿਰੋਧ ਕਰਨ ਕਰਕੇ ਕਤਲ ਹੋਈ ਪ੍ਰਿਯਕਾ ਸ਼ਰਮਾ ਦੇ ਪਿਤਾ ਦੀ ਅਵਾਜ਼ ਵਿੱਚ ਵੀ ਆਪਣੀ ਅਵਾਜ਼ ਮਿਲਾਉਂਦਾ ਹੈ । ਉਹ ਵਿਕਾਊ ਕਲਮਾਂ ਵਿਰੁੱਧ ਵੀ ਬੋਲਦਾ ਹੈ ਤੇ ਸੱਤਾ ਪ੍ਰਬੰਧ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਡੂੰਘੇ ਆਰਥਿਕ ਸੰਕਟ ਵਿਚ ਫਸੀ ਕਿਸਾਨੀ ਦੀ ਗੱਲ ਵੀ ਕਰਦਾ ਹੈ। ਉਹ ਦਲਿਤਾਂ ਤੇ ਹੋਣ ਵਾਲੇ ਜਬਰ ਜ਼ੁਲਮ ਦੇ ਖਿਲਾਫ ਵੀ ਆਪਣੀ ਕਲਮ ਚਲਾਉਂਦਾ ਹੈ ਤੇ ਅੰਬੇਦਕਰ ਵੱਲੋਂ ਬਣਾਏ ਸਵਿਧਾਨ ਦੀ ਉੱਡ ਰਹੀਆਂ ਧੱਜੀਆਂ ਬਾਰੇ ਵੀ ਚੁੱਪ ਨਹੀਂ ਰਹਿੰਦਾ। ਉਹ ਸੰਨ 84 ਦੇ ਦਿੱਲੀ ਦੰਗਿਆਂ ਦੌਰਾਨ ਹੋਏ ਮਨੁੱਖੀ ਕਤਲੇਆਮ ਲਈ ਤਤਕਾਲੀ ਸੱਤਾ ਪ੍ਰਬੰਧ ਨੂੰ ਦੋਸ਼ੀ ਠਹਿਰਾਉਣ ਤੋਂ ਵੀ ਸੰਕੋਚ ਨਹੀਂ ਕਰਦਾ ਤੇ ਕਰੋਨਾਂ ਕਾਲ ਵਿੱਚ ਭੁੱਖਮਰੀ ਦਾ ਸ਼ਿਕਾਰ ਹੋਏ ਲੋਕਾਂ ਦੇ ਦਰਦ ਨੂੰ ਵੀ ਜ਼ੁਬਾਨ ਦਿੰਦਾ ਹੈ।ਜਦੋਂ ਕਾਲੇ ਕਾਨੂੰਨਾਂ ਲਈ ਦਿੱਲੀ ਦੀਆਂ ਸਰੱਹਦਾਂ 'ਤੇ ਸੰਘਰਸ਼ ਕਰਨ ਵਾਲੇ ਕਿਸਾਨਾਂ ਦੀ ਅਵਾਜ਼ ਉਸਨੂੰ ਖਿੱਚ ਪਾਉਂਦੀ ਹੈ ਤਾਂ ਉਸਦੀ ਕਲਮ ਸੰਘਰਸ਼ ਦੀ ਇਸ ਗਾਥਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪੁੱਜਦਾ ਕਰਨ ਦੀ ਜ਼ਿੰਮੇਵਾਰੀ ਵੀ ਸੰਭਾਲ ਲੈਂਦੀ ਹੈ। ਡਾ. ਸਾਹਿਬ ਸਿੰਘ ਇੱਕ ਨਾਮਵਾਰ ਨਾਟਕ ਲੇਖਕ ਤੇ ਨਿਰਦੇਸ਼ਕ ਹੋਣ ਦੇ ਨਾਲ ਨਾਲ ਇੱਕ ਬਹੁ ਪ੍ਰਤਿਭਾਸ਼ਾਲੀ ਰੰਗਮੰਚੀ ਕਲਾਕਾਰ ਵੀ ਹੈ। ਭਾਵੇ ਇਹ ਨਾਟਕ ਇਕ ਪਾਤਰੀ ਨਹੀਂ ਹੈ, ਪਰ ਉਹ ਇਸ ਨਾਟਕ ਵਿਚ ਇੱਕੋ ਸਮੇ ਕਈ ਕਈ ਭੂਮਿਕਾਵਾਂ ਨਿਭਾਉਣ ਦੀ ਮੁਹਾਰਤ ਰੱਖਦਾ ਹੈ।

ਨਾਟਕ ਲਿਖਣ ਵੇਲੇ ਉਹ ਇਸ ਦੀਆਂ ਰੰਗਮੰਚੀ ਲੋੜਾਂ ਪ੍ਰਤੀ ਬਹੁਤ ਸੁਚੇਤ ਰਹਿੰਦਾ ਹੈ। ਇਹ ਨਾਟਕ ਬਿਨਾਂ ਕਿਸੇ ਮਹਿੰਗੀ ਰੰਗਮੰਚੀ ਸਜਾਵਟ ਦੇ ਸਧਾਰਣ ਸੈਟ ਲੱਗਾ ਕੇ ਵੀ ਖੇਡਿਆ ਜਾ ਸਕਦਾ ਹੈ।ਉਸਦੇ ਨਾਟਕ ਦੇ ਪਾਤਰਾਂ ਦੇ ਆਪਸੀ ਸੰਵਾਦ ਵਿੱਚਲੀ ਵਾਕ ਚਤੁੱਰਤਾ ਕਮਾਲ ਦੀ ਹੈ, ਜਿਸ ਰਾਹੀ ਨਾਟਕ ਦਾ ਸੰਦੇਸ਼ ਸਹਿਜ ਰੂਪ ਵਿੱਚ ਹੀ ਪਾਠਕਾਂ ਤੱਕ ਪਹੁੰਚ ਜਾਂਦਾ ਹੈ। ਨਾਟਕ ਦੇ ਕੁਝ ਦ੍ਰਿਸ਼ ਪ੍ਰਤੀਕਾਤਮਕ ਹੋਣ 'ਤੇ ਵੀ ਦਰਸ਼ਕਾਂ ਤੇ ਪਾਠਕਾਂ ਤੱਕ ਆਪਣਾ ਸੰਚਾਰ ਕਰਨ ਦੀ ਕਲਾਤਮਿਕ ਯੋਗਤਾ ਰੱਖਦੇ ਹਨ। ਕੁਲ ਮਿਲਾ ਕਿ ਕਿਹਾ ਜਾ ਸਕਦਾ ਹੈ ਕਿ ਡਾ. ਸਾਹਿਬ ਸਿੰਘ ਦੀ ਨਾਟ ਚੇਤਨਾ ਵਿਚਲੇ ਸਮਾਜਿਕ, ਸਭਿਆਚਾਰਕ ਤੇ ਲੋਕ ਧਾਰਾਈ ਸਰੋਕਾਰ ਲੋਕ ਹਿੱਤਾਂ ਤੇ ਹੱਕਾਂ ਦੀਆਂ ਲਹਿਰਾਂ ਪੈਦਾ ਕਰਨ ਵਾਲੇ ਹਨ।

*ਮੋਬਾਇਲ- 89682-82700*

## ਸ.ਫ਼ਾ 1 ਦੀ ਬਾਕੀ

### ਰਾਖਵਾਂਕਰਨ ਮਾਡਲ ਕਿਹੋ ਜਿਹਾ ਹੋਵੇ...

**ਜਾਤੀ ਨੂੰ ਸਮਝਦਿਆਂ**

ਆਓ ਆਪਣਾ ਧਿਆਨ ਜਾਤੀਆਂ ਵੱਲ ਮੋੜੀਏ। ਜਾਤੀਆਂ ਇਕ ਲੰਬੇ ਅਰਸੇ ਵਿਚ ਵਿਕਸਤ ਹੋਈਆਂ ਹਨ ਅਤੇ ਉਨ੍ਹਾਂ ਦੀ ਗਿਣਤੀ ਕਰਨ ਦੀਆਂ ਸਰਕਾਰੀ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਇਕ ਨਿਸ਼ਚਿਤ ਗਿਣਤੀ 'ਚ ਨਹੀਂ ਬੰਨ੍ਹਿਆ ਜਾ ਸਕਿਆ। ਜਟਿਲਤਾ ਜਾਤੀਆਂ, ਉੱਪ-ਜਾਤੀਆਂ ਅਤੇ ਇੱਥੋਂ ਤੱਕ ਕਿ ਉੱਪ-ਉੱਪ-ਜਾਤੀਆਂ ਦੀ ਹੋਂਦ ਵਿਚ ਵੀ ਪਈ ਹੈ, ਜੋ ਸਾਰੀਆਂ ਸੰਦਰਭ 'ਤੇ ਨਿਰਭਰ ਕਰਦਿਆਂ ਗਤੀਸ਼ੀਲ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਐੱਸ ਸੀ ਦੇ ਸੰਬੰਧ ਵਿਚ ਜੋ ਫ਼ੈਸਲੇ ਦਾ ਕੇਂਦਰ ਹਨ, ਇਸ ਦੀਆਂ ਘਟਕ ਜਾਤੀਆਂ ਦੀ ਨਿਸ਼ਚਿਤ ਤੌਰ 'ਤੇ ਗਿਣਤੀ ਤਾਂ ਕੀਤੀ ਗਈ ਹੈ, ਪਰ ਉਨ੍ਹਾਂ ਦੀ ਸੰਪੂਰਨਤਾ ਵਿਚ ਨਹੀਂ। ਮਿਸਾਲ ਲਈ ਹਰੇਕ ਜਾਤੀ ਵਿਚ ਕਈ ਉੱਪ-ਜਾਤੀਆਂ ਹੁੰਦੀਆਂ ਹਨ, ਜੋ ਸਮਾਜਿਕ ਤੌਰ 'ਤੇ ਓਨੀਆਂ ਹੀ ਪ੍ਰਮੁੱਖ ਹਨ, ਜਿੰਨੀਆਂ ਕਿ ਖ਼ੁਦ ਜਾਤੀਆਂ। ਸੁਪਰੀਮ ਕੋਰਟ ਦਾ ਫ਼ੈਸਲਾ ਇਸ ਨਿਰਖ 'ਤੇ ਅਧਾਰਤ ਹੈ ਕਿ ਐੱਸ ਸੀ ਸ਼੍ਰੇਣੀ ਇੱਕੋ ਜਿਹੀ ਨਹੀਂ ਹੈ। ਸਵਾਲ ਇਹ ਹੈ ਕਿ ਇੱਕੋ ਜਹੀ ਕਿਸ ਲਿਹਾਜ਼ ਨਾਲ? ਜਾਤੀਆਂ ਨੂੰ ਜਿਸ ਇੱਕੋ-ਇਕ ਮਾਪਦੰਡ ਦੇ ਅਧਾਰ 'ਤੇ ਐੱਸ ਸੀ ਸ਼੍ਰੇਣੀ ਦੇ ਤਹਿਤ ਇਕ ਸਮੂਹ 'ਚ ਇਕੱਠਾ ਕੀਤਾ ਗਿਆ ਸੀ, ਉਹ ਸੀ ਛੂਆਛੂਤ।

ਜਾਪਦਾ ਹੈ ਕਿ ਅਦਾਲਤ ਦੀ ਨਿਰਖ ਵਿਦਿਅਕ ਅਤੇ ਆਰਥਿਕ ਵਿਕਾਸ ਵਰਗੇ ਬਾਹਰੀ ਕਾਰਕਾਂ ਨੂੰ ਪੇਸ਼ ਕਰਦੀ ਹੈ, ਕੁਝ ਜੱਜਾਂ ਨੇ ਤਾਂ ਰਾਖਵੇਂਕਰਨ 'ਤੇ ਵਿਚਾਰ ਕਰਨ ਲਈ 'ਕ੍ਰੀਮੀਲੇਅਰ' (ਰਾਖਵੇਂਕਰਨ ਦਾ ਲਾਭ ਲੈ ਕੇ ਤਰੱਕੀ ਕਰ ਚੁੱਕੇ ਦਲਿਤ) ਨੂੰ ਬਾਹਰ ਕੱਢਣ ਦਾ ਸੁਝਾਅ ਵੀ ਦਿੱਤਾ ਹੈ। ਇਹ ਪਹੁੰਚ ਤਰਕ ਦੇ ਤੌਰ 'ਤੇ ਨੁਕਸਦਾਰ ਹੈ, ਕਿਉਂਕਿ ਇਹ ਉਹ ਮਾਪਦੰਡ ਥੋਪਦੀ ਹੈ, ਜਿਨ੍ਹਾਂ ਦਾ ਉਦੇਸ਼ ਕਦੇ ਵੀ ਇਸ ਸ਼੍ਰੇਣੀ ਨੂੰ ਪਰਿਭਾਸ਼ਤ ਕਰਨਾ ਨਹੀਂ ਸੀ। ਐੱਸ ਸੀ ਨੇ ਸਿਰਫ਼ ਛੂਆਛੂਤ ਦੇ ਮਾਪਦੰਡ ਉੱਪਰ ਇੱਕੋ ਜਿਹੇ ਹੋਣਾ ਸੀ। ਸ਼ੁਰੂਆਤੀ ਗਿਣਤੀ ਦੌਰਾਨ, ਸਰਵੇਖਣ ਕਰਨ ਵਾਲਿਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਖ਼ਾਸ ਕਰਕੇ ਪੂਰਬ ਅਤੇ ਦੱਖਣ ਵਿਚ।

ਪੂਰਬ ਵਿਚ ਛੂਆਛੂਤ ਦਾ ਪ੍ਰਗਟਾਵਾ ਉਸ ਰੂਪ ਵਿਚ ਨਹੀਂ ਹੋਇਆ, ਜਿਵੇਂ ਮੁਲਕ ਵਿਚ ਹੋਰ ਥਾਵਾਂ 'ਤੇ ਹੋਇਆ। ਇਸ ਦੇ ਉਲਟ ਦੱਖਣ ਵਿਚ 70 ਪ੍ਰਤੀਸ਼ਤ ਤੋਂ ਵੱਧ ਆਬਾਦੀ ਨੂੰ ਅਛੂਤ ਮੰਨਿਆ ਜਾਂਦਾ ਸੀ, ਜਿਸ ਵਿਚ ਛੂਆਛੂਤ ਦੀ ਤੀਬਰਤਾ ਵੱਖ-ਵੱਖ ਸੀ।

ਹਰੇਕ ਖੇਤਰ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਨੂੰ ਆਮ ਬਣਾਉਣ ਲਈ ਵਧੀਕ ਮਾਪਦੰਡ ਲਾਗੂ ਕਰਕੇ ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਗਿਆ ਸੀ। ਇਸ ਲਈ ਇਕਰੂਪਤਾ ਦੇ ਸਵਾਲ ਨੂੰ ਸਿਰਫ਼ ਛੂਆਛੂਤ ਦੇ ਪ੍ਰਸੰਗ 'ਚ ਸੰਬੋਧਤ ਹੋਇਆ ਗਿਆ ਸੀ ਅਤੇ ਫ਼ੈਸਲੇ ਵਿਚ ਪ੍ਰਗਟਾਈਆਂ ਗਈਆਂ ਕੋਈ ਵੀ ਹੋਰ ਧਾਰਨਾਵਾਂ ਗੁੰਮਰਾਹਕੁੰਨ ਹਨ। ਇਹ ਕਹਿਣਾ ਅਟੱਲ ਸੱਚ ਹੋ ਸਕਦਾ ਹੈ ਕਿ ਕੋਈ ਵੀ ਜਾਤੀ ਸਾਰੇ ਮਾਪਦੰਡਾਂ ਵਿਚ ਇੱਕੋ ਜਿਹੀ ਨਹੀਂ ਹੈ। ਜੇ ਅਜਿਹਾ ਹੈ ਤਾਂ ਫਿਰ ਸਵਾਲ ਉੱਠਦਾ ਹੈ ਕਿ ਇਨ੍ਹਾਂ ਜਾਤੀਆਂ ਦਾ ਮੇਲ ਇਕਰੂਪਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ। ਇਕਰੂਪਤਾ ਦੀ ਧਾਰਨਾ ਜਾਤੀ ਦੀ ਬਜਾਏ ਜਮਾਤ ਉੱਪਰ ਵਧੇਰੇ ਸਹੀ ਢੰਗ ਨਾਲ ਲਾਗੂ ਹੁੰਦੀ ਹੈ। ਜਦੋਂ ਸ਼ੁਰੂ 'ਚ ਅਛੂਤ ਜਾਤੀਆਂ ਲਈ ਅਨੁਸੂਚੀ ਤਿਆਰ ਕੀਤੀ ਗਈ ਸੀ, ਤਾਂ ਇਹ ਜਾਤੀਆਂ ਆਪਣੀ ਵਿਦਿਅਕ, ਸਮਾਜਿਕ ਅਤੇ ਆਰਥਿਕ ਸਥਿਤੀ ਦੇ ਲਿਹਾਜ਼ ਨਾਲ ਮੋਟੇ ਤੌਰ 'ਤੇ ਇੱਕੋ ਜਿਹੀਆਂ ਹੋ ਸਕਦੀਆਂ ਸਨ।

ਹਾਲਾਂਕਿ ਸਾਲਾਂ ਦੌਰਾਨ ਰਾਖਵਾਂਕਰਨ ਅਤੇ ਚੋਣ ਸਿਆਸਤ ਵਰਗੇ ਕਾਰਕਾਂ ਕਾਰਨ ਹਰੇਕ ਜਾਤੀ ਦੇ ਅੰਦਰ ਵੱਖਰੀਆਂ ਜਮਾਤਾਂ ਉੱਭਰ ਆਈਆਂ ਹਨ। ਜਦੋਂ ਜਮਾਤ ਦੀ ਐਨਕ ਨਾਲ ਦੇਖਿਆ ਜਾਵੇ ਤਾਂ ਉੱਪ-ਵਰਗੀਕਰਨ ਦੀ ਕੋਈ ਤੁਕ ਹੋ ਸਕਦੀ ਹੈ, ਪਰ ਇੱਥੇ ਤਾਂ ਅਸੀਂ ਜਾਤੀ ਦੀ ਗੱਲ ਕਰ ਰਹੇ ਹਾਂ!

ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਐੱਸ ਸੀ ਸ਼੍ਰੇਣੀ ਦੇ ਅੰਦਰ ਕੁਝ ਜਾਤੀਆਂ ਨੂੰ ਰਾਖਵੇਂਕਰਨ ਦਾ ਅਣਉਚਿਤ ਲਾਭ ਮਿਲਿਆ ਹੈ, ਜਿਸ ਨਾਲ ਦੂਜੇ ਬਾਹਰ ਹੋ ਗਏ ਹਨ। ਇਸ ਦਲੀਲ ਵਿਚ ਦਮ ਹੈ, ਕਿਉਂਕਿ ਜਿਨ੍ਹਾਂ ਨੇ ਵਧੇਰੇ ਤਰੱਕੀ ਕੀਤੀ ਹੈ, ਇਹ ਆਮ ਤੌਰ 'ਤੇ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਅੰਦਰ ਸਭ ਤੋਂ ਵੱਧ ਆਬਾਦੀ ਵਾਲੀਆਂ ਅਤੇ ਇਤਿਹਾਸਕ ਤੌਰ ਉੱਤੇ ਵਧੇਰੇ ਉੱਦਮੀ ਜਾਤੀਆਂ ਹਨ।

ਇਸੇ ਵਜ੍ਹਾ ਨਾਲ, ਜਾਤੀ-ਵਿਰੋਧੀ ਅੰਦੋਲਨ ਦੇ ਜ਼ਿਆਦਾਤਰ ਆਗੂ ਇਨ੍ਹਾਂ ਜਾਤੀਆਂ ਵਿੱਚੋਂ ਉੱਭਰੇ, ਜਿਨ੍ਹਾਂ ਨੇ ਆਪਣੇ ਭਾਈਚਾਰਿਆਂ ਨੂੰ ਤਰੱਕੀ ਲਈ ਪ੍ਰੇਰਿਤ ਕੀਤਾ। ਡਾ. ਅੰਬੇਡਕਰ, ਜੋ ਦਲਿਤਾਂ ਲਈ ਸਰਵ ਭਾਰਤੀ ਚਿੰਨ੍ਹ ਬਣ ਗਏ, ਨੇ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਸੀ, ਪਰ ਵਧੇਰੇ ਆਬਾਦੀ ਵਾਲੀਆਂ ਜਾਤੀਆਂ ਨੇ ਹੀ ਉਸ ਨਾਲ ਆਪਣੀ ਪਛਾਣ ਜੋੜੀ ਅਤੇ ਉਸ ਦੇ ਪਿੱਛੇ ਚੱਲੀਆਂ, ਜਿਸ ਨਾਲ ਸਰਕਾਰੀ ਸੇਵਾਵਾਂ ਅਤੇ ਹੋਰ ਖੇਤਰਾਂ ਵਿਚ ਉਨ੍ਹਾਂ ਦੀ ਵੁੱਕਤ ਵਧੀ।

ਹਾਲਾਂਕਿ ਜਾਤੀ ਪੱਧਰ 'ਤੇ ਇਹ ਅਕੱਟ ਤੱਥ ਹੈ, ਪਰ ਇਹ ਉੱਪ-ਜਾਤੀ ਜਾਂ ਪਰਵਾਰਕ ਪੱਧਰ 'ਤੇ ਸੱਚ ਨਹੀਂ ਹੋ ਸਕਦਾ। ਮੌਜੂਦਾ ਨੀਤੀ ਇਸ ਦੋਸ਼ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਜਦੋਂ ਇਕ ਜਾਤੀ ਲਈ ਰਾਖਵੇਂਕਰਨ ਗਿਣੇ ਜਾਂਦੇ ਹਨ, ਉਹ ਅਸਲ ਵਿਚ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ।

ਜਾਤੀਆਂ ਦਾ ਕੋਈ ਵੀ ਜੋੜ ਕਿਸੇ ਜਾਤੀ ਦੇ ਅੰਦਰ ਰਾਖਵੇਂਕਰਨ ਦੇ ਲਾਭਾਂ ਦੀ ਅਸਾਵੀਂ ਵੰਡ ਨੂੰ ਪੂਰੀ ਤਰ੍ਹਾਂ ਮੁਖ਼ਾਤਬ ਨਹੀਂ ਹੋ ਸਕਦਾ। ਮਹੱਤਵਪੂਰਨ ਅੰਤਰ ਅਕਸਰ ਸ਼ੁਰੂਆਤੀ ਲਾਭ ਵਿਚ ਹੁੰਦਾ ਹੈ। ਇਹ ਇਕ ਦੌੜ ਦੇ ਸਮਾਨ ਹੈ, ਜਿੱਥੇ ਇਕ ਹਿੱਸਾ ਲੈਣ ਵਾਲੇ ਨੂੰ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ ਜਾਂਦੀ ਹੈ; ਜੋ ਪਿੱਛੇ ਹੈ, ਉਹ ਲਾਜ਼ਮੀ ਤੌਰ 'ਤੇ ਅਪਾਹਜ ਹੁੰਦਾ ਹੈ (ਉਸ ਨੂੰ ਇਹ ਮੌਕਾ ਨਹੀਂ ਮਿਲਦਾ)।

ਵਧੇਰੇ ਆਬਾਦੀ ਵਾਲੀਆਂ ਜਾਤੀਆਂ ਨੂੰ ਰਾਖਵੇਂਕਰਨ ਤੋਂ ਬਹੁਤ ਜ਼ਿਆਦਾ ਲਾਭ ਹੋਇਆ ਜਾਪਦਾ ਹੈ, ਕਿਉਂਕਿ ਉਹ ਪਹਿਲਾਂ ਹੀ ਕਸਬਿਆਂ ਅਤੇ ਸ਼ਹਿਰਾਂ ਵਿਚ ਕੇਂਦ੍ਰਿਤ ਸਨ, ਜਿੱਥੇ ਸਹੂਲਤਾਂ, ਜਾਗਰੂਕਤਾ ਅਤੇ ਪ੍ਰੇਰਣਾ ਦੀ ਬਿਹਤਰ ਪਹੁੰਚ ਸੀ।

ਮੌਜੂਦਾ ਰਾਖਵਾਂਕਰਨ ਨੀਤੀ ਇਸ ਤੱਥ ਪ੍ਰਤੀ ਅੰਨ੍ਹੀ ਹੈ ਕਿ ਰਾਖਵਾਂਕਰਨ ਦੇ ਲਾਭਪਾਤਰੀ ਦਾ ਪਰਵਾਰ ਗ਼ੈਰ-ਲਾਭਪਾਤਰੀ ਦੀ ਤੁਲਨਾ 'ਚ ਮੁਕਾਬਲੇਬਾਜ਼ੀ ਵਿਚ ਬਿਹਤਰ ਸਥਿਤੀ ਹਾਸਲ ਕਰ ਲੈਂਦਾ ਹੈ। ਇਹ ਦੂਜਿਆਂ ਲਈ ਦੋਹਰੇ ਜੋਖ਼ਮ ਦੀ ਸਥਿਤੀ ਪੈਦਾ ਕਰ ਦਿੰਦਾ ਹੈ।

ਜਦੋਂ ਮੁਕਾਬਲਾ ਸੀਮਤ ਸੀ ਤਾਂ ਜ਼ਿਆਦਾ ਆਬਾਦੀ ਵਾਲੀਆਂ ਅਨੁਸੂਚਿਤ ਜਾਤੀਆਂ ਨੂੰ ਸ਼ੁਰੂ 'ਚ ਰਾਖਵੇਂਕਰਨਾਂ ਤੱਕ ਪਹੁੰਚ ਕਰਨ ਦਾ ਲਾਭ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਬੱਚੇ ਬਿਹਤਰ ਸਹੂਲਤਾਂ, ਜਾਗਰੂਕਤਾ ਅਤੇ ਪ੍ਰੇਰਣਾ ਦੇ ਕਾਰਨ ਵਧੇਰੇ ਲਾਭਕਾਰੀ ਸਥਿਤੀ ਵਿਚ ਹੋ ਜਾਂਦੇ ਹਨ, ਜਿਸ ਨਾਲ ਉਹ ਦੂਜਿਆਂ ਤੋਂ ਬਿਹਤਰ ਕਾਰਗੁਜ਼ਾਰੀ ਦਿਖਾਉਂਦੇ ਰਹਿ ਸਕਦੇ ਹਨ ਅਤੇ ਰਾਖਵੇਂਕਰਨ ਦਾ ਵਧੇਰੇ ਹਿੱਸਾ ਹਥਿਆ ਸਕਦੇ ਹਨ।

ਇਹ ਪ੍ਰਕਿਰਿਆ ਦਾ ਮਤਲਬ ਇਹ ਹੈ ਕਿ ਇਹ ਸਮੁੱਚੀ ਜਾਤੀ ਨਹੀਂ, ਬਲਕਿ ਸਿਰਫ਼ ਕੁਝ ਪਰਵਾਰ ਹਨ, ਜੋ ਜਾਤੀ ਦੇ ਅੰਦਰ ਰਾਖਵੇਂਕਰਨ ਤੋਂ ਲਾਭ ਹਾਸਲ ਕਰਦੇ ਹਨ। ਇਸ ਤੋਂ ਇਲਾਵਾ ਇਹ ਪ੍ਰਕਿਰਿਆ ਲਾਭਪਾਤਰੀਆਂ ਦੀ ਆਬਾਦੀ ਦਾ ਘੇਰਾ ਵਧਾਉਣ ਦੀ ਬਜਾਏ ਇਸ ਨੂੰ ਤੇਜ਼ੀ ਨਾਲ ਸੀਮਤ ਕਰਦੀ ਜਾਂਦੀ ਹੈ।

ਇਸ ਤਰ੍ਹਾਂ ਜਾਤੀ ਦੇ ਪੱਧਰ 'ਤੇ ਲਾਭਾਂ ਬਾਰੇ ਚਰਚਾ ਕਰਨਾ ਗੁੰਮਰਾਹਕੁੰਨ ਹੈ, ਕਿਉਂਕਿ ਇਹ ਜਾਤੀ ਦੇ ਅੰਦਰ ਲਾਭਾਂ ਦੇ ਅੰਕੜਿਆਂ ਦੇ ਅੰਤਰ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਕ ਅਣਉਚਿੱਤ ਲਾਭਪਾਤਰੀ ਜਾਤੀ ਦਾ ਇਹ ਮਤਲਬ ਨਹੀਂ ਹੈ ਕਿ ਇਸ ਦੇ ਅੰਦਰਲੇ ਸਾਰੇ ਵਿਅਕਤੀਆਂ ਜਾਂ ਪਰਵਾਰਾਂ ਨੂੰ ਬਰਾਬਰ ਲਾਭ ਹੋਇਆ ਹੈ।

ਜਾਤੀ ਦੇ ਪੱਧਰ ਉੱਤੇ, ਵੱਧ ਆਬਾਦੀ ਵਾਲੀ ਅਨੁਸੂਚਿਤ ਜਾਤੀ ਦੇ ਮਾਮਲੇ 'ਚ ਲਾਭ ਦਾ ਜ਼ਰੀਆ ਵਧੇਰੇ ਹੋ ਸਕਦਾ ਹੈ, ਪਰ ਜੇ ਅੰਤਰ ਨੂੰ ਵਿਚਾਰਿਆ ਜਾਵੇ ਤਾਂ ਇਹ ਦੇਖਿਆ ਜਾ ਸਕਦਾ ਹੈ ਕਿ ਇਹ ਬਰਾਬਰ ਵੰਡਿਆ ਨਹੀਂ ਗਿਆ ਹੈ।

ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਅੰਤਰ ਗ਼ੈਰ-ਲਾਭਪਾਤਰੀ ਅਨੁਸੂਚਿਤ ਜਾਤੀਆਂ ਵਿਚ ਪਾਏ ਜਾਂਦੇ ਅੰਤਰ ਤੋਂ ਕਾਫ਼ੀ ਵੱਖਰਾ ਨਹੀਂ ਹੋ ਸਕਦਾ। ਇਹ ਕਲਪਨਾ ਤੋਂ ਬਾਹਰ ਨਹੀਂ ਹੈ ਕਿ ਜ਼ਿਆਦਾ ਆਬਾਦੀ ਵਾਲੀਆਂ ਅਨੁਸੂਚਿਤ ਜਾਤੀਆਂ ਦੇ ਅੰਦਰ, ਸ਼ਹਿਰੀ ਬਨਾਮ ਪੇਂਡੂ ਸਥਿਤੀ, ਜ਼ਮੀਨ ਦੀ ਮਲਕੀਅਤ ਅਤੇ ਖੇਤਰੀ ਅਸਮਾਨਤਾਵਾਂ ਵਰਗੇ ਕਾਰਕਾਂ ਦੇ ਅਧਾਰ 'ਤੇ ਮਹੱਤਵਪੂਰਨ ਅੰਤਰ ਹਨ, ਜੋ ਦੂਜਿਆਂ 'ਤੇ ਵੀ ਲਾਗੂ ਹੁੰਦੇ ਹਨ।

ਇਕ ਜਾਤੀ ਔਸਤਨ ਬਿਹਤਰ ਲੱਗ ਸਕਦੀ ਹੈ, ਪਰ ਇਹ ਅੰਦਰੂਨੀ ਨਾਬਰਾਬਰੀਆਂ ਲਈ ਜ਼ਿੰਮੇਵਾਰ ਨਹੀਂ ਹੈ।

ਮਿਸਾਲ ਵਜੋਂ ਮਹਾਰਾਸ਼ਟਰ ਦੇ ਮਹਾਰਾਂ ਨੂੰ ਮਾਂਗਾਂ ਜਾਂ ਚੰਭਾਰਾਂ ਨਾਲੋਂ ਜ਼ਿਆਦਾ ਲਾਭ ਹੋਇਆ ਹੋਵੇਗਾ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਰਿਜ਼ਰਵੇਸ਼ਨ ਦੇ ਲਾਭ ਸਾਰੇ ਮਹਾਰਾਂ ਵਿਚ ਬਰਾਬਰ ਵੰਡੇ ਗਏ ਹਨ।

ਜੇਕਰ ਉਦੇਸ਼ ਰਿਜ਼ਰਵੇਸ਼ਨ ਦੇ ਲਾਭਾਂ ਨੂੰ ਬਰਾਬਰ ਵੰਡਣਾ ਹੈ ਤਾਂ ਸੁਪਰੀਮ ਕੋਰਟ ਦਾ ਫ਼ੈਸਲਾ ਅਤੇ ਇਸ ਮੁੱਦੇ 'ਤੇ ਜ਼ਿਆਦਾਤਰ ਟਿੱਪਣੀਆਂ ਘਚੋਲਾ ਪੈਦਾ ਕਰਨ ਵਾਲੀਆਂ ਹਨ। ਹਰ ਜਾਤੀ ਵਿਚ ਥੋੜ੍ਹੀ ਗਿਣਤੀ ਪਰਵਾਰ ਅਕਸਰ ਦੂਜਿਆਂ ਨਾਲੋਂ ਲਾਹੇਵੰਦੀ ਸਥਿਤੀ 'ਚ ਹੁੰਦੇ ਹਨ, ਜਿਸ ਨਾਲ ਸੁਭਾਵਿਕ ਤੌਰ 'ਤੇ ਉਹ ਆਪਣੇ ਸਮੂਹ ਲਈ ਉਪਲੱਬਧ ਲਾਭਾਂ ਦਾ ਇਕ ਅਣਉਚਿਤ ਹਿੱਸਾ ਸੁਰੱਖਿਅਤ ਕਰ ਲੈਂਦੇ ਹਨ।

ਜੇ ਜਾਤੀਆਂ ਦੇ ਅੰਦਰ ਉੱਪ-ਵਰਗੀਕਰਨ ਲਾਗੂ ਕੀਤਾ ਜਾਂਦਾ ਹੈ, ਤਾਂ ਹਰੇਕ ਉੱਪ-ਸਮੂਹ ਦੇ ਅੰਦਰ ਅਸਾਵੀਂ ਲਾਭ ਵੰਡ ਦੀ ਉਹੀ ਸਮੱਸਿਆ ਪੈਦਾ ਹੋਵੇਗੀ, ਜੋ ਸੰਭਾਵਤ ਤੌਰ 'ਤੇ ਇਸ ਮੁੱਦੇ ਨੂੰ ਹੱਲ ਕਰਨ ਦੀ ਬਜਾਏ ਹੋਰ ਵਧਾ ਦੇਵੇਗੀ।

ਰਾਖਵੇਂਕਰਨ ਦੇ ਲਾਭਾਂ ਦੀ ਅਸਾਵੀਂ ਵੰਡ ਨੂੰ ਹੱਲ ਕਰਨ ਦੀ ਕੁੰਜੀ ਇਹ ਮੰਨਣ ਵਿਚ ਹੈ ਕਿ ਇਹ ਜਾਤੀ ਨਹੀਂ, ਬਲਕਿ ਵਿਅਕਤੀਗਤ ਲਾਭਪਾਤਰੀ ਦਾ ਪਰਵਾਰ ਹੈ, ਜੋ ਰਾਖਵੇਂਕਰਨ ਤੋਂ ਲਾਭ ਪ੍ਰਾਪਤ ਕਰਦਾ ਹੈ। ਇਸ ਲਈ ਕਿਸੇ ਵੀ ਨੀਤੀ ਸੋਧ ਵਿਚ ਜਾਤੀਆਂ ਨਾਲ ਖਿਲਵਾੜ ਕਰਨ ਦੀ ਬਜਾਏ ਜਾਤੀ ਨੂੰ ਛੱਡ ਕੇ ਪਰਵਾਰ ਉੱਪਰ ਧਿਆਨ ਕੇਂਦ੍ਰਿਤ ਕੀਤਾ ਜਾਣਾ ਚਾਹੀਦਾ ਹੈ।

**ਇਸ ਦਾ ਹੱਲ**

ਉੱਪ-ਵਰਗੀਕਰਨ ਦੀ ਮੰਗ ਸਭ ਤੋਂ ਪਹਿਲਾਂ ਮਡਿਗਾ ਰਿਜ਼ਰਵੇਸ਼ਨ ਪੋਰਾਟਾ ਸਮਿਤੀ ਵੱਲੋਂ ਚੁੱਕੀ ਗਈ ਸੀ, ਜੋ 1990ਵਿਆਂ ਦੇ ਅੱਧ 'ਚ ਤਤਕਾਲੀ ਆਂਧਰਾ ਪ੍ਰਦੇਸ਼ ਵਿਚ ਮਡਿਗਾ ਡੰਡੋਰਾ ਅੰਦੋਲਨ ਵਜੋਂ ਜਾਣੀ ਜਾਂਦੀ ਸੀ।

ਮਡਿਗਾ ਲੋਕਾਂ ਨੇ ਆਂਧਰਾ ਪ੍ਰਦੇਸ਼ ਵਿਚ ਅਨੁਸੂਚਿਤ ਜਾਤੀਆਂ ਦੀ ਵੱਧ ਆਬਾਦੀ ਵਾਲੇ ਮਾਲਾ ਲੋਕਾਂ ਉੱਪਰ ਰਾਖਵੇਂਕਰਨ ਦੇ ਲਾਭ ਅਣਉਚਿਤ ਤੌਰ 'ਤੇ ਹੜੱਪਣ ਦਾ ਦੋਸ਼ ਲਾਇਆ ਸੀ।

ਮੈਂ ਇਸ ਦੇ ਹਮਾਇਤੀਆਂ ਨੂੰ ਇਕ ਸਧਾਰਨ ਜਿਹਾ ਉਲਟ ਸਵਾਲ ਪੁੱਛਿਆ ਸੀ ਜੇ ਉਨ੍ਹਾਂ ਨੂੰ ਰਾਖਵੇਂਕਰਨ ਦਾ ਉਨ੍ਹਾਂ ਦਾ ਹਿੱਸਾ ਦੇ ਦਿੱਤਾ ਜਾਂਦਾ ਹੈ, ਤਾਂ ਉਹ ਇਹ ਕਿਵੇਂ ਯਕੀਨੀ ਬਣਾਉਣਗੇ ਕਿ ਇਹ ਮਡਿਗਾ ਦੀਆਂ ਸਾਰੀਆਂ ਉੱਪ-ਜਾਤੀਆਂ ਵਿਚ ਬਰਾਬਰ ਵੰਡਿਆ ਗਿਆ ਹੈ। ਉਨ੍ਹਾਂ ਵਿੱਚੋਂ ਕੋਈ ਵੀ ਮੈਨੂੰ ਕੋਈ ਜਵਾਬ ਨਹੀਂ ਸੀ ਦੇ ਸਕਿਆ।

ਇਸੇ ਤਰ੍ਹਾਂ ਉਨ੍ਹਾਂ ਕੋਲ ਮੇਰੇ ਅਗਲੇ ਸਵਾਲ ਦਾ ਜਵਾਬ ਵੀ ਨਹੀਂ ਸੀ, ਕੀ ਆਂਧਰਾ ਪ੍ਰਦੇਸ਼ ਦੇ ਸਾਰੇ ਖੇਤਰਾਂ ਵਿਚ ਸਾਰੀਆਂ ਮਾਲਾ ਉੱਪ-ਜਾਤੀਆਂ ਜਾਂ ਇੱਕੋ ਉੱਪ-ਜਾਤੀ ਨੂੰ ਰਾਖਵਾਂਕਰਨ ਦਾ ਬਰਾਬਰ ਲਾਭ ਮਿਲਿਆ ਸੀ। ਸਮੱਸਿਆ ਅਵਾਸਤਵਿਕ ਨਹੀਂ ਸੀ, ਪਰ ਪ੍ਰਸਤਾਵਿਤ ਹੱਲ ਅਸਲੀਅਤ ਦੀ ਅਗਿਆਨਤਾ ਨੂੰ ਦਰਸਾਉਂਦਾ ਸੀ।

ਇਸ ਸਮੱਸਿਆ ਦਾ ਹੱਲ ਤਾਂ ਇਸ ਸੱਚਾਈ 'ਤੇ ਅਧਾਰਤ ਹੋਣਾ ਚਾਹੀਦਾ ਹੈ ਕਿ ਰਾਖਵੇਂਕਰਨ ਦਾ ਅਸਲ ਲਾਭਪਾਤਰੀ ਲਾਭਪਾਤਰੀ ਦਾ ਪਰਵਾਰ ਸੀ, ਨਾ ਕਿ ਜਾਤੀ। ਜੇ ਨੀਤੀ ਬਣਾਉਣ ਵਾਲੇ ਲਗਨ ਨਾਲ ਕੰਮ ਕਰਦੇ ਤਾਂ ਉਨ੍ਹਾਂ ਨੂੰ ਇਹ ਹੱਲ ਜ਼ਰੂਰ ਅਹੁੜਦਾ।

ਅਤੇ ਇਹ ਯਕੀਨੀ ਬਣਾਉਣ ਲਈ ਕਿ ਰਾਖਵਾਂਕਰਨ ਦੇ ਲਾਭ ਸਾਰੇ ਲੋਕਾਂ ਨੂੰ ਹੱਕੀ ਰੂਪ ਵਿਚ ਮਿਲਣ, ਰਾਖਵਾਂਕਰਨ ਦਾ ਲਾਭ ਲੈਣ ਵਾਲੇ ਪਰਵਾਰਾਂ ਨੂੰ ਅਗਲੀ ਵਾਰ ਰਾਖਵਾਂਕਰਨ ਲੈਣ ਦੀ ਕੋਸ਼ਿਸ਼ ਕਰਨ 'ਤੇ ਆਪਣੀਆਂ ਸੰਭਾਵਨਾਵਾਂ ਨੂੰ ਅਨੁਪਾਤੀ ਰੂਪ 'ਚ ਦਬਾਏ ਜਾਣ (ਪ੍ਰਾਪਤ ਲਾਭ ਦੇ ਅਨੁਸਾਰ) ਦੀ ਪੀੜਾ ਝੱਲਣੀ ਚਾਹੀਦੀ ਹੈ। ਅਜਿਹੇ ਫਾਰਮੂਲੇ ਨਾਲ ਹੀ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਰਿਜ਼ਰਵੇਸ਼ਨ ਦਾ ਲਾਭ ਸਾਰੇ ਲੋਕਾਂ ਨੂੰ ਮਿਲੇ। ਇਹ 'ਕ੍ਰੀਮੀ ਲੇਅਰ' ਸ਼ਬਦ ਦੁਆਰਾ ਸੁਝਾਈ ਗਈ ਬੇਦਖ਼ਲੀ ਅਤੇ ਸ਼ਮੂਲੀਅਤ ਦੇ ਸਰਲ ਜੋਟਾਨੁਮਾ ਹੱਲ ਤੋਂ ਬਚਾਉਂਦਾ ਹੈ, ਜੋ ਅਕਸਰ ਭਲੇ ਨਾਲੋਂ ਵਧੇਰੇ ਨੁਕਸਾਨ ਦਾ ਕਾਰਨ ਬਣਦਾ ਹੈ। ਇਸ ਦੀ ਬਜਾਏ ਇਹ ਫਾਰਮੂਲਾ ਅਨੁਪਾਤਕਾ 'ਤੇ ਜ਼ੋਰ ਦਿੰਦਾ ਹੈ। ਮੌਕਿਆਂ 'ਤੇ ਰੋਕ ਪਹਿਲਾਂ ਪ੍ਰਾਪਤ ਕੀਤੇ ਲਾਭਾਂ ਦੇ ਅਨੁਪਾਤ ਵਿਚ ਹੋਣੀ ਚਾਹੀਦੀ ਹੈ, ਜਿਸ ਨੂੰ ਵੱਖ-ਵੱਖ ਰਿਜ਼ਰਵੇਸ਼ਨਾਂ ਦਾ ਮੁੱਲ ਅੰਗ ਕੇ ਮਾਪਿਆ ਜਾ ਸਕਦਾ ਹੈ। ਕਿਉਂਕਿ ਇਸ ਦਾ ਹੱਲ ਓਨਾ ਗੁੰਝਲਦਾਰ ਨਹੀਂ ਹੈ, ਜਿੰਨਾ ਇਹ ਲੱਗਦਾ ਹੈ। ਪਰਵਾਰ, ਜੋ ਕਿ ਇਸ ਮਾਡਲ ਵਿਚ ਬੁਨਿਆਦੀ ਇਕਾਈ ਹੈ, ਨੂੰ ਸਿਰਫ਼ ਇਕ ਪਿਤਾ, ਮਾਂ ਅਤੇ ਬੱਚਿਆਂ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ। ਜਦ ਤੱਕ ਬੱਚੇ ਵਿਆਹੇ ਨਹੀਂ ਜਾਂਦੇ ਅਤੇ ਆਪਣੇ ਪਰਵਾਰ ਨਹੀਂ ਬਣਾ ਲੈਂਦੇ।

ਰਾਖਵਾਂਕਰਨ ਚਾਹੁਣ ਵਾਲਾ ਵਿਅਕਤੀ ਸਿੱਧੇ ਤੌਰ 'ਤੇ ਆਪਣੀਆਂ ਅਤੇ ਆਪਣੇ ਮਾਪਿਆਂ ਦੀਆਂ ਪ੍ਰਾਪਤੀਆਂ ਤੋਂ ਲਾਭ ਪ੍ਰਾਪਤ ਕਰਦਾ ਹੈ, ਪਰ ਆਪਣੇ ਭੈਣ-ਭਰਾਵਾਂ ਦੀਆਂ ਪ੍ਰਾਪਤੀਆਂ ਤੋਂ ਕੁਝ ਹੱਦ ਤੀਕ।

ਮਾਡਲ ਵਿਚ, ਇਸ ਨੂੰ 100 ਪ੍ਰਤੀਸ਼ਤ ਅਤੇ 50 ਪ੍ਰਤੀਸ਼ਤ ਦੇ ਰੂਪ ਵਿਚ ਦਰਸਾਇਆ ਗਿਆ ਹੈ। ਜਾਣਕਾਰੀ ਸੌਖਿਆਂ ਹੀ ਬੇਨਤੀ-ਪੱਤਰ ਦੇ ਫਾਰਮ ਤੋਂ ਜੁਟਾਈ ਜਾ ਸਕਦੀ ਹੈ, ਜਿਸ ਵਿਚ ਰਾਖਵਾਂਕਰਨ ਦਾ ਲਾਭ ਲੈਣ ਦਾ ਇਤਿਹਾਸ ਹੋਣਾ ਚਾਹੀਦਾ ਹੈ।

ਰਾਖਵਾਂਕਰਨ ਦੇ ਲਾਭਾਂ ਦੀ ਸਿੱਖਿਆ ਅਤੇ ਰੋਜ਼ਗਾਰ ਵਰਗੇ ਪ੍ਰਮੁੱਖ ਖੇਤਰਾਂ ਵਿਚ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਅਤੇ ਇਸ ਦਾ ਉਦੇਸ਼ ਇਕ ਲਾਭਪਾਤਰੀ ਦੁਆਰਾ ਦੂਜਿਆਂ ਦੀ ਕੀਮਤ 'ਤੇ ਕਈ ਲਾਭ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਘਟਾਉਣਾ ਹੈ।

ਮਿਸਾਲ ਲਈ, ਪ੍ਰਾਪਤ ਲਾਭਾਂ ਦੇ ਪੱਧਰ ਦੇ ਅਧਾਰ 'ਤੇ ਅੰਕਾਂ ਦੀ ਇਕ ਯੋਜਨਾ ਸਥਾਪਤ ਕੀਤੀ ਜਾ ਸਕਦੀ ਹੈ। ਮਿਸਾਲ ਲਈ, ਸਿੱਖਿਆ ਦੇ ਖੇਤਰ ਵਿਚ, ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਪੱਧਰਾਂ 'ਤੇ ਪ੍ਰਾਪਤ ਰਾਖਵਾਂਕਰਨ ਲਾਭਾਂ ਨੂੰ ਵੱਖ-ਵੱਖ ਅੰਕ ਦਿੱਤੇ ਜਾ ਸਕਦੇ ਹਨ, ਜੋ ਇਨ੍ਹਾਂ ਪੱਧਰਾਂ ਦੇ ਲਾਭਪਾਤਰੀਆਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਵੱਖ-ਵੱਖ ਸੰਭਾਵਿਤ ਮੁੱਲਾਂ ਨੂੰ ਦਰਸਾਉਂਦੇ ਹਨ।

ਇਕ ਮਿਸਾਲ ਵਜੋਂ, ਮੈਂ ਸਿੱਖਿਆ ਵਿਚ ਰਾਖਵੇਂਕਰਨ ਲਈ ਹੇਠ ਲਿਖੀ ਕਾਰਜ ਯੋਜਨਾ ਤਜਵੀਜ਼ ਕਰਦਾ ਹਾਂ :

| | ਗ਼ੈਰ-ਪੇਸ਼ੇਵਰ | ਪੇਸ਼ੇਵਰ |
|---|---|---|
| ਗ੍ਰੈਜੂਏਟ ਪੱਧਰ ਦਾ ਰਾਖਵਾਂਕਰਨ | 25 | 40 |
| ਪੋਸਟ ਗ੍ਰੈਜੂਏਟ ਪੱਧਰ ਦਾ ਰਾਖਵਾਂਕਰਨ | 50 | 60 |

ਉਪਰੋਕਤ ਅੰਕ ਛੋਟ (ਡਿਸਕਾਊਂਟ) ਅੰਕਾਂ ਨੂੰ ਦਰਸਾਉਂਦੇ ਹਨ; ਜਿੰਨੇ ਜ਼ਿਆਦਾ ਛੋਟੇ ਅੰਕ ਹੋਣਗੇ, ਰਾਖਵੇਂਕਰਨ ਦਾ ਲਾਭ ਲੈਣ ਦੀ ਸੰਭਾਵਨਾ ਓਨੀ ਹੀ ਘੱਟ ਹੁੰਦੀ ਹੈ।

ਇਸੇ ਤਰ੍ਹਾਂ ਰੋਜ਼ਗਾਰ ਰਾਖਵੇਂਕਰਨਾਂ ਲਈ ਇਕ ਸਧਾਰਨ ਕਾਰਜ ਯੋਜਨਾ ਤਜਵੀਜ਼ ਕੀਤੀ ਗਈ ਹੈ :

| | |
|---|---|
| ਕਲਾਸ ਡੀ | 20 |
| ਕਲਾਸ ਸੀ | 30 |
| ਕਲਾਸ ਬੀ | 40 |
| ਕਲਾਸ ਏ | 80 |
| ਸੀਨੀਅਰ ਕਲਾਸ ਏ | 100 |

ਇਕ ਪਰਵਾਰ ਜਿਸ ਵਿਚ ਇਕ ਪਿਤਾ, ਮਾਤਾ, ਉਹ ਖ਼ੁਦ ਅਤੇ ਭੈਣ-ਭਰਾ ਸ਼ਾਮਲ ਹਨ, ਵਿਚ ਖ਼ਪਤ ਵਜ਼ਨ ਦੀ ਵੰਡ ਕ੍ਰਮਵਾਰ 100, 100 ਅਤੇ 50 ਹੈ। ਮੰਨ ਲਓ ਕਿ ਦੋ ਭੈਣ-ਭਰਾ ਹਨ (ਗਿਣਤੀ ਦੀ ਕੋਈ ਸੀਮਾ ਨਹੀਂ ਹੈ) ਜਿਨ੍ਹਾਂ ਨੇ ਪੇਸ਼ੇਵਰ ਪੋਸਟ-ਗ੍ਰੈਜੂਏਟ ਕੋਰਸਾਂ ਲਈ ਰਾਖਵਾਂਕਰਨ ਦਾ ਲਾਭ ਲਿਆ ਹੈ, ਤਾਂ ਜੋੜਿਆ ਗਿਆ ਵਜ਼ਨ 40 ਹੋਵੇਗਾ।

**ਆਓ ਇਸ ਨੂੰ ਇਕ ਮਿਸਾਲ ਦੀ ਮਦਦ ਨਾਲ ਦੇਖੀਏ :**

ਮੰਨ ਲਓ, ਪੰਜ ਉਮੀਦਵਾਰ ਆਪਣੇ ਬਾਇਓ-ਡੇਟਾ ਵਿਚ ਹੇਠ ਲਿਖੀ ਮਾਤਰਾ ਨਾਲ ਨੌਕਰੀ ਚਾਹ ਰਹੇ ਹਨ। ਬਰੈਕਟ (ਆਰ) ਰਿਜ਼ਰਵੇਸ਼ਨ ਲਾਭ ਪ੍ਰਾਪਤ ਕਰਨ ਵਾਲੇ ਨੂੰ ਦਰਸਾਉਂਦੀ ਹੈ।

ਪਿਤਾ : ਬੀ ਟੈੱਕ (ਆਰ), ਐੱਮ ਟੈੱਕ (ਆਰ), ਸੀਨੀਅਰ ਕਲਾਸ ਏ; ਮਾਤਾ : ਐੱਮ ਐੱਸ ਸੀ (ਆਰ), ਕਲਾਸ ਏ; ਖ਼ੁਦ: ਬੀ ਈ, ਐੱਮ ਬੀ ਏ (ਆਰ) ਭੈਣ/ਭਰਾ 1: ਬੀ ਟੈੱਕ (ਆਰ); ਭੈਣ/ਭਰਾ 2: ਐੱਮ ਏ

ਪਿਤਾ ਬੀ ਐੱਸ ਸੀ (ਆਰ) ਕਲਾਸ ਬੀ; ਮਾਤਾ ਐੱਮ ਏ, ਕਲਾਸ ਏ, ਖ਼ੁਦ : ਬੀ ਟੈੱਕ (ਆਰ), ਐੱਮ ਟੈੱਕ (ਆਰ) ਭੈਣ/ਭਰਾ 1: ਐੱਮ ਏ (ਆਰ), ਪੀ ਐੱਚ ਡੀ (ਆਰ); ਭੈਣ/ਭਰਾ 2: ਬੀ ਟੈੱਕ (ਆਰ)

ਪਿਤਾ : ਨਿੱਲ, ਮਾਤਾ ਕਲਾਸ ਸੀ (ਆਰ); ਖ਼ੁਦ : ਬੀ ਟੈੱਕ (ਆਰ), ਐੱਮ ਟੈੱਕ (ਆਰ), ਭੈਣ/ਭਰਾ 1: ਬੀ ਟੈੱਕ

ਪਿਤਾ : ਬੀ ਐੱਸ ਸੀ (ਆਰ), ਐੱਮ ਐੱਸ ਸੀ (ਆਰ), ਕਲਾਸ ਏ (ਆਰ); ਮਾਤਾ: ਐੱਮ ਐੱਸ ਸੀ (ਆਰ), ਕਲਾਸ ਬੀ (ਆਰ), ਖ਼ੁਦ : ਬੀ ਟੈੱਕ (ਆਰ), ਭੈਣ/ਭਰਾ 1: ਬੀ ਟੈੱਕ, ਐੱਮ ਬੀ ਏ (ਆਰ)

ਪਿਤਾ : ਨਿੱਲ, ਮਾਤਾ : ਨਿੱਲ; ਖ਼ੁਦ : ਬੀ ਈ (ਆਰ); ਭੈਣ/ਭਰਾ 1: ਨਿੱਲ

ਰਾਖਵਾਂਕਰਨ ਫੈਕਟਰ (ਆਰ ਐੱਫ) ਦਾ ਹਿਸਾਬ ਇਕ ਸਧਾਰਨ ਅੰਕ ਗਣਿਤ ਫਾਰਮੂਲੇ ਦੀ ਵਰਤੋਂ ਕਰਕੇ ਲਾਇਆ ਜਾ ਸਕਦਾ ਹੈ :

**ਫਾਰਮੂਲਾ**

ਇਸ ਤਰ੍ਹਾਂ ਸਾਰੇ ਪੰਜ ਉਮੀਦਵਾਰਾਂ ਲਈ ਆਰ ਐੱਫ ਦੀ ਗਣਨਾ ਹੇਠਾਂ ਸਾਰਣੀਬੱਧ ਕੀਤੀ ਗਈ ਹੈ :

| ਉਮੀਦਵਾਰ | ਆਰ ਐੱਫ |
|---|---|
| ਆਰ ਐੱਫ 1 | −0.950 |
| 2 | −0.428 |
| 3 | 0.350 |
| 4 | −0.575 |
| 5 | 0.800 |

ਉਮੀਦਵਾਰਾਂ ਨੂੰ ਇਸ ਤਰ੍ਹਾਂ ਦਰਜਾ ਦਿੱਤਾ ਜਾਵੇਗਾ : 5,3,2,4 ਅਤੇ 1। ਜੇ ਦੋ ਅਸਾਮੀਆਂ ਹਨ, ਤਾਂ 5 ਅਤੇ 3 ਨੰਬਰ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਜੇ ਮੈਰਿਟ ਸਕੋਰ ਹਨ, ਤਾਂ ਉਨ੍ਹਾਂ ਦੇ ਪੋਸਟ-ਆਰ ਐੱਫ ਸਕੋਰਾਂ ਦੀ ਗਣਨਾ ਕਰਨ ਲਈ ਉਨ੍ਹਾਂ ਨੂੰ ਇਨ੍ਹਾਂ ਕਾਰਕਾਂ ਨਾਲ ਗੁਣਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦਾ ਰੈਂਕ ਤੈਅ ਕੀਤਾ ਜਾ ਸਕਦਾ ਹੈ। ਇਹ ਹਮੇਸ਼ਾ ਉਨ੍ਹਾਂ ਦੇ ਪੱਖ 'ਚ ਜਾਵੇਗਾ, ਜਿਨ੍ਹਾਂ ਨੂੰ ਰਾਖਵਾਂਕਰਨ ਨਹੀਂ ਮਿਲਿਆ, ਉਨ੍ਹਾਂ ਦੇ ਮੁਕਾਬਲੇ ਜਿਨ੍ਹਾਂ ਨੂੰ ਕਿਸੇ ਰੂਪ ਵਿਚ ਰਾਖਵਾਂਕਰਨ ਮਿਲ ਚੁੱਕਾ ਹੈ।

ਇਸ ਪ੍ਰਣਾਲੀ ਦੀ ਯੋਗਤਾ ਹੇਠ ਲਿਖੇ ਅਨੁਸਾਰ ਹੋਵੇਗੀ :

ਇਹ ਲਾਭਪਾਤਰੀਆਂ ਨੂੰ ਸਰਸਰੀ ਤੌਰ 'ਤੇ ਬਾਹਰ ਨਹੀਂ ਕਰਦਾ, ਪਰ ਉਨ੍ਹਾਂ ਦੇ ਪਹਿਲਾਂ ਪ੍ਰਾਪਤ ਕੀਤੇ ਰਾਖਵੇਂਕਰਨ ਲਾਭਾਂ ਦੇ ਅਨੁਸਾਰ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਘਟਾਉਂਦਾ ਹੈ।

ਇਹ ਡਾਟਾ ਇਕੱਠਾ ਕਰਨ ਦੇ ਨਾਲ-ਨਾਲ ਕੰਪਿਊਟੇਸ਼ਨ ਲਈ ਵੀ ਕਾਫ਼ੀ ਸੌਖਾ ਹੈ।

ਚਾਹੇ ਜੋ ਵੀ ਜਾਤਾਂ ਅਤੇ ਬਰਾਦਰੀਆਂ ਹੋਣ, ਇਹ ਰਾਖਵੇਂਕਰਨ ਦੇ ਲਾਭਾਂ ਦੀ ਨਿਆਂਪੂਰਨ ਵੰਡ ਨੂੰ ਯਕੀਨੀ ਬਣਾਉਂਦਾ ਹੈ।

**ਪੋਸਟ ਸਕ੍ਰਿਪਟ**

ਮੈਂ ਇਹ ਹੱਲ 1990 ਦੇ ਦਹਾਕੇ ਤੋਂ ਪੇਸ਼ ਕਰ ਰਿਹਾ ਹਾਂ ਜਦੋਂ ਆਂਧਰਾ ਪ੍ਰਦੇਸ਼ ਵਿਚ ਉੱਪ-ਵਰਗੀਕਰਨ ਦੀ ਮੰਗ ਪਹਿਲੀ ਵਾਰ ਉੱਭਰੀ ਸੀ।

ਇਹ ਵਿਚਾਰ ਦੇ ਰੂਪ ਵਿਚ ਪੇਸ਼ ਕੀਤੀ ਗਈ ਸੀ, ਪਰ ਇਹ ਸਮਝਣਾ ਮੁਸ਼ਕਲ ਨਹੀਂ ਸੀ ਕਿ ਕੀ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਈ ਸੱਚੀ ਇੱਛਾ ਸੀ, ਪਰ ਜ਼ਾਹਿਰ ਹੈ ਕਿ ਕੁਝ ਲੋਕ ਨਹੀਂ ਚਾਹੁੰਦੇ ਕਿ ਸਮੱਸਿਆਵਾਂ ਦਾ ਹੱਲ ਹੋਵੇ; ਇਨ੍ਹਾਂ ਨੂੰ ਵਧਾਉਣ ਅਤੇ ਕਾਇਮ ਰੱਖਣ ਵਿਚ ਹੀ ਉਨ੍ਹਾਂ ਦੇ ਸਵਾਰਥੀ ਹਿੱਤ ਹਨ, ਕੁਝ ਅਜਿਹਾ ਜਿਸ ਦਾ ਹਾਕਮ ਜਮਾਤਾਂ ਆਨੰਦ ਲੈਂਦੀਆਂ ਹਨ।

ਇਹ ਕਹਿਣ ਤੋਂ ਬਾਅਦ ਵੀ, ਮੁੱਖ ਮੁੱਦਾ ਬਾਕੀ ਹੈ: ਜਦੋਂ ਨਵਉਦਾਰਵਾਦੀ ਨੀਤੀਆਂ ਅਤੇ ਆਸੇ-ਪਾਸਿਓਂ ਪ੍ਰਵੇਸ਼ (ਲੇਟਰਲ ਐਂਟਰੀ) ਵਰਗੀਆਂ ਪਹਿਲਕਦਮੀਆਂ ਦੇ ਹਮਲੇ ਕਾਰਨ ਰਾਖਵਾਂਕਰਨ ਦੀ ਜਗ੍ਹਾ ਘੱਟ ਹੁੰਦੀ ਜਾ ਰਹੀ ਹੈ, ਤਾਂ ਇਨ੍ਹਾਂ ਹੱਲਾਂ ਦਾ ਕੀ ਮਹੱਤਵ ਰਹਿ ਜਾਂਦਾ ਹੈ ?

# ਫ਼ਾਸ਼ੀਵਾਦ ਦੀ ਪਰਿਭਾਸ਼ਾ

ਹਰਵਿੰਦਰ ਭੰਡਾਲ



ਪਿਛਲੇ ਕੁਝ ਵਰ੍ਹਿਆਂ ਤੋਂ ਭਾਰਤ ਹੀ ਨਹੀਂ, ਪੂਰੇ ਸੰਸਾਰ ਅੰਦਰ 'ਫਾਸ਼ੀਵਾਦ' ਸ਼ਬਦ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ। ਕੀ ਫਾਸ਼ੀਵਾਦ ਦੇ ਪ੍ਰੇਤ ਸੰਸਾਰ ਦੇ ਅੰਬਰਾਂ ਉੱਤੇ ਮੰਡਰਾ ਰਹੇ ਹਨ? ਸੋਚਿਆ ਤਾਂ ਇਹ ਗਿਆ ਸੀ ਕਿ ਫਾਸ਼ੀਵਾਦ ਦੂਸਰੀ ਸੰਸਾਰ ਜੰਗ ਵਿੱਚ ਇਟਲੀ ਅਤੇ ਜਰਮਨੀ ਦੀ ਫੈਸਲਾਕੁੰਨ ਹਾਰ ਨਾਲ ਹਮੇਸ਼ਾ ਲਈ ਖਤਮ ਹੋ ਗਿਆ ਹੈ। ਫਿਰ ਪਿਛਲੇ ਵਰ੍ਹਿਆਂ ਦੌਰਾਨ ਇਹ ਫਿਰ ਸਿਆਸੀ ਅਤੇ ਬੌਧਿਕ ਪ੍ਰਵਚਨਾਂ ਦਾ ਹਿੱਸਾ ਕਿਉਂ ਬਣਨਾ ਸ਼ੁਰੂ ਹੋ ਗਿਆ ਹੈ? ਕੀ ਇਹ ਦੌਰ ਨਵੇਂ ਤਰ੍ਹਾਂ ਦੇ ਫਾਸ਼ੀਵਾਦ ਦਾ ਦੌਰ ਹੈ? ਜਾਂ ਫਿਰ ਇਤਿਹਾਸ ਹੀ ਆਪਣੇ-ਆਪ ਨੂੰ ਦੁਹਰਾਅ ਰਿਹਾ ਹੈ? ਭਾਰਤ ਦੇ ਪ੍ਰਸੰਗ ਵਿੱਚ ਵੀ ਕੁਝ ਲੋਕ ਆਖਦੇ ਹਨ ਕਿ ਅਸੀਂ ਫਾਸ਼ੀਵਾਦੀ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਕੁਝ ਆਖਦੇ ਹਨ ਕਿ ਅਜੇ ਫਾਸ਼ੀਵਾਦ ਆਇਆ ਨਹੀਂ, ਪਰ ਅਸੀਂ ਫਾਸ਼ੀਵਾਦੀ ਬਣਨ ਵੱਲ ਜਾ ਜ਼ਰੂਰ ਰਹੇ ਹਾਂ। ਕੁਝ ਹੋਰ ਸ਼ੰਕਾਵਾਦੀ ਇਸ ਬਹਿਸ ਵਿੱਚ ਇਹ ਕਹਿ ਕੇ ਇੱਕ ਨਵਾਂ ਪਾਸਾਰ ਜੋੜ ਦਿੰਦੇ ਹਨ ਕਿ ਅਸੀਂ ਸਾਰੇ ਹੀ ਆਪਣੇ ਆਪ ਅੰਦਰ ਫਾਸ਼ੀਵਾਦੀ ਹਾਂ। ਇਸ ਤਰ੍ਹਾਂ ਉਹ ਇਸ ਨੂੰ ਸਿਆਸੀ, ਆਰਥਿਕ ਜਾਂ ਸੱਭਿਆਚਾਰਕ ਪ੍ਰਸੰਗ ਨਾਲੋਂ ਤੋੜ ਕੇ ਵਿਅਕਤੀ ਦੀ ਅੰਤਰਮੁਖਤਾ ਨਾਲ ਜੋੜ ਦਿੰਦੇ ਹਾਂ। ਫਾਸ਼ੀਵਾਦ ਦੀ ਸਮੁੱਚੀ ਜ਼ਮੀਨ ਅਤੇ ਅਰਥ ਹੀ ਨਕਾਰ ਦਿੱਤੇ ਜਾਂਦੇ ਹਨ।

ਇਹਨਾਂ ਸਵਾਲਾਂ ਨੂੰ ਵਿਚਾਰਨ ਤੋਂ ਪਹਿਲਾਂ 'ਫਾਸ਼ੀਵਾਦ ਸ਼ਬਦ ਜਾਂ ਸੰਕਲਪ/ਵਰਤਾਰੇ ਨੂੰ ਵਿਚਾਰਨ ਦੀ ਜ਼ਰੂਰਤ ਹੈ। ਬਹੁਤੀ ਵਾਰ ਇਸ ਨੂੰ ਬਿਲਕੁਲ ਸਧਾਰਨ ਅਰਥਾਂ ਵਿੱਚ ਵਰਤ ਲਿਆ ਜਾਂਦਾ ਹੈ। ਆਪਣੇ ਆਪ ਨੂੰ ਮਾਰਕਸਵਾਦੀ ਜਾਂ ਕਮਿਊਨਿਸਟ ਅਖਵਾਉਣ ਵਾਲੇ ਵਧੇਰੇ ਚਿੰਤਕ/ ਨੇਤਾ/ ਕਾਰਜਕਰਤਾ ਵੀ ਹਰ ਦਮਨਕਾਰੀ ਜਾਂ ਤਾਨਾਸ਼ਾਹ ਹਕੂਮਤ ਬਾਰੇ ਬਿਨਾਂ ਕੁਝ ਸੋਚਿਆਂ, ਬਿਨਾਂ ਕਿਸੇ ਝਿਜਕ ਤੋਂ, ਫਾਸ਼ੀਵਾਦੀ ਹੋਣ ਦਾ ਫ਼ਤਵਾ ਜਾਰੀ ਕਰ ਦਿੰਦੇ ਹਨ। ਜੋ ਸੱਤਾ ਮਜ਼ਦੂਰ-ਕਿਸਾਨ ਲਹਿਰ ਨੂੰ ਤਾਕਤ ਦੇ ਬਲ ਦਬਾਉਂਦੀ ਹੈ, ਉਹ ਉਹਨਾਂ ਲਈ ਫਾਸ਼ੀਵਾਦੀ ਹੀ ਹੈ। ਦੇਖਿਆ ਜਾਵੇ ਤਾਂ ਹਰੇਕ ਸੱਤਾ ਵਾਂਗ, ਸਰਮਾਏਦਾਰੀ ਸੱਤਾ ਵੀ ਹਮੇਸ਼ਾ ਦਮਨ-ਮੂਲਕ ਅਧਾਰਾਂ ਉੱਤੇ ਹੀ ਖੜੀ ਹੁੰਦੀ ਹੈ। ਫਿਰ ਤਾਂ ਸਰਮਾਏਦਾਰੀ ਨਿਜ਼ਾਮ ਦਾ ਹਰੇਕ ਪਲ ਅਤੇ ਹਰੇਕ ਰੂਪ ਹੀ ਫਾਸ਼ੀਵਾਦੀ ਹੈ। ਇਸ ਲਈ ਫਾਸ਼ੀਵਾਦ ਦੇ ਇੱਕ ਅਲੱਗ, ਅਲੋਕਾਰੀ ਵਰਤਾਰੇ ਵਜੋਂ ਵਿਸ਼ਲੇਸ਼ਣ ਦੀ ਕੋਈ ਲੋੜ ਹੀ ਨਹੀਂ ਬਚਦੀ।

### ਫ਼ਾਸ਼ੀਵਾਦ ਦੀ ਪਰਿਭਾਸ਼ਾ

ਪ੍ਰੰਤੂ 20ਵੀਂ ਸਦੀ ਦੇ ਅਰੰਭਲੇ ਦਹਾਕਿਆਂ ਵਿੱਚ ਸਾਹਮਣੇ ਆਇਆ ਫਾਸ਼ੀਵਾਦ ਦਾ ਵਰਤਾਰਾ ਏਨਾ ਭਿਆਨਕ ਹੈ ਕਿ ਅਸੀਂ ਇਸ ਨੂੰ ਸਧਾਰਨੀਕਰਨ ਕਰਕੇ ਛੱਡ ਦੇਣ ਦਾ ਜੋਖਮ ਮੁੱਲ ਨਹੀਂ ਲੈ ਸਕਦੇ। ਪਿਛਲੀ ਸਦੀ ਵਿੱਚ ਇਹ ਇੱਕ ਨਵਾਂ ਵਰਤਾਰਾ ਸੀ। ਇਸ ਲਈ ਬਹੁਤ ਸਾਰੇ ਖੱਬੇ-ਪੱਖੀਆਂ, ਮਾਰਕਸਵਾਦੀਆਂ ਨੂੰ ਇਹਨੂੰ ਸਮਝਣ ਵਿੱਚ ਮੁਸ਼ਕਿਲ ਪੇਸ਼ ਆਈ। ਉਹਨਾਂ ਦੀ ਗਲਤ ਸਮਝ ਨੇ ਹੀ ਇਸ ਨੂੰ ਫੈਲਣ ਲਈ ਖੁੱਲ੍ਹੀ ਜ਼ਮੀਨ ਮੁਹੱਈਆ ਕਰਵਾ ਦਿੱਤੀ। ਕਿਸੇ ਵਰਤਾਰੇ ਦਾ ਟਾਕਰਾ ਕਰਨ ਲਈ ਉਸ ਦੀ ਦਵੰਦਾਤਮਕਤਾ ਨੂੰ ਜਾਨਣਾ ਤਾਂ ਜ਼ਰੂਰੀ ਹੁੰਦਾ ਹੀ ਹੈ।


ਇੱਕ ਉਦਾਹਰਣ ਨਾਲ ਗੱਲ ਸਮਝਦੇ ਹਾਂ। ਫਾਸ਼ੀਵਾਦ ਸਭ ਤੋਂ ਪਹਿਲਾਂ 1922 ਵਿੱਚ ਇਟਲੀ ਵਿੱਚ ਸਾਹਮਣੇ ਆਇਆ। ਕੁਝ ਮਾਰਕਸਵਾਦੀਆਂ ਨੇ 1923 ਤੋਂ 30 ਤੱਕ ਦੀ ਪਰਾਈਮੋ ਡੀ ਰਿਵੇਰਾ ਦੀ ਅਤੇ ਬਾਅਦ ਵਿੱਚ ਫਰਾਂਸਿਸਕੋ ਫਰੈਂਕੋ ਦੀ ਤਾਨਾਸ਼ਾਹੀ ਨੂੰ ਵੀ ਫਾਸ਼ੀਵਾਦ ਦਾ ਹੀ ਨਾਂਅ ਦਿੱਤਾ। ਉਹ ਗਲਤ ਸਨ।

ਬੇਨੀਤੋ ਮੁਸੋਲਿਨੀ ਇਟਲੀ ਦੀ ਫਾਸ਼ੀਵਾਦੀ ਲਹਿਰ ਦਾ ਆਗੂ ਸੀ, ਪ੍ਰੰਤੂ ਫਾਸ਼ੀਵਾਦ ਆਪਮੁਹਾਰੀ ਜਨਤਾ ਦੀ ਲਹਿਰ ਸੀ, ਜਿਸ ਅੰਦਰ ਜ਼ਮੀਨੀ ਪੱਧਰ ਤੋਂ ਆਗੂ ਪੈਦਾ ਹੋ ਰਹੇ ਸਨ। ਮੁਸੋਲਿਨੀ ਦਾ ਪਿਤਾ ਲੁਹਾਰ ਸੀ। ਮੁਸੋਲਿਨੀ ਖੁਦ ਪਹਿਲਾਂ ਸਮਾਜਵਾਦੀ ਲਹਿਰ ਦਾ ਹਿੱਸਾ ਸੀ, ਪ੍ਰੰਤੂ ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲੈਣ ਦੀ ਹਮਾਇਤ ਕਰਨ ਕਰਕੇ ਉਸ ਦੇ ਹੋਰ ਸਮਾਜਵਾਦੀਆਂ ਨਾਲ ਮੱਤਭੇਦ ਪੈਦਾ ਹੋ ਗਏ। ਉਸ ਨੇ ਉਸ ਫਾਸ਼ੀਵਾਦੀ ਲਹਿਰ ਨੂੰ ਪੈਦਾ ਕਰਨ ਵਿੱਚ ਆਪਣੀ ਭੂਮਿਕਾ ਨਿਭਾਈ, ਜਿਸ ਦਾ ਮੰਨਣਾ ਸੀ ਕਿ ਅਮਨ ਦੀ ਨਾ ਤਾਂ ਕੋਈ ਸੰਭਾਵਨਾ ਹੋ ਸਕਦੀ ਹੈ ਅਤੇ ਨਾ ਹੀ ਕੋਈ ਉਪਯੋਗਤਾ। ਉਸ ਨੇ 'ਬਲੈਕ ਸ਼ਰਟਸ ਨਾਂਅ ਦੀ ਹਿੰਸਕ ਨੀਮ-ਸੈਨਾ ਬਣਾ ਕੇ ਸਮਾਜਵਾਦੀਆਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਇਆ। ਮੁਸੋਲਿਨੀ ਤਾਕਤ ਦੇ ਜ਼ੋਰ ਉੱਤੇ ਕਮਜ਼ੋਰ ਇਟਲੀ ਹਕੂਮਤ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰਨਾ ਚਾਹੁੰਦਾ ਸੀ, ਜਿਸ ਵਿੱਚ ਉਹ ਸਫ਼ਲ ਵੀ ਹੋਇਆ। ਇਟਲੀ ਉੱਤੇ ਫਾਸ਼ੀਵਾਦੀ ਹਕੂਮਤ ਕਾਇਮ ਹੋ ਗਈ। ਫਾਸ਼ੀਵਾਦ ਆਪਣੇ ਮੂਲ ਵਿੱਚ ਲੋਕਾਂ ਦੀ ਲਹਿਰ ਸੀ, ਜਿਸ ਨੂੰ ਵੱਡੇ ਸਰਮਾਏ ਵਾਲੀਆਂ ਤਾਕਤਾਂ ਦਿਸ਼ਾ ਦੇ ਰਹੀਆਂ ਸਨ ਅਤੇ ਫੰਡਿੰਗ ਕਰ ਰਹੀਆਂ ਸਨ। ਇਸ ਲਹਿਰ ਵਿੱਚ ਛੋਟੇ ਵਪਾਰੀ/ਹੱਟੀਦਾਰ, ਕਿਸਾਨ, ਲੁੰਪਨ ਅਤੇ ਗੈਰ-ਲੁੰਪਨ ਪ੍ਰੋਲੇਤਾਰੀ ਜਮਾਤਾਂ ਸ਼ਾਮਲ ਸਨ। ਸਾਬਕਾ ਸਮਾਜਵਾਦੀ ਮੁਸੋਲਿਨੀ ਇਸ ਲਹਿਰ ਦੀ ਉਪਜ ਸੀ ਅਤੇ ਇਸ ਵਿੱਚੋਂ ਉੱਠ ਕੇ ਆਗੂ ਬਣਿਆ ਸੀ।

ਪਰਾਈਮੋ ਡੀ ਰਿਵੇਰਾ ਰਈਸ ਸੀ। ਉੱਚੇ ਫੌਜੀ ਅਤੇ ਨੌਕਰਸ਼ਾਹ ਅਹੁਦੇ ਉੱਤੇ ਬੈਠਾ ਉਹ ਕੈਟਾਲੋਨੀਆ ਦਾ ਗਵਰਨਰ ਸੀ। ਉਹ ਸਟੇਟ ਅਤੇ ਫੌਜੀ ਤਾਕਤਾਂ ਦੀ ਮਦਦ ਨਾਲ ਸੱਤਾ ਉੱਤੇ ਕਾਬਜ਼ ਹੋਇਆ ਸੀ। ਸਪੇਨੀ ਖਾਨਾਜੰਗੀ ਵਿੱਚ ਜੇਤੂ ਰਹੇ ਫਰੈਂਕੋ ਦਾ ਸੱਤਾ ਉੱਤੇ ਕਬਜ਼ਾ ਵੀ ਸਿੱਧਾ ਫੌਜੀ ਦਖਲ ਸੀ। ਉਸ ਦੇ ਸ਼ਾਸਨ ਨੇ ਬਾਅਦ ਵਿੱਚ ਵੀ ਫਾਸ਼ੀ ਅਲਾਮਤਾਂ ਨਹੀਂ ਦਿਖਾਈਆਂ ਤੇ ਉਹ ਪੂਰੀ ਸੰਸਾਰ ਜੰਗ ਦੌਰਾਨ ਨਿਰਪੱਖ ਰਿਹਾ। ਇਸ ਲਈ ਇਟਲੀ ਅਤੇ ਸਪੇਨ ਦੀਆਂ ਤਾਨਾਸ਼ਾਹੀਆਂ ਇੱਕੋ ਜਿਹੀਆਂ ਨਹੀਂ ਸਨ। ਫਾਸ਼ੀਵਾਦ ਹਮੇਸ਼ਾ ਲੋਕਾਂ ਦੀ ਸਰਗਰਮ ਸ਼ਮੂਲੀਅਤ ਨਾਲ ਹੋਂਦ ਵਿੱਚ ਆਉਂਦਾ ਹੈ। ਜਿਵੇਂ ਕਿ ਜਰਮਨੀ ਵਿੱਚ ਵੀ ਵਾਪਰਿਆ। ਜਰਮਨੀ ਅੰਦਰ ਵੀ ਇਟਲੀ ਵਾਂਗ ਹੀ ਜਨਤਕ ਲਹਿਰ ਸੀ, ਜਿਸ ਵਿੱਚ ਆਗੂ ਸਮਾਜਵਾਦੀ ਮੁਹਾਵਰੇ ਹੀ ਵਰਤ ਰਹੇ ਸਨ। ਇਹਨਾਂ ਤੋਂ ਬਿਨਾਂ ਉਸ ਯੁੱਗ ਵਿੱਚ ਜਨਤਕ ਲਹਿਰ ਨਹੀਂ ਸੀ ਉਸਾਰੀ ਜਾ ਸਕਦੀ। ਹਿਟਲਰ ਦੀ ਪਾਰਟੀ ਦਾ ਨਾਂਅ ਨੈਸ਼ਨਲ ਸੋਸ਼ਲਿਸਟ ਪਾਰਟੀ ਸੀ।

ਫਾਸ਼ੀਵਾਦ ਦਾ ਅਸਲ ਅਧਾਰ ਛੋਟੇ ਵਪਾਰੀ/ਹੱਟੀਦਾਰ (petty bourgeoisie), ਕਿਸਾਨ, ਲੁੰਪਨ ਅਤੇ ਗੈਰ-ਲੁੰਪਨ ਪ੍ਰੋਲੇਤਾਰੀ ਜਮਾਤਾਂ ਹੀ ਸਨ। ਇਹਨਾਂ ਵਿੱਚੋਂ ਵੀ ਛੋਟੇ ਵਪਾਰੀ/ਹੱਟੀਦਾਰ ਜਮਾਤ ਨੇ ਵੱਡੀ ਭੂਮਿਕਾ ਨਿਭਾਈ। ਇਸ ਜਮਾਤ ਦੀ ਆਰਥਿਕ ਨਿਰਭਰਤਾ ਹੋਰਨਾਂ ਜਮਾਤਾਂ ਉੱਤੇ ਹੁੰਦੀ ਹੈ ਅਤੇ ਇਹ ਸਿਆਸੀ ਤੌਰ ਉੱਤੇ ਵੀ ਟੁਕੜਿਆਂ ਵਿੱਚ ਵੰਡੀ ਹੁੰਦੀ ਹੈ। ਇਸ ਲਈ ਇਹ ਆਪਣੀ ਕੋਈ ਅਜ਼ਾਦਾਨਾ ਨੀਤੀ ਨਹੀਂ ਬਣਾ ਸਕਦੀ। ਇਹ ਹਮੇਸ਼ਾ ਕਿਸੇ ਮਜ਼ਬੂਤ ਆਗੂ ਜਾਂ ਪਾਰਟੀ ਦੀ ਭਾਲ ਵਿੱਚ ਰਹਿੰਦੀ ਹੈ, ਜੋ ਇਸ ਅੰਦਰ ਆਤਮ-ਵਿਸ਼ਵਾਸ ਪੈਦਾ ਕਰ ਸਕੇ। ਇਸੇ ਲਈ ਇਹ ਕਦੇ ਸਰਮਾਏਦਾਰਾਂ ਵੱਲ ਝੁਕਦੀ ਹੈ ਤੇ ਕਦੇ ਮਜ਼ਦੂਰ ਜਮਾਤ ਵੱਲ। ਫਾਸ਼ੀਵਾਦ ਨੇ ਇਹਨਾਂ ਜਮਾਤਾਂ ਨੂੰ ਜਥੇਬੰਦ ਅਤੇ ਹਥਿਆਰਬੰਦ ਕੀਤਾ। ਇਸ ਲਈ ਇਹਨਾਂ ਜਮਾਤਾਂ ਅੰਦਰ ਅਜ਼ਾਦ ਤਾਕਤ ਹੋਣ ਦਾ ਭਰਮ ਪੈਦਾ ਹੋਇਆ। ਇਹਨਾਂ ਜਮਾਤਾਂ ਨੂੰ ਜਾਪਿਆ ਕਿ ਉਹ ਹਕੂਮਤ ਉੱਤੇ ਕਾਬਜ਼ ਹੋ ਸਕਦੀਆਂ ਹਨ, ਪਰ ਨੌਕਰਸ਼ਾਹ ਅਤੇ ਵੱਡੇ ਸਰਮਾਏ ਦੇ ਮਾਲਕ ਫਾਸ਼ੀਵਾਦੀ ਸੱਤਾ ਦੀਆਂ ਪਤਵੰਤੀਆਂ ਜਮਾਤਾਂ ਸਨ। ਇਹਨਾਂ ਸਾਰੀਆਂ ਜਮਾਤਾਂ ਦੇ ਕੁਮੇਲ ਵਿੱਚੋਂ ਫਾਸ਼ੀਵਾਦ ਪੈਦਾ ਹੋਇਆ, ਜੋ ਸੱਜੇ ਪੱਖੀ, ਅੰਧ-ਰਾਸ਼ਟਰਵਾਦੀ ਸੀ। ਸਟੇਟ ਉੱਤੇ ਕਬਜ਼ੇ ਤੋਂ ਬਾਅਦ ਛੋਟੇ ਵਪਾਰੀ/ਹੱਟੀਦਾਰ ਜਮਾਤਾਂ ਨੂੰ ਨਜ਼ਰਅੰਦਾਜ਼ ਕਰਕੇ ਸੱਤਾ ਨੌਕਰਸ਼ਾਹ ਅਤੇ ਵੱਡੇ ਸਰਮਾਏ ਦੇ ਮਾਲਕਾਂ ਦੀ ਰਖੇਲ ਬਣ ਗਈ।

ਇਸ ਤਰ੍ਹਾਂ ਸਰਮਾਏਦਾਰੀ ਦਾ ਫ਼ਾਸ਼ੀਵਾਦੀ ਚਿਹਰਾ ਉਦੋਂ ਸਾਹਮਣੇ ਆਉਂਦਾ ਹੈ, ਜਦੋਂ ਸੰਕਟ ਦੀ ਗੰਭੀਰਤਾ ਕਾਰਨ ਸਾਰੇ ਪਰੰਪਰਕ ਬੁਰਜੂਆ ਤੌਰ-ਤਰੀਕੇ ਸਮਾਜ ਦਾ ਸੰਤੁਲਨ ਕਾਇਮ ਰੱਖਣ ਵਿੱਚ ਅਸਫ਼ਲ ਹੋ ਜਾਂਦੇ ਹਨ। ਪਾਰਲੀਮਾਨੀ ਢਾਂਚੇ ਅਤੇ ਸੰਸਥਾਵਾਂ ਵੀ ਸਰਮਾਏਦਾਰੀ ਦੇ ਰਾਹ ਵਿੱਚ ਰੁਕਾਵਟਾਂ ਬਣ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਸਰਮਾਏਦਾਰੀ ਸਮਾਜ ਦੀਆਂ ਹੱਟੀਦਾਰ ਜਮਾਤਾਂ ਅਤੇ ਮਜ਼ਦੂਰਾਂ ਦੇ ਲੁੰਪਨ ਕਿਸਮ ਦੇ ਹਿੱਸਿਆਂ ਨੂੰ ਭੜਕਾਅ ਕੇ ਸੁਹਿਰਦ ਮਜ਼ਦੂਰ ਲਹਿਰ ਅਤੇ ਖੁੱਲ੍ਹ-ਖਿਆਲੀਆਂ ਨੂੰ ਦਬਾਉਣ ਹਿੱਤ ਵਰਤਿਆ ਜਾਂਦਾ ਹੈ। ਇਹ ਉਹੀ ਜਮਾਤਾਂ ਹੁੰਦੀਆਂ ਹਨ, ਜੋ ਵਿੱਤੀ ਸਰਮਾਏਦਾਰੀ ਦੀ ਲੁੱਟ ਕਾਰਨ ਬੇਹੱਦ ਨਿਰਾਸ਼ਾ ਅਤੇ ਬੇਬਸੀ ਮਹਿਸੂਸ ਕਰ ਰਹੀਆਂ ਹੁੰਦੀਆਂ ਹਨ। ਨਿਰਾਸ਼ਾ ਅਤੇ ਬੇਬਸੀ ਦੇ ਆਲਮ ਵਿੱਚੋਂ ਉਪਜੇ ਕਰੋਧ ਨੂੰ ਮਜ਼ਦੂਰ ਜਮਾਤ ਦੇ ਹੀ ਉਲਟ ਭੁਗਤਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਤਿਹਾਸਕ ਤੌਰ 'ਤੇ ਫਾਸ਼ੀਵਾਦ ਦਾ ਕਾਰਜ ਕਿਰਤੀ ਜਮਾਤ ਨੂੰ ਤਬਾਹ ਕਰਨਾ, ਉਹਨਾਂ ਦੀਆਂ ਜਥੇਬੰਦੀਆਂ ਨੂੰ ਖਤਮ ਕਰਨਾ ਅਤੇ ਸਿਆਸੀ ਅਜ਼ਾਦੀਆਂ ਦਾ ਗਲਾ ਘੁੱਟਣਾ ਸੀ। ਇਹ ਕਾਰਜ ਉਹਨਾਂ ਸਥਿਤੀਆਂ ਵਿੱਚ ਕੀਤਾ ਗਿਆ ਜਦੋਂ ਸਰਮਾਏਦਾਰੀ ਜਮਹੂਰੀ ਮਸ਼ੀਨਰੀ ਦੀ ਵਰਤੋਂ ਨਾਲ-ਨਾਲ ਇਹ ਸਭ ਕਰਨ ਤੋਂ ਅਸਮਰੱਥ ਸੀ। ਕਿਹਾ ਜਾ ਸਕਦਾ ਹੈ ਕਿ ਫਾਸ਼ੀਵਾਦ ਉਦੋਂ ਹੋਂਦ ਵਿੱਚ ਆਉਂਦਾ ਹੈ ਜਦੋਂ ਸਰਮਾਏਦਾਰੀ ਨਾ ਸਿਰਫ਼ ਮਜ਼ਦੂਰ ਜਮਾਤ ਨਾਲ, ਸਗੋਂ ਆਪਣੀ ਹੀ ਬਣਾਈ ਪਾਰਲੀਮਾਨੀ ਜਮਹੂਰੀਅਤ ਅਤੇ ਇਸ ਦੀਆਂ ਸੰਸਥਾਵਾਂ ਨਾਲ ਟਕਰਾਅ ਵਿੱਚ ਆ ਜਾਂਦੀ ਹੈ।



ਫਾਸ਼ੀਵਾਦ ਦਰਸ਼ਨ ਵਿੱਚ ਅੰਤਰਮੁਖਤਾ ਦਾ ਹਾਮੀ ਸੀ, ਜਦ ਕਿ ਅਮਲ ਵਿੱਚ ਆਪ ਤਾਨਾਸ਼ਾਹ ਸੀ। ਇਸ ਦੇ ਕੁੰਜੀਵਤ ਸ਼ਬਦ ਸਨ : 'ਵਿਸ਼ਵਾਸ ਰੱਖੋ, ਆਗਿਆਕਾਰੀ ਬਣੋ, ਜੰਗ ਲੜੋ'।

ਪਿਛਲੀ ਸਦੀ ਦੌਰਾਨ ਜੋ ਵਾਪਰਿਆ, ਉਸ ਦੇ ਅਧਾਰ ਉੱਤੇ ਇਸ ਦੀਆਂ ਕੁਝ ਖਾਸੀਅਤਾਂ ਵਿਚਾਰੀਆਂ ਜਾ ਸਕਦੀਆਂ ਹਨ :

ਸੱਜੇ-ਪੱਖੀ-ਫਾਸ਼ੀਵਾਦ ਹਰੇਕ ਤਰ੍ਹਾਂ ਦੇ ਮਾਰਕਸਵਾਦ, ਸਮਾਜਵਾਦ, ਅਰਾਜਕਤਾਵਾਦ, ਵਾਤਾਵਰਣਵਾਦ ਆਦਿ ਦੇ ਵਿਰੁੱਧ ਸੀ। ਅਸਲ ਵਿੱਚ ਉਹ ਹਰ ਤਰ੍ਹਾਂ ਦੇ ਖੱਬੇ-ਪੱਖ ਦੇ ਵਿਰੁੱਧ ਸੀ, ਜਿਹਨਾਂ ਵਿੱਚ ਨਰਮਦਿਲ ਖੱਬੇ-ਪੱਖੀਏ ਜਾਂ ਸੋਸ਼ਲ ਡੈਮੋਕਰੇਟ ਵੀ ਸ਼ਾਮਲ ਸਨ। ਫਾਸ਼ੀਵਾਦ ਇੱਕ ਸਿਰੇ ਦੀ ਸੱਜੇਪੱਖੀ ਵਿਚਾਰਧਾਰਾ ਹੈ, ਜੋ ਲੋੜ ਪੈਣ ਉੱਤੇ ਮੌਕਾਪ੍ਰਸਤ ਪੈਂਤੜੇ ਅਖਤਿਆਰ ਕਰਨ ਲਈ ਵੀ ਤਿਆਰ ਹੋ ਜਾਂਦੀ ਹੈ।

ਰਾਸ਼ਟਰਵਾਦ-ਫਾਸ਼ੀਵਾਦ ਅੰਨ੍ਹੀ ਦੇਸ਼-ਭਗਤੀ ਅਤੇ ਰਾਸ਼ਟਰਵਾਦ ਉੱਤੇ ਬੇਹੱਦ ਜ਼ੋਰ ਦਿੰਦਾ ਹੈ। ਹੁਣ ਦੀ ਸਥਿਤੀ ਨੂੰ ਰਾਸ਼ਟਰ ਲਈ ਸੰਕਟ ਦੀ ਸਥਿਤੀ ਐਲਾਨਿਆ ਜਾਂਦਾ ਹੈ। ਰਾਸ਼ਟਰ ਦੇ ਮੁੱਖ ਆਦਰਸ਼ਾਂ ਅਤੇ ਖਾਸ ਕਰ ਜੰਗ ਦਾ ਵਿਰੋਧ ਕਰਨ ਵਾਲਿਆਂ ਨੂੰ ਉਹ ਦੇਸ਼ ਧਰੋਹੀ ਹੋਣ ਦੇ ਫਤਵੇ ਜਾਰੀ ਕਰ ਦਿੰਦਾ ਹੈ। ਸਟੇਟ ਹਮੇਸ਼ਾ ਜੰਗ ਦਾ ਪ੍ਰਚਾਰ ਕਰਦੀ ਹੈ ਅਤੇ ਵੱਖ-ਵੱਖ ਤਰੀਕਿਆਂ ਨਾਲ ਜਨਤਾ ਦੀ ਖਾੜਕੂ ਮਾਨਸਿਕਤਾ ਘੜੀ ਜਾਂਦੀ ਹੈ। ਕਲਪਨਾ ਕੀਤੀ ਜਾਂਦੀ ਹੈ ਕਿਸੇ ਸਮੇਂ ਰਾਸ਼ਟਰ ਕੋਲ ਇੱਕ ਸੁਨਹਿਰਾ ਅਤੀਤ ਸੀ, ਜਿਸ ਨੂੰ ਦੁਬਾਰਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਇਸ ਸੁਨਹਿਰੀ ਅਤੀਤ ਦੇ ਖਤਮ ਹੋਣ ਲਈ ਜ਼ਿੰਮੇਵਾਰ ਹੋਣ ਕਾਰਨ ਲੋਕਾਂ ਦੇ ਕਿਸੇ ਨਾ ਕਿਸੇ ਘੱਟ-ਗਿਣਤੀ ਸਮੂਹ ਨੂੰ ਲੋਕਾਂ ਦਾ ਦੁਸ਼ਮਣ ਪ੍ਰਚਾਰਿਆ ਜਾਂਦਾ ਹੈ ਅਤੇ ਉਹਨਾਂ ਦੇ ਮਨਾਂ ਅੰਦਰ ਸਦੀਵੀ ਖਤਰੇ ਅਤੇ ਖੌਫ਼ ਦੀਆਂ ਭਾਵਨਾਵਾਂ ਪੈਦਾ ਕੀਤੀਆਂ ਜਾਂਦੀਆਂ ਹਨ। ਜਿਵੇਂ ਜਰਮਨੀ ਅੰਦਰ ਯਹੂਦੀ ਲੋਕਾਂ ਨੂੰ ਮੁਲਕ ਦੀ ਅਵਾਮ ਦੀਆਂ ਸਾਰੀਆਂ ਔਕੜਾਂ ਲਈ ਜ਼ਿੰਮੇਵਾਰ ਸਮੂਹ ਵਜੋਂ ਉਭਾਰਿਆ ਗਿਆ। ਲੋਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਟੇਟ ਦੇ ਹਰ ਤਰ੍ਹਾਂ ਦੇ ਹਿੰਸਕ ਕਦਮਾਂ ਦਾ ਡਟ ਕੇ ਸਾਥ ਦੇਣ।

ਦਰਜਾਬੰਦੀ-ਫਾਸ਼ੀਵਾਦੀ ਸਮਾਜ ਦੀ ਅਗਵਾਈ ਇੱਕ ਸੁਪਰੀਮ ਨੇਤਾ ਕਰਦਾ ਹੈ, ਜਿਸ ਦਾ ਕੱਦ-ਬੁੱਤ ਆਮ ਸਧਾਰਨ ਨਾਲੋਂ ਬਹੁਤ ਉੱਚਾ ਤਸੱਵੁਰ ਕੀਤਾ ਜਾਂਦਾ ਹੈ। ਜਿਵੇਂ ਇਟਲੀ ਵਿੱਚ ਮੁਸੋਲਿਨੀ ਅਤੇ ਜਰਮਨੀ ਵਿੱਚ ਅਡੋਲਫ ਹਿਟਲਰ ਸੁਪਰੀਮ ਆਗੂ ਸਨ। ਸਮਾਜ ਦੇ ਹਰੇਕ ਪੱਧਰ ਉੱਤੇ ਦਰਜਾਬੰਦੀ ਹੋ ਜਾਂਦੀ ਹੈ। ਹਰ ਗਲ਼ੀ, ਮੁਹੱਲੇ, ਸਕੂਲ, ਕਾਰਖਾਨੇ ਵਿੱਚ ਸਥਾਨਕ ਹਿਟਲਰ ਪੈਦਾ ਹੋ ਜਾਂਦੇ ਹਨ, ਜੋ ਸਰਕਾਰ ਦੇ ਸੂਹੀਏ ਅਤੇ ਕਰਿੰਦੇ ਦਾ ਫ਼ਰਜ਼ ਨਿਭਾਉਂਦੇ ਹਨ। ਸਮਾਜਿਕ ਦਰਜਾਬੰਦੀ ਹਰ ਥਾਂ ਹਾਵੀ ਹੁੰਦੀ ਹੈ ਅਤੇ ਪੂਰਾ ਸਮਾਜ ਹੀ ਤਾਨਾਸ਼ਾਹ ਹੋ ਜਾਂਦਾ ਹੈ। ਪ੍ਰਤੀਨਿਧਤਾ ਵਾਲੀ ਸਰਕਾਰ ਤਾਂ ਹੀ ਮਨਜ਼ੂਰ ਹੁੰਦੀ ਹੈ ਜੇਕਰ ਇਸ ਨੂੰ ਕਾਬੂ ਵਿੱਚ ਰੱਖਣਾ ਸੰਭਵ ਹੋਵੇ। ਸਿੱਧੀ ਜਮਹੂਰੀਅਤ ਜਾਂ ਕਮਿਊਨਿਜ਼ਮ ਸਭ ਤੋਂ ਵੱਡਾ ਜੁਰਮ ਬਣ ਜਾਂਦਾ ਹੈ। ਫਾਸ਼ੀਵਾਦ ਦੀ ਸਮਾਜਿਕ ਦਰਜੇਬੰਦੀ ਦਾ ਵਿਰੋਧ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਜੇਲ੍ਹ ਅੰਦਰ ਸੁੱਟ ਦਿੱਤਾ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ। ਫ਼ਾਸ਼ੀਵਾਦੀ ਸੱਤਾ ਸਿਰਫ਼ ਰਾਜ-ਪ੍ਰਸ਼ਾਸਨ ਤੱਕ ਮਹਿਦੂਦ ਨਹੀਂ ਰਹਿੰਦੀ, ਸਗੋਂ ਮੁਲਕ ਦੀ ਹਰ ਸੰਸਥਾ ਫਾਸ਼ੀਵਾਦੀ ਹੋ ਜਾਂਦੀ ਹੈ। ਅਦਾਲਤਾਂ, ਸਿੱਖਿਆ ਪ੍ਰਬੰਧ, ਪ੍ਰੈੱਸ ਆਦਿ ਸਭ ਫਾਸ਼ੀਵਾਦੀ ਆਦਰਸ਼ਾਂ ਦਾ ਪ੍ਰਚਾਰ ਸ਼ੁਰੂ ਕਰ ਦਿੰਦੇ ਹਨ। ਨਤੀਜੇ ਵਜੋਂ ਮਜ਼ਦੂਰਾਂ ਦੀ ਚੇਤਨਾ ਅੰਦਰ ਵੀ ਇਹ ਵਿਚਾਰ ਡੂੰਘੇ ਲੱਥਦੇ ਹਨ ਅਤੇ ਉਹਨਾਂ ਦੀ ਜਮਾਤੀ ਸੂਝ ਨੂੰ ਖੁੰਢਾ ਕਰਦੇ ਹਨ।

ਬਰਾਬਰੀ-ਵਿਰੋਧੀ-ਫਾਸ਼ੀਵਾਦ ਆਰਥਿਕ ਬਰਾਬਰੀ ਦੇ ਸਿਧਾਂਤ ਨੂੰ ਸਹਿਣ ਨਹੀਂ ਕਰਦਾ, ਨਾ ਹੀ ਨਾਗਰਿਕ ਅਤੇ ਪਨਾਹਗੀਰ ਦੇ ਹੱਕਾਂ ਦੀ ਬਰਾਬਰੀ ਮਨਜ਼ੂਰ ਕਰਦਾ ਹੈ। ਜੈਂਡਰ, ਲਿੰਗਕ, ਘੱਟ-ਗਿਣਤੀ ਜਾਂ ਧਾਰਮਿਕ ਹਕੂਕ ਦਾ ਮਾਮਲਾ ਹੋਵੇ, ਫਾਸ਼ੀਵਾਦੀ ਦਾ ਕੋਈ ਨਾ ਕੋਈ ਰੂਪ ਹਰ ਥਾਂ ਬਰਾਬਰੀ ਦਾ ਵਿਰੋਧ ਕਰਦਾ ਹੈ। ਇਹ ਨਾਬਰਾਬਰੀ ਦੀਆਂ ਸਮਾਜਿਕ ਬਣਤਰਾਂ ਦੀ ਹੀ ਯਥਾਸਥਿਤੀ ਬਰਕਰਾਰ ਰੱਖਣਾ ਚਾਹੁੰਦਾ ਹੈ। ਜੇਕਰ ਕਿਤੇ ਪੱਛੜੇ ਸਮਾਜਾਂ ਦੇ ਮੁਕਾਬਲਤਨ ਕੁਝ ਬਰਾਬਰੀ ਪ੍ਰਾਪਤ ਵੀ ਹੋਈ ਹੈ ਤਾਂ ਇਹ ਬਿਨਾਂ ਕਿਸੇ ਝਿਜਕ ਤੋਂ ਬਰਾਬਰੀ ਦੇ ਇਹਨਾਂ ਹੱਕਾਂ ਨੂੰ ਮਨਸੂਖ ਕਰ ਦਿੰਦਾ ਹੈ।

ਧਾਰਮਿਕਤਾ-ਫਾਸ਼ੀਵਾਦ ਅੰਦਰ ਪ੍ਰਤੀਕਿਰਿਆਵਾਦੀ ਮਜ਼ਹਬੀ ਵਿਸ਼ਵਾਸ ਬੜੀ ਮਜ਼ਬੂਤੀ ਨਾਲ ਬੈਠੇ ਹੋਏ ਸਨ। ਖਾਸ ਕਰ ਉਹਨਾਂ ਸਮਿਆਂ ਦੇ ਜਦੋਂ ਧਰਮ ਬੇਹੱਦ ਸੰਕੀਰਨ, ਸ਼ੁੱਧਤਾਵਾਦੀ ਅਤੇ ਸਭ ਤੋਂ ਉਪਰ ਹੁੰਦਾ ਸੀ। ਸਾਰੇ ਨਹੀਂ, ਪ੍ਰੰਤੂ ਵਧੇਰੇ ਫਾਸ਼ੀਵਾਦੀ ਸਮਾਜ ਇਸਾਈ ਸਨ ਅਤੇ ਕੈਥੋਲਿਕ ਤੇ ਪ੍ਰੋਟੈਸਟੈਂਟ ਚਰਚ ਇਹਨਾਂ ਦੀ ਹਮਾਇਤ ਉੱਤੇ ਸੀ।

ਸਰਮਾਏਦਾਰਾਨਾ-ਸਰਮਾਏਦਾਰੀ ਸਮਾਜ ਅੰਦਰ ਹੋਂਦ ਵਿੱਚ ਆਉਣ ਲਈ ਫਾਸ਼ੀਵਾਦ ਨੂੰ ਕਿਸੇ ਇਨਕਲਾਬ ਦੀ ਲੋੜ ਨਹੀਂ ਪੈਂਦੀ। ਫਾਸ਼ੀਵਾਦੀ ਚੋਣਾਂ ਜਿੱਤ ਕੇ ਵੀ ਸੱਤਾ ਵਿੱਚ ਆ ਸਕਦੇ ਹਨ। ਹਾਲਾਂਕਿ ਉਹਨਾਂ ਦਾ ਚੋਣਾਂ ਦੇ ਪ੍ਰਬੰਧ ਪ੍ਰਤੀ ਤ੍ਰਿਸਕਾਰ ਦਾ ਰਵੱਈਆ ਦਿਖਾਉਂਦਾ ਹੈ ਕਿ ਉਹ ਅਕਸਰ ਚੋਣਾਂ ਵਿੱਚ ਧਾਂਦਲੀ ਕਰਕੇ ਜਿੱਤਦੇ ਹਨ। ਉਹਨਾਂ ਨੂੰ ਜਾਪਦਾ ਹੈ ਕਿ ਹਕੂਮਤ ਦਾ ਪਾਰਲੀਮੈਂਟਰੀ ਅਤੇ ਕਾਂਗਰੈਸ਼ਨਲ ਤਰੀਕਾ ਨਿਕੰਮਾ ਅਤੇ ਕਮਜ਼ੋਰ ਹੁੰਦਾ ਹੈ ਅਤੇ ਉਹ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨਾਲ ਜੁੜੀਆਂ ਇਹਨਾਂ ਦੀਆਂ ਤਾਕਤਾਂ ਨੂੰ ਲਗਾਤਾਰ ਕਮਜ਼ੋਰ ਕਰਦੇ ਜਾਂਦੇ ਹਨ। ਫਾਸ਼ੀਵਾਦ ਸਭ ਤੋਂ ਭੈੜੇ ਤਰੀਕੇ ਦੀ ਸਰਮਾਏਦਾਰੀ ਦਾ ਰੂਪ ਹੈ, ਜਿਸ ਵਿੱਚ ਕਾਰਪੋਰੇਟ ਤਾਕਤ ਹੀ ਸਰਵਉੱਚ ਹੁੰਦੀ ਹੈ ਅਤੇ ਮਜ਼ਦੂਰਾਂ ਨੂੰ ਮਿਲੇ ਹਕੂਕ ਦੇ ਸਾਰੇ ਭਰਮਾਂ ਨੂੰ ਵੀ ਤਬਾਹ ਕਰ ਦਿੱਤਾ ਜਾਂਦਾ ਹੈ।

ਜੰਗ-ਨਿਪੁੰਸਕ ਸਾਮਰਾਜਵਾਦ ਦੀ ਸਟੇਜ ਉੱਤੇ ਪਹੁੰਚੀ ਸਰਮਾਏਦਾਰੀ ਹੀ ਫਾਸ਼ੀਵਾਦ ਹੈ। ਜੰਗ ਸਮਾਜ ਦੀ ਭਿਆਨਕ ਤਬਾਹੀ ਕਰਕੇ ਉਹ ਮੰਡੀਆਂ ਪੈਦਾ ਕਰਦੀ ਹੈ, ਜੋ ਇਸ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ। ਫਿਰ ਪੁਨਰ-ਉਸਾਰੀ ਦੀ ਲੋੜ ਪੈਂਦੀ ਹੈ। ਇਹਨਾਂ ਹਾਲਤਾਂ ਵਿੱਚ ਫਾਸ਼ੀਵਾਦ ਬਚ ਗਿਆਂ ਨੂੰ "ਮੁਕਤ" ਕਰਦਾ ਹੈ ਅਤੇ ਸਮਾਜ ਨੂੰ ਵੱਡੇ ਕਰਜ਼ੇ ਦਿੰਦਾ ਹੈ ਤਾਂ ਜੋ ਫਾਸ਼ਿਸਟ ਕਾਰਪੋਰੇਸ਼ਨਾਂ ਪੁਨਰ-ਉਸਾਰੀ ਦੀ ਪ੍ਰਕਿਰਿਆ ਸ਼ੁਰੂ ਕਰ ਸਕਣ। ਇਸ ਜੰਗ ਦੇ ਆਸਰੇ ਕਾਰਨ ਹੀ ਫਾਸ਼ੀਵਾਦ ਵਿੱਚ ਸਿਰਫ਼ ਸਟੇਟ ਹੀ ਮਹੱਤਵਪੂਰਨ ਹੈ, ਹੋਰ ਕੁਝ ਨਹੀਂ। ਜੰਗ ਨੂੰ ਇਸ ਸਟੇਟ ਦੀ ਸਰਵਉੱਚਤਾ ਲਈ ਲੜਿਆ ਜਾਂਦਾ ਹੈ। ਮੁਸੋਲਿਨੀ ਨੇ ਲਿਖਿਆ ਸੀ, "ਸਿਰਫ਼ ਜੰਗ ਹੀ ਮਾਨਵੀ ਊਰਜਾ ਨੂੰ ਇਸ ਦੇ ਸਭ ਤੋਂ ਉੱਚੇ ਤਣਾਅ ਤੱਕ ਲੈ ਕੇ ਜਾ ਸਕਦੀ ਹੈ ਅਤੇ ਜੋ ਲੋਕ ਇਸ ਦਾ ਸਾਹਮਣਾ ਕਰਨ ਦਾ ਹੌਸਲਾ ਰੱਖਦੇ ਹਨ, ਇਹ ਉਹਨਾਂ ਉੱਤੇ ਪਤਵੰਤੇ ਹੋਣ ਦੀ ਮੋਹਰ ਲਾ ਦਿੰਦੀ ਹੈ।"

ਸਵੈ-ਇੱਛਾ ਦੀ ਵਿਚਾਰਧਾਰਾ-ਫਾਸ਼ੀਵਾਦ ਇੱਕ ਤਰ੍ਹਾਂ ਦੇ "ਸਵੈ-ਇੱਛਾਵਾਦ" ਨੂੰ ਗ੍ਰਹਿਣ ਕਰਦਾ ਹੈ। ਉਹਨਾਂ ਦਾ ਵਿਸ਼ਵਾਸ ਹੈ ਕਿ ਤਾਕਤਵਰ ਇੱਛਾ ਸ਼ਕਤੀ ਨਾਲ ਕੀਤਾ ਗਿਆ ਕੰਮ ਚੀਜ਼ਾਂ ਨੂੰ ਸੱਚ ਕਰ ਸਕਦਾ ਹੈ। ਇਸੇ ਲਈ ਨਸਲੀ ਕਮਤਰੀ, ਇਤਿਹਾਸਕ ਹੋਣੀ ਜਿਹੇ ਸਾਰੇ ਵਿਚਾਰਾਂ, ਏਥੋਂ ਤੱਕ ਕਿ ਭੌਤਿਕ ਵਿਗਿਆਨ ਵਿੱਚ ਵੀ ਹਿੰਸਾ ਦਾ ਸਹਾਰਾ ਲਿਆ ਜਾਂਦਾ ਹੈ, ਇਸੇ ਵਿਸ਼ਵਾਸ ਨਾਲ ਕਿ ਇਹਨਾਂ ਨੂੰ ਸੱਚਿਆਂ ਕੀਤਾ ਜਾ ਸਕਦਾ ਹੈ। ਇਸ ਅਰਥ ਵਿੱਚ ਫਾਸ਼ੀਵਾਦ ਅੰਤਰ-ਮੁਖਤਾਵਾਦੀ ਹੈ।

ਆਧੁਨਿਕਤਾ ਵਿਰੋਧੀ-ਫਾਸ਼ੀਵਾਦ ਹਰ ਤਰ੍ਹਾਂ ਦੇ ਆਧੁਨਿਕਤਾਵਾਦ ਨੂੰ ਰੱਦ ਕਰਦਾ ਹੈ, ਖਾਸ ਕਰ ਕਲਾ ਵਿਚਲੀ ਸਿਰਜਣਾਤਮਕਤਾ ਨੂੰ, ਜੋ ਜ਼ਿੰਦਗੀ ਦੇ ਦਰਪਣ ਵਜੋਂ ਕੰਮ ਕਰਦੀ ਹੈ ਜਾਂ ਵੱਖਰੀ ਤਰ੍ਹਾਂ ਦੀਆਂ ਅਤੇ ਮੌਲਿਕ ਦ੍ਰਿਸ਼ਟੀਆਂ ਨੂੰ, ਕਿਉਂਕਿ ਇਸ ਤਰ੍ਹਾਂ ਕਰਕੇ ਉਹ ਫਾਸ਼ੀਵਾਦੀ ਆਦਰਸ਼ ਉੱਤੇ ਪੂਰਾ ਨਹੀਂ ਉੱਤਰਦੀ। ਫਾਸ਼ੀਵਾਦ ਲਾਜ਼ਮੀ ਤੌਰ 'ਤੇ ਕਿਤਾਬਾਂ ਸਾੜਦਾ ਹੈ ਅਤੇ ਕਲਾਕਾਰਾਂ ਉੱਤੇ ਜ਼ੁਲਮ ਕਰਦਾ ਹੈ। ਜਿਹੜੇ ਕਲਾਕਾਰ ਫਾਸ਼ੀਵਾਦੀ ਆਦਰਸ਼ਾਂ ਨੂੰ ਵਡਿਆਉਂਦੇ ਨਹੀਂ, ਉਹਨਾਂ ਨੂੰ ਉਹ ਪਤਨਸ਼ੀਲ ਸਮਝਦਾ ਹੈ। ਫਾਸ਼ੀਵਾਦ ਹੋਰਨਾਂ ਸੱਭਿਆਚਾਰਾਂ ਨੂੰ ਸਿੱਖਣ ਜਾਂ ਉਹਨਾਂ ਵਿੱਚ ਰੁਚੀ ਲੈਣ ਦੇ ਵਿਰੁੱਧ ਹੈ, ਕਿਉਂਕਿ ਅਜਿਹਾ ਕਰਨ ਨਾਲ ਬਹੁਤ ਸਾਰੀਆਂ ਫਾਸ਼ੀਵਾਦੀ ਮਿੱਥਾਂ ਦੀ ਪ੍ਰਧਾਨਤਾ ਖਤਰੇ ਵਿੱਚ ਪੈ ਸਕਦੀ ਹੈ। ਇਤਿਹਾਸ ਦੇ ਬਾਹਰਮੁਖੀ ਅਧਿਐਨ ਦੀ ਥਾਂ ਆਮ ਤੌਰ 'ਤੇ ਸਾਜ਼ਿਸ਼ੀ ਸਿਧਾਂਤਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ।

ਸਟੇਟ ਦੀ ਸਰਵ-ਉੱਚਤਾ-ਦਰਅਸਲ ਫਾਸ਼ੀਵਾਦ ਪਹਿਲੀ ਸੰਸਾਰ ਜੰਗ ਤੋਂ ਬਾਅਦ ਦੀਆਂ ਸੰਕਟਮਈ ਸਮਾਜਿਕ-ਆਰਥਿਕ ਸਥਿਤੀਆਂ ਵਿੱਚੋਂ ਉਦੈ ਹੁੰਦਾ ਹੈ। ਇਸ ਸੰਸਾਰ ਜੰਗ ਵਿੱਚ ਹਾਰੇ ਮੁਲਕਾਂ ਉੱਤੇ ਸਖਤ ਪਾਬੰਦੀਆਂ ਥੋਪੀਆਂ ਗਈਆਂ ਸਨ। ਇਹਨਾਂ ਪਾਬੰਦੀਆਂ ਨੇ ਮੁਲਕਾਂ ਦੇ ਅਰਥਚਾਰਿਆਂ ਨੂੰ ਤਾਂ ਤਬਾਹ ਕੀਤਾ ਹੀ, ਜਨ-ਮਾਨਸ ਦੀ ਮਨੋ-ਚੇਤਨਾ ਨੂੰ ਵੀ ਗਹਿਰੀ ਸੱਟ ਮਾਰੀ। ਇਟਲੀ ਵਿੱਚ ਮੁਸੋਲਿਨੀ ਅਤੇ ਜਰਮਨੀ ਅੰਦਰ ਹਿਟਲਰ ਨੇ ਲੋਕਾਂ ਨੂੰ ਚੰਗੇ ਦਿਨਾਂ ਅਤੇ ਚੰਗੀ ਜ਼ਿੰਦਗੀ ਦੇ ਸੁਪਨੇ ਦਿਖਾਏ ਅਤੇ ਸੰਸਾਰ ਅੰਦਰ ਨਵੀਂ ਪੁਜ਼ੀਸ਼ਨ ਹਾਸਲ ਕਰਨ ਦਾ ਵਾਅਦਾ ਕੀਤਾ। ਅਜਿਹਾ ਕਰਦਿਆਂ ਉਸ ਨੇ ਲੋਕਾਂ ਨੂੰ ਮੁਕੰਮਲ ਤੌਰ ਉੱਤੇ ਸਟੇਟ ਦੇ ਅਧੀਨ ਕਰ ਲਿਆ। ਫਾਸ਼ੀਵਾਦ ਵਿੱਚ ਵਿਅਕਤੀ ਦਾ ਅਰਥ ਸਿਰਫ਼ ਤੇ ਸਿਰਫ਼ ਸਟੇਟ ਦੇ ਪ੍ਰਸੰਗ ਵਿੱਚ ਰਹਿ ਗਿਆ ਸੀ। ਵਿਅਕਤੀ ਦੇ ਅਧਿਕਾਰ ਅਤੇ ਜਮਹੂਰੀਅਤ 18ਵੀਂ ਸਦੀ ਦੇ ਗਿਆਨਕਰਨ ਵਿੱਚੋਂ ਨਿਕਲੀਆਂ ਕੀਮਤਾਂ ਸਨ। ਇਹ ਕੀਮਤਾਂ ਵਿਅਕਤੀ ਅਤੇ ਸਟੇਟ ਦੇ ਪ੍ਰਸੰਗ ਵਿੱਚ ਵਿਅਕਤੀ ਦੇ ਹੱਕ ਵਿੱਚ ਭੁਗਤਦੀਆਂ ਸਨ। ਫਾਸ਼ੀਵਾਦ ਨੇ ਇਹਨਾਂ ਨੂੰ ਰਾਸ਼ਟਰ ਦੀ ਪੁਨਰ-ਉਸਾਰੀ ਲਈ ਜ਼ਰੂਰੀ ਅਮਲ ਅਤੇ ਏਕਤਾ ਦੇ ਰਾਹ ਵਿੱਚ ਰੋੜਾ ਸਿੱਧ ਕੀਤਾ। ਮੁਸੋਲਿਨੀ ਨੇ 1932 ਵਿੱਚ ਲਿਖਿਆ, "ਫਾਸ਼ੀਵਾਦ ਸਿਆਸੀ ਬਰਾਬਰੀ ਦੇ ਊਟ-ਪਟਾਂਗ, ਰਵਾਇਤੀ ਸੱਚ ਅਤੇ 'ਖੁਸ਼ੀ' ਤੇ 'ਅਸੀਮ ਵਿਕਾਸ ਦੀਆਂ ਮਿੱਥਾਂ' ਨੂੰ ਮੰਨਣ ਤੋਂ ਇਨਕਾਰ ਕਰਦਾ ਹੈ"।

ਇਸ ਤਰ੍ਹਾਂ ਮਨ ਦੀ ਖੁਸ਼ੀ ਜਿਹੇ ਵਿਚਾਰਾਂ ਨੂੰ ਖਤਮ ਕਰਕੇ ਫਾਸ਼ੀਵਾਦੀ ਸਮਾਜ ਆਪਣੇ ਲੋਕਾਂ ਉੱਤੇ ਪਾਬੰਦੀਆਂ ਆਇਦ ਕਰਨ ਵਿੱਚ ਸਫ਼ਲ ਹੁੰਦਾ ਹੈ ਅਤੇ ਉਹਨਾਂ ਨੂੰ ਇੱਕ ਵਡੇਰੀ ਭਲਾਈ ਲਈ ਖੁਦ ਦੇ ਸਮਰਪਣ ਲਈ ਤਿਆਰ ਕਰ ਲੈਂਦਾ ਹੈ। ਆਗਿਆ ਤੋਂ ਬਿਨਾਂ ਲੋਕ ਕੋਈ ਇਕੱਠ ਨਹੀਂ ਕਰਦੇ, ਨਾ ਹੀ ਸਟੇਟ ਵਿਰੁੱਧ ਕੋਈ ਨਕਾਰਾਤਮਕ ਗੱਲ ਕਰਦੇ ਹਨ। ਇਸ ਦੇ ਉਲਟ ਉਹ ਸਿਰੇ ਦੇ ਅੰਧ-ਰਾਸ਼ਟਰਵਾਦ ਅਤੇ ਨਸਲੀ ਇੱਕਜੁਟਤਾ ਦੇ ਡੂੰਘੇ ਪਾਣੀਆਂ ਅੰਦਰ ਡੁੱਬ ਜਾਂਦੇ ਹਨ। ਨੌਜਵਾਨ ਸਿਆਸੀ ਗਰੁੱਪ ਆਪਣੇ ਤੋਂ ਛੋਟਿਆਂ ਨੂੰ ਭਰਤੀ ਕਰਦੇ ਹਨ, ਉਹਨਾਂ ਦੇ ਦਿਮਾਗਾਂ ਵਿੱਚ ਸਟੇਟ ਬਾਰੇ ਆਪਣੇ ਖਿਆਲ ਭਰਦੇ ਹਨ ਅਤੇ ਉਹਨਾਂ ਨੂੰ ਸਟੇਟ ਦੇ ਰਖਵਾਲਿਆਂ ਵਜੋਂ ਤਿਆਰ ਕਰ ਲੈਂਦੇ ਹਨ। ਫਾਸ਼ੀਵਾਦ ਨੌਜਵਾਨੀ ਨੂੰ ਵਡਿਆਉਂਦਾ ਹੈ, ਕਿਉਂਕਿ ਨੌਜਵਾਨ ਹੀ ਸਮਾਜ ਦਾ ਸਭ ਤੋਂ ਤਕੜਾ ਅਤੇ ਸਿਹਤਮੰਦ ਹਿੱਸਾ ਹੁੰਦਾ ਹੈ। ਸਮਾਜਿਕ ਜ਼ਿੰਦਗੀ ਹਕੂਮਤ ਵੱਲੋਂ ਪ੍ਰਯੋਜਿਤ ਰੈਲੀਆਂ ਅਤੇ ਪਰੇਡਾਂ ਨਾਲ ਭਰ ਜਾਂਦੀ ਹੈ। ਸਾਰੇ ਧਰਤ-ਦ੍ਰਿਸ਼ ਉੱਤੇ ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਸਮਾਰਕ ਛਾ ਜਾਂਦੇ ਹਨ। ਇਹਨਾਂ ਨਿਸ਼ਾਨਾਂ ਅਤੇ ਜਸ਼ਨਾਂ ਨੂੰ ਧਾਰਮਿਕ ਰਸਮਾਂ ਜਿਹੀ ਆਭਾ ਪ੍ਰਦਾਨ ਕੀਤੀ ਜਾਂਦੀ ਹੈ। ਰਾਜ ਹੀ ਧਰਮ ਬਣ ਜਾਂਦਾ ਹੈ ਜਾਂ ਖਾਸ ਤਰ੍ਹਾਂ ਦੇ ਧਰਮ ਨੂੰ ਰਾਜ ਸਮਝਿਆ ਜਾਣ ਲੱਗਦਾ ਹੈ।

ਮੁਸੋਲਿਨੀ ਨੇ ਸਭ ਤੋਂ ਪਹਿਲਾਂ 1919 ਵਿੱਚ ਫਾਸਿਜ਼ਮ ਸ਼ਬਦ ਦੀ ਵਰਤੋਂ ਕੀਤੀ। ਫਾਸਿਜ਼ਮ ਇਤਾਲਵੀ ਸ਼ਬਦ ਫਾਸ਼ੀਓ (fascio) ਤੋਂ ਬਣਦਾ ਹੈ, ਜਿਸ ਦਾ ਅਰਥ ਹੈ : ਬੰਡਲ। ਇਸ ਸ਼ਬਦ ਦੀਆਂ ਜੜ੍ਹਾਂ ਲਾਤੀਨੀ ਫਾਸਜ਼ (fasces) ਵਿੱਚ ਹਨ। ਫਾਸਜ਼ ਡੰਡਿਆਂ ਦਾ ਬੰਡਲ ਹੈ, ਜੋ ਇੱਕ ਹੀ ਕੁਹਾੜੇ ਨਾਲ ਬੱਝਾ ਹੁੰਦਾ ਹੈ। ਇਹ ਪੁਰਾਤਨ ਰੋਮ ਵਿੱਚ ਏਕਤਾ ਅਤੇ ਸੱਤਾ ਦੀ ਤਾਕਤ ਦਾ ਚਿਹਨ ਸੀ। ਕਿਹਾ ਜਾ ਸਕਦਾ ਹੈ ਕਿ 'ਫਾਸਜ਼' ਹੀ ਫਾਸ਼ੀਵਾਦ ਦਾ ਤੱਤ ਹੈ। ਲੋਕ ਡੰਡੇ ਹਨ, ਜੋ ਸਟੇਟ ਨਾਲ ਬੱਝ ਕੇ ਇੱਕੋ ਮਜ਼ਬੂਤ ਯੂਨਿਟ ਬਣਾਉਂਦੇ ਹਨ। ਸਟੇਟ ਕੁਹਾੜਾ ਹੈ। ਕੁਝ ਬਣਾਉਣ, ਲਾਗੂ ਕਰਨ ਅਤੇ ਕਿਸੇ ਨੂੰ ਝੁਕਾਉਣ ਦਾ ਹਥਿਆਰ।

ਇਹਨਾਂ ਸਾਰੇ ਤੱਤਾਂ ਦੇ ਅਧਾਰ ਉੱਤੇ ਹੀ ਅਸੀਂ ਕਿਤੇ ਵੀ ਅਤੇ ਕਿਸੇ ਵੀ ਨਵੇਂ ਹਾਲਾਤ ਦੇ ਫ਼ਾਸ਼ੀਵਾਦੀ ਹੋਣ ਜਾਂ ਨਾ ਹੋਣ ਦਾ ਨਿਰਣਾ ਕਰ ਸਕਦੇ ਹਾਂ।

## ਬਾਲ ਕੋਨਾ

### ਤਾਰਿਆਂ ਦੀ ਜੀਵਨ ਗਾਥਾ

ਬੱਚਿਓ! ਤਾਰੇ ਬਹੁਤ ਵੱਡੇ-ਵੱਡੇ ਗੈਸਾਂ ਦੇ ਬੱਦਲ ਹਨ, ਜਿਸ ਵਿਚ 80 ਫੀਸਦੀ ਹਾਈਡਰੋਜਨ ਅਤੇ 20 ਫੀਸਦੀ ਹੋਰ ਗੈਸਾਂ ਹੁੰਦੀਆਂ ਹਨ। ਜਦੋਂ ਗੈਸਾਂ ਦੇ ਇਹ ਬਦਲ ਸੁੰਗੜਦੇ ਹਨ ਤਾਂ ਇਨ੍ਹਾਂ ਦਾ ਤਾਪਮਾਨ ਵਧਣ ਲੱਗਦਾ ਹੈ। ਜਦੋਂ ਤਾਪਮਾਨ 0.5 ਅਰਥਾਤ 50,00000 (50 ਲੱਖ) ਕੇਲਵਿਨ ਹੋ ਜਾਂਦਾ ਹੈ ਤਾਂ ਨਿਊਕਲੀਅਰ ਫਿਊਜਨ ਕਿਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਹਾਈਡਰੋਜਨ ਹੀਲੀਅਮ ਵਿਚ ਤਬਦੀਲ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਜਦੋਂ ਬਾਹਰਮੁਖੀ ਗੈਸ ਦਬਾਅ ਅੰਦਰਮੁਖੀ ਗੁਰੂਤਾ ਆਕਰਸ਼ਨ ਦੇ ਬਰਾਬਰ ਹੋ ਜਾਂਦਾ ਹੈ ਤਾਂ ਤਾਰਾ ਸਥਿਰ ਅਵਸਥਾ ਵਿਚ ਆ ਜਾਂਦਾ ਹੈ। ਫਿਰ ਉਹ ਨਾ ਸੁੰਗੜਦਾ ਹੈ ਅਤੇ ਨਾ ਹੀ ਫੈਲਦਾ ਹੈ ਅਤੇ ਇਸ ਤਰ੍ਹਾਂ ਇਹ ਕਈ ਬਿਲੀਅਨ ਸਾਲ ਰਹਿੰਦਾ ਹੈ। ਅਸਲ ਵਿਚ ਤਾਰੇ ਦੀ ਸਥਿਰ ਅਵਸਥਾ ਦੀ ਉਮਰ ਵੀ ਇਸ 'ਤੇ ਨਿਰਭਰ ਕਰਦੀ ਹੈ, ਜਿੰਨਾ ਤਾਰੇ ਦਾ ਪੁੰਜ ਅਧਿਕ ਹੋਵੇਗਾ, ਉਹ ਓਨਾ ਛੇਤੀ ਹੀ ਹਾਈਡਰੋਜਨ ਨੂੰ ਹੀਲੀਅਮ ਵਿਚ ਬਦਲੇਗਾ, ਅਰਥਾਤ ਨਿਊਕਲੀਅਰ ਫਿਊਜਨ ਦੀ ਦਰ ਤੇਜ਼ ਹੋਵੇਗੀ। ਜਦੋਂ ਤੱਕ ਇਹ ਦੋਵੇਂ ਪ੍ਰਕਿਰਿਆਵਾਂ ਵਿਚ ਸੰਤੁਲਨ ਬਣਿਆ ਰਹਿੰਦਾ ਹੈ, ਭਾਵ ਦੋਵੇਂ ਬਰਾਬਰ ਰਹਿੰਦੀਆਂ ਹਨ, ਉਦੋਂ ਤੱਕ ਤਾਰਾ ਜਵਾਨੀ ਦੀ ਅਵਸਥਾ ਵਿਚ ਰਹਿੰਦਾ ਹੈ। ਇਹ ਸਮਾਂ ਵੀ ਅਰਬਾਂ ਸਾਲ ਤੱਕ ਦਾ ਹੁੰਦਾ ਹੈ। ਸਾਡਾ ਸੂਰਜ ਵੀ ਇਕ ਤਾਰਾ ਹੈ। ਇਹ ਹੁਣ ਆਪਣੀ ਪੂਰਨ ਜਵਾਨੀ ਦੀ ਅਵਸਥਾ ਵਿੱਚੋਂ ਗੁਜ਼ਰ ਰਿਹਾ ਹੈ। ਕਹਿਣ ਦਾ ਭਾਵ ਹੈ ਕਿ ਇਸ ਨੇ ਆਪਣੀ ਅੱਧੀ ਹਾਈਡਰੋਜਨ ਖਤਮ ਕਰ ਲਈ ਹੈ ਅਤੇ ਇਸ ਕੋਲ ਹੁਣ ਅੱਧੀ ਹਾਈਡਰੋਜਨ ਅਤੇ ਅੱਧੀ ਹੀਲੀਅਮ ਗੈਸ ਹੀ ਬਚੀ ਹੈ।

ਵਧੇਰੇ ਪੁੰਜ ਵਾਲੇ ਤਾਰੇ ਵੱਧ ਚਮਕੀਲੇ ਹੁੰਦੇ ਹਨ ਅਤੇ ਛੇਤੀ ਹੀ ਹਾਈਡਰੋਜਨ ਨੂੰ ਹੀਲੀਅਮ ਵਿਚ ਬਦਲ ਕੇ ਅਗਲੇ ਪੜਾਅ ਵਿਚ ਦਾਖਲ ਹੋ ਜਾਂਦੇ ਹਨ। ਜੇਕਰ ਤਾਰੇ ਦਾ ਪੁੰਜ ਸੂਰਜ ਪੁੰਜ ਤੋਂ ਲੈ ਕੇ ਇਕ ਪੂਰੇ ਸੂਰਜ ਦੇ ਬਰਾਬਰ ਹੋਵੇ ਤਾਂ ਇਸ ਵਿਚ ਹੀਲੀਅਮ ਦੀ ਨਿਊਕਲੀਅਰ ਫਿਊਜਨ ਵੀ ਹੋਵੇਗੀ, ਜਿਸ ਤੋਂ ਕਾਰਬਨ ਬਣ ਜਾਵੇਗੀ। ਇਸ ਤਰ੍ਹਾਂ ਦੇ ਤਾਰੇ ਨੂੰ ਦੂਸਰੀ ਕਿਸਮ ਦਾ ਚਿੱਟਾ ਬੌਣਾ ਤਾਰਾ ਆਖਿਆ ਜਾਂਦਾ ਹੈ, ਇਹ ਵੀ ਇਕ ਸ਼ਾਂਤ ਮੌਤ ਮਰ ਜਾਵੇਗਾ, ਪਰ ਇਸ ਦਾ ਬਾਹਰੀ ਖੋਲ ਬ੍ਰਹਿਮੰਡ ਵਿਚ ਫੈਲਦਾ ਜਾਵੇਗਾ ਅਤੇ ਹੋਰ ਤਾਰਿਆਂ ਦੀ ਜਨਮ ਭੂਮੀ ਬਣੇਗਾ।ਇਸ ਤੋਂ ਪਹਿਲਾਂ ਇਸ ਦੀ ਘਣਤਾ ਏਨੀ ਜ਼ਿਆਦਾ ਹੋ ਜਾਵੇਗੀ ਕਿ ਰੌਸ਼ਨੀ ਵੀ ਇਸ ਤੋਂ ਬਾਹਰ ਨਹੀਂ ਜਾ ਸਕੇਗੀ ਅਤੇ ਇਹ ਨਜ਼ਰ ਨਹੀਂ ਆਵੇਗਾ, ਬਹੁਤ ਹੀ ਖਤਰਨਾਕ ਗੁਰੂਤਾ ਵਾਲੇ ਇਸ ਪੁੰਜ ਨੂੰ ਕਾਲਾ ਛੇਕ ਭਾਵ 'ਬਲੈਕ ਹੋਲ' ਆਖਿਆ ਜਾਂਦਾ ਹੈ। ਇਸ ਦੀ ਗੁਰੂਤਾ ਖਿੱਚ ਏਨੀ ਜ਼ਿਆਦਾ ਹੋ ਜਾਵੇਗੀ ਕਿ ਇਹ ਕਿਸੇ ਹੋਰ ਵੱਡੇ ਤਾਰੇ ਨੂੰ ਖਾ ਸਕਦਾ ਹੈ। ਸਾਡਾ ਸੂਰਜ ਵੀ ਇਸੇ ਹਾਲਤ ਵਿਚ ਖਤਮ ਹੋ ਜਾਵੇਗਾ ਅਤੇ ਖਤਮ ਹੋਣ ਤੋਂ ਪਹਿਲਾਂ ਧਰਤੀ ਸਮੇਤ ਆਪਣੇ ਮੰਡਲ ਦੇ ਸਾਰੇ ਗ੍ਰਹਿਆਂ ਨੂੰ ਆਪਣੇ ਵੱਲ ਖਿੱਚ ਲਵੇਗਾ, ਭਾਵ ਨਿਗਲ ਲਵੇਗਾ, ਪਰ ਸਾਨੂੰ ਅਜੇ ਡਰਨ ਦੀ ਲੋੜ ਨਹੀਂ, ਕਿਉਂਕਿ ਇਸ ਮਹਾਂ-ਵਿਨਾਸ਼ ਨੂੰ ਲੱਗਭੱਗ 4 ਅਰਬ 60 ਕਰੋੜ ਸਾਲ ਦਾ ਸਮਾਂ ਲੱਗੇਗਾ। ਇਸ ਮਹਾਂ-ਵਿਨਾਸ਼ ਤੋਂ ਕਿਤੇ ਪਹਿਲਾਂ ਸਾਡੀ ਧਰਤੀ 'ਤੇ ਭਾਰੀ ਜਲਵਾਯੂ ਤਬਦੀਲੀਆਂ ਆਉਣਗੀਆਂ। ਇਨ੍ਹਾਂ ਤਬਦੀਲੀਆਂ ਵਿਚ ਮਨੁੱਖ ਦਾ ਕਿਸੇ ਵੀ ਤਰ੍ਹਾਂ ਜਿਉਂਦੇ ਰਹਿਣਾ ਸੰਭਵ ਨਹੀਂ ਹੋਵੇਗਾ।

— ਸੁਖਮੰਦਰ ਸਿੰਘ ਤੂਰ

### ਹਾਥੀ ਤੇ ਸ਼ਰਾਬੀ ਚੂਹਾ

ਇੱਕ ਦਿਨ ਚੂਹੇ ਨੇ ਪੈੱਗ ਲਾ ਲਿਆ
ਹਾਥੀ ਨੂੰ ਸੀ ਘੇਰਾ ਪਾ ਲਿਆ
ਕਹਿੰਦਾ ਲਵਾਦੂੰ ਟਾਪੂ ਤੇਰੇ
ਜੇਕਰ ਹੋਇਆ ਨੇੜ ਤੂੰ ਮੇਰੇ
ਆਹ ਦੇਖ ਮੇਰੇ ਕੋਲ ਗਿਲਾਸੀ
ਧੂੰਆਂ ਲਿਆਦੂੰ ਤੇਰੇ ਨਾਸੀਂ
ਮੁੱਛਾਂ 'ਤੇ ਸੀ ਜੀਭ ਘੁੰਮਾਉਂਦਾ
ਉੱਚੀ ਲਲਕਾਰੇ ਮਾਰ ਡਰਾਉਂਦਾ
ਹਾਥੀ ਉਸ ਤੋਂ ਜਾਵੇ ਟਲਦਾ
ਚੂਹਾ ਅੱਗੋਂ ਰਾਹ ਸੀ ਮੱਲਦਾ
ਐਸਾ ਘੋਲ ਮੈਂ ਘੁਲ਼ ਕੇ ਜਾਊਂ
ਹਥਣੀ ਤੇਰੀ ਚੇਤੇ ਲਿਆਊਂ
ਹਾਥੀ ਕਹਿੰਦਾ ਤੂੰ ਕੌਣ ਰਿਹਾ ਡਰਾ
ਚੂਹਾ ਕਹਿੰਦਾ ਮੈਂ ਹਾਂ ਤੇਰਾ ਭਰਾ
ਤੇਰੇ ਵਰਗਾ ਹੀ ਮੇਰਾ ਰੰਗ
ਜ਼ਰਾ ਲਾ ਕੇ ਵੇਖ ਮੇਰੇ ਨਾਲ ਜੰਗ
ਦੋ ਕੰਨ ਮੇਰੇ, ਦੋ ਕੰਨ ਤੇਰੇ
ਇਕ ਪੂਛ ਤੇ ਚਾਰ ਪੈਰ ਤੇਰੇ
ਏਨੇ ਹੀ ਨੇ ਵੇਖ ਲੈ ਮੇਰੇ
ਐਵੇਂ ਨੇੜ ਕਿਤੇ ਨਾ ਹੋਵੀਂ ਮੇਰੇ
ਹੁਣ ਪਈ ਸੋਕੜੇ ਦੀ ਬਿਮਾਰੀ
ਪਹਿਲਾਂ ਸੀ ਮੈਂ ਤੇਰੇ ਜਿਨ੍ਹਾਂ ਭਾਰੀ
ਹੁਣ ਸੁੱਕ ਕੇ ਐਨਾ ਕੁ ਰਹਿ ਗਿਆ
ਏਨੀ ਆਖ ਹਾਥੀ ਦੀਆਂ ਲੱਤਾਂ ਨੂੰ ਪੈ ਗਿਆ
ਹਾਥੀ ਵੀ ਅੱਗੋਂ ਹੱਸੀ ਜਾਵੇ
ਵਿਅੰਗ ਚੂਹੇ 'ਤੇ ਕੱਸੀ ਜਾਵੇ
ਜਾਹ ਉਏ ਚੂਹਿਆ ਉਕਾਤ ਕੀ ਤੇਰੀ
ਕਿਓਂ ਫਿਰਦਾ ਏਂ ਮੌਤ ਸਹੇੜੀ
ਹੁਣ ਆ ਗਈ ਹੈ ਵਾਰੀ ਮੇਰੀ
ਇੱਕ ਸਕਿੰਟ ਨਾ ਲੱਗਣੀ ਦੇਰੀ
ਪੂਛ ਡੁਬੋ ਕੇ ਤੂੰ ਹੈ ਚੱਟੀ
ਕਿਉਂ ਪਾਉਂਦੇ ਮੇਰੇ ਘੱਟਾ ਅੱਖੀਂ
ਸੁੰਡ ਨਾਲ ਹਾਥੀ ਫੁਕਾਰਾ ਲਾਇਆ
ਚੂਹਾ ਕਿਧਰੇ ਨਜ਼ਰ ਨਾ ਆਇਆ
ਬੱਚਿਓ ਚੂਹੇ ਦਾ ਇਹ ਸੀ ਦੁੜੰਗਾ
ਵੱਡਿਆਂ ਨਾਲ ਕਦੇ ਲਓ ਨਾ ਪੰਗਾ
ਨਸ਼ਿਆਂ ਤੋਂ ਸਦਾ ਦੂਰ ਹੈ ਰਹਿਣਾ
'ਸਾਧੂ ਰਾਮ ਲੰਗੇਆਣੇ' ਦਾ ਕਹਿਣਾ।

- ਡਾ ਸਾਧੂ ਰਾਮ ਲੰਗੇਆਣਾ

### ਨੰਨ੍ਹੀ ਪਰੀ


ਸੱਚੇ ਪਾਤਸ਼ਾਹ ਨੇ, ਬਖਸ਼ੀ ਵਧਾਈ ਏ,
ਅੱਜ ਸਾਡੇ ਘਰ, ਨੰਨ੍ਹੀ ਪਰੀ ਆਈ ਏ।

ਲੱਗੇ ਸਾਰਾ ਵਿਹੜਾ, ਭਰਿਆ ਹੀ ਭਰਿਆ,
ਦਾਦਕਿਆਂ ਨੇ, ਨਾਮ ਗੁਰਨੀਵ ਧਰਿਆ।
ਦਾਦੀ ਖੁਸ਼ੀ ਵਿੱਚ, ਫੁੱਲੀ ਨਾ ਸਮਾਈ ਏ,
ਅੱਜ ਸਾਡੇ ਘਰ...............।

ਰੌਣਕਾਂ ਨਾਲ, ਭਰ ਦੇਣਾ ਘਰ-ਬਾਰ ਨੂੰ,
ਖੇਡ ਲਾ ਦੇਣਾ, ਸਾਰੇ ਪਰਵਾਰ ਨੂੰ।
ਰੀਝ ਸੀ ਚਰੋਕੀ, ਪੂਰੀ ਕਰ ਪਾਈ ਏ,
ਅੱਜ ਸਾਡੇ ਘਰ.....................।

ਵਸਦੇ ਘਰਾਂ ਦੀਆਂ ਧੀਆਂ ਸ਼ਾਨ ਹੁੰਦੀਆਂ,
ਪੂਰੇ ਖਾਨਦਾਨ ਦਾ ਹੀ ਮਾਣ ਹੁੰਦੀਆਂ।
ਮਾਪਿਆਂ ਦੀ ਝੋਲੀ ਪਾਉਣੀ ਵਡਿਆਈ ਏ,
ਅੱਜ ਸਾਡੇ ਘਰ........................।

— ਪਰਮਜੀਤ ਕੌਰ ਗੁਰਦਾਸਪੁਰ



### ਸਾਡੀ ਝੋਲੀ ਅਕਲ ਦੇ ਦਾਣੇ ਪਾ

ਰੱਬਾ-ਰੱਬਾ ਮੀਂਹ ਵਸਾ,
ਸਾਡੀ ਝੋਲੀ ਅਕਲ ਦੇ ਦਾਣੇ ਪਾ।
ਨਾ ਲੱਗੇ ਕਿਧਰੇ ਤੀਲ੍ਹੀ,
ਨਾ ਹੋਵੇ ਵਾਤਾਵਰਨ ਸੁਆਹ।
ਆਲਮੀ ਤਪਸ਼ ਵਧਾ ਕੇ,
ਨਾ ਕੋਈ ਚੁਣੇ ਆਤਮਘਾਤੀ ਰਾਹ।
ਨਾ ਕੋਈ ਡੁੱਬੇ ਵਿਚ ਹਨੇਰੇ,
ਕੋਈ ਚਾਨਣ ਦਾ ਰਾਹ ਵਿਖਾ।
ਜਲ ਬਿਨ ਕੱਲ੍ਹ ਨਹੀਂ ,
ਐਵੇਂ ਦਈਏ ਨਾ ਪਾਣੀ ਮੁਕਾ।
ਇੱਕ ਰੁੱਖ ਅਨੇਕਾਂ ਸੁੱਖ,
ਸ਼ੁੱਧ ਹਵਾ ਦੇ ਲੰਗਰ ਦਈਏ ਲਾ।
ਰੁੱਖ ਲਾਉਣ ਤੇ ਬਚਾਉਣ ਦੀ,
ਸਾਨੂੰ ਮੱਤ ਜਾਵੇ ਆ।
ਝੱਟ ਲੰਘਾਉਣ ਲਈ,
ਜਿਨ੍ਹਾਂ 'ਤੇ ਪੰਛੀ ਲੈਣ ਆਲ੍ਹਣੇ ਪਾ।
ਚੁਫੇਰਾ ਹਰਿਆ-ਭਰਿਆ ਕਰਕੇ,
'ਮਾਨ' ਲਈਏ ਰੁੱਸੀ ਕੁਦਰਤ ਮਨਾ।
ਵੱਸਦੇ ਰਹਿਣ ਰੈਣ-ਬਸੇਰੇ ਸਭ ਦੇ,
'ਰਈਏ ਹਵੇਲੀਆਣੇ' ਨੂੰ ਚੜ੍ਹੇ ਏਹੋ ਚਾਅ।
ਵੈਰ-ਵਿਰੋਧ ਹੋਵਣ ਦੂਰ,
ਸਰਬੱਤ ਦੇ ਭਲੇ ਦੀ ਵਗੇ 'ਵਾ।
ਰੱਬਾ-ਰੱਬਾ ਮੀਂਹ ਵਸਾ,
ਸਾਡੀ ਝੋਲੀ ਅਕਲ ਦੇ ਦਾਣੇ ਪਾ।

— ਮਾਸਟਰ ਲਖਵਿੰਦਰ ਸਿੰਘ